ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
www.amritsartimes.live
QUOMANTRY AMRITSAR TIMES
West/East Coast Edition | Volume 22 | Issue 177| 28 May to 3 June , 2025 | Ph.: (510) 240-5949 | Email: asrtimes@gmail.com

# ਤਖ਼ਤ ਸਾਹਿਬਾਨ ਦੇ ਆਪਸੀ ਟਕਰਾਅ ਲਈ ਜ਼ਿੰਮੇਵਾਰ ਕੌਣ ?

## ਕੌਣ ਦੇ ਰਿਹਾ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਚੁਣੌਤੀ ?

## ਸੁਖਬੀਰ ਬਾਦਲ ਅਤੇ ਜਥੇਦਾਰ ਸਾਹਿਬ ਨਿਸ਼ਾਨੇ 'ਤੇ ਕਿਉਂ ?

## ਕੀ ਤਖ਼ਤ ਪਟਨਾ ਸਾਹਿਬ ਦੀ ਕਾਰਵਾਈ ਗ਼ੈਰ ਸਿਧਾਂਤਕ ਹੈ ?

## ਗੌਹਰ ਦੀ ਮੁਆਫ਼ੀ: ਸਿਆਸੀ ਸਾਜ਼ਿਸ਼ ਜਾਂ ਪੰਥਕ ਮਰਿਆਦਾ ਦੀ ਉਲੰਘਣਾ ?

ਸ੍ਰੀ ਅਕਾਲ ਤਖ਼ਤ ਸਾਹਿਬ, ਸਿੱਖ ਪੰਥ ਦਾ ਸਰਵਉੱਚ ਅਦਾਰਾ, ਜਿਸ ਦੀ ਸਥਾਪਨਾ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਮੀਰੀ-ਪੀਰੀ ਦੇ ਸਿਧਾਂਤ ਨੂੰ ਮੂਰਤੀਮਾਨ ਕਰਨ ਲਈ ਕੀਤੀ ਸੀ, ਅੱਜ ਸਿਆਸੀ ਦਖ਼ਲ-ਅੰਦਾਜ਼ੀ ਦੇ ਕਾਰਨ ਆਪਣੀ ਪਵਿੱਤਰਤਾ ਅਤੇ ਖ਼ੁਦਮੁਖ਼ਤਿਆਰੀ ਨੂੰ ਗੁਆ ਰਿਹਾ ਹੈ। ਅਕਾਲੀ ਸਿਆਸਤ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਆਪਣੇ ਹਿਤਾਂ ਲਈ ਵਰਤਣਾ ਸ਼ੁਰੂ ਕਰ ਦਿੱਤਾ ਹੈ ਜੋ ਸਿੱਖ ਸਿਧਾਂਤਾਂ ਨੂੰ ਢਾਹ ਲਗਾਉਂਦਾ ਹੈ। ਤਾਜ਼ਾ ਵਿਵਾਦ, ਜਿਸ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਪੰਜ ਪਿਆਰਿਆਂ ਵਿਚਕਾਰ ਆਪਸੀ ਹੁਕਮਨਾਮਿਆਂ ਦੀ ਅਣਦੇਖੀ ਅਤੇ ਟਕਰਾਅ ਸਾਹਮਣੇ ਆਇਆ, ਨੇ ਸਿੱਖ ਪੰਥ ਦੀ ਏਕਤਾ ਅਤੇ ਸੰਸਥਾਗਤ ਸਾਖ ਨੂੰ ਗੰਭੀਰ ਠੇਸ ਪਹੁੰਚਾਈ ਹੈ। ਸਿੱਖ ਰਹਿਤ ਮਰਿਆਦਾ ਅਨੁਸਾਰ, ਪੰਜ ਪਿਆਰਿਆਂ ਦੀ ਭੂਮਿਕਾ ਅੰਮ੍ਰਿਤ ਸੰਚਾਰ ਅਤੇ ਧਰਮ ਪ੍ਰਚਾਰ ਤੱਕ ਸੀਮਤ ਹੈ, ਨਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਤਨਖ਼ਾਹੀਆ ਐਲਾਨਣ ਦੀ।

ਇਸ ਵਿਵਾਦ ਦੀ ਜੜ੍ਹ ਸਾਬਕਾ ਜਥੇਦਾਰ ਗਿਆਨੀ ਰਣਜੀਤ ਸਿੰਘ ਗੌਹਰ ਦੀ ਮੁਆਫ਼ੀ ਦਾ ਮਸਲਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਨੇ 21 ਮਈ 2025 ਨੂੰ ਗੌਹਰ ਨੂੰ ਮੁਆਫ਼ ਕਰਕੇ ਉਸ 'ਤੇ ਲੱਗੀਆਂ ਧਾਰਮਿਕ ਪਾਬੰਦੀਆਂ ਹਟਾ ਦਿੱਤੀਆਂ, ਜਿਸ ਨੂੰ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਪੰਜ ਪਿਆਰਿਆਂ ਅਤੇ ਸੰਗਤ ਨੇ ਰੱਦ ਕਰ ਦਿੱਤਾ। ਪਟਨਾ ਸਾਹਿਬ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਅਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਟੇਕ ਸਿੰਘ ਨੂੰ 'ਆਪੇ ਥਾਪੇ' ਅਤੇ ਤਨਖ਼ਾਹੀਆ ਐਲਾਨਿਆ, ਜਦਕਿ ਸੁਖਬੀਰ ਸਿੰਘ ਬਾਦਲ ਨੂੰ ਸਾਜ਼ਿਸ਼ ਘਾੜਾ ਆਖ ਕੇ 10 ਦਿਨਾਂ ਵਿੱਚ ਪੇਸ਼ ਹੋਣ ਦਾ ਹੁਕਮ ਦਿੱਤਾ।

ਹੁਣੇ ਜਿਹੇ ਤਖ਼ਤ ਸ੍ਰੀ ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਜਗਜੋਤ ਸਿੰਘ ਸੋਹੀ ਨੇ ਕਿਹਾ ਕਿ ਉਨ੍ਹਾਂ ਦੀ ਕਮੇਟੀ ਨੂੰ ਆਪਣੀ ਮਰਿਆਦਾ ਅਤੇ ਸੰਵਿਧਾਨ ਅਨੁਸਾਰ ਕਾਰਵਾਈ ਕਰਨ ਦਾ ਅਧਿਕਾਰ ਹੈ। ਉਨ੍ਹਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਪੱਤਰ ਲਿਖ ਕੇ ਗੌਹਰ ਮਾਮਲੇ ਵਿੱਚ ਦਖ਼ਲ-ਅੰਦਾਜ਼ੀ ਨਾ ਕਰਨ ਦੀ ਅਪੀਲ ਕੀਤੀ ਸੀ, ਪਰ ਅਕਾਲ ਤਖ਼ਤ ਸਾਹਿਬ ਦੇ ਫ਼ੈਸਲੇ ਨੂੰ ਉਨ੍ਹਾਂ ਨੇ ਪਰੰਪਰਾਵਾਂ ਅਤੇ ਨਿਯਮਾਂ ਦੇ ਵਿਰੁੱਧ ਕਰਾਰ ਦਿੱਤਾ। ਪਟਨਾ ਸਾਹਿਬ ਦੀ ਸੰਗਤ ਦਾ ਮੰਨਣਾ ਹੈ ਕਿ ਗੌਹਰ ਦੀ ਮੁਆਫ਼ੀ ਵਿੱਚ ਸੰਗਤ ਨੂੰ ਭਰੋਸੇ ਵਿੱਚ ਨਹੀਂ ਲਿਆ ਗਿਆ, ਜੋ ਪੰਥਕ ਸਿਧਾਂਤਾਂ ਦੀ ਉਲੰਘਣਾ ਹੈ।



ਦੂਸਰੇ ਪਾਸੇ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਪਟਨਾ ਸਾਹਿਬ ਦੇ ਹੁਕਮਨਾਮੇ ਨੂੰ ਰੱਦ ਕਰ ਦਿੱਤਾ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਕੱਤਰੇਤ ਨੇ ਸਪਸ਼ਟ ਕੀਤਾ ਕਿ ਗੌਹਰ ਮਾਮਲੇ ਵਿੱਚ 6 ਦਸੰਬਰ 2022 ਨੂੰ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿੱਚ ਹੋਏ ਫ਼ੈਸਲੇ ਦੀ ਰੋਸ਼ਨੀ ਵਿੱਚ ਕਾਰਵਾਈ ਕੀਤੀ ਗਈ ਸੀ। ਪਟਨਾ ਸਾਹਿਬ ਦੀ ਕਾਰਵਾਈ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵਉੱਚਤਾ ਨੂੰ ਚੁਣੌਤੀ ਦੇਣ ਵਾਲੀ ਅਤੇ ਪੰਥ ਵਿੱਚ ਪਾੜਾ ਪਾਉਣ ਵਾਲੀ ਹਰਕਤ ਕਰਾਰ ਦਿੱਤਾ ਗਿਆ।

ਇਸ ਸਾਰੇ ਮਾਮਲੇ ਨੇ ਸਿੱਖ ਪੰਥ ਵਿੱਚ ਵੰਡੀਆਂ ਪੈਦਾ ਕਰਨ ਦਾ ਕੰਮ ਕੀਤਾ ਤੇ ਸਰਕਾਰੀ ਦਖ਼ਲ-ਅੰਦਾਜ਼ੀ ਦਾ ਮੌਕਾ ਦਿੱਤਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਸ ਮਸਲੇ ਨੂੰ ਸੰਜੀਦਗੀ ਨਾਲ ਹੱਲ ਕਰਨ ਦੀ ਅਪੀਲ ਕੀਤੀ ਅਤੇ ਕਿਹਾ ਕਿ ਸਿੱਖ ਸੰਸਥਾਵਾਂ ਵਿੱਚ ਆਪਸੀ ਮਤਭੇਦ ਕੌਮ ਦੇ ਹਿੱਤ ਵਿੱਚ ਨਹੀਂ। ਉਨ੍ਹਾਂ ਨੇ ਸੀਨੀਅਰ ਮੀਤ ਪ੍ਰਧਾਨ ਸ. ਰਘੂਜੀਤ ਸਿੰਘ ਵਿਰਕ ਦੀ ਅਗਵਾਈ ਵਿੱਚ ਇੱਕ ਵਫ਼ਦ ਨੂੰ ਪਟਨਾ ਸਾਹਿਬ ਭੇਜਣ ਦਾ ਐਲਾਨ ਕੀਤਾ, ਜੋ ਇਸ ਟਕਰਾਅ ਨੂੰ ਖ਼ਤਮ ਕਰਨ ਲਈ ਗੱਲਬਾਤ ਕਰੇਗਾ।

**ਇਤਿਹਾਸਕ ਪਿਛੋਕੜ:** ਸੌਦਾ ਸਾਧ ਦੀ ਮੁਆਫ਼ੀ 2007 ਵਿੱਚ ਡੇਰਾ ਸਿਰਸਾ ਦੇ ਮੁਖੀ ਰਾਮ ਰਹੀਮ ਦੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸਰੂਪ ਦੀ ਨਕਲ ਕਰਨ ਦੀ ਘਟਨਾ ਬਾਅਦ 2015 ਵਿੱਚ, ਜਥੇਦਾਰ ਗਿਆਨੀ ਗੁਰਬਚਨ ਸਿੰਘ ਅਤੇ ਗਿਆਨੀ ਗੁਰਮੁਖ ਸਿੰਘ ਦੀ ਅਗਵਾਈ ਹੇਠ, ਸੌਦਾ ਰਾਮ ਰਹੀਮ ਨੂੰ ਬਿਨਾਂ ਸੰਗਤ ਦੀ ਸਹਿਮਤੀ ਜਾਂ ਸਪਸ਼ਟੀਕਰਨ ਦੇ ਮੁਆਫ਼ੀ ਦੇ ਦਿੱਤੀ ਗਈ। ਇਸ ਦੇ ਪਿੱਛੇ ਸ਼੍ਰੋਮਣੀ ਅਕਾਲੀ ਦਲ ਦੀ ਹਾਈਕਮਾਂਡ ਦਾ ਦਬਾਅ ਸੀ। ਪਰ ਸੰਗਤ ਦੇ ਜ਼ਬਰਦਸਤ ਵਿਰੋਧ ਤੋਂ ਬਾਅਦ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਇਹ ਮੁਆਫ਼ੀ ਵਾਪਸ ਲੈਣੀ ਪਈ ਸੀ, ਜਿਸ ਨਾਲ ਅਕਾਲੀ ਸਿਆਸਤ ਪੰਥ ਵਿੱਚ ਆਪਣੀ ਸ਼ਾਨ ਗੁਆ ਬੈਠੀ। ਹੁਣ ਵੀ ਗਿਆਨੀ ਗੌਹਰ ਦੇ ਮਸਲੇ ਉੱਪਰ ਪਟਨਾ ਸਾਹਿਬ ਦੀ ਸੰਗਤ ਨੂੰ ਭਰੋਸੇ ਵਿੱਚ ਨਹੀਂ ਲਿਆ। ਗਿਆਨੀ ਰਣਜੀਤ ਸਿੰਘ ਗੌਹਰ, ਜੋ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਸਾਬਕਾ ਜਥੇਦਾਰ ਸਨ, ਨੂੰ 11 ਸਤੰਬਰ 2022 ਨੂੰ ਪੰਜ ਪਿਆਰਿਆਂ ਵੱਲੋਂ ਤਨਖ਼ਾਹੀਆ (ਧਾਰਮਿਕ ਸਜ਼ਾ) ਕਰਾਰ ਦਿੱਤਾ ਗਿਆ ਸੀ। ਇਸ ਦਾ ਕਾਰਨ ਸੀ ਸੰਗਤਾਂ ਦੀਆਂ ਸ਼ਿਕਾਇਤਾਂ, ਜਿਨ੍ਹਾਂ ਵਿੱਚ ਡਾ. ਗੁਰਵਿੰਦਰ ਸਿੰਘ ਸਮਰਾ ਵੱਲੋਂ ਲਗਾਏ ਇਲਜ਼ਾਮ ਸ਼ਾਮਲ ਸਨ। ਇਨ੍ਹਾਂ ਇਲਜ਼ਾਮਾਂ ਅਨੁਸਾਰ, ਗੌਹਰ 'ਤੇ ਗੁਰੂ ਘਰ ਨੂੰ ਦਾਨ ਵਜੋਂ ਦਿੱਤੇ ਬੇਸ਼ਕੀਮਤੀ ਸਾਮਾਨ (ਸੋਨੇ ਦੀ ਕਲਗੀ, ਪੰਘੂੜਾ ਸਾਹਿਬ ਸਮੇਤ ਲਗਭਗ 5 ਕਰੋੜ ਦੀ ਸੰਪਤੀ) ਵਿੱਚ ਹੇਰਾਫੇਰੀ ਦਾ ਦੋਸ਼ ਸੀ। 25 ਨਵੰਬਰ 2022 ਨੂੰ ਪੰਜ ਪਿਆਰਿਆਂ ਨੇ ਉਨ੍ਹਾਂ ਨੂੰ ਪੰਥ ਵਿੱਚੋਂ ਛੇਕਣ (ਬਰਖ਼ਾਸਤ) ਦਾ ਹੁਕਮ ਜਾਰੀ ਕੀਤਾ ਅਤੇ ਸੰਗਤ ਨੂੰ ਗੌਹਰ ਨਾਲ ਮਿਲਣ-ਜੁਲਣ ਜਾਂ ਸਟੇਜ ਸਾਂਝਾ ਕਰਨ ਤੋਂ ਮਨ੍ਹਾ ਕੀਤਾ, ਨਹੀਂ ਤਾਂ ਸੰਬੰਧਿਤ ਵਿਅਕਤੀ ਨੂੰ ਵੀ ਤਨਖ਼ਾਹੀਆ ਮੰਨਿਆ ਜਾਵੇਗਾ।

ਗੌਹਰ ਨੇ ਪੰਜ ਪਿਆਰਿਆਂ ਦੇ ਹੁਕਮ ਨੂੰ ਨਾ ਮੰਨਦਿਆਂ ਚੁਣੌਤੀ ਦਿੱਤੀ ਤੇ ਕਿਹਾ ਕਿ ਇੱਕ ਪਿਆਰੇ ਦੀ ਉਮਰ ਘੱਟ ਹੋਣ ਕਾਰਨ ਉਹ ਇਸ ਫ਼ੈਸਲੇ ਨੂੰ ਸਵੀਕਾਰ ਨਹੀਂ ਕਰਦੇ। ਉਨ੍ਹਾਂ ਨੇ 31 ਅਕਤੂਬਰ 2022 ਨੂੰ ਧਮਕੀ ਭਰੇ ਲਹਿਜ਼ੇ ਵਿੱਚ ਪੱਤਰ ਭੇਜਿਆ ਅਤੇ 18 ਨਵੰਬਰ 2022 ਨੂੰ ਜ਼ਬਰਦਸਤੀ ਤਖ਼ਤ ਸਾਹਿਬ ਵਿੱਚ ਦਾਖ਼ਲ ਹੋਣ ਦੀ ਕੋਸ਼ਿਸ਼ ਕੀਤੀ, ਜਿਸ ਨੂੰ ਪੰਥਕ ਮਰਿਆਦਾ ਦਾ ਅਪਮਾਨ ਮੰਨਿਆ ਗਿਆ। 12 ਮਈ 2023 ਨੂੰ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਪ੍ਰਬੰਧਕੀ ਬੋਰਡ ਨੇ ਸਰਬਸੰਮਤੀ ਨਾਲ ਗੌਹਰ ਨੂੰ ਜਥੇਦਾਰ ਦੇ ਅਹੁਦੇ ਤੋਂ ਬਰਖ਼ਾਸਤ ਕਰ ਦਿੱਤਾ। ਬੋਰਡ ਨੇ ਉਨ੍ਹਾਂ ਨੂੰ ਦਿੱਤੇ ਕਮਰੇ ਖਾਲੀ ਕਰਨ ਦਾ ਵੀ ਨਿਰਦੇਸ਼ ਦਿੱਤਾ। ਗੌਹਰ ਨੇ ਇਸ ਫ਼ੈਸਲੇ ਨੂੰ ਮੰਨਣ ਤੋਂ ਇਨਕਾਰ ਕਰਦਿਆਂ ਕਾਨੂੰਨੀ ਲੜਾਈ ਲੜਨ ਦਾ ਐਲਾਨ ਕੀਤਾ। 21 ਮਈ 2025 ਨੂੰ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੇ ਗੌਹਰ ਨੂੰ ਦੋਸ਼ ਮੁਕਤ ਕਰਾਰ ਦਿੱਤਾ ਅਤੇ ਉਨ੍ਹਾਂ 'ਤੇ ਲੱਗੀ ਤਨਖ਼ਾਹ ਦੀ ਸਜ਼ਾ ਨੂੰ ਹਟਾ ਦਿੱਤਾ। ਇਸ ਤੋਂ ਬਾਅਦ ਗੌਹਰ ਨੂੰ ਮੁੜ ਸੇਵਾਵਾਂ ਸੰਭਾਲਣ ਦੀ ਇਜਾਜ਼ਤ ਮਿਲੀ, ਪਰ ਇਸ ਦੌਰਾਨ ਸੰਗਤ ਵੱਲੋਂ ਉਨ੍ਹਾਂ ਦਾ ਵਿਰੋਧ ਵੀ ਹੋਇਆ।

**ਸਿਆਸੀ ਸਾਜ਼ਿਸ਼ ਜਾਂ ਪੰਥਕ ਸੰਕਟ ਤੇ ਹੱਲ ਦਾ ਰਾਹ ?**

ਇਸ ਵਿਵਾਦ ਦੇ ਪਿੱਛੇ ਸਿਆਸੀ ਦਖ਼ਲ-ਅੰਦਾਜ਼ੀ ਦਾ ਸਪਸ਼ਟ ਪਰਛਾਵਾਂ ਹੈ। ਸ਼੍ਰੋਮਣੀ ਅਕਾਲੀ ਦਲ ਦੀ ਭੂਮਿਕਾ ਸਭ ਤੋਂ ਵੱਧ ਸਵਾਲਾਂ ਦੇ ਘੇਰੇ ਵਿੱਚ ਹੈ। ਕੁਝ ਵਿਦਵਾਨ ਇਹ ਵੀ ਸਵਾਲ ਉਠਾਉਂਦੇ ਹਨ ਕਿ ਕੀ ਇਸ ਵਿਵਾਦ ਦੇ ਪਿੱਛੇ ਕੇਂਦਰ ਸਰਕਾਰ ਦੀ ਕੋਈ ਸਾਜ਼ਿਸ਼ ਹੈ, ਜੋ ਸਿੱਖ ਸੰਸਥਾਵਾਂ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਅਕਾਲ ਤਖ਼ਤ ਸਾਹਿਬ ਨੂੰ ਸਿਆਸੀ ਗੁਲਾਮੀ ਤੋਂ ਮੁਕਤ ਕਰਨ ਲਈ ਠੋਸ ਲਿਖੇ ਕਦਮ ਚੁੱਕੇ ਜਾਣੇ ਚਾਹੀਦੇ ਹਨ।

(ਬਾਕੀ ਸਫ਼ਾ 30 'ਤੇ)

# ਰੂਸ ਵੱਲੋਂ ਤੀਜੇ ਵਿਸ਼ਵ ਯੁੱਧ ਦੀ ਧਮਕੀ

## ਰੂਸ ਨੇ ਟਰੰਪ ਦੀ ਧਮਕੀ ਦਾ ਦਿੱਤਾ ਢੁਕਵਾਂ ਜਵਾਬ

## ਟਰੰਪ ਨੇ ਪੁਤਿਨ ਨੂੰ ਕਿਹਾ ਸੀ ਪਾਗਲ

ਮਾਸਕੋ/ਏ.ਟੀ.ਨਿਊਜ਼: ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਰੂਸ ਅਤੇ ਯੂਕ੍ਰੇਨ ਵਿਚਾਲੇ ਜੰਗਬੰਦੀ ਕਰਾਉਣ ਦੀ ਕੋਸ਼ਿਸ਼ ਕਰ ਰਹੇ ਹਨ ਪਰ ਪੁਤਿਨ ਇਸ ਲਈ ਤਿਆਰ ਨਹੀਂ ਹਨ। ਹਾਲ ਹੀ ਵਿੱਚ ਰੂਸ ਵੱਲੋਂ ਯੂਕ੍ਰੇਨ 'ਤੇ ਡਰੋਨ ਹਮਲਿਆਂ ਨੂੰ ਲੈ ਕੇ ਟਰੰਪ ਨੇ ਵਲਾਦੀਮੀਰ ਪੁਤਿਨ ਨੂੰ ਪਾਗਲ ਤੱਕ ਕਿਹਾ ਸੀ। ਟਰੰਪ ਨੇ ਪੁਤਿਨ ਨੂੰ ਸਾਫ਼-ਸਾਫ਼ ਕਿਹਾ ਸੀ ਕਿ ਸਾਡੀ ਗੱਲ ਨਾ ਸੁਣ ਕੇ ਉਹ ਅੱਗ ਨਾਲ ਖੇਡ ਰਿਹਾ ਹੈ, ਪਰ ਹੁਣ ਰੂਸ ਨੇ ਟਰੰਪ ਦੀ ਇਸ ਧਮਕੀ ਦਾ ਢੁਕਵਾਂ ਜਵਾਬ ਦਿੱਤਾ ਹੈ।

ਰੂਸ ਦੀ ਸੁਰੱਖਿਆ ਪ੍ਰੀਸ਼ਦ ਦੇ ਡਿਪਟੀ ਚੇਅਰਮੈਨ ਦਮਿਤਰੀ ਮੇਦਵੇਦੇਵ ਨੇ ਕਿਹਾ ਕਿ ਟਰੰਪ ਨੇ ਪੁਤਿਨ ਬਾਰੇ ਕਿਹਾ ਹੈ ਕਿ ਉਹ ਅੱਗ ਨਾਲ ਖੇਡ ਰਹੇ ਹਨ ਅਤੇ ਉਹ ਰੂਸ ਨਾਲ ਕੁਝ ਬੁਰਾ ਕਰ ਸਕਦੇ ਹਨ। ਮੈਨੂੰ ਸਿਰਫ਼ ਇੱਕ ਹੀ ਬੁਰੀ ਗੱਲ ਪਤਾ ਹੈ ਅਤੇ ਉਹ ਹੈ ਤੀਜਾ ਵਿਸ਼ਵ ਯੁੱਧ। ਉਮੀਦ ਹੈ ਕਿ ਟਰੰਪ ਇਸ ਗੱਲ ਨੂੰ ਸਮਝਣਗੇ।



ਇਸ ਬਿਆਨ ਤੋਂ ਜਾਹਰ ਹੁੰਦਾ ਹੈ ਕਿ ਅਮਰੀਕਾ ਅਤੇ ਰੂਸ ਵਿਚਕਾਰ ਸਭ ਕੁਝ ਆਮ ਨਹੀਂ ਹੈ। ਇਸ ਤੋਂ ਪਹਿਲਾਂ ਟਰੰਪ ਨੇ ਪੁਤਿਨ 'ਤੇ ਵਰ੍ਹਦਿਆਂ ਕਿਹਾ ਸੀ ਕਿ ਵਲਾਦੀਮੀਰ ਪੁਤਿਨ ਨੂੰ ਸਮਝਣਾ ਚਾਹੀਦਾ ਹੈ ਕਿ ਜੇ ਮੈਂ ਉੱਥੇ ਨਾ ਹੁੰਦਾ, ਤਾਂ ਹੁਣ ਤੱਕ ਰੂਸ ਨਾਲ ਬਹੁਤ ਬੁਰਾ ਹਾਲ ਹੋ ਚੁੱਕਾ ਹੁੰਦਾ। ਮੇਰਾ ਮਤਲਬ ਹੈ ਸੱਚਮੁੱਚ, ਬਹੁਤ ਬੁਰਾ। ਉਹ ਅੱਗ ਨਾਲ ਖੇਡ ਰਿਹਾ ਹੈ। ਟਰੰਪ ਪਹਿਲਾਂ ਵੀ ਪੁਤਿਨ ਨੂੰ ਪਾਗਲ ਕਹਿ ਚੁੱਕੇ ਹਨ।

ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਟਰੰਪ ਨੇ ਕਿਹਾ ਸੀ ਕਿ ਮੈਂ ਪੁਤਿਨ ਨੂੰ ਬਹੁਤ ਲੰਬੇ ਸਮੇਂ ਤੋਂ ਜਾਣਦਾ ਹਾਂ, ਸਾਡੇ ਸਬੰਧ ਚੰਗੇ ਰਹੇ ਹਨ। ਪਰ ਹੁਣ ਉਹ ਰਾਕੇਟ ਦਾਗ਼ ਰਹੇ ਹਨ, ਸ਼ਹਿਰਾਂ 'ਤੇ ਹਮਲਾ ਕਰ ਰਹੇ ਹਨ, ਲੋਕਾਂ ਨੂੰ ਮਾਰ ਰਹੇ ਹਨ। ਮੈਨੂੰ ਇਹ ਬਿਲਕੁਲ ਵੀ ਪਸੰਦ ਨਹੀਂ ਹੈ। ਮੈਨੂੰ ਨਹੀਂ ਪਤਾ ਕਿ ਇਸ ਆਦਮੀ ਨੂੰ ਕੀ ਹੋਇਆ ਹੈ। ਅਸੀਂ ਗੱਲ ਕਰ ਰਹੇ ਹਾਂ ਅਤੇ ਉਹ ਕੀਵ ਅਤੇ ਹੋਰ ਸ਼ਹਿਰਾਂ 'ਤੇ ਮਿਜ਼ਾਈਲਾਂ ਦੀ ਬਾਰਿਸ਼ ਕਰ ਰਿਹਾ ਹੈ। ਇਹ ਸਭ ਗਲਤ ਹੈ। ਮੈਨੂੰ ਇਹ ਸਭ ਬਿਲਕੁਲ ਵੀ ਪਸੰਦ ਨਹੀਂ ਹੈ।

ਟਰੰਪ ਨੇ ਕਿਹਾ ਸੀ ਕਿ ਮੇਰੇ ਰੂਸੀ ਰਾਸ਼ਟਰਪਤੀ ਪੁਤਿਨ ਨਾਲ ਹਮੇਸ਼ਾ ਬਹੁਤ ਚੰਗੇ ਸਬੰਧ ਰਹੇ ਹਨ, ਪਰ ਉਹ ਹੁਣ ਬਿਲਕੁਲ ਪਾਗਲ ਹੋ ਗਿਆ ਹੈ।

ਉਹ ਬਿਨਾਂ ਕਿਸੇ ਕਾਰਨ ਦੇ ਬਹੁਤ ਸਾਰੇ ਲੋਕਾਂ ਨੂੰ ਮਾਰ ਰਹੇ ਹਨ। ਉੱਧਰ ਪੱਛਮੀ ਦੇਸ਼ਾਂ ਨੇ ਵੀ ਪੁਤਿਨ 'ਤੇ ਜਾਣਬੁੱਝ ਕੇ ਸ਼ਾਂਤੀ ਵਾਰਤਾ ਵਿੱਚ ਦੇਰੀ ਕਰਨ ਦਾ ਦੋਸ਼ ਲਗਾਇਆ ਹੈ। ਰੂਸ ਨੇ ਹਾਲ ਹੀ ਵਿੱਚ ਅਮਰੀਕਾ 'ਤੇ ਕੂਟਨੀਤਕ ਹੱਲ ਨੂੰ ਤੋੜਨ ਦੀ ਕੋਸ਼ਿਸ਼ ਕਰਨ ਦਾ ਦੋਸ਼ ਵੀ ਲਗਾਇਆ ਹੈ।

# ਪੁੱਤ ਪੰਜ ਦਰਿਆਵਾਂ ਦੇ, ਪਾਰ ਕਰ ਗਏ ਸੱਤ ਸਮੁੰਦਰ

## ਜੰਮਣ ਭੋਇੰ ਤੋਂ ਟੁੱਟਣ ਦਾ ਸੰਤਾਪ ਹੰਢਾਉਂਦੇ ਹਨ ਪਰਵਾਸੀ ਪੰਜਾਬੀ

## ਹਰ ਸਾਲ 2 ਲੱਖ ਪੰਜਾਬੀ ਮਾਰ ਜਾਂਦੇ ਨੇ ਵਿਦੇਸ਼ ਉਡਾਰੀ

ਪੰਜਾਬ ਦੀ ਧਰਤੀ, ਪੌਣ-ਪਾਣੀ, ਜਲ ਸ੍ਰੋਤ ਅਤੇ ਵਾਤਵਰਣ ਬੜੇ ਅਦਭੁੱਤ ਹਨ। ਪੰਜਾਬ ਦੇ ਖੇਤਾਂ ’ਚ ਹਰ ਮੌਸਮ ਦੌਰਾਨ ਹੀ ਵੱਖ- ਵੱਖ ਕਿਸਮ ਦੀਆਂ ਫ਼ਸਲਾਂ ਤੇ ਰੁੱਖਾਂ ’ਤੇ ਬਹਾਰ ਪੈਲਾਂ ਪਾਉਂਦੀ, ਨੱਚਦੀ ਗਾਉਂਦੀ ਪ੍ਰਤੀਤ ਹੁੰਦੀ ਹੈ। ਪੰਜਾਬ ਦੀ ਧਰਤੀ ਜਿਥੇ ਪੰਜਾਬੀਆਂ ਨੂੰ ਵੱਡੇ ਰੁਜ਼ਗਾਰ ਦਿੰਦੀ ਹੈ, ਉਥੇ ਦੂਜੇ ਰਾਜਾਂ ਤੋਂ ਆਏ ਲੋਕਾਂ ਨੂੰ ਵੀ ਭਰਪੂਰ ਰੁਜ਼ਗਾਰ ਦਿੰਦੀ ਹੈ। ਕਿਹਾ ਜਾਂਦਾ ਹੈ ਕਿ ਪੰਜਾਬ ਵਿੱਚ ਕੋਈ ਵੀ ਵਿਅਕਤੀ ਭੁੱਖੇ ਢਿੱਡ ਨਹੀਂ ਸੌਂਦਾ। ਪੰਜਾਬ ਵਿੱਚ ਅਕਸਰ ਹੀ ਲੰਗਰ ਅਤੇ ਛਬੀਲਾਂ ਲੱਗੇ ਰਹਿੰਦੇ ਹਨ, ਜਿਥੇ ਕਿ ਬਿਨਾਂ ਕਿਸੇ ਭੇਦਭਾਵ ਦੇ ਹਰ ਕਿਸੇ ਨੂੰ ਲੰਗਰ ਤੇ ਠੰਡਾ ਮਿੱਠਾ ਜਲ ਛਕਾਇਆ ਜਾਂਦਾ ਹੈ। ਇਸ ਦੇ ਬਾਵਜੂਦ ਪੰਜਾਬ ਦੇ ਵੱਡੀ ਗਿਣਤੀ ਵਸਨੀਕ ਪੰਜਾਬ ਨੂੰ ਅਲਵਿਦਾ ਕਹਿ ਕੇ ਦੁਨੀਆਂ ਦੇ ਵੱਖ- ਵੱਖ ਮੁਲਕਾਂ ’ਚ ਚਲੇ ਗਏ ਹਨ ਅਤੇ ਹੋਰ ਅਨੇਕਾਂ ਪੰਜਾਬੀ ਪੰਜਾਬ ਨੂੰ ਬੇਦਾਵਾ ਦੇਣ ਲਈ ਤਿਆਰ ਬੈਠੇ ਹਨ ਤਾਂ ਇਸ ਮਸਲੇ ਵੱਲ ਧਿਆਨ ਦੇਣਾ ਬਣਦਾ ਹੈ। ਆਖਰ ਉਹ ਕਿਹੜੇ ਕਾਰਨ ਹਨ, ਜਿਹਨਾਂ ਕਰਕੇ ਪੰਜ ਦਰਿਆਵਾਂ ਦੇ ਪੁੱਤਰ ਸੱਤ ਸਮੁੰਦਰ ਪਾਰ ਕਰਕੇ ਵਿਦੇਸ਼ਾਂ ਦੀ ਬੇਗਾਨੀ ਧਰਤੀ ’ਤੇ ਜਾ ਰਹੇ ਹਨ। ਵਿਦੇਸ਼ਾਂ ਦੇ ਡਾਲਰਾਂ/ਪੌਂਡਾਂ ਦੀ ਖਿੱਚ ਪੰਜਾਬੀਆਂ ਨੂੰ ਏਨੀ ਹੋ ਗਈ ਹੈ ਕਿ ਉਹ ਆਪਣੀਆਂ ਜ਼ਮੀਨਾਂ ਅਤੇ ਜੱਦੀ ਘਰ ਵੇਚ ਕੇ ਵੀ ਵਿਦੇਸ਼ ਉਡਾਰੀ ਮਾਰ ਰਹੇ ਹਨ। ਇੰਝ ਲੱਗਦਾ ਹੈ, ਜਿਵੇਂ ਪੰਜਾਬ ਦਾ ਨੌਜਵਾਨ ਆਪਣੀ ਜਨਮ ਭੂਮੀ ਤੋਂ ਇੱਕ ਤਰ੍ਹਾਂ ਨਾਲ ਬੇਮੁਖ ਹੋ ਕੇ ਵਿਦੇਸ਼ੀ ਧਰਤੀ ਨੂੰ ਭਾਗ ਲਾ ਰਿਹਾ ਹੈ।

ਪੰਜਾਬੀ ਵਿੱਚ ਪਰਵਾਸ ਦੇ ਦੋ ਸ਼ਬਦ ਜੋੜ ਪ੍ਰਚਲਿਤ ਹਨ। ਇੱਕ ਪ੍ਰਵਾਸ ਤੇ ਦੂਜਾ ਪਰਵਾਸ। ਪੰਜਾਬੀ ਦੇ ਭਾਸ਼ਾ ਵਿਗਿਆਨੀ ਡਾ. ਪ੍ਰੇਮ ਪ੍ਰਕਾਸ਼ ਸਿੰਘ ਧਾਲੀਵਾਲ ਅਨੁਸਾਰ ਪ੍ਰਵਾਸ ਤੇ ਪਰਵਾਸ ਸ਼ਬਦਾਂ ਦੇ ਦੋ ਮਾਰਫ਼ੀਮ ਖੰਡ (ਰੂਪੀਮ) ਹਨ: ਪ੍ਰ+ਵਾਸ ਅਤੇ ਪਰ+ਵਾਸ। ‘ਪ੍ਰ’ ਅਤੇ ‘ਪਰ’ ਦੋਵੇਂ ਅਗੇਤਰ ਹਨ, ਕਿਉਂਕਿ ਇਹਨਾਂ ਦੇ ਜੋੜ ਨਾਲ ਵੱਖਰੇ ਵੱਖਰੇ ਅਰਥ ਹੁੰਦੇ ਹਨ। ‘ਪ੍ਰ’ ਅਗੇਤਰ ਦੇ ਆਮ ਅਰਥ: ਜੁਦਾ ਹੋਣਾ ਵਿਯੋਗ ਹਨ, ‘ਪਰ’ ਅਗੇਤਰ ਦੇ ਅਰਥ: ਪਰਾਇਆ, ਓਪਰਾ, ਬਿਗਾਨਾ, ਦੂਜਾ ਆਦਿ ਹਨ।

ਪੰਜਾਬ ਐਗਰੀਕਲਚਰ ਯੂਨੀਵਰਸਿਟੀ ਦੇ ਡਿਪਾਰਟਮੈਂਟ ਆਫ਼ ਇਕੋਨਾਮਿਕਸ ਐਂਡ ਸੋਸ਼ਿਓਲਾਜੀ ਦੀ ਇੱਕ ਰਿਪੋਰਟ ਅਨੁਸਾਰ ਪੰਜਾਬ ਛੱਡ ਕੇ ਜਾਣ ਵਾਲਿਆਂ ਵਿੱਚ 42 ਫ਼ੀਸਦੀ ਲੋਕਾਂ ਦਾ ਮਨਪਸੰਦ ਦੇਸ਼ ਕੈਨੇਡਾ ਹੈ। ਇਸ ਦੇ ਬਾਅਦ ਦੁਬਈ 16, ਆਸਟ੍ਰੇਲੀਆ 10, ਇਟਲੀ 6, ਯੂਰਪ ਤੇ ਇੰਗਲੈਂਡ ਵਿੱਚ 3-3 ਫ਼ੀਸਦੀ ਲੋਕ ਪਹੁੰਚ ਰਹੇ ਹਨ। ਹੈਰਾਨੀ ਵਾਲੀ ਗੱਲ ਹੈ ਕਿ ਪੰਜਾਬ ਛੱਡ ਕੇ ਦੂਜੇ ਦੇਸ਼ ਜਾਣ ਵਾਲਿਆਂ ਵਿੱਚ 74 ਫ਼ੀਸਦੀ ਲੋਕ ਸਾਲ 2016 ਦੇ ਬਾਅਦ ਬਾਹਰ ਗਏ ਹਨ।

ਕਿਹਾ ਜਾਂਦਾ ਹੈ ਕਿ ਪੰਜ ਦਰਿਆਵਾਂ ਦੀ ਧਰਤੀ ਪੰਜਾਬ ’ਤੇ ਛੇਵਾਂ ਦਰਿਆ ਨਸ਼ਿਆਂ ਦਾ ਵਹਿ ਰਿਹਾ ਹੈ ਜਦੋਂਕਿ ਸੱਤਵਾਂ ਦਰਿਆ ਪਰਵਾਸ ਦਾ ਵਹਿ ਰਿਹਾ ਹੈ। ਪਰਵਾਸ ਦੇ ਇਸ ਦਰਿਆ ਵਿੱਚ ਪੰਜਾਬ ਦੇ ਬੱਚਿਆਂ ਤੋਂ ਲੈ ਕੇ ਬਜ਼ੁਰਗ ਤੱਕ ਹਰ ਉਮਰ ਵਰਗ ਦੇ ਲੋਕ ਤਾਰੀਆਂ ਲਗਾ ਰਹੇ ਹਨ। ਭਾਵੇਂ ਅਮਰੀਕਾ, ਕੈਨੇਡਾ, ਆਸਟ੍ਰੇਲੀਆ, ਯੂ.ਕੇ. ਅਤੇ ਹੋਰ ਦੇਸ਼ਾਂ ਨੇ ਅੰਤਰਰਾਸ਼ਟਰੀ ਵਿਦਿਆਰਥੀਆਂ ਅਤੇ ਪਰਵਾਸੀਆਂ ਲਈ ਆਪਣੇ ਵੀਜ਼ਾ ਨਿਯਮ ਅਤੇ ਕਾਨੂੰਨ ਸਖ਼ਤ ਕਰਕੇ ਪਰਵਾਸ ਦੇ ਦਰਿਆ ਨੂੰ ਬੰਨ ਲਗਾਉਣ ਦਾ ਯਤਨ ਕੀਤਾ ਹੈ ਪਰ ਵੱਡੀ ਗਿਣਤੀ ਪੰਜਾਬੀ ਕੋਈ ਨਾ ਕੋਈ ਤਰੀਕਾ ਅਪਨਾਅ ਕੇ ਵਿਦੇਸ਼ ਜਾ ਰਹੇ ਹਨ। ਇਹਨਾਂ ਤਰੀਕਿਆਂ ’ਚ ਇੱਕ ਤਰੀਕਾ ‘ਡੰਕੀ’ ਲਗਾਉਣਾ ਵੀ ਸ਼ਾਮਲ ਹੈ।

ਇੱਕ ਸਮਾਂ ਅਜਿਹਾ ਵੀ ਸੀ ਜਦੋਂ ਪੰਜਾਬ ਦੇ ਲੋਕ ਸੱਭਿਆਚਾਰ ਵਿੱਚ ਖੇਤੀ ਤੋਂ ਉੱਪਰ ਕੋਈ ਕਿੱਤਾ ਨਹੀਂ ਸਮਝਿਆ ਜਾਂਦਾ ਸੀ। ਜਿਵੇਂ ਕਿ ਕਿਹਾ ਜਾਂਦਾ ਹੈ: (ਬਾਕੀ ਸਫ਼ਾ 31 ’ਤੇ)



### 13 ਸਾਲਾਂ ’ਚ 18 ਲੱਖ ਤੋਂ ਵੱਧ ਭਾਰਤੀਆਂ ਨੇ ਆਪਣੀ ਨਾਗਰਿਕਤਾ ਛੱਡੀ

13 ਦਸੰਬਰ, 2024 ਨੂੰ, ਵਿਦੇਸ਼ ਰਾਜ ਮੰਤਰੀ ਕੀਰਤੀ ਵਰਧਨ ਸਿੰਘ ਨੇ ਲੋਕ ਸਭਾ ਵਿੱਚ ਭਾਰਤੀ ਨਾਗਰਿਕਤਾ ਤਿਆਗਣ ਵਾਲੇ ਲੋਕਾਂ ਦੇ ਅੰਕੜੇ ਜਾਰੀ ਕੀਤੇ ਸਨ। ਇਸ ਵਿੱਚ ਕਿਹਾ ਗਿਆ ਹੈ ਕਿ ਸਾਲ 2023 ਦੌਰਾਨ, 2.16 ਲੱਖ ਤੋਂ ਵੱਧ ਭਾਰਤੀਆਂ ਨੇ ਆਪਣੀ ਭਾਰਤੀ ਨਾਗਰਿਕਤਾ ਛੱਡ ਦਿੱਤੀ ਅਤੇ ਕਿਸੇ ਹੋਰ ਦੇਸ਼ ਦੀ ਨਾਗਰਿਕਤਾ ਅਪਣਾਈ। ਇਸ ਤੋਂ ਪਹਿਲਾਂ, 2020 ਵਿੱਚ 85,256 ਲੋਕਾਂ ਨੇ, 2021 ਵਿੱਚ 1,63,370 ਲੋਕਾਂ ਨੇ, 2022 ਵਿੱਚ 2,25,620 ਭਾਰਤੀ ਨਾਗਰਿਕਾਂ ਨੇ ਅਤੇ 2023 ਤੱਕ 2,16,219 ਭਾਰਤੀਆਂ ਨੇ ਆਪਣੀ ਨਾਗਰਿਕਤਾ ਛੱਡੀ ਸੀ। ਰਾਜ ਸਭਾ ਵਿੱਚ ਸਰਕਾਰ ਵੱਲੋਂ ਦਿੱਤੀ ਗਈ ਜਾਣਕਾਰੀ ਮੁਤਾਬਕ, ਪਿਛਲੇ 13 ਸਾਲਾਂ ਵਿੱਚ 18 ਲੱਖ ਤੋਂ ਵੱਧ ਭਾਰਤੀਆਂ ਨੇ ਆਪਣੀ ਨਾਗਰਿਕਤਾ ਤਿਆਗ ਦਿੱਤੀ ਹੈ।



ਕੁਝ ਸਮਾਂ ਪਹਿਲਾਂ ਕੇਂਦਰੀ ਵਿਦੇਸ਼ ਰਾਜ ਮੰਤਰੀ ਨੇ ਲੋਕ ਸਭਾ ਦੱਸਿਆ ਸੀ ਕਿ ਸਾਲ 2016 ਤੋਂ 2021 ਦਰਮਿਆਨ ਕਰੀਬ 10 ਲੱਖ ਪੰਜਾਬੀਆਂ ਨੇ ਵਿਦੇਸ਼ਾਂ ਵੱਲ ਰਵਾਨਗੀ ਕੀਤੀ। ਜਿਹਨਾਂ ਵਿੱਚ 4 ਲੱਖ ਸਟੱਡੀ ਵੀਜ਼ਾ ਅਤੇ 6 ਲੱਖ ਵਰਕ ਪਰਮਿਟ ਦੇ ਵਿਦੇਸ਼ ਗਏ ਹਨ। ਫ਼ਿਰ ਉਥੋ ਦੇ ਹੀ ਹੋ ਕੇ ਰਹਿ ਗਏ। ਵੱਖ-ਵੱਖ ਦੇਸ਼ਾਂ ਵਿੱਚ ਜਾ ਕੇ ਵੱਸਣ ਦੇ ਪੰਜਾਬੀਆਂ ਦੇ ਰੁਝਾਨ ਪਿੱਛੇ ਵੈਸੇ ਤਾਂ ਕਈ ਕਾਰਨ ਦੱਸੇ ਜਾਂਦੇ ਹਨ ਪਰ ਮੁੱਖ ਕਾਰਨ ਪੰਜਾਬ ਵਿੱਚ ਰੁਜ਼ਗਾਰ ਦੀ ਕਮੀ ਮੰਨਿਆ ਜਾ ਰਿਹਾ ਹੈ।

## ਵਿਦੇਸ਼ਾਂ ’ਚ ਝੂਲਦਾ ਪੰਜਾਬੀਅਤ ਦਾ ਝੰਡਾ



ਵਿਦੇਸ਼ਾਂ ’ਚ ਵਸਦੇ ਪੰਜਾਬੀ ਪੰਜਾਬ ਵਾਂਗ ਹੀ ਲੋਹੜੀ, ਦਿਵਾਲੀ, ਰੱਖੜੀ, ਤੀਆਂ, ਭਾਈ ਦੂਜ, ਵਿਸਾਖੀ, ਹੋਲੀ ਅਤੇ ਹੋਰ ਤਿਓਹਾਰਾਂ ਉੱਤੇ ਮਿਲ ਕੇ ਰੌਣਕਾਂ ਲਗਾਉਂਦੇ ਹਨ। ਦੁਨੀਆ ਦੇ ਜਿਸ ਵੀ ਮੁਲਕ ਵਿੱਚ ਪੰਜਾਬੀ ਵਸਦੇ ਹਨ, ਉਸ ਦੇਸ਼ ਵਿੱਚ ਗੁਰਦੁਆਰਾ ਸਾਹਿਬ, ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਅਤੇ ਲੰਗਰ ਦਾ ਪ੍ਰਬੰਧ ਜ਼ਰੂਰ ਹੁੰਦਾ ਹੈ। ਪੰਜਾਬੀ ਪੰਜਾਬ ਵਾਂਗ ਹੀ ਹਰ ਗੁਰਪੁਰਬ ਨੂੰ ਬੜੀ ਸ਼ਰਧਾ ਭਾਵਨਾ ਨਾਲ ਮਨਾਉਂਦੇ ਹਨ। ਪੰਜਾਬੀਆਂ ਨੇ ਉਨ੍ਹਾਂ ਦੇਸ਼ਾਂ ਵਿੱਚ ਆਪਣੇ ਬੱਚਿਆਂ ਦੀ ਪੜ੍ਹਾਈ ਅਤੇ ਉਨ੍ਹਾਂ ਨੂੰ ਆਪਣੇ ਵਿਰਸੇ ਨਾਲ ਜੋੜ ਕੇ ਰੱਖਣ ਲਈ ਖਾਲਸਾ ਸਕੂਲ ਖੋਲ੍ਹੇ ਹੋਏ ਹਨ। ਉਹ ਆਪਣੇ ਘਰਾਂ ’ਚ ਆਪਣੇ ਬੱਚਿਆਂ ਨਾਲ ਆਪਣੀ ਮਾਂ ਬੋਲੀ ਪੰਜਾਬੀ ਵਿੱਚ ਹੀ ਗੱਲਬਾਤ ਕਰਦੇ ਹਨ। ਸਕੂਲਾਂ ਅਤੇ ਗੁਰਦੁਆਰਾ ਸਾਹਿਬ ਵਿੱਚ ਮਾਂ ਬੋਲੀ ਅਤੇ ਪੰਜਾਬੀ ਸੱਭਿਆਚਾਰ ਦੇ ਵਿਕਾਸ ਲਈ ਭਾਸ਼ਣ, ਕਵਿਤਾ, ਸੁੰਦਰ ਲਿਖਾਈ, ਕੁਇਜ਼, ਗੁਰਬਾਣੀ ਉਚਾਰਣ, ਦਸਤਾਰਬੰਦੀ ਅਤੇ ਗੱਤਕਾ ਮੁਕਾਬਲੇ ਕਰਵਾਏ ਜਾਂਦੇ ਹਨ। ਗੁਰਦੁਆਰਾ ਸਾਹਿਬ ਵਿੱਚ ਸੰਗਰਾਂਦ ਦਾ ਦਿਹਾੜਾ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਜਾਂਦਾ ਹੈ ਅਤੇ ਵਿਸ਼ੇਸ਼ ਦਿਨਾਂ ਉੱਤੇ ਸਿੱਖ ਵਿਦਵਾਨਾਂ ਦੇ ਲੈਕਚਰ ਅਤੇ ਸੈਮੀਨਾਰ ਕਰਵਾਏ ਜਾਂਦੇ ਹਨ। ਵਿਆਹ ਸ਼ਾਦੀਆਂ ਪੰਜਾਬੀ ਰੀਤੀ ਰਿਵਾਜ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਕੀਤੀਆਂ ਜਾਂਦੀਆਂ ਹਨ। ਜਾਗੋ ਕੱਢੀ ਜਾਂਦੀ ਹੈ। ਵਿਆਹ ਸ਼ਾਦੀਆਂ ’ਚ ਪੰਜਾਬੀ ਗੀਤ ਗਾਏ ਜਾਂਦੇ ਹਨ। ਗਿੱਧੇ-ਭੰਗੜੇ ਪਾਏ ਜਾਂਦੇ ਹਨ। ਗੱਡੀਆਂ ਵਿੱਚ ਪੰਜਾਬੀ ਗਾਣੇ ਵੱਜਦੇ ਹਨ।

### ਆਸਟ੍ਰੇਲੀਆ ’ਚ ਵਧੀ ਸਿੱਖਾਂ ਦੀ ਗਿਣਤੀ

ਸਾਲ 2011 ਵਿੱਚ ਸਿੱਖ ਧਰਮ ਤੇਜ਼ੀ ਨਾਲ ਆਸਟ੍ਰੇਲੀਆ ਵਿੱਚ ਵਧਿਆ ਅਤੇ ਇਹ ਵਾਧਾ 74.1 ਫ਼ੀਸਦੀ ਸੀ। ਸਾਲ 2006 ਵਿੱਚ ਆਸਟ੍ਰੇਲੀਆ ਦੀ ਕੁਲ ਆਬਾਦੀ ਵਿੱਚ ਸਿੱਖਾਂ ਦਾ ਅਨੁਪਾਤ 0.1 ਫ਼ੀਸਦੀ ਸੀ ਪਰ 2016 ਵਿੱਚ ਇਹ ਅਨੁਪਾਤ ਵੱਧ ਕੇ 0.5 ਫ਼ੀਸਦੀ ਹੋ ਗਿਆ। ਆਸਟ੍ਰੇਲੀਆ ਵਿੱਚ ਸਿੱਖ ਧਰਮ ਪੰਜਵਾਂ ਵੱਡਾ ਧਰਮ ਹੈ। ਇਸ ਦੇ ਇਲਾਵਾ ਇਸਾਈ, ਇਸਲਾਮ, ਬੁੱਧ ਅਤੇ ਹਿੰਦੂ ਧਰਮ ਮੁੱਖ ਹਨ। ਵਿਕਟੋਰੀਆ ਵਿੱਚ ਲੱਗਭਗ 52,762, ਨਿਊ ਸਾਊਥ ਵੇਲਜ਼ ਵਿੱਚ 31,737, ਕੁਈਨਜ਼ਲੈਂਡ ਵਿੱਚ 17,433, ਪੱਛਮੀ ਆਸਟ੍ਰੇਲੀਆ ਵਿੱਚ 11,897, ਦੱਖਣੀ ਆਸਟ੍ਰੇਲੀਆ ਵਿੱਚ 8,808 ਅਤੇ ਕੈਨਬਰਾ ਵਿੱਚ 2,142 ਸਿੱਖ ਰਹਿੰਦੇ ਹਨ। ਇੱਕ ਹੋਰ ਦਿਲਚਸਪ ਗੱਲ ਇਹ ਹੈ ਕਿ ਆਸਟ੍ਰੇਲੀਆਂ ਵਿੱਚ ਜਿਹੜੀਆਂ ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ ਉਨ੍ਹਾਂ ਵਿੱਚ ਟੌਪ 10 ’ਚ ਹਿੰਦੀ ਅਤੇ ਪੰਜਾਬੀ ਭਾਸ਼ਾ ਵੀ ਸ਼ਾਮਿਲ ਹਨ।

### ਪਰਵਾਸ ਦਾ ਸੰਤਾਪ ਹੰਡਾਉਂਦੇ ਬਜ਼ੁਰਗ ਮਾਪੇ

ਪੰਜਾਬ ਦੇ ਵੱਡੀ ਗਿਣਤੀ ਨੌਜਵਾਨ ਮੁੰਡੇ ਕੁੜੀਆਂ ਪਰਵਾਸ ਕਰਕੇ ਵਿਦੇਸ਼ ਚਲੇ ਗਏ ਹਨ ਪਰ ਪੰਜਾਬ ਵਿੱਚ ਉਹਨਾਂ ਦੇ ਬਜ਼ੁਰਗ ਮਾਪੇ ਰਹਿ ਗਏ ਹਨ। ਪੰਜਾਬ ਦੇ ਕਈ ਪਿੰਡ ਅਜਿਹੇ ਹਨ ਜੋ ਕਿ ਪੰਜਾਬੀਆਂ ਦੇ ਪਰਵਾਸ ਕਾਰਨ ਖਾਲੀ ਹੋ ਰਹੇ ਹਨ। ਪੰਜਾਬ ਦੇ ਵੱਡੀ ਗਿਣਤੀ ਘਰਾਂ ਵਿੱਚ ਰਹਿ ਰਹੇ ਬੁੱਢੜੇ ਮਾਪੇ ਆਪਣੇ ਧੀਆਂ ਪੁੱਤਰਾਂ ਨੂੰ ਯਾਦ ਕਰਕੇ ਹੌਂਕੇ ਭਰਦੇ ਰਹਿੰਦੇ ਹਨ। ਉਹਨਾਂ ਨੂੰ ਆਪਣੇ ਨਿੱਕੇ ਮੋਟੇ ਕੰਮਾਂ ਲਈ ਵੀ ਨੌਕਰਾਂ ਜਾਂ ਗੁਆਂਢੀਆਂ ’ਤੇ ਨਿਰਭਰ ਰਹਿਣਾ ਪੈਂਦਾ ਹੈ। ਪਿੰਡਾਂ ਦੀਆਂ ਸੱਥਾਂ ਵਿੱਚ ਬੈਠ ਕੇ ਜਿਥੇ ਪਰਦੇਸੀ ਧੀਆਂ ਪੁੱਤਰਾਂ ਦੇ ਬਾਪੂ ਝੂਰਦੇ ਹਨ, ਉਥੇ ਘਰਾਂ ਦੇ ਬੂਹਿਆਂ ’ਚ ਬੈਠ ਕੇ ਪਰਦੇਸੀ ਧੀਆਂ ਪੁੱਤਰਾਂ ਮਾਵਾਂ ਵੀ ਉਡੀਕਦੀਆਂ ਰਹਿੰਦੀਆਂ ਹਨ।

## ਕੈਨੇਡਾ ਸਿੱਖਾਂ ਦੀ ਪਹਿਲੀ ਪਸੰਦ ਕਿਵੇਂ ਬਣਿਆ ?



ਕਈ ਸਾਲ ਪਹਿਲਾਂ, ਜਦੋਂ ਭਾਰਤ ਬ੍ਰਿਟਿਸ਼ ਰਾਜ ਦੇ ਅਧੀਨ ਸੀ, ਬ੍ਰਿਟਿਸ਼ ਭਾਰਤੀ ਸੈਨਿਕਾਂ ਦੀ ਇੱਕ ਟੁਕੜੀ ਲੰਡਨ ਗਈ ਸੀ। 1897 ਵਿੱਚ, ਉਸਨੂੰ ਮਹਾਰਾਣੀ ਵਿਕਟੋਰੀਆ ਦੁਆਰਾ ਡਾਇਮੰਡ ਜੁਬਲੀ ਸਮਾਰੋਹ ਵਿੱਚ ਸ਼ਾਮਲ ਹੋਣ ਲਈ ਸੱਦਾ ਦਿੱਤਾ ਗਿਆ ਸੀ। ਇਸ ਟੁਕੜੀ ਵਿੱਚ ਕੁਝ ਸਿੱਖ ਫ਼ੌਜੀ ਵੀ ਸ਼ਾਮਲ ਹੋਏ ਸਨ। ਉਨ੍ਹਾਂ ਵਿਚੋਂ ਇੱਕ ਰਿਸਾਲਦਾਰ ਮੇਜਰ ਸਿੰਘ ਸੀ, ਜਿਸ ਨੇ ਕੈਨੇਡਾ ਵਿੱਚ ਵਸਣ ਦਾ ਫ਼ੈਸਲਾ ਕੀਤਾ ਸੀ। ਉਹ ਕੈਨੇਡਾ ਵਿੱਚ ਵਸਣ ਵਾਲੇ ਪਹਿਲੇ ਸਿੱਖ ਸਨ।

ਮੇਜਰ ਸਿੰਘ ਤੋਂ ਬਾਅਦ ਉਸ ਦੇ ਨਾਲ ਮੌਜੂਦ ਕੁਝ ਹੋਰ ਫ਼ੌਜੀਆਂ ਨੇ ਵੀ ਕੈਨੇਡਾ ਵਸਣ ਦਾ ਫ਼ੈਸਲਾ ਕੀਤਾ। ਇਹ ਲੋਕ ਬ੍ਰਿਟਿਸ਼ ਕੋਲੰਬੀਆ ਵਿੱਚ ਰਹਿਣ ਲੱਗੇ। ਇਸ ਤੋਂ ਬਾਅਦ ਜਦੋਂ ਬਾਕੀ ਸੈਨਿਕ ਭਾਰਤ ਵਾਪਸ ਆਏ ਤਾਂ ਉਨ੍ਹਾਂ ਕੈਨੇਡਾ ਦੀਆਂ ਸਹੂਲਤਾਂ ਅਤੇ ਰਹਿਣ-ਸਹਿਣ ਦੀਆਂ ਸਹੂਲਤਾਂ ਬਾਰੇ ਦੱਸਿਆ। ਉਨ੍ਹਾਂ ਇਹ ਵੀ ਕਿਹਾ ਕਿ ਬ੍ਰਿਟਿਸ਼ ਸਰਕਾਰ ਭਾਰਤੀ ਲੋਕਾਂ ਨੂੰ ਉਥੇ ਵਸਾਉਣ ਲਈ ਤਿਆਰ ਹੈ। ਇਸ ਤੋਂ ਬਾਅਦ ਭਾਰਤੀਆਂ ਦੇ ਕੈਨੇਡਾ ਜਾਣ ਦੀ ਪ੍ਰਕਿਰਿਆ ਸ਼ੁਰੂ ਹੋ ਗਈ। ਇਨ੍ਹਾਂ ਵਿੱਚ ਬਹੁਤੇ ਸਿੱਖ ਸਨ। ਇਸ ਤਰ੍ਹਾਂ ਭਾਰਤੀ ਸਿੱਖ ਕੈਨੇਡਾ ਵਿਚ ਪੱਕੇ ਤੌਰ ’ਤੇ ਵਸਣ ਲੱਗੇ। ਹਾਲਾਂਕਿ, ਜ਼ਿਆਦਾਤਰ ਸਿੱਖ 90 ਦੇ ਦਹਾਕੇ ਤੋਂ ਬਾਅਦ ਭਾਰਤ ਤੋਂ ਕੈਨੇਡਾ ਚਲੇ ਗਏ। ਇਸ ਸਮੇਂ ਕਰੀਬ 8 ਲੱਖ ਸਿੱਖ ਕੈਨੇਡਾ ਵਿੱਚ ਰਹਿੰਦੇ ਦਸੇ ਜਾਂਦੇ ਹਨ।



## ਅਮਰੀਕੀ ਪ੍ਰਸ਼ਾਸਨ ਵੱਲੋਂ ਭਾਰਤੀ ਵਿਦਿਆਰਥੀਆਂ ਲਈ ਨਵੀਂ ਚਿਤਾਵਨੀ ਜਾਰੀ

# ਪੜ੍ਹਾਈ ਅਧੂਰੀ ਛੱਡਣ ਵਾਲੇ ਵਿਦਿਆਰਥੀਆਂ ਦੇ ਵੀਜ਼ੇ ਹੋਣਗੇ ਰੱਦ: ਅਮਰੀਕਾ

## ਭਾਰਤ 'ਚ ਅਮਰੀਕੀ ਕੌਂਸਲੇਟ ਟੀਮ ਨੇ 2023 ਵਿੱਚ 1,40,000 ਤੋਂ ਵੱਧ ਵਿਦਿਆਰਥੀ ਵੀਜ਼ੇ ਕੀਤੇ ਸਨ ਜਾਰੀ

ਨਵੀਂ ਦਿੱਲੀ/ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕਾ ਵਿੱਚ ਪੜ੍ਹ ਰਹੇ ਭਾਰਤੀ ਵਿਦਿਆਰਥੀਆਂ ਲਈ ਅਮਰੀਕੀ ਪ੍ਰਸ਼ਾਸਨ ਵੱਲੋਂ ਨਵੀਂ ਚਿਤਾਵਨੀ ਜਾਰੀ ਕੀਤੀ ਗਈ। ਭਾਰਤ ਵਿੱਚ ਅਮਰੀਕੀ ਦੂਤਘਰ ਨੇ ਅਮਰੀਕਾ ਵਿੱਚ ਪੜ੍ਹ ਰਹੇ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਚਿਤਾਵਨੀ ਦਿੱਤੀ ਕਿ ਜੇਕਰ ਉਹ ਆਪਣੀ ਸੰਸਥਾ ਨੂੰ ਸੂਚਿਤ ਕੀਤੇ ਬਿਨਾਂ ਪੜ੍ਹਾਈ ਛੱਡ ਦਿੰਦੇ ਹਨ, ਕਲਾਸਾਂ ਵਿੱਚ ਸ਼ਾਮਲ ਨਹੀਂ ਹੁੰਦੇ ਜਾਂ ਪੜ੍ਹਾਈ ਦੇ ਆਪਣੇ ਪ੍ਰੋਗਰਾਮ ਨੂੰ ਛੱਡ ਦਿੰਦੇ ਹਨ ਤਾਂ ਉਨ੍ਹਾਂ ਦੇ ਵਿਦਿਆਰਥੀ ਵੀਜ਼ੇ ਰੱਦ ਕੀਤੇ ਜਾ ਸਕਦੇ ਹਨ।

ਦੂਤਘਰ ਨੇ ਸ਼ੋਸ਼ਲ ਮੀਡੀਆ 'ਤੇ ਇੱਕ ਪੋਸਟ ਵਿੱਚ ਵਿਦਿਆਰਥੀਆਂ ਨੂੰ ਵੀਜ਼ਾ ਸ਼ਰਤਾਂ ਦੀ ਪਾਲਣਾ ਕਰਨ ਅਤੇ ਕਿਸੇ ਵੀ ਸਮੱਸਿਆ ਤੋਂ ਬਚਣ ਲਈ 'ਆਪਣੀ ਵਿਦਿਆਰਥੀ ਸਥਿਤੀ ਨੂੰ ਬਣਾਈ ਰੱਖਣ' ਦੀ ਅਪੀਲ ਕੀਤੀ। ਇਸ ਵਿੱਚ ਕਿਹਾ ਗਿਆ ਹੈ, 'ਜੇਕਰ ਤੁਸੀਂ ਆਪਣੇ ਸਕੂਲ (ਸੰਸਥਾ) ਨੂੰ ਸੂਚਿਤ ਕੀਤੇ ਬਿਨਾਂ ਪਿੱਛੇ ਹਟ ਜਾਂਦੇ ਹੋ, ਕਲਾਸਾਂ ਵਿੱਚ ਨਹੀਂ ਜਾਂਦੇ ਜਾਂ ਆਪਣਾ ਪੜ੍ਹਾਈ ਦਾ ਪ੍ਰੋਗਰਾਮ ਛੱਡ ਦਿੰਦੇ ਹੋ, ਤਾਂ ਤੁਹਾਡਾ ਵਿਦਿਆਰਥੀ ਵੀਜ਼ਾ ਰੱਦ ਕੀਤਾ ਜਾ ਸਕਦਾ ਹੈ ਅਤੇ ਤੁਸੀਂ ਭਵਿੱਖ ਦੇ ਅਮਰੀਕੀ ਵੀਜ਼ਿਆਂ ਲਈ ਯੋਗਤਾ ਗੁਆ ਸਕਦੇ ਹੋ। ਇਸ ਲਈ ਕਿਸੇ ਵੀ ਸਮੱਸਿਆ ਤੋਂ ਬਚਣ ਲਈ ਹਮੇਸ਼ਾ ਆਪਣੇ ਵੀਜ਼ੇ ਦੇ ਨਿਯਮਾਂ ਅਤੇ ਸ਼ਰਤਾਂ ਦੀ ਪਾਲਣਾ ਕਰੋ ਅਤੇ ਆਪਣੀ ਵਿਦਿਆਰਥੀ ਸਥਿਤੀ ਨੂੰ ਬਣਾਈ ਰੱਖੋ'। ਵੱਡੀ ਗਿਣਤੀ ਵਿੱਚ ਭਾਰਤੀ ਵਿਦਿਆਰਥੀ ਅਮਰੀਕੀ ਯੂਨੀਵਰਸਿਟੀਆਂ ਵਿੱਚ ਪੜ੍ਹਨ ਲਈ ਦਾਖਲਾ ਲੈਂਦੇ ਹਨ। ਭਾਰਤ ਵਿੱਚ ਅਮਰੀਕੀ ਕੌਂਸਲੇਟ ਟੀਮ ਨੇ 2023 ਵਿੱਚ 1,40,000 ਤੋਂ ਵੱਧ ਵਿਦਿਆਰਥੀ ਵੀਜ਼ੇ ਜਾਰੀ ਕੀਤੇ। ਇਹ ਕਿਸੇ ਵੀ ਹੋਰ ਦੇਸ਼ ਨਾਲੋਂ ਵੱਧ ਸੀ ਅਤੇ ਇਹ ਲਗਾਤਾਰ ਤੀਜਾ ਸਾਲ ਸੀ ਜਦੋਂ ਇਸ ਸਬੰਧ ਵਿੱਚ ਰਿਕਾਰਡ ਬਣਾਇਆ ਗਿਆ ਸੀ। ਉਸੇ ਸਾਲ ਭਾਰਤ ਵਿੱਚ ਅਮਰੀਕੀ ਮਿਸ਼ਨ ਨੇ ਰਿਕਾਰਡ 1.4 ਮਿਲੀਅਨ ਵੀਜ਼ੇ ਜਾਰੀ ਕੀਤੇ।





# ਅਮਰੀਕਾ ਵੱਲੋਂ ਵਿਦਿਆਰਥੀ ਵੀਜ਼ਾ ਇੰਟਰਵਿਊ 'ਤੇ ਪਾਬੰਦੀ ਲਗਾਉਣ ਦਾ ਐਲਾਨ

- ਇਸ ਫ਼ੈਸਲੇ ਨਾਲ ਅਮਰੀਕੀ ਵੀਜ਼ਾ ਪ੍ਰਕਿਰਿਆ 'ਤੇ ਅਸਰ ਪੈਣ ਦੀ ਸੰਭਾਵਨਾ
- ਵਿਦੇਸ਼ੀ ਵਿਦਿਆਰਥੀਆਂ 'ਤੇ ਨਿਰਭਰ ਯੂਨੀਵਰਸਿਟੀਆਂ ਨੂੰ ਹੋ ਸਕਦਾ ਹੈ ਵਿੱਤੀ ਨੁਕਸਾਨ 3.5 ਲੱਖ ਡਾਲਰ

ਨਿਊਯਾਰਕ/ਏ.ਟੀ.ਨਿਊਜ਼: ਟਰੰਪ ਪ੍ਰਸ਼ਾਸਨ ਨੇ ਵਿਦੇਸ਼ੀ ਵਿਦਿਆਰਥੀਆਂ ਲਈ ਵੀਜ਼ਾ ਇੰਟਰਵਿਊ 'ਤੇ ਅਸਥਾਈ ਤੌਰ 'ਤੇ ਪਾਬੰਦੀ ਲਗਾ ਦਿੱਤੀ ਹੈ। ਇਹ ਕਦਮ ਸੋਸ਼ਲ ਮੀਡੀਆ ਖਾਤਿਆਂ ਦੀ ਡੂੰਘਾਈ ਨਾਲ ਜਾਂਚ ਨੂੰ ਲਾਜ਼ਮੀ ਬਣਾਉਣ ਦੀ ਯੋਜਨਾ ਦੇ ਹਿੱਸੇ ਵਜੋਂ ਚੁੱਕਿਆ ਗਿਆ ਹੈ। ਇਹ ਜਾਣਕਾਰੀ ਪੋਲੀਟੀਕੋ ਨੇ ਵਿਦੇਸ਼ ਮੰਤਰੀ ਮਾਰਕੋ ਰੂਬੀਓ ਦੁਆਰਾ ਦਸਤਖਤ ਕੀਤੇ ਦਸਤਾਵੇਜ਼ਾਂ ਦਾ ਹਵਾਲਾ ਦਿੰਦੇ ਹੋਏ ਦਿੱਤੀ ਹੈ।

ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਇਸ ਕਦਮ ਦੇ ਵਿਦਿਆਰਥੀ ਵੀਜ਼ਾ ਪ੍ਰਕਿਰਿਆ 'ਤੇ ਗੰਭੀਰ ਪ੍ਰਭਾਵ ਪੈ ਸਕਦੇ ਹਨ, ਜਿਸ ਨਾਲ ਬਹੁਤ ਸਾਰੀਆਂ ਅਮਰੀਕੀ ਯੂਨੀਵਰਸਿਟੀਆਂ ਨੂੰ ਨੁਕਸਾਨ ਪਹੁੰਚ ਸਕਦਾ ਹੈ ਜੋ ਵਿੱਤੀ ਤੌਰ 'ਤੇ ਵਿਹਾਰਕ ਰਹਿਣ ਲਈ ਵਿਦੇਸ਼ੀ ਵਿਦਿਆਰਥੀਆਂ ਦੇ ਦਾਖਲਿਆਂ 'ਤੇ ਬਹੁਤ ਜ਼ਿਆਦਾ ਨਿਰਭਰ ਕਰਦੀਆਂ ਹਨ। ਮਾਹਿਰਾਂ ਅਨੁਸਾਰ, ਟਰੰਪ ਪ੍ਰਸ਼ਾਸਨ ਨੇ ਇਹ ਕਦਮ ਰਾਸ਼ਟਰੀ ਸੁਰੱਖਿਆ ਅਤੇ ਰਾਜਨੀਤਿਕ ਰਣਨੀਤੀ ਦੇ ਮੱਦੇਨਜ਼ਰ ਚੁੱਕਿਆ ਹੈ।

ਇਸ ਫੈਸਲੇ ਦਾ ਅਮਰੀਕੀ ਵੀਜ਼ਾ ਪ੍ਰਕਿਰਿਆ 'ਤੇ ਅਸਰ ਪਵੇਗਾ। ਇਸ ਨਾਲ ਵਿਦੇਸ਼ੀ ਵਿਦਿਆਰਥੀਆਂ 'ਤੇ ਨਿਰਭਰ ਯੂਨੀਵਰਸਿਟੀਆਂ ਨੂੰ ਵਿੱਤੀ ਨੁਕਸਾਨ ਹੋ ਸਕਦਾ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਜਦੋਂ ਤੱਕ ਅਗਲੇ ਦਿਸ਼ਾ-ਨਿਰਦੇਸ਼ ਜਾਰੀ ਨਹੀਂ ਕੀਤੇ ਜਾਂਦੇ, ਵਿਦੇਸ਼ੀ ਵਿਦਿਆਰਥੀ ਅਤੇ ਐਕਸਚੇਂਜ ਵਿਜ਼ਟਰ ਲਈ ਨਵੇਂ ਇੰਟਰਵਿਊ ਤਹਿ ਨਹੀਂ ਕੀਤੇ ਜਾਣਗੇ।

ਨਵੇਂ ਨਿਯਮ ਦੇ ਤਹਿਤ, ਗਾਜ਼ਾ ਵਿੱਚ ਇਜ਼ਰਾਇਲੀ ਫ਼ੌਜੀ ਕਾਰਵਾਈ ਦੇ ਵਿਰੋਧ ਵਿੱਚ ਹਿੱਸਾ ਲੈਣ ਵਾਲੇ ਵਿਦਿਆਰਥੀਆਂ ਦੀਆਂ ਸੋਸ਼ਲ ਮੀਡੀਆ ਗਤੀਵਿਧੀਆਂ ਦੀ ਵਿਸ਼ੇਸ਼ ਤੌਰ 'ਤੇ ਜਾਂਚ ਕੀਤੀ ਜਾਵੇਗੀ।

ਤੁਹਾਨੂੰ ਦੱਸ ਦੇਈਏ ਕਿ ਅਪ੍ਰੈਲ ਵਿੱਚ ਅਮਰੀਕੀ ਸਰਕਾਰ ਨੇ ਇਹ ਵੀ ਕਿਹਾ ਸੀ ਕਿ ਅਮਰੀਕਾ ਵਿੱਚ ਵੀਜ਼ਾ ਜਾਂ ਸਥਾਈ ਨਿਵਾਸ (ਗ੍ਰੀਨ ਕਾਰਡ) ਲਈ ਅਰਜ਼ੀ ਦੇਣ ਵਾਲਿਆਂ ਦੀਆਂ ਸੋਸ਼ਲ ਮੀਡੀਆ ਪੋਸਟਾਂ ਦੀ ਸਮੀਖਿਆ ਕੀਤੀ ਜਾਵੇਗੀ। ਖਾਸ ਕਰਕੇ ਉਨ੍ਹਾਂ ਵਿਦਿਆਰਥੀਆਂ ਦੀ ਜਾਂਚ ਕੀਤੀ ਜਾਵੇਗੀ ਜੋ 'ਯਹੂਦੀ ਵਿਰੋਧੀ ਗਤੀਵਿਧੀਆਂ' ਨਾਲ ਜੁੜੇ ਹੋਏ ਹਨ।



ਰਿਸਰਚ ਵਿੱਚ ਖ਼ੁਲਾਸਾ

# ਅਗਲੇ 50 ਸਾਲਾਂ ਵਿੱਚ ਮੈਗਾ ਸੁਨਾਮੀ ਨਾਲ ਅਮਰੀਕਾ ਵਿੱਚ ਵੱਡੀ ਤਬਾਹੀ ਦੀ ਸੰਭਾਵਨਾ

## 1000 ਫੁੱਟ ਉੱਚੀਆਂ ਲਹਿਰਾਂ ਵਾਲੀ ਮੈਗਾ ਸੁਨਾਮੀ ਦੀ ਚਿਤਾਵਨੀ

- ਕੈਸਕੇਡੀਆ ਸਬਡਕਸ਼ਨ ਜ਼ੋਨ ਵਿੱਚ 8.0 ਤੀਬਰਤਾ ਦਾ ਭੂਚਾਲ
- ਅਲਾਸਕਾ ਤੇ ਹਵਾਈ ਸਮੇਤ ਪੱਛਮੀ ਤੱਟ ਨੂੰ ਖ਼ਤਰਾ

ਵਾਸ਼ਿੰਗਟਨ/ਏ.ਟੀ.ਨਿਊਜ਼: ਵਿਗਿਆਨੀਆਂ ਨੇ ਇੱਕ ਵੱਡੀ ਕੁਦਰਤੀ ਆਫਤ ਦੀ ਚਿਤਾਵਨੀ ਜਾਰੀ ਕੀਤੀ ਹੈ, ਜੋ ਅਮਰੀਕਾ ਸਮੇਤ ਪੂਰੀ ਦੁਨੀਆ ਨੂੰ ਡਰਾਉਣ ਵਾਲੀ ਹੈ। ਇਹ ਚਿਤਾਵਨੀ ਕੈਸਕੇਡੀਆ ਸਬਡਕਸ਼ਨ ਜ਼ੋਨ ਵਿੱਚ ਆਉਣ ਵਾਲੇ ਸ਼ਕਤੀਸ਼ਾਲੀ ਭੂਚਾਲ ਕਾਰਨ 1000 ਫੁੱਟ ਉੱਚੀਆਂ ਲਹਿਰਾਂ ਵਾਲੀ ਮੈਗਾ ਸੁਨਾਮੀ ਦੀ ਹੈ, ਜੋ ਅਮਰੀਕਾ ਦੇ ਵੱਡੇ ਹਿੱਸੇ ਨੂੰ ਤਬਾਹ ਕਰ ਸਕਦੀ ਹੈ। ਵਰਜੀਨੀਆ ਟੈਕ ਦੇ ਖੋਜਕਰਤਾਵਾਂ ਦੀ ਰਿਸਰਚ ਮੁਤਾਬਕ, ਅਗਲੇ 50 ਸਾਲਾਂ ਵਿਚ 8.0 ਤੀਬਰਤਾ ਦੇ ਭੂਚਾਲ ਦੀ 15% ਸੰਭਾਵਨਾ ਹੈ, ਜੋ ਸਿਐਟਲ, ਪੋਰਟਲੈਂਡ, ਓਰੇਗਨ ਵਰਗੇ ਸ਼ਹਿਰਾਂ ਨੂੰ ਤਬਾਹ ਕਰ ਸਕਦਾ ਹੈ। ਇਸ ਨਾਲ ਤੱਟੀ ਖੇਤਰ 6.5 ਫੁੱਟ ਤੱਕ ਡੁੱਬ ਸਕਦਾ ਹੈ, ਜਿਸ ਨਾਲ ਸੁਨਾਮੀ ਹੋਰ ਵੀ ਵਿਨਾਸ਼ਕਾਰੀ ਹੋਵੇਗੀ। ਅਧਿਐਨ ਦੀ ਮੁਖੀ ਲੇਖਿਕਾ ਤੇ ਵਰਜੀਨੀਆ ਟੈਕ ਦੀ ਭੂ-ਵਿਗਿਆਨੀ ਟੀਨਾ ਡਿਊਰਾ ਨੇ ਕਿਹਾ ਕਿ ਕੈਸਕੇਡੀਆ ਸਬਡਕਸ਼ਨ ਜ਼ੋਨ ਵਿੱਚ ਭੂਚਾਲ ਤੋਂ ਬਾਅਦ ਤੱਟੀ ਖੇਤਰਾਂ ਵਿੱਚ ਹੜ੍ਹ ਦਾ ਪ੍ਰਭਾਵ ਪਹਿਲਾਂ ਕਦੇ ਨਹੀਂ ਮਾਪਿਆ ਗਿਆ। ਸਭ ਤੋਂ ਵੱਧ ਨੁਕਸਾਨ ਦੱਖਣੀ ਵਾਸ਼ਿੰਗਟਨ, ਓਰੇਗਨ ਅਤੇ ਉੱਤਰੀ ਕੈਲੀਫੋਰਨੀਆ ਵਿੱਚ ਹੋਣ ਦੀ ਸੰਭਾਵਨਾ ਹੈ। ਇਹ ਖ਼ਤਰਾ ਅਲਾਸਕਾ, ਹਵਾਈ ਅਤੇ ਅਮਰੀਕਾ ਦੇ ਪੱਛਮੀ ਤੱਟ 'ਤੇ ਮੰਡਰਾ ਰਿਹਾ ਹੈ।

ਮੈਗਾ ਸੁਨਾਮੀ ਕੀ ਹੈ?

ਮੈਗਾ ਸੁਨਾਮੀ ਸਾਧਾਰਨ ਸੁਨਾਮੀ ਤੋਂ ਵੱਖਰੀ ਹੁੰਦੀ ਹੈ। ਸਾਧਾਰਨ ਸੁਨਾਮੀ ਦੀਆਂ ਲਹਿਰਾਂ ਕੁਝ ਫੁੱਟ ਉੱਚੀਆਂ ਹੁੰਦੀਆਂ ਹਨ, ਪਰ ਮੈਗਾ ਸੁਨਾਮੀ ਦੀਆਂ ਲਹਿਰਾਂ ਸੈਂਕੜੇ ਫੁੱਟ ਤੱਕ ਉੱਚੀਆਂ ਹੋ ਸਕਦੀਆਂ ਹਨ। ਇਹ ਸ਼ਕਤੀਸ਼ਾਲੀ ਭੂਚਾਲ, ਜੁਆਲਾਮੁਖੀ ਵਿਸਫੋਟ ਜਾਂ ਉਲਕਾ ਪਿੰਡ ਦੇ ਡਿੱਗਣ ਨਾਲ ਆਉਂਦੀਆਂ ਹਨ। ਮੈਗਾ ਸੁਨਾਮੀ ਕਈ ਮੀਲ ਅੰਦਰ ਤੱਕ ਪ੍ਰਭਾਵਿਤ ਕਰ ਸਕਦੀ ਹੈ ਅਤੇ ਲੋਕਾਂ ਨੂੰ ਬਚਣ ਲਈ ਬਹੁਤ ਘੱਟ ਸਮਾਂ ਮਿਲਦਾ ਹੈ। ਅਜਿਹੀਆਂ ਘਟਨਾਵਾਂ ਦੁਰਲੱਭ ਹੁੰਦੀਆਂ ਹਨ, ਪਰ ਜੇ ਇਹ ਆਬਾਦੀ ਵਾਲੇ ਖੇਤਰਾਂ 'ਚ ਵਾਪਰਦੀਆਂ ਹਨ ਤਾਂ ਭਾਰੀ ਤਬਾਹੀ ਮਚਾਉਂਦੀਆਂ ਹਨ।

# ਅਮਰੀਕਾ ਦੀ ਸੁਰੱਖਿਆ ਲਈ 3 ਪਰਤੀ ਹਵਾਈ ਸੁਰੱਖਿਆ ਪ੍ਰਣਾਲੀ ਹੋਵੇਗੀ ਤਾਇਨਾਤ

ਸੈਕਰਾਮੈਂਟੋ,ਕੈਲੀਫ਼ੋਰਨੀਆ/ਹੁਸਨ ਲੜੋਆ ਬੰਗਾ: ਰਾਸ਼ਟਰਪਤੀ ਡੋਨਾਲਡ ਟਰੰਪ ਦੇ ਦ੍ਰਿਸ਼ਟੀਕੋਨ ਅਨੁਸਾਰ ਅਮਰੀਕਾ ਦੀ ਸੁਰੱਖਿਆ ਲਈ 3 ਪਰਤੀ ਹਵਾਈ ਸੁਰੱਖਿਆ ਪ੍ਰਣਾਲੀ ਤਾਇਨਾਤ ਕਰਨ ਲਈ ਕੰਮ ਸ਼ੁਰੂ ਹੋ ਗਿਆ ਹੈ ਕਿਉਂਕਿ ਸਮਝਿਆ ਜਾਂਦਾ ਹੈ ਕਿ ਕਰੂਜ ,ਬਾਲਿਸਟਿਕ ਤੇ ਹਾਈਪਰਸੋਨਿਕ ਮਿਜ਼ਾਇਲਾਂ ਅਤੇ ਡਰੋਨ ਅਮਰੀਕਾ ਦੀ ਧਰਤੀ ਉਪਰ ਪਰਮਾਣੂ ਹਮਲਾ ਕਰਨ ਦੇ ਸਮਰੱਥ ਹਨ। ਰੱਖਿਆ ਸਕੱਤਰ ਪੇਟ ਹੇਗਸੇਠ ਨੇ ਅਮਰੀਕਨਾਂ ਲਈ ਸੁਰੱਖਿਆ ਛੱਤਰੀ ਕਾਇਮ ਕਰਨ ਲਈ ਗੋਲਡਨ ਡੋਮ ਯੋਜਨਾ ਵਿੱਚ ਸ਼ੁਰਆਤੀ 25 ਅਰਬ ਡਾਲਰ ਦਾ ਨਿਵੇਸ਼ ਕਰਨ ਦਾ ਐਲਾਨ ਕੀਤਾ ਹੈ। ਇਸ ਉਪਰ ਕੁੱਲ 175 ਅਰਬ ਡਾਲਰ ਖਰਚ ਆਉਣ ਦਾ ਅਨੁਮਾਨ ਹੈ।

ਰਾਸ਼ਟਰਪਤੀ ਨੇ ਕਿਹਾ ਹੈ ਕਿ ਇਹ ਪ੍ਰਣਾਲੀ 2029 ਵਿੱਚ ਉਸ ਦਾ ਕਾਰਜਕਾਲ ਖਤਮ ਹੋਣ ਤੋਂ ਪਹਿਲਾਂ ਪੂਰੀ ਤਰ੍ਹਾਂ ਤਿਆਰ ਹੋ ਜਾਣੀ ਚਾਹੀਦੀ ਹੈ। ਨਾਰਦਨ ਕਮਾਂਡ ਆਗੂ ਏਅਰ ਫ਼ੋਰਸ ਜਨਰਲ ਗਰੇਗੋਰੀ ਗੁਇਲਟ ਨੇ ਸੈਨਟ ਨੂੰ ਦਿੱਤੇ ਇੱਕ ਲਿਖਤੀ ਬਿਆਨ ਵਿੱਚ ਕਿਹਾ ਹੈ ਕਿ ਗੋਲਡਨ ਡੋਮ ਯੋਜਨਾ ਦਾ ਮਕਸਦ 3 ਪਰਤੀ ਹਵਾਈ ਸੁਰੱਖਿਆ ਛੱਤਰੀ ਨਾਲ

ਅਮਰੀਕਾ ਨੂੰ ਸੁਰੱਖਿਅਤ ਕਰਨਾ ਹੈ। ਸੈਂਸਰਜ ਖਤਰੇ ਬਾਰੇ ਸੁਚੇਤ ਕਰਨਗੇ ਜਦ ਕਿ ਜਮੀਨ ਉਪਰ ਤਾਇਨਾਤ ਇੰਟਰਸੈਪਟਰ ਮਿਜ਼ਾਇਲਾਂ ਤੇ ਨਵੀਂ ਪ੍ਰਣਾਲੀ ਅਮਰੀਕਾ ਉੱਪਰ ਦਾਗੀਆਂ ਗਈਆਂ ਬਾਲਿਸਟਿਕ ਮਿਜਾਈਲਾਂ ਨੂੰ ਨਸ਼ਟ ਕਰਨਗੇ।

ਇਸ ਤੋਂ ਇਲਾਵਾ ਹੇਠਲੇ ਪੱਧਰ ਦੇ ਖਤਰਿਆਂ ਨਾਲ ਨਜਿੱਠਣ ਲਈ ਇਕ ਹੋਰ ਪ੍ਰਣਾਲੀ ਤਾਇਨਾਤ ਹੋਵੇਗੀ ਜੋ ਹਾਈਪਰਸੋਨਿਕ ਮਿਜਾਈਲਾਂ ਤੇ ਡਰੋਨ ਹਮਲੇ ਨਾਲ ਨਿਪਟੇਗੀ। ਗੋਲਡਨ ਡੋਮ ਯੋਜਨਾ ਦੀ ਅਗਵਾਈ ਸਪੇਸ ਫ਼ੋਰਸ ਜਨਰਲ ਮਾਈਕਲ ਗੁਏਟਲੀਨ ਕਰਨਗੇ ਜਿਨ੍ਹਾਂ ਨੇ ਰੂਸ ਤੇ ਚੀਨ ਵਰਗੇ ਦੇਸ਼ਾਂ ਤੋਂ ਖਤਰੇ ਦੇ ਮੁਕਾਬਲੇ ਲਈ ਇਸ ਪ੍ਰਾਜੈਕਟ ਨੂੰ ਵਿਸ਼ਾਲ ਤੇ ਹਮਲਾਵਰ ਕਰਾਰ ਦਿੱਤਾ ਹੈ।

# ਪੁਲਿਸ ਅ਼ਫਸਰ ਦੀ ਹੱਤਿਆ ਦੇ ਮਾਮਲੇ ਵਿੱਚ ਦੋਸ਼ੀ ਨੂੰ ਲਾਇਆ ਜ਼ਹਿਰ ਦਾ ਟੀਕਾ

ਸੈਕਰਾਮੈਂਟੋ,ਕੈਲੀਫ਼ੋਰਨੀਆ/ਹੁਸਨ ਲੜੋਆ ਬੰਗਾ: ਇੰਡਿਆਨਾ ਰਾਜ ਦੇ ਮਿਸ਼ੀਗਨ ਸ਼ਹਿਰ ਵਿੱਚ ਤਕਰੀਬਨ 25 ਸਾਲ ਪਹਿਲਾਂ ਇੱਕ ਪੁਲਿਸ ਅ਼ਫ਼ਸਰ ਦੀ ਗੋਲੀ ਮਾਰ ਕੇ ਹੱਤਿਆ ਕਰ ਦੇਣ ਦੇ ਮਾਮਲੇ ਵਿੱਚ ਮੌਤ ਦੀ ਸਜ਼ਾ ਪ੍ਰਾਪਤ 45 ਸਾਲਾ ਦੋਸ਼ੀ ਬੈਂਜਾਮਿਨ ਰਿਟਚੀ ਨੂੰ ਜ਼ਹਿਰ ਦਾ ਟੀਕਾ ਲਾ ਦਿੱਤਾ ਗਿਆ ਜਿਸ ਉਪਰੰਤ ਅੱਧੇ ਘੰਟੇ ਵਿੱਚ ਉਸ ਦੀ ਮੌਤ ਹੋ ਗਈ। ਰਾਜ ਵਿੱਚ ਪਿੱਛਲੇ 15 ਸਾਲਾਂ ਦੌਰਾਨ ਇਹ ਦੂਸਰੀ ਫ਼ਾਂਸੀ ਹੈ।2002 ਵਿੱਚ ਬੀਚ ਗਰੋਵ ਦੇ ਪੁਲਿਸ ਅ਼ਫ਼ਸਰ ਬਿੱਲ ਟੋਨੀ ਦੀ ਹੱਤਿਆ ਲਈ ਦੋਸ਼ੀ ਕਰਾਰ ਦਿੰਦਿਆਂ ਅਦਾਲਤ ਨੇ ਬੈਂਜਾਮਿਨ ਨੂੰ ਮੌਤ ਦੀ ਸਜ਼ਾ ਸੁਣਾਈ ਸੀ। ਇੰਡਿਆਨਾ ਡਿਪਾਰਟਮੈਂਟ ਆਫ਼ ਕੋਰੈਕਸ਼ਨ ਦੇ ਅਧਿਕਾਰੀਆਂ ਵੱਲੋਂ ਜਾਰੀ ਬਿਆਨ ਅਨੁਸਾਰ ਰਿਟਚੀ ਨੂੰ ਮਿਸ਼ੀਗਨ ਦੀ ਇੰਡਿਆਨਾ ਸਟੇਟ ਜੇਲ ਵਿੱਚ ਫ਼ਾਹੇ ਲਾਇਆ ਗਿਆ। ਬਿਆਨ ਅਨੁਸਾਰ ਅੱਧੀ ਰਾਤ ਦੇ ਤੁਰੰਤ ਬਾਅਦ ਫ਼ਾਂਸੀ ਦੀ ਪ੍ਰਕ੍ਰਿਆ ਸ਼ੁਰੂ ਹੋਈ ਤੇ 12.46 ਵਜੇ ਬੈਂਜਾਮਿਨ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਬਿਆਨ ਵਿੱਚ ਕਿਹਾ ਗਿਆ ਹੈ ਕਿ ਆਪਣੇ ਆਖਰੀ ਸ਼ਬਦਾਂ ਵਿੱਚ ਬੈਂਜਾਮਿਨ ਨੇ ਸਮਰਥਨ ਕਰਨ ਲਈ ਆਪਣੇ ਦੋਸਤਾਂ- ਮਿੱਤਰਾਂ ਤੇ ਪਰਿਵਾਰ ਦਾ ਧੰਨਵਾਦ ਕੀਤਾ ਤੇ ਉਨ੍ਹਾਂ ਲਈ ਪ੍ਰਾਰਥਨਾ ਕੀਤੀ।

# .ਗੈਰ-ਕਾਨੂੰਨੀ ਪਰਵਾਸ 'ਤੇ ਟਰੰਪ ਸਰਕਾਰ ਦੀ ਸਖ਼ਤੀ

## ਭਾਰਤੀ ਟਰੈਵਲ ਏਜੰਸੀਆਂ 'ਤੇ ਲਾਈ ਵੀਜ਼ਾ ਪਾਬੰਦੀ

ਮਈ 2025 ਵਿੱਚ, ਟਰੰਪ ਪ੍ਰਸ਼ਾਸਨ ਨੇ ਗ਼ੈਰ-ਕਾਨੂੰਨੀ ਪਰਵਾਸ ਨੂੰ ਰੋਕਣ ਲਈ ਸਖ਼ਤ ਨੀਤੀਆਂ ਜਾਰੀ ਰੱਖੀਆਂ। ਅਮਰੀਕੀ ਵਿਦੇਸ਼ ਵਿਭਾਗ ਅਤੇ ਹੋਮਲੈਂਡ ਸਿਕਿਓਰਿਟੀ ਵਿਭਾਗ ਨੇ ਭਾਰਤੀ ਟਰੈਵਲ ਏਜੰਸੀਆਂ ਅਤੇ ਵੀਜ਼ਾ ਧੋਖਾਧੜੀ ਵਿੱਚ ਸ਼ਾਮਲ ਵਿਅਕਤੀਆਂ 'ਤੇ ਪਾਬੰਦੀਆਂ ਨੂੰ ਹੋਰ ਸਖ਼ਤ ਕੀਤਾ ਹੈ। ਅਮਰੀਕੀ ਦੂਤਘਰ ਨੇ ਗ਼ੈਰ-ਕਾਨੂੰਨੀ ਪਰਵਾਸ ਨੂੰ ਉਤਸ਼ਾਹਿਤ ਕਰਨ ਵਾਲੀਆਂ ਭਾਰਤੀ ਟਰੈਵਲ ਏਜੰਸੀਆਂ ਦੇ ਮਾਲਕਾਂ, ਅਧਿਕਾਰੀਆਂ ਅਤੇ ਸੀਨੀਅਰ ਕਰਮਚਾਰੀਆਂ 'ਤੇ ਵੀਜ਼ਾ ਪਾਬੰਦੀਆਂ ਲਗਾਈਆਂ ਹਨ। ਇਹ ਪਾਬੰਦੀਆਂ ਨਾ ਸਿਰਫ਼ ਅਮਰੀਕਾ ਲਈ, ਸਗੋਂ ਯੂ.ਕੇ., ਕੈਨੇਡਾ ਅਤੇ ਆਸਟ੍ਰੇਲੀਆ



ਵਰਗੇ ਦੇਸ਼ਾਂ ਨਾਲ ਸਾਂਝੀਆਂ ਕੀਤੀਆਂ ਜਾ ਰਹੀਆਂ ਹਨ, ਤਾਂ ਜੋ ਅੰਤਰਰਾਸ਼ਟਰੀ ਮਨੁੱਖੀ ਤਸਕਰੀ ਨੈੱਟਵਰਕਾਂ ਨੂੰ ਤੋੜਿਆ ਜਾ ਸਕੇ।

ਵੀਜ਼ਾ ਅਪੁਆਇੰਟਮੈਂਟ ਦੀ ਜਾਂਚ:

ਅਮਰੀਕੀ ਮਿਸ਼ਨਾਂ ਨੇ ਵੀਜ਼ਾ ਅਰਜ਼ੀਆਂ ਦੀ ਸਖਤ ਜਾਂਚ ਸ਼ੁਰੂ ਕੀਤੀ, ਜਿਸ ਵਿੱਚ ਧੋਖਾਧੜੀ ਵਾਲੀਆਂ ਅਰਜ਼ੀਆਂ ਨੂੰ ਰੱਦ ਕਰਨ ਅਤੇ ਅਜਿਹੇ ਅਰਜ਼ੀਦਾਤਾਵਾਂ ਨੂੰ ਬਲੈਕਲਿਸਟ ਕਰਨ ਦੀ ਪ੍ਰਕਿਰਿਆ ਸ਼ਾਮਲ ਹੈ। ਅਪ੍ਰੈਲ 2025 ਵਿੱਚ, 2,000 ਤੋਂ ਵੱਧ ਵੀਜ਼ਾ ਅਪੁਆਇੰਟਮੈਂਟ ਰੱਦ ਕੀਤੇ ਗਏ ਅਤੇ ਮਈ ਵਿੱਚ ਇਹ ਜਾਂਚ ਹੋਰ ਤੇਜ਼ ਕੀਤੀ ਗਈ।

ਸੰਗਠਿਤ ਅਪਰਾਧ ਨਾਲ ਜੁੜੇ ਨੈੱਟਵਰਕਾਂ 'ਤੇ ਕਾਰਵਾਈ

ਅਮਰੀਕੀ ਅਧਿਕਾਰੀਆਂ ਨੇ ਗੈਰ-ਕਾਨੂੰਨੀ ਪਰਵਾਸ ਨੂੰ ਸੰਗਠਿਤ ਅਪਰਾਧ ਨਾਲ ਜੋੜਦਿਆਂ, ਅਜਿਹੇ ਨੈੱਟਵਰਕਾਂ ਨੂੰ ਖਤਮ ਕਰਨ ਲਈ ਅੰਤਰਰਾਸ਼ਟਰੀ ਸਹਿਯੋਗ ਵਧਾਇਆ। ਇਸ ਵਿੱਚ ਭਾਰਤੀ ਅਧਿਕਾਰੀਆਂ ਨਾਲ ਮਿਲ ਕੇ ਜਾਣਕਾਰੀ ਸਾਂਝੀ ਕਰਨਾ ਅਤੇ ਤਸਕਰੀ ਦੇ ਰੂਟਾਂ ਦੀ ਪਛਾਣ ਕਰਨਾ ਸ਼ਾਮਲ ਹੈ। ਕਾਨੂੰਨੀ ਆਵਾਜਾਈ 'ਤੇ ਜ਼ੋਰ: ਅਮਰੀਕਾ ਨੇ ਕਾਨੂੰਨੀ ਪਰਵਾਸ ਨੂੰ ਸੁਖਾਲਾ ਕਰਨ ਲਈ ਵੀਜ਼ਾ ਪ੍ਰਕਿਰਿਆ ਨੂੰ ਸੁਚਾਰੂ ਕਰਨ ਦੀ ਕੋਸ਼ਿਸ਼ ਕੀਤੀ, ਜਿਸ ਵਿੱਚ ਵਿਦਿਆਰਥੀਆਂ ਅਤੇ ਪੇਸ਼ੇਵਰਾਂ ਲਈ ਵੀਜ਼ਾ ਜਾਰੀ ਕਰਨ ਦੀ ਪ੍ਰਕਿਰਿਆ ਨੂੰ ਸਰਲ ਕੀਤਾ ਗਿਆ। ਪਰ, ਗੈਰ-ਕਾਨੂੰਨੀ ਚੈਨਲਾਂ 'ਤੇ ਸਖਤੀ ਜਾਰੀ ਰਹੀ।

**ਹੁਣ ਤੱਕ ਵਾਪਸ ਆਏ ਭਾਰਤੀ ਪ੍ਰਵਾਸੀ**

ਫਰਵਰੀ 2025 ਵਿੱਚ, ਅਮਰੀਕਾ ਨੇ 330 ਭਾਰਤੀਆਂ ਨੂੰ ਵਾਪਸ ਭੇਜਿਆ, ਜੋ ਗੈਰ-ਕਾਨੂੰਨੀ ਤੌਰ 'ਤੇ ਅਮਰੀਕਾ ਵਿੱਚ ਰਹਿ ਰਹੇ ਸਨ। ਮਈ 2025 ਤੱਕ, ਸਹੀ ਅੰਕੜੇ ਉਪਲਬਧ (**ਬਾਕੀ ਸਫ਼ਾ 30 'ਤੇ**)

# ਵਾਰਸ ਭਰਾਵਾਂ ਦਾ ਸ਼ੋਅ ਪੰਜਾਬੀ ਵਿਰਸਾ 2025 .ਫਰਿਜਨੋ ਵਿਖੇ ਕਰਵਾਇਆ

ਸੈਕਰਾਮੈਂਟੋ, ਕੈਲੀਫ਼ੋਰਨੀਆ/ਹੁਸਨ ਲੜੋਆ ਬੰਗਾ : ਸਥਾਨਕ ਵਿਰਸਾ ਫ਼ਾਊਂਡੇਸ਼ਨ ਵੱਲੋਂ ਵਾਰਸ ਭਰਾਵਾਂ ਦਾ ਸ਼ਾਨਦਾਰ ਸ਼ੋਅ ਪੰਜਾਬੀ ਵਿਰਸਾ 2025 ਫ਼ਰਿਜਨੋ ਦੇ ਵੁਡਵਰਡ ਪਾਰਕ ਵਿਖੇ ਸ਼ਾਨੋ-ਸ਼ੌਕਤ ਨਾਲ ਕਰਵਾਇਆ ਗਿਆ। ਦਰਸ਼ਕਾਂ ਨਾਲ ਖਚਾਖਚ ਭਰੇ ਹੋਏ ਓਪਨ ਹਾਲ ਅੰਦਰ ਸਟੇਜ ਦੀ ਸ਼ੁਰੂਆਤ ਆਸ਼ਾ ਸ਼ਰਮਾ ਨੇ ਕੀਤੀ। ਸ਼ੋਅ ਦੀ ਸ਼ੁਰੂਆਤ ਭੰਗੜੇ ਦੇ ਜੌਹਰ ਵਿਖਾਉਂਦਿਆਂ, ਓਲਡ ਸਕੂਲ ਭੰਗੜਾ ਅਕੈਡਮੀ ਦੇ ਬੱਚਿਆਂ ਨੇ ਕੀਤੀ, ਇਹ ਬੱਚੇ




ਭੰਗੜਾ ਕੋਚ ਵੀਰਪਾਲ ਸਿੰਘ ਦੇ ਚੰਡੇ ਹੋਏ ਸਨ। ਇਸ ਪਿੱਛੋਂ ਜੀ. ਐਚ. ਜੀ. ਦੇ ਗੱਭਰੂਆਂ ਨੇ ਮਲਵਈ ਗਿੱਧੇ ਨਾਲ ਲਾਈਵ ਬੋਲੀਆਂ ਪਾਕੇ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕੀਤਾ। ਭਿੰਦੇ ਜੱਟ ਨੇ ਮੋਢੇ 'ਤੇ ਪੁਰਾਣਾ ਵੀਡੀਓ ਕੈਮਰਾ ਰੱਖਕੇ ਆਪਣਾ ਸਦਾ ਬਹਾਰ ਗੀਤ ਤੇਰੀ ਨੱਚਦੀ ਦੀ ਵੀਡੀਓ ਬਣਾਉਣੀ ਨਾਲ ਦਰਸ਼ਕਾਂ ਦੇ ਪੱਬ ਥਿਰਕਣ ਲਾ ਦਿੱਤੇ। ਇਸ ਪਿੱਛੋਂ ਸ਼ੁਰੂ ਹੋਇਆ ਵਾਰਿਸ ਭਰਾਵਾਂ ਦਾ ਪੰਜਾਬੀ ਵਿਰਸਾ 2025 ਸ਼ੋਅ। ਇਸ ਮੌਕੇ ਵਾਰਿਸ ਭਰਾਵਾਂ, ਮਨਮੋਹਣ ਵਾਰਸ, ਕਮਲ ਹੀਰ ਅਤੇ ਸੰਗਤਾਰ ਨੇ ਅਸੀਂ ਜਿੱਤਾਂਗੇ ਜਰੂਰ, ਜਾਰੀ ਜੰਗ ਰੱਖਿਓ ਆਦਿ ਸੱਭਿਅਕ ਗੀਤ ਗਾਕੇ ਕੀਤੀ। ਇਸ ਪਿੱਛੋਂ ਵਾਰੀ ਆਈ ਕੁੜੀਏ ਨੀ ਸੱਗੀ ਫ਼ੁੱਲ ਵਾਲੀਏ ਫ਼ੇਮ ਕਮਲ ਹੀਰ ਦੀ, ਜਿਸ ਨੇ ਨੇ ਆਪਣੇ ਨਵੇਂ ਪੁਰਾਣੇ ਗੀਤਾ ਦੀ ਐਸੀ ਛਹਿਬਰ ਲਾਈ ਕਿ ਦਰਸ਼ਕ ਮਿਆਰੀ ਗਾਇਕੀ ਦਾ ਅਨੰਦ ਮਾਣਦੇ ਮਦਹੋਸ਼ ਹੋਏ ਕਿਸੇ ਵੱਖਰੀ ਮਸਤੀ ਵਿੱਚ ਨਜ਼ਰੀ ਪੈ ਰਹੇ ਸਨ।

ਉਪਰੰਤ ਸੰਗਤਾਰ, ਨੇ ਆਪਣੇ ਗੀਤ ਗਾਕੇ ਆਪਣੇ ਸੁਰੀਲੇ ਬੋਲਾਂ ਨਾਲ ਸ੍ਰੋਤਿਆਂ ਨੂੰ ਮੰਤਰ ਮੁਗਧ ਕੀਤਾ। ਅਖੀਰ ਵਿੱਚ ਇੰਤਜ਼ਾਰ ਦੀਆਂ ਘੜੀਆਂ ਖਤਮ ਹੋਈਆਂ ਤੇ ਸੁਰੀਲੇ ਗਾਇਕ ਮਨਮੋਹਨ ਵਾਰਿਸ ਨੇ ਆਪਣੇ ਦਮਦਾਰ ਅਤੇ ਸਦਾਬਹਾਰ ਗੀਤਾਂ ਨਾਲ ਮੇਲੇ ਨੂੰ ਚਰਮ ਸੀਮਾ ਤੱਕ ਪਹੁੰਚਾਇਆਂ ਤੇ ਉਹਨਾਂ (**ਬਾਕੀ ਸਫ਼ਾ 30 'ਤੇ**)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਕੈਨੇਡਾ ਦੇਵੇਗਾ ਹਜ਼ਾਰਾਂ ਗ਼ੈਰ ਕਾਨੂੰਨੀ ਪਰਵਾਸੀਆਂ ਨੂੰ ਦੇਸ਼ ਨਿਕਾਲਾ

## ਅਮਰੀਕਾ ਤੋਂ ਬਾਅਦ ਕੈਨੇਡਾ ਨੇ ਵੀ ਆਪਣੀਆਂ ਨੀਤੀਆਂ 'ਚ ਕੀਤਾ ਬਦਲਾਓ

## ਹੁਣ ਸੌਖਾ ਨਹੀਂ ਹੋਵੇਗਾ ਗ਼ੈਰ ਕਾਨੂੰਨੀ ਪਰਵਾਸੀਆਂ ਦਾ ਕੈਨੇਡਾ ਵਿੱਚ ਰਹਿਣਾ






ਕੈਨੇਡਾ ਵਿੱਚ ਗ਼ੈਰ-ਕਾਨੂੰਨੀ ਤਰੀਕੇ ਨਾਲ ਰਹਿਣ ਵਾਲੇ ਪਰਵਾਸੀਆਂ ਲਈ ਦੇਸ਼ ਨਿਕਾਲੇ ਦਾ ਖ਼ਦਸ਼ਾ ਹੈ। ਕੈਨੇਡੀਅਨ ਬਾਰਡਰ ਸਰਵਿਸਿਜ਼ ਏਜੰਸੀ (ਸੀ.ਬੀ.ਐੱਸ.ਏ.) ਦੇ ਤਾਜ਼ਾ ਅੰਕੜਿਆਂ ਮੁਤਾਬਕ ਗ਼ੈਰ-ਕਾਨੂੰਨੀ ਤਰੀਕੇ ਨਾਲ ਕੈਨੇਡਾ ਵਿੱਚ ਰਹਿਣ ਵਾਲੇ ਲੋਕਾਂ ਦੀ ਫ਼ਿਲਹਾਲ ਗਿਣਤੀ 30 ਹਜ਼ਾਰ 687 ਹੈ ਅਤੇ ਕੈਨੇਡਾ ਬਾਰਡਰ ਸਰਵਿਸ ਏਜੰਸੀ ਨੇ ਇਸ ਉੱਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ। ਕੈਨੇਡਾ ਵਿੱਚ ਕਿਸੇ ਵੀ ਵਿਦੇਸ਼ੀ ਨਾਗਰਿਕ ਨੂੰ, ਜੋ ਕੈਨੇਡਾ ਵਿੱਚ ਗੈਰ-ਕਾਨੂੰਨੀ ਤੌਰ 'ਤੇ ਹੈ, ਉਸ ਨੂੰ ਵਾਪਸ ਭੇਜਣ ਦੀ ਜ਼ਿੰਮੇਵਾਰੀ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਦੀ ਹੈ।

ਸੀ.ਬੀ.ਐੱਸ.ਏ. ਦੇ ਤਾਜ਼ਾ ਅੰਕੜਿਆਂ ਮੁਤਾਬਕ, ਜਿਨ੍ਹਾਂ ਲੋਕਾਂ ਨੂੰ ਕੈਨੇਡਾ ਵਿੱਚੋਂ ਕੱਢਣ (ਡਿਪੋਰਟੇਸ਼ਨ) ਦੇ ਹੁਕਮ ਜਾਰੀ ਕੀਤੇ ਗਏ ਉਨ੍ਹਾਂ ਵਿੱਚ ਪਹਿਲੇ ਨੰਬਰ ਉੱਤੇ ਮੈਕਸੀਕੋ ਦੇ ਨਾਗਰਿਕ ਹਨ, ਜਦਕਿ ਭਾਰਤੀ ਮੂਲ ਦੇ ਲੋਕ ਦੂਜੇ ਸਥਾਨ 'ਤੇ ਹਨ। ਇਨ੍ਹਾਂ ਲੋਕਾਂ ਨੂੰ ਦੇਸ਼ ਨਿਕਾਲੇ ਦੇ ਨੋਟਿਸ ਵੀ ਜਾਰੀ ਕਰ ਦਿੱਤੇ ਗਏ ਹਨ। ਸੀ.ਬੀ.ਐੱਸ.ਏ. ਦੀ ਰਿਪੋਰਟ ਮੁਤਾਬਕ, ਡਿਪੋਰਟੇਸ਼ਨ ਹੁਕਮਾਂ ਦਾ ਸਾਹਮਣਾ ਕਰ ਰਹੇ ਵਿਅਕਤੀ, ਵੱਖ-ਵੱਖ ਕਾਰਨਾਂ ਜਿਵੇਂ ਕਿ ਵੀਜ਼ਾ ਨਿਯਮਾਂ ਦੀ ਉਲੰਘਣਾ, ਕੈਨੇਡਾ ਵਿੱਚ ਅਪਰਾਧਿਕ ਗਤੀਵਿਧੀਆਂ ਵਿੱਚ ਸ਼ਾਮਲ ਹੋਣਾ, ਵਰਕ ਪਰਮਿਟ ਖ਼ਤਮ ਹੋਣ ਤੋਂ ਬਾਅਦ ਰਹਿਣਾ, ਰਾਜਸੀ ਸ਼ਰਨ ਦੇ ਕੇਸ ਦਾ ਫ਼ੇਲ੍ਹ ਹੋਣ ਵਰਗੀਆਂ ਸ਼੍ਰੇਣੀਆਂ ਵਿੱਚ ਸ਼ੁਮਾਰ ਹਨ। ਇਨ੍ਹਾਂ ਵਿੱਚ ਭਾਰਤੀ ਮੂਲ ਦੇ ਲੋਕ ਵੀ ਸ਼ਾਮਲ ਹਨ।

ਇਮੀਗ੍ਰੇਸ਼ਨ ਮਾਹਰਾਂ ਮੁਤਾਬਕ, ਅੰਕੜੇ ਦਰਸਾਉਂਦੇ ਹਨ ਕਿ ਕੈਨੇਡਾ ਦੀ ਇਮੀਗ੍ਰੇਸ਼ਨ ਪ੍ਰਣਾਲੀ ਵੱਲੋਂ ਸਖ਼ਤੀ ਨਾਲ ਨਜਿੱਠਣ ਦੀਆਂ ਕੋਸ਼ਿਸ਼ਾਂ ਜਾਰੀ ਹਨ, ਜਿਸ ਵਿੱਚ ਗੈਰ-ਕਾਨੂੰਨੀ ਤੌਰ 'ਤੇ ਰਹਿ ਰਹੇ ਵਿਅਕਤੀਆਂ 'ਤੇ ਜ਼ਿਆਦਾ ਧਿਆਨ ਦਿੱਤਾ ਜਾ ਰਿਹਾ ਹੈ।

ਪਿਛਲੇ ਕਈ ਸਾਲਾਂ ਤੋਂ ਕੈਨੇਡਾ ਕੌਮਾਂਤਰੀ ਵਿਦਿਆਰਥੀਆਂ ਲਈ ਪਸੰਦੀਦਾ ਦੇਸ਼ ਰਿਹਾ ਹੈ। ਭਾਰਤ ਤੋਂ ਖ਼ਾਸ ਤੌਰ ਉੱਤੇ ਗੁਜਰਾਤ ਅਤੇ ਪੰਜਾਬ ਦੇ ਵੱਡੀ ਗਿਣਤੀ ਵਿਦਿਆਰਥੀ ਸਟੱਡੀ ਪਰਮਿਟ ਉੱਤੇ ਕੈਨੇਡਾ ਵਿੱਚ ਰਹਿਣ ਦੇ ਸੁਪਨੇ ਨਾਲ ਗਏ। ਇਮੀਗ੍ਰੇਸ਼ਨ ਕਾਨੂੰਨ ਸਖ਼ਤ ਹੋਣ ਕਾਰਨ ਇਨ੍ਹਾਂ ਵਿਚੋਂ ਜ਼ਿਆਦਾਤਰ ਦੀ ਪੀ.ਆਰ. ਨਹੀਂ ਹੋਈ ਅਤੇ ਦੂਜੇ ਪਾਸੇ ਇਨ੍ਹਾਂ ਵਿਚੋਂ ਕਈਆਂ ਦੇ ਸਟੱਡੀ ਪਰਮਿਟ ਵੀ ਖ਼ਤਮ ਹੋ ਚੁੱਕੇ ਹਨ।

ਇਸ ਵਿਚੋਂ ਬਹੁਤ ਸਾਰੇ ਵਿਦਿਆਰਥੀਆਂ ਨੇ ਕੈਨੇਡਾ ਵਿੱਚ ਪੱਕੇ ਹੋਣ ਦੀ ਆਸ ਵਿੱਚ ਰਾਜਸੀ ਸ਼ਰਨ ਲੈਣ ਲਈ ਅਪਲਾਈ ਕੀਤਾ ਸੀ। ਇਸ ਗੱਲ ਦੀ ਤਸਦੀਕ ਕੈਨੇਡਾ ਸਰਕਾਰ ਦੇ ਅੰਕੜੇ ਵੀ ਕਰਦੇ ਹਨ।

ਗਲੋਬਲ ਨਿਊਜ਼ ਦੀ ਇੱਕ ਰਿਪੋਰਟ ਮੁਤਾਬਕ ਕੈਨੇਡਾ ਸੰਘੀ (ਫ਼ੈਡਰਲ) ਦੇ ਅੰਕੜੇ ਦਰਸਾਉਂਦੇ ਹਨ ਕਿ 2024 ਵਿੱਚ ਕੌਮਾਂਤਰੀ ਵਿਦਿਆਰਥੀਆਂ ਨੇ ਰਿਕਾਰਡ 20,245 ਸ਼ਰਨ ਦੇ ਦਾਅਵੇ ਦਾਇਰ ਕੀਤੇ, ਜੋ ਕਿ 2023 ਦੇ ਅੰਕੜੇ ਤੋਂ ਤਕਰੀਬਨ ਦੁੱਗਣੇ ਅਤੇ 2019 ਦੇ ਮੁਕਾਬਲੇ ਛੇ ਗੁਣਾ ਵੱਧ ਹਨ।

2025 ਦੀ ਪਹਿਲੀ ਤਿਮਾਹੀ ਵਿੱਚ, 5,500 ਰਾਜਸੀ ਸ਼ਰਨ ਦੇ ਕੇਸ ਅਪਲਾਈ ਹੋਏ, ਜੋ ਕਿ 2024 ਦੀ ਇਸੇ ਮਿਆਦ ਨਾਲੋਂ 22 ਫ਼ੀਸਦੀ ਵੱਧ ਹੈ, ਜੋ ਸੁਝਾਅ ਦਿੰਦਾ ਹੈ ਕਿ 2025 ਵਿੱਚ ਪਿਛਲੇ ਸਾਲ ਦੇ ਰਿਕਾਰਡ ਪਾਰ ਹੋ ਸਕਦੇ ਹਨ।

# ਬ੍ਰਿਟੇਨ ਦੀਆਂ ਸਖ਼ਤ ਵੀਜ਼ਾ ਅਤੇ ਇਮੀਗ੍ਰੇਸ਼ਨ ਨੀਤੀਆਂ ਕਾਰਨ ਭਾਰਤੀਆਂ ਦਾ ਮੋਹ ਭੰਗ




ਲੰਡਨ/ਏ.ਟੀ.ਨਿਊਜ਼: ਬ੍ਰਿਟੇਨ ਤੋਂ ਭਾਰਤੀਆਂ ਦਾ ਮੋਹਭੰਗ ਹੁੰਦਾ ਜਾ ਰਿਹਾ ਹੈ। ਬ੍ਰਿਟੇਨ ਨੇ ਕੁੱਲ ਪ੍ਰਵਾਸ ਵਿੱਚ ਗਿਰਾਵਟ ਦਰਜ ਕੀਤੀ ਹੈ, ਜਿਸ ਮੁਤਾਬਕ ਪਿਛਲੇ ਸਾਲ ਦੇਸ਼ ਛੱਡਣ ਵਾਲੇ ਵਿਦੇਸ਼ੀਆਂ ਦਾ ਸਭ ਤੋਂ ਵੱਡਾ ਸਮੂਹ ਭਾਰਤੀ ਵਿਦਿਆਰਥੀ ਅਤੇ ਕਾਮੇ ਸਨ। ਅਜਿਹਾ ਹੋਣ ਦੇ ਪਿੱਛੇ ਦੀ ਵਜ੍ਹਾ ਬ੍ਰਿਟੇਨ ਦੀਆਂ ਸਖ਼ਤ ਵੀਜ਼ਾ ਅਤੇ ਇਮੀਗ੍ਰੇਸ਼ਨ ਨੀਤੀਆਂ ਰਹੀਆਂ, ਜਿਨ੍ਹਾਂ ਦਾ ਪ੍ਰਭਾਵ ਵੀਰਵਾਰ ਨੂੰ ਜਾਰੀ ਕੀਤੇ ਗਏ ਦੇਸ਼ ਦੇ ਤਾਜ਼ਾ ਪ੍ਰਵਾਸ ਅੰਕੜਿਆਂ ਵਿੱਚ ਪ੍ਰਤੀਬਿੰਬਤ ਹੋਇਆ। ਆਫਿਸ ਫਾਰ ਨੈਸ਼ਨਲ ਸਟੈਟਿਸਟਿਕਸ ਦੇ 2024 ਦੇ ਵਿਸ਼ਲੇਸ਼ਣ ਅਨੁਸਾਰ ਅਧਿਐਨ ਦੇ ਉਦੇਸ਼ ਨਾਲ ਆਏ ਲਗਭਗ 37,000 ਭਾਰਤੀ, ਕੰਮਕਾਜੀ ਕਾਰਨਾਂ ਕਰਕੇ ਆਏ 18,000 ਲੋਕ ਅਤੇ ਹੋਰ ਅਣਪਛਾਤੇ ਕਾਰਨਾਂ ਕਰਕੇ ਆਏ 3,000 ਲੋਕ ਪ੍ਰਵਾਸ ਰੁਝਾਨ ਦੀ ਅਗਵਾਈ ਕਰਨ ਵਿੱਚ ਸਭ ਤੋਂ ਅੱਗੇ ਹਨ।

ਉਸ ਤੋਂ ਬਾਅਦ ਚੀਨੀ ਵਿਦਿਆਰਥੀ ਅਤੇ ਕਾਮੇ (45,000) ਆਉਂਦੇ ਹਨ। ਨਾਈਜੀਰੀਅਨ (16,000), ਪਾਕਿਸਤਾਨੀ (12,000) ਅਤੇ ਅਮਰੀਕੀ (8,000) ਵੀ ਚੋਟੀ ਦੀਆਂ ਪੰਜ ਇਮੀਗ੍ਰੇਸ਼ਨ ਕੌਮੀਅਤਾਂ ਵਿੱਚ ਸ਼ਾਮਲ ਸਨ ਅਤੇ ਨਤੀਜੇ ਵਜੋਂ ਕੁੱਲ ਸ਼ੁੱਧ ਪ੍ਰਵਾਸ ਵਿੱਚ ਪਿਛਲੇ ਸਾਲ 431,000 ਦੀ ਗਿਰਾਵਟ ਆਈ ਜੋ ਪਿਛਲੇ ਸਾਲ ਨਾਲੋਂ ਲਗਭਗ ਅੱਧੀ ਹੈ। ਯੂ.ਕੇ. ਹੋਮ ਆਫਿਸ ਦੇ ਅੰਕੜਿਆਂ ਦੇ ਆਧਾਰ 'ਤੇ ਓ.ਐਨ.ਐਸ. ਵਿਸ਼ਲੇਸ਼ਣ ਵਿੱਚ ਕਿਹਾ ਗਿਆ ਹੈ, 'ਪ੍ਰਵਾਸ ਕਰਨ ਵਾਲੇ ਲੋਕਾਂ ਵਿੱਚੋਂ ਭਾਰਤੀ ਸਭ ਤੋਂ ਵੱਧ ਆਮ ਸਨ।' ਓ.ਐਨ.ਐਸ. ਵਿਖੇ ਆਬਾਦੀ ਅੰਕੜਿਆਂ ਦੀ ਡਾਇਰੈਕਟਰ ਮੈਰੀ ਗ੍ਰੈਗਰੀ ਨੇ ਕਿਹਾ ਕਿ ਇਹ ਗਿਰਾਵਟ ਮੁੱਖ ਤੌਰ 'ਤੇ ਯੂ.ਕੇ. ਵਿੱਚ ਕੰਮ ਕਰਨ ਅਤੇ ਪੜ੍ਹਾਈ ਕਰਨ ਲਈ ਆਉਣ ਵਾਲੇ ਵਿਦਿਆਰਥੀਆਂ ਖਾਸ ਕਰਕੇ ਵਿਦਿਆਰਥੀਆਂ 'ਤੇ ਨਿਰਭਰ ਹੋਣ ਵਾਲੇ ਲੋਕਾਂ ਦੀ (ਬਾਕੀ ਸਫ਼ਾ 31 'ਤੇ)

# ਕੈਨੇਡਾ 'ਚ ਵਿਦੇਸ਼ੀ ਵਿਦਿਆਰਥੀਆਂ ਨੇ ਸਰਕਾਰ ਤੋਂ ਕੀਤੀ ਵਰਕ ਪਰਮਿਟ ਵਧਾਉਣ ਦੀ ਮੰਗ



ਵਿਨੀਪੈੱਗ/ਏ.ਟੀ.ਨਿਊਜ਼: ਬੀਤੇ ਦਿਨੀਂ ਸਸਕੈਚਵਨ ਵਿੱਚ ਕੰਮ ਕਰ ਰਹੇ ਪੰਜਾਬੀਆਂ ਇੰਟਰਨੈਸ਼ਨਲ ਸਟੂਡੈਂਟਸ, ਜਿਨ੍ਹਾਂ ਦੇ ਵਰਕ ਪਰਮਿਟ ਦੀ ਮਿਆਦ ਖਤਮ ਹੋਣ ਕਿਨਾਰੇ ਹੈ, ਨੇ ਲੈਜਿਸਲੇਟਰ ਪਹੁੰਚ ਕੇ ਪ੍ਰਦਰਸ਼ਨ ਕਰਦਿਆਂ ਪ੍ਰੋਵਿੰਸ਼ੀਅਲ ਸਰਕਾਰ ਤੋਂ ਵਰਕ ਪਰਮਿਟ ਦੀ ਮਿਆਦ ਵਧਾਉਣ ਦੀ ਅਪੀਲ ਕੀਤੀ। ਇਸ ਦੌਰਾਨ ਵਿਦਿਆਰਥੀਆਂ ਨੇ ਸੂਬੇ (ਪ੍ਰੋਵਿੰਸ) ਦੇ ਐੱਮ.ਐੱਲ.ਏਜ਼. ਨੂੰ ਇਸ ਮਸਲੇ ਤੋਂ ਜਾਣੂ ਕਰਾਇਆ ਗਿਆ।

ਜ਼ਿਕਰਯੋਗ ਹੈ ਕੈਨੇਡਾ ਵਿੱਚ ਵਰਕ ਪਰਮਿਟ ਹੋਲਡਰਜ਼ ਦੇ ਸਟੇਟਸ ਨੂੰ ਧਿਆਨ ਵਿੱਚ ਰੱਖਦਿਆਂ ਫੈਡਰਲ ਸਰਕਾਰ ਵੱਲੋਂ ਇੱਕ ਪਾਲਿਸੀ ਲਿਆਂਦੀ ਗਈ ਸੀ, ਜਿਸ ਵਿੱਚ ਸੂਬਿਆਂ(ਪ੍ਰੋਵਿੰਸ) ਵੱਲੋਂ ਸਿਫ਼ਾਰਿਸ਼ ਕੀਤੇ ਜਾਣ 'ਤੇ ਪੀ.ਆਰ. ਦੀ ਅਰਜ਼ੀ 'ਤੇ ਕੋਈ ਫ਼ੈਸਲਾ ਆਉਣ ਤੱਕ ਬਿਨੈਕਾਰਾਂ ਨੂੰ ਵਰਕ ਪਰਮਿਟ ਮਿਲ ਸਕਦਾ ਹੈ।

ਇਸ ਪਾਲਿਸੀ ਤਹਿਤ ਵੱਖ ਵੱਖ ਸੂਬਿਆਂ(ਪ੍ਰੋਵਿੰਸਜ਼) ਨੇ ਇਸ ਵਿੱਚ ਭਾਗ ਲੈਣਾ ਸੀ, ਪਰ ਇਮੀਗ੍ਰੇਸ਼ਨ ਵਿਭਾਗ ਦੀ ਵੈੱਬਸਾਈਟ ਅਨੁਸਾਰ ਹੁਣ ਤੱਕ ਸਿਰਫ਼ ਮੈਨੀਟੋਬਾ ਅਤੇ ਯੂਕੋਨ ਹੀ ਇਸ ਵਿੱਚ ਭਾਗ ਲੈ ਰਹੇ ਹਨ। ਇਸ ਕਾਰਨ ਹੋਰਨਾਂ ਸੂਬਿਆਂ ਦੇ ਬਿਨੈਕਾਰ ਇਸ ਪਾਲਿਸੀ ਦਾ ਲਾਭ ਤੋਂ ਵਾਂਝੇ ਹਨ।

ਇਨ੍ਹਾਂ ਬਿਨੈਕਾਰਾਂ ਦਾ ਕਹਿਣਾ ਹੈ ਕਿ ਪੀ.ਆਰ. ਨਾ ਹੋਣ ਅਤੇ ਵਰਕ ਪਰਮਿਟ ਮੁੱਕਣ ਦੀ ਮਿਆਦ ਨੇੜੇ ਆਉਣ ਦੇ ਕਾਰਨ ਉਹ ਭਵਿੱਖ ਚਿੰਤਤ ਹਨ। ਉਨ੍ਹਾਂ ਮੁਤਾਬਿਕ ਪ੍ਰੋਵਿੰਸ਼ੀਅਲ ਸਰਕਾਰ ਇਸ ਮਾਮਲੇ ਵਿੱਚ ਕੋਈ ਫ਼ੈਸਲਾ ਲੈ ਕੇ ਵਰਕ ਪਰਮਿਟ ਦੇ ਵਾਧੇ ਦਾ ਮਸਲਾ ਹੱਲ ਕਰ ਸਕਦੀ ਹੈ, ਜਿਸ ਨਾਲ ਉਹ ਸੂਬੇ ਦੀ ਆਰਥਿਕ ਤਰੱਕੀ ਵਿੱਚ ਯੋਗਦਾਨ ਪਾ ਸਕਦੇ ਹਨ।

ਇਸ ਦੌਰਾਨ ਐੱਨ.ਡੀ.ਪੀ.ਡੀ. ਆਗੂ ਤੇਜਿੰਦਰ ਸਿੰਘ ਗਰੇਵਾਲ ਨੇ ਕਿਹਾ ਐੱਸ.ਆਈ.ਐੱਨ.ਪੀ. ਪ੍ਰੋਗਰਾਮ ਵਿੱਚ ਤਾਜ਼ਾ ਤਬਦੀਲੀਆਂ ਨੇ ਬਹੁਤ ਸਾਰੇ ਛੋਟੇ ਅਤੇ ਦਰਮਿਆਨੇ ਕਾਰੋਬਾਰਾਂ ਨੂੰ ਬਹੁਤ ਮੁਸ਼ਕਲ ਸਥਿਤੀ ਵਿੱਚ ਪਾ ਦਿੱਤਾ ਹੈ। ਸਥਾਈ ਨਿਵਾਸ ਲਈ ਅਰਜ਼ੀਆਂ ਬਿਨਾਂ ਕਿਸੇ ਨੋਟਿਸ ਦੇ ਰੱਦ ਕਰ ਦਿੱਤੀਆਂ ਗਈਆਂ ਸਨ। ਅਸਥਾਈ ਵਿਦੇਸ਼ੀ ਕਾਮੇ ਆਪਣੇ ਵਰਕ ਪਰਮਿਟ ਨੂੰ ਲੈ ਕੇ ਚਿੰਤਤ ਹਨ। ਉਨ੍ਹਾਂ ਵਿਚੋਂ ਕਈਆਂ ਲਈ ਵਰਕ ਪਰਮਿਟ ਕੁਝ ਦਿਨਾਂ ਜਾਂ ਹਫ਼ਤਿਆਂ ਵਿਚ ਖ਼ਤਮ ਹੋ ਰਹੇ ਹਨ। ਉਨ੍ਹਾਂ ਸੂਬਾ ਸਰਕਾਰ ਨੂੰ ਸੰਘੀ ਸਰਕਾਰ ਨਾਲ ਮਿਲ ਕੇ ਇਸ ਮਾਮਲੇ ਨੂੰ ਹੱਲ ਕਰਨ ਦੀ ਅਪੀਲ ਕੀਤੀ।

# ਬ੍ਰਿਟੇਨ ਦੀਆਂ ਜੇਲ੍ਹਾਂ 'ਚ ਭੀੜ ਘਟਾਉਣ ਲਈ ਸਰਕਾਰ ਦੀ ਵਿਵਾਦਿਤ ਰਸਾਇਣਕ ਨਿਪੁੰਸਕਤਾ ਯੋਜਨਾ

## ਸਰਕਾਰ ਅਨੁਸਾਰ 1990 ਤੋਂ ਬਾਅਦ ਸਭ ਤੋਂ ਵੱਡਾ ਸੁਧਾਰ: ਮਨੁੱਖੀ ਅਧਿਕਾਰ ਸੰਗਠਨਾਂ ਵੱਲੋਂ ਸਖ਼ਤ ਵਿਰੋਧ

ਲੰਡਨ/ਏ.ਟੀ.ਨਿਊਜ਼: ਬ੍ਰਿਟਿਸ਼ ਸਰਕਾਰ ਜੇਲ੍ਹਾਂ ਵਿੱਚ ਵੱਧ ਰਹੀ ਭੀੜ ਨੂੰ ਘਟਾਉਣ ਲਈ ਇੱਕ ਨਵੀਂ ਯੋਜਨਾ 'ਤੇ ਵਿਚਾਰ ਕਰ ਰਹੀ ਹੈ, ਜਿਸ ਤਹਿਤ ਜਿਨਸੀ ਅਪਰਾਧੀਆਂ ਨੂੰ ਰਸਾਇਣਕ ਨਿਪੁੰਸਕਤਾ ਦਿੱਤੀ ਜਾ ਸਕਦੀ ਹੈ। ਇਸ ਪ੍ਰਕਿਰਿਆ ਨਾਲ ਜਿਨਸੀ ਇੱਛਾਵਾਂ ਨੂੰ ਘਟਾ ਕੇ ਅਪਰਾਧੀਆਂ ਨੂੰ ਜਲਦੀ ਰਿਹਾਅ ਕਰਨ ਦੀ ਯੋਜਨਾ ਹੈ। ਇਸ ਤੋਂ ਇਲਾਵਾ, ਚੰਗੇ ਵਿਵਹਾਰ ਵਾਲੇ ਕੈਦੀਆਂ ਨੂੰ ਸਜ਼ਾ ਦਾ ਇੱਕ ਤਿਹਾਈ ਹਿੱਸਾ ਪੂਰਾ ਕਰਨ ਤੋਂ ਬਾਅਦ ਰਿਹਾਅ ਕੀਤਾ ਜਾ ਸਕਦਾ ਹੈ। ਸਰਕਾਰ ਦਾ ਇਹ ਕਦਮ ਸਾਬਕਾ ਨਿਆਂ ਮੰਤਰੀ ਡੇਵਿਡ ਗੌਕ ਦੀ ਅਗਵਾਈ ਵਿੱਚ ਤਿਆਰ ਸੁਤੰਤਰ ਸਜ਼ਾ ਸਮੀਖਿਆ ਰਿਪੋਰਟ ਦੀਆਂ 48 ਸਿਫਾਰਸ਼ਾਂ 'ਤੇ ਅਧਾਰਤ ਹੈ।



### ਪਾਇਲਟ ਪ੍ਰੋਜੈਕਟ ਦਾ ਵਿਸਥਾਰ ਅਤੇ ਸਜ਼ਾ ਵਿੱਚ ਰਾਹਤ

ਸਰਕਾਰ ਪਹਿਲਾਂ ਹੀ ਕੁਝ ਖੇਤਰਾਂ ਵਿੱਚ ਇਸ ਯੋਜਨਾ ਦਾ ਪਾਇਲਟ ਪ੍ਰੋਜੈਕਟ ਚਲਾ ਰਹੀ ਹੈ ਅਤੇ ਹੁਣ ਇਸ ਨੂੰ 20 ਹੋਰ ਖੇਤਰਾਂ ਵਿੱਚ ਵਧਾਉਣ ਦੀ ਤਿਆਰੀ ਹੈ। ਰਿਪੋਰਟ ਅਨੁਸਾਰ, ਗੰਭੀਰ ਜਿਨਸੀ ਅਤੇ ਹਿੰਸਕ ਅਪਰਾਧੀਆਂ ਨੂੰ ਅੱਧੀ ਸਜ਼ਾ ਪੂਰੀ ਕਰਨ ਤੋਂ ਬਾਅਦ ਨਿਗਰਾਨੀ ਹੇਠ ਰਿਹਾਅ ਕੀਤਾ ਜਾ ਸਕਦਾ ਹੈ। ਹਾਲਾਂਕਿ, ਸਭ ਤੋਂ ਖਤਰਨਾਕ ਅਪਰਾਧੀਆਂ ਨੂੰ ਜਲਦੀ ਪੈਰੋਲ ਦੀ ਆਗਿਆ ਨਹੀਂ ਦਿੱਤੀ ਜਾਵੇਗੀ।

### ਰਸਾਇਣਕ ਨਪੁੰਸਕਤਾ: ਪ੍ਰਕਿਰਿਆ ਅਤੇ ਵਿਵਾਦ

ਰਸਾਇਣਕ ਨਪੁੰਸਕਤਾ ਇੱਕ ਡਾਕਟਰੀ ਪ੍ਰਕਿਰਿਆ ਹੈ, ਜਿਸ ਵਿੱਚ ਦਵਾਈਆਂ ਰਾਹੀਂ ਜਿਨਸੀ ਇੱਛਾਵਾਂ ਅਤੇ ਵਿਚਾਰਾਂ ਨੂੰ ਦਬਾਇਆ ਜਾਂਦਾ ਹੈ। ਇਹ ਪ੍ਰਕਿਰਿਆ ਜਰਮਨੀ, ਡੈਨਮਾਰਕ ਅਤੇ ਪੋਲੈਂਡ ਵਰਗੇ ਦੇਸ਼ਾਂ ਵਿੱਚ ਪਹਿਲਾਂ ਹੀ ਵਰਤੀ ਜਾ ਰਹੀ ਹੈ। ਸਰਕਾਰ ਦਾ ਮੰਨਣਾ ਹੈ ਕਿ ਇਹ ਜਿਨਸੀ ਅਪਰਾਧਾਂ ਨੂੰ (ਬਾਕੀ ਸਫ਼ਾ 31 'ਤੇ)

# ਅਮਰੀਕਾ ਦੇ ਵਰਜੀਨੀਆ ਵਿੱਚ ਪੰਜਾਬੀ ਸਿੱਖ ਦੇ ਸਟੋਰ 'ਤੇ ਫਾਇਰ ਬੰਬ ਨਾਲ ਹਮਲਾ



ਫੈਅਰਫੈਕਸ, ਵਰਜੀਨੀਆ/ਏ.ਟੀ.ਨਿਊਜ਼: ਬੀਤੇ ਦਿਨੀਂ ਅਮਰੀਕਾ ਦੇ ਵਰਜੀਨੀਆ ਸੂਬੇ ਦੇ ਸ਼ਹਿਰ ਫੈਅਰਫੈਕਸ ਵਿੱਚ ਇੱਕ ਪੰਜਾਬੀ ਸਿੱਖ ਕੁਲਵਿੰਦਰ ਸਿੰਘ ਫਲੋਰਾ ਦੇ ਸਟੋਰ 'ਤੇ ਜਾਨਲੇਵਾ ਹਮਲਾ ਹੋਇਆ। ਹਮਲਾਵਰ ਨੇ ਫਾਇਰ ਬੰਬ ਸੁੱਟ ਕੇ ਕੁਲਵਿੰਦਰ ਸਿੰਘ ਦੀ ਜਾਨ ਲੈਣ ਦੀ ਸਾਜਿਸ਼ ਰਚੀ ਅਤੇ ਸਟੋਰ ਨੂੰ ਵੀ ਭਾਰੀ ਨੁਕਸਾਨ ਪਹੁੰਚਾਇਆ। ਕੁਲਵਿੰਦਰ ਸਿੰਘ, ਜੋ ਪਿਛਲੇ 18 ਸਾਲਾਂ ਤੋਂ ਆਪਣੇ ਪਰਿਵਾਰ ਨਾਲ ਇੱਥੇ ਰਹਿੰਦਾ ਹੈ ਅਤੇ ਇਲਾਕੇ ਵਿੱਚ ਕਾਫੀ ਇੱਜ਼ਤ-ਸਤਿਕਾਰ ਵਾਲਾ ਸਖਸ਼ ਹੈ, ਨੇ ਵੱਡੀ ਹਿੰਮਤ ਨਾਲ ਇਸ ਹਮਲੇ ਦਾ ਮੁਕਾਬਲਾ ਕੀਤਾ। ਹਮਲਾਵਰ, ਜਿਸ ਦੀ ਪਛਾਣ ਕ੍ਰਿਸਟੋਫਰ ਟੈਰਲ ਵਜੋਂ ਹੋਈ ਹੈ, ਨੇ ਸਟੋਰ 'ਤੇ ਫਾਇਰ ਬੰਬ ਸੁੱਟਿਆ ਅਤੇ ਆਪਣੇ ਫੋਨ 'ਤੇ ਵੀਡੀਓ ਬਣਾਉਂਦਾ ਸੀ। ਕੁਲਵਿੰਦਰ ਸਿੰਘ ਨੇ ਨਿਡਰਤਾ ਨਾਲ ਹਮਲਾਵਰ ਦਾ ਸਾਹਮਣਾ ਕੀਤਾ ਅਤੇ ਜਦੋਂ ਉਸ ਨੇ ਬੰਬ ਨੂੰ ਪੈਰ ਨਾਲ ਕਿੱਕ ਮਾਰੀ ਤਾਂ ਉਹ ਹਮਲਾਵਰ 'ਤੇ ਹੀ ਡਿੱਗ ਪਿਆ, ਜਿਸ ਨਾਲ ਉਹ ਜ਼ਖ਼ਮੀ ਹੋ ਗਿਆ ਅਤੇ ਭੱਜਣ ਦੀ ਕੋਸ਼ਿਸ਼ ਕੀਤੀ। ਪੁਲਿਸ ਨੂੰ ਤੁਰੰਤ ਸੂਚਨਾ ਦਿੱਤੀ ਗਈ, ਜਿਸ ਤੋਂ ਬਾਅਦ ਪੁਲਿਸ ਅਤੇ ਫਾਇਰ ਬ੍ਰਿਗੇਡ ਨੇ ਇਲਾਕੇ ਨੂੰ ਸੀਲ ਕਰ ਦਿੱਤਾ। ਹੈਲੀਕਾਪਟਰ ਦੀ ਮਦਦ ਨਾਲ ਮਿੰਟਾਂ ਵਿੱਚ ਹਮਲਾਵਰ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹ ਵਿੱਚ ਬੰਦ ਕਰ ਦਿੱਤਾ ਗਿਆ। ਪੁਲਿਸ ਹੁਣ ਹਮਲਾਵਰ ਤੋਂ ਪੁੱਛਗਿੱਛ ਕਰ ਰਹੀ ਹੈ ਅਤੇ ਇਹ ਜਾਣਨ (ਬਾਕੀ ਸਫ਼ਾ 31 'ਤੇ)

# ਪੰਜ-ਮੈਂਬਰੀ ਕਮੇਟੀ ਅਕਾਲੀ ਦਲ ਦੀ ਮਜ਼ਬੂਤੀ ਲਈ ਦੇਸ਼-ਵਿਦੇਸ਼ ਵਿੱਚ ਹੋਈ ਸਰਗਰਮ,ਵਡਾਲਾ ਨੇ ਸੰਭਾਲੀ ਕਮਾਂਡ

## ਪ੍ਰਵਾਸੀ ਸਿੱਖਾਂ ਦਾ ਮਿਲਿਆ ਹੁੰਗਾਰਾ, 26 ਲੱਖ ਮੈਂਬਰਸ਼ਿਪ ਪਰਚੀਆਂ ਵੰਡੀਆਂ ਗਈਆਂ

## ਕੀ ਸੁਖਬੀਰ ਸਿੰਘ ਬਾਦਲ ਦੇ ਸਹਿਯੋਗ ਬਿਨਾਂ ਮਜ਼ਬੂਤ ਅਕਾਲੀ ਦਲ ਬਣ ਸਕੇਗਾ ?

ਸ਼੍ਰੋਮਣੀ ਅਕਾਲੀ ਦਲ, ਜੋ ਪੰਜਾਬ ਦੀ ਇੱਕ ਮੁੱਖ ਪੰਥਕ ਅਤੇ ਸਿਆਸੀ ਤਾਕਤ ਰਿਹਾ ਹੈ, ਪਿਛਲੇ ਕੁਝ ਸਾਲਾਂ ਵਿੱਚ ਅੰਦਰੂਨੀ ਅਤੇ ਬਾਹਰੀ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ।2015 ਦੀਆਂ ਬੇਅਦਬੀ ਘਟਨਾਵਾਂ, ਬਰਗਾੜੀ ਗੋਲੀਕਾਂਡ ਅਤੇ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਸੌਦਾ ਸਾਧ ਦੀ ਮੁਆਫ਼ੀ ਵਰਗੇ ਮੁੱਦਿਆਂ ਨੇ ਸ਼੍ਰੋਮਣੀ ਅਕਾਲੀ ਦਲ ਦੀ ਸਾਖ ਨੂੰ ਨੁਕਸਾਨ ਪਹੁੰਚਾਇਆ। ਇਸ ਦੌਰਾਨ, ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਪ੍ਰਸਤੀ ਹੇਠ ਗਠਿਤ ਪੰਜ-ਮੈਂਬਰੀ ਕਮੇਟੀ ਨੇ ਪਾਰਟੀ ਨੂੰ ਮੁੜ ਸੰਗਠਿਤ ਕਰਨ ਅਤੇ ਪੰਥਕ ਸਿਧਾਂਤਾਂ ਨੂੰ ਮੁੜ ਸਥਾਪਤ ਕਰਨ ਦਾ ਜ਼ਿੰਮਾ ਲਿਆ ਹੈ। ਇਸ ਕਮੇਟੀ ਵਿੱਚ ਇਕਬਾਲ ਸਿੰਘ ਝੂੰਦਾ, ਮਨਪ੍ਰੀਤ ਸਿੰਘ ਇਆਲੀ, ਗੁਰਪ੍ਰਤਾਪ ਸਿੰਘ ਵਡਾਲਾ, ਸੰਤਾ ਸਿੰਘ ਉਮੇਦਪੁਰੀ ਅਤੇ ਸਤਵੰਤ ਕੌਰ ਸ਼ਾਮਲ ਹਨ। ਕਮੇਟੀ ਨੇ ਪਾਰਟੀ ਦੀ ਮੈਂਬਰਸ਼ਿਪ ਮੁਹਿੰਮ ਨੂੰ ਤੇਜ਼ ਕਰਦਿਆਂ 26 ਲੱਖ ਮੈਂਬਰਸ਼ਿਪ ਪਰਚੀਆਂ ਵੰਡੀਆਂ ਹਨ, ਜਿਸ ਵਿੱਚ ਵਿਦੇਸ਼ਾਂ ਵਿੱਚ ਵਸਦੇ ਪੰਜਾਬੀਆਂ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦਾ ਭਰਵਾਂ ਸਮਰਥਨ ਮਿਲਿਆ ਹੈ। ਮਨਪ੍ਰੀਤ ਸਿੰਘ ਇਆਲੀ ਅਨੁਸਾਰ, ਭਰਤੀ ਪ੍ਰਕਿਰਿਆ ਪਾਰਦਰਸ਼ੀ ਢੰਗ ਨਾਲ ਚੱਲ ਰਹੀ ਹੈ ਅਤੇ ਆਨਲਾਈਨ ਮੈਂਬਰਸ਼ਿਪ ਨੇ ਵਿਦੇਸ਼ੀ ਪੰਜਾਬੀਆਂ ਨੂੰ ਵੀ ਜੋੜਿਆ ਹੈ। ਇਹ ਮੁਹਿੰਮ 18 ਜੂਨ 2025 ਤੱਕ ਮੁਕੰਮਲ ਹੋਣ ਦੀ ਸੰਭਾਵਨਾ ਹੈ।



ਜਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ ਦੇ ਬਿਆਨ ਅਨੁਸਾਰ, 26 ਲੱਖ ਮੈਂਬਰਸ਼ਿਪ ਪਰਚੀਆਂ ਵੰਡੀਆਂ ਜਾ ਚੁੱਕੀਆਂ ਹਨ ਅਤੇ ਆਨਲਾਈਨ ਭਰਤੀ ਨੇ ਮੁਹਿੰਮ ਨੂੰ ਹੋਰ ਤੇਜ਼ ਕੀਤਾ ਹੈ। ਵਡਾਲਾ ਅਨੁਸਾਰ ਇਹ ਸਮਰਥਨ ਦਰਸਾਉਂਦਾ ਹੈ ਕਿ ਪੰਜਾਬੀ ਭਾਈਚਾਰੇ, ਖਾਸ ਕਰਕੇ ਐਨ.ਆਰ.ਆਈ., ਅਕਾਲੀ ਦਲ ਨੂੰ ਮੁੜ ਸ਼ਕਤੀਸ਼ਾਲੀ ਸਿਆਸੀ ਅਤੇ ਪੰਥਕ ਧਿਰ ਵਜੋਂ ਵੇਖਣਾ ਚਾਹੁੰਦਾ ਹੈ।

### ਕੀ ਉਦੇਸ਼ ਹੈ ਪੰਜ ਮੈਂਬਰੀ ਕਮੇਟੀ ਦਾ ?

ਕਮੇਟੀ ਦਾ ਮੁੱਖ ਉਦੇਸ਼ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਨੂੰ ਬਾਹਰ ਰੱਖ ਕੇ ਸਾਰੀਆਂ ਪੰਥਕ ਧਿਰਾਂ ਨੂੰ ਇੱਕ ਮੰਚ 'ਤੇ ਲਿਆਉਣਾ ਹੈ। ਜਥੇਦਾਰ ਵਡਾਲਾ ਦਾ ਮੰਨਣਾ ਹੈ ਕਿ ਜੇਕਰ ਇਹ ਸਫ਼ਲ ਹੁੰਦੀ ਹੈ, ਤਾਂ ਅਕਾਲੀ ਦਲ ਨੂੰ ਪੰਥਕ ਸਿਆਸਤ ਵਿੱਚ ਮੁੜ ਤਾਕਤ ਮਿਲ ਸਕਦੀ ਹੈ। ਐਨ.ਆਰ.ਆਈ. ਸਿੱਖਾਂ ਦਾ ਸਮਰਥਨ ਅਕਾਲੀ ਦਲ ਦੀ ਮੁੜ ਸੰਗਠਨ ਪ੍ਰਕਿਰਿਆ ਨੂੰ ਮਜ਼ਬੂਤੀ ਦੇ ਸਕਦਾ ਹੈ, ਕਿਉਂਕਿ ਵਿਦੇਸ਼ੀ ਪੰਜਾਬੀਆਂ ਦੀ ਆਰਥਿਕ ਅਤੇ ਸਿਆਸੀ ਸਮਰੱਥਾ ਅਹਿਮ ਹੈ। ਪੰਜ ਮੈਂਬਰੀ ਕਮੇਟੀ ਦਾ ਜ਼ੋਰ ਸੰਗਤ ਦੀ ਰਾਇ ਨਾਲ ਨਵੀਂ ਲੀਡਰਸ਼ਿਪ ਚੁਣਨ 'ਤੇ ਹੈ, ਜੋ ਪਾਰਟੀ ਦੀ ਸਾਖ ਨੂੰ ਮੁੜ ਬਹਾਲ ਕਰ ਸਕਦੀ ਹੈ।

### ਕੀ ਚੁਣੌਤੀਆਂ ਹਨ ਨਵੇਂ ਅਕਾਲੀ ਦਲ ਦੀ ਉਸਾਰੀ ਵਿੱਚ ?

ਅਕਾਲੀ ਦਲ ਵਿੱਚ ਸੁਖਬੀਰ ਸਿੰਘ ਬਾਦਲ ਦੇ ਸਮਰਥਕ ਅਤੇ ਬਾਗੀ ਧੜੇ ਵਿਚਕਾਰ ਗੰਭੀਰ ਤਣਾਅ ਹੈ। ਕਮੇਟੀ ਦੀ ਸੁਖਬੀਰ ਵਿਰੋਧੀ ਨੀਤੀ ਪਾਰਟੀ ਨੂੰ ਹੋਰ ਵੰਡ ਸਕਦੀ ਹੈ।2015 ਦੀਆਂ ਬੇਅਦਬੀ ਘਟਨਾਵਾਂ ਅਤੇ ਬਰਗਾੜੀ ਮਾਮਲੇ ਦੇ ਜ਼ਖਮ ਅਜੇ ਵੀ ਤਾਜ਼ੇ ਹਨ। ਕਮੇਟੀ ਨੂੰ ਇਨ੍ਹਾਂ ਮੁੱਦਿਆਂ 'ਤੇ ਸਪੱਸ਼ਟ ਅਤੇ ਸਖ਼ਤ ਨੀਤੀਆਂ ਘੜਨੀਆਂ ਪੈਣਗੀਆਂ। ਪੰਥਕ ਮਾਹਿਰਾਂ ਦਾ ਮੰਨਣਾ ਹੈ ਕਿ ਪੰਜ ਮੈਂਬਰੀ ਕਮੇਟੀ ਦੀ ਸਫ਼ਲਤਾ ਦਾ ਦਾਰੋਮਦਾਰ ਇਸ ਗੱਲ 'ਤੇ ਹੈ ਕਿ ਇਹ ਪੰਥਕ ਅਤੇ ਸਿਆਸੀ ਮੁੱਦਿਆਂ ਨੂੰ ਕਿੰਨੀ ਸਮਰੱਥਾ ਨਾਲ ਹੱਲ ਕਰਦੀ ਹੈ। ਪੰਜਾਬ ਦੀ ਖ਼ੁਦਮੁਖ਼ਤਿਆਰੀ, ਪੰਜਾਬ ਮੁੱਦਿਆਂ, ਆਨੰਦਪੁਰ ਮਤੇ ਦੀ ਤਰਜ਼ ਉੱਪਰ ਉਚਿਤ ਰਣਨੀਤੀ, ਉਦੇਸ਼ ਘੜਨੇ ਪੈਣਗੇ।

### ਸੁਖਬੀਰ ਸਿੰਘ ਬਾਦਲ ਦੀ ਸਥਿਤੀ ਅਤੇ ਉਨ੍ਹਾਂ ਦੀਆਂ ਕੋਸ਼ਿਸ਼ਾਂ

ਸੁਖਬੀਰ ਸਿੰਘ ਬਾਦਲ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਵਜੋਂ ਪਾਰਟੀ ਦੀ ਕਮਾਂਡ ਸੰਭਾਲ ਰਹੇ ਹਨ, ਪਰ ਉਨ੍ਹਾਂ ਦੀ ਅਗਵਾਈ ਪੰਥਕ ਹਲਕਿਆਂ ਵਿੱਚ ਸਵਾਲਾਂ ਦੇ ਘੇਰੇ ਵਿੱਚ ਹੈ। 2015 ਦੀਆਂ ਬੇਅਦਬੀ ਘਟਨਾਵਾਂ, ਬਰਗਾੜੀ ਗੋਲੀਕਾਂਡ ਅਤੇ ਸੱਚਾ ਸੌਦਾ ਦੇ ਮੁਖੀ ਨੂੰ ਮੁਆਫ਼ੀ ਦੇਣ ਦੇ ਫ਼ੈਸਲੇ ਨੇ ਸੁਖਬੀਰ ਦੀ ਸਾਖ ਨੂੰ ਡੂੰਘਾ ਧੱਕਾ ਮਾਰਿਆ। ਸ੍ਰੀ ਅਕਾਲ ਤਖ਼ਤ ਸਾਹਿਬ ਨੇ ਇਨ੍ਹਾਂ ਮੁੱਦਿਆਂ 'ਤੇ ਸੁਖਬੀਰ ਤੋਂ ਸਪੱਸ਼ਟੀਕਰਨ ਮੰਗਿਆ ਅਤੇ ਉਨ੍ਹਾਂ ਦਾ ਮੁਆਫ਼ੀ ਨਾਮਾ ਜਨਤਕ ਕੀਤਾ ਗਿਆ, ਪਰ ਇਸ ਨੇ ਪੰਥਕ ਗੁੱਸੇ ਨੂੰ ਪੂਰੀ ਤਰ੍ਹਾਂ ਸ਼ਾਂਤ ਨਹੀਂ ਕੀਤਾ। ਉਹ ਅਕਾਲੀ ਦਲ ਦੀ ਮੁੜ ਸੰਗਠਨ ਪ੍ਰਕਿਰਿਆ ਵਿੱਚ ਸਰਗਰਮ ਹਨ ਅਤੇ ਪਾਰਟੀ ਦੇ ਪੁਰਾਣੇ ਵਰਕਰਾਂ ਨੂੰ ਜੋੜਨ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ। ਸੁਖਬੀਰ ਦੀ ਸਥਿਤੀ ਕਮਜ਼ੋਰ ਹੋਣ ਦਾ ਮੁੱਖ ਕਾਰਨ ਅਕਾਲੀ ਦਲ ਦੀ ਅੰਦਰੂਨੀ ਵੰਡ ਅਤੇ ਪੰਥਕ ਭਾਵਨਾਵਾਂ ਦਾ ਰੋਸ ਹੈ।

(ਬਾਕੀ ਸਫ਼ਾ 30 'ਤੇ)

### ਪੰਜ-ਮੈਂਬਰੀ ਕਮੇਟੀ ਅਤੇ ਸੁਖਬੀਰ ਬਾਦਲ ਵਿਚਕਾਰ ਏਕਤਾ ਦੀ ਸੰਭਾਵਨਾ

ਪੰਜ-ਮੈਂਬਰੀ ਕਮੇਟੀ ਅਤੇ ਸੁਖਬੀਰ ਸਿੰਘ ਬਾਦਲ ਦੇ ਧੜੇ ਵਿਚਕਾਰ ਏਕਤਾ ਦੀ ਸੰਭਾਵਨਾ ਫ਼ਿਲਹਾਲ ਕਮਜ਼ੋਰ ਜਾਪਦੀ ਹੈ। ਕਮੇਟੀ ਦਾ ਮੁੱਖ ਉਦੇਸ਼ ਸੁਖਬੀਰ ਨੂੰ ਪਾਰਟੀ ਦੀ ਅਗਵਾਈ ਤੋਂ ਹਟਾ ਕੇ ਨਵੀਂ, ਪੰਥ-ਪ੍ਰਵਾਨਿਤ ਲੀਡਰਸ਼ਿਪ ਸਥਾਪਤ ਕਰਨਾ ਹੈ। ਮਨਪ੍ਰੀਤ ਸਿੰਘ ਇਆਲੀ ਅਤੇ ਇਕਬਾਲ ਸਿੰਘ ਝੂੰਦਾ ਨੇ ਸਪੱਸ਼ਟ ਕੀਤਾ ਹੈ ਕਿ ਸੰਗਤ ਦੀ ਰਾਇ ਨਾਲ ਨਵੀਂ ਲੀਡਰਸ਼ਿਪ ਚੁਣੀ ਜਾਵੇਗੀ, ਜਿਸ ਵਿੱਚ ਸੁਖਬੀਰ ਦੀ ਸਥਿਤੀ ਨੂੰ ਚੁਣੌਤੀ ਦਿੱਤੀ ਜਾ ਰਹੀ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਪ੍ਰਸਤੀ ਹੇਠ, ਜੇਕਰ ਦੋਵੇਂ ਧਿਰਾਂ ਵਿਚਕਾਰ ਸਮਝੌਤਾ ਹੁੰਦਾ ਹੈ, ਤਾਂ ਏਕਤਾ ਦੀ ਸੰਭਾਵਨਾ ਵਧ ਸਕਦੀ ਹੈ। ਪਰ, ਸੁਖਬੀਰ ਦੀ ਅਗਵਾਈ ਦਾ ਵਿਰੋਧ ਇੰਨਾ ਤਿੱਖਾ ਹੈ ਕਿ ਸਮਝੌਤੇ ਦੀ ਸੰਭਾਵਨਾ ਘੱਟ ਹੈ।

#### ਭਾਜਪਾ ਦਾ ਝੁਕਾਅ ਅਤੇ ਅਕਾਲੀ ਦਲ ਦੇ ਧੜਿਆਂ ਨਾਲ ਸਬੰਧ

ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ (ਭਾਜਪਾ) ਦਾ ਗਠਜੋੜ ਪੰਜਾਬ ਦੀ ਸਿਆਸਤ ਵਿੱਚ ਇੱਕ ਅਹਿਮ ਭੂਮਿਕਾ ਨਿਭਾਉਂਦਾ ਰਿਹਾ ਹੈ। ਹਾਲਾਂ ਕਿ, 2020 ਵਿੱਚ ਖੇਤੀ ਕਾਨੂੰਨਾਂ ਦੇ ਮੁੱਦੇ 'ਤੇ ਅਕਾਲੀ ਦਲ ਨੇ ਭਾਜਪਾ ਨਾਲ ਗਠਜੋੜ ਤੋੜ ਲਿਆ ਸੀ। ਹੁਣ, ਅਕਾਲੀ ਦਲ ਦੀ ਅੰਦਰੂਨੀ ਵੰਡ ਅਤੇ ਪੰਜ-ਮੈਂਬਰੀ ਕਮੇਟੀ ਦੀ ਸਰਗਰਮੀ ਨੇ ਭਾਜਪਾ ਦੇ ਸਟੈਂਡ ਨੂੰ ਮੁੜ ਸੁਰਖ਼ੀਆਂ ਵਿੱਚ ਲਿਆਂਦਾ ਹੈ। ਭਾਜਪਾ ਦਾ ਝੁਕਾਅ ਇਤਿਹਾਸਕ ਤੌਰ 'ਤੇ ਸੁਖਬੀਰ ਸਿੰਘ ਬਾਦਲ ਦੇ ਧੜੇ ਵੱਲ ਰਿਹਾ ਹੈ, ਕਿਉਂਕਿ ਉਹ ਪਾਰਟੀ ਦੇ ਪ੍ਰਧਾਨ ਹਨ ਅਤੇ ਗਠਜੋੜ ਦੇ ਸਮੇਂ ਮੁੱਖ ਚਿਹਰਾ ਰਹੇ ਹਨ। ਭਾਜਪਾ ਨੇ ਪੰਜ-ਮੈਂਬਰੀ ਕਮੇਟੀ ਜਾਂ ਬਾਗੀ ਧੜੇ ਨਾਲ ਅਜੇ ਤੱਕ ਕੋਈ ਸਪੱਸ਼ਟ ਸਬੰਧ ਨਹੀਂ ਦਿਖਾਏ। ਕਮੇਟੀ ਦੀ ਸੁਖਬੀਰ ਵਿਰੋਧੀ ਨੀਤੀ ਅਤੇ ਪੰਥਕ ਸੁਧਾਰਾਂ 'ਤੇ ਜ਼ੋਰ ਕਾਰਨ ਭਾਜਪਾ ਇਸ ਨਾਲ ਦੂਰੀ ਬਣਾਈ ਰੱਖ ਰਹੀ ਹੈ। ਭਾਜਪਾ ਪੰਜਾਬ ਵਿੱਚ ਆਪਣੀ ਸੁਤੰਤਰ ਸਿਆਸੀ ਜ਼ਮੀਨ ਮਜ਼ਬੂਤ ਕਰਨ ਦੀ ਕੋਸ਼ਿਸ਼ ਵਿੱਚ ਹੈ।2024 ਦੀਆਂ ਲੋਕ ਸਭਾ ਚੋਣਾਂ ਵਿੱਚ ਭਾਜਪਾ ਨੇ ਸੁਤੰਤਰ ਤੌਰ 'ਤੇ ਚੋਣ ਲੜੀ, ਪਰ ਸਫ਼ਲਤਾ ਨਹੀਂ ਮਿਲੀ। ਇਸ ਕਾਰਨ, ਭਾਜਪਾ ਸੁਖਬੀਰ ਦੇ ਧੜੇ ਨਾਲ ਮੁੜ ਸਬੰਧ ਬਣਾਉਣ ਦੀ ਸੰਭਾਵਨਾ ਤਲਾਸ਼ ਸਕਦੀ ਹੈ, ਕਿਉਂਕਿ ਸੁਖਬੀਰ ਦੀ ਅਗਵਾਈ ਵਾਲਾ ਧੜਾ ਪਾਰਟੀ ਦੀ ਅਧਿਕਾਰਤ ਸੰਰਚਨਾ ਨੂੰ ਕੰਟਰੋਲ ਕਰਦਾ ਹੈ।

ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਭਾਜਪਾ ਸੰਭਾਵਿਤ ਤੌਰ 'ਤੇ ਸੁਖਬੀਰ ਦੇ ਧੜੇ ਨਾਲ ਸਬੰਧ ਬਣਾਈ ਰੱਖੇਗੀ, ਪਰ ਜੇਕਰ ਕਮੇਟੀ ਸਿੱਖ ਸੰਗਤ ਦਾ ਪੂਰਨ ਸਮਰਥਨ ਹਾਸਲ ਕਰ ਲੈਂਦੀ ਹੈ, ਤਾਂ ਭਾਜਪਾ ਨੂੰ ਆਪਣੀ ਰਣਨੀਤੀ 'ਤੇ ਮੁੜ ਵਿਚਾਰ ਕਰਨਾ ਪੈ ਸਕਦਾ ਹੈ।

# ਯੂ.ਪੀ. ਵਿੱਚ ਸਿੱਖਾਂ ਦੀ ਧਰਮ ਬਦਲੀ ਦਾ ਸੰਗੀਨ ਮਾਮਲਾ: ਪੀਲੀਭੀਤ ਵਿੱਚ ਪੰਥਕ ਸੰਗਠਨ ਸਰਗਰਮ

## ਪੀਲੀਭੀਤ ਦੇ ਸਿੱਖ ਪਿੰਡਾਂ ਵਿੱਚ ਧਰਮ ਪਰਿਵਰਤਨ ਦਾ ਪਰਦਾਫ਼ਾਸ਼ * ਸਰਕਾਰ ਦੀ ਸਖ਼ਤ ਕਾਰਵਾਈ ਅਤੇ ਸ਼੍ਰੋਮਣੀ ਕਮੇਟੀ ਦੀ 'ਘਰ ਵਾਪਸੀ' ਮੁਹਿੰਮ

ਪੀਲੀਭੀਤ/ਏ.ਟੀ.ਨਿਊਜ਼: ਸਿੱਖ ਪੰਥ ਦੀਆਂ ਜੜ੍ਹਾਂ ਨੂੰ ਖੋਰਾ ਲਾਉਣ ਦੀ ਇੱਕ ਸੰਗੀਨ ਸਾਜ਼ਿਸ਼ ਦਾ ਪਰਦਾਫ਼ਾਸ਼ ਪੀਲੀਭੀਤ ਦੇ ਸਿੱਖ ਬਹੁਲ ਇਲਾਕਿਆਂ ਵਿੱਚ ਹੋਇਆ ਹੈ। ਇਹ ਇਲਾਕਾ, ਜਿਸ ਨੂੰ ਉੱਤਰ ਪ੍ਰਦੇਸ਼ ਦੀ 'ਤਰਾਈ ਦਾ ਪੰਜਾਬ' ਵਜੋਂ ਜਾਣਿਆ ਜਾਂਦਾ ਹੈ। ਇਹ ਇਲਾਕਾ ਸਦੀਆਂ ਤੋਂ ਸਿੱਖੀ ਦੀ ਸੁਗੰਧ ਨਾਲ ਮਹਿਕਦਾ ਰਿਹਾ ਹੈ। ਪਰ, ਹੁਣ ਇਸ ਧਰਤੀ 'ਤੇ ਧਰਮ ਪਰਿਵਰਤਨ ਦੀ ਇੱਕ ਗੰਭੀਰ ਲਹਿਰ ਨੇ ਸਿੱਖ ਸਮਾਜ ਦੇ ਦਿਲ ਨੂੰ ਵਿੰਨ੍ਹਿਆ ਹੈ। ਸਥਾਨਕ ਸਿੱਖ ਸੰਗਤ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਰਗਰਮੀ ਅਤੇ ਸਰਕਾਰ ਦੀ ਸਖ਼ਤ ਕਾਰਵਾਈ ਨੇ ਇਸ ਮਾਮਲੇ ਨੂੰ ਰਾਸ਼ਟਰੀ ਪੱਧਰ 'ਤੇ ਚਰਚਾ ਦਾ ਵਿਸ਼ਾ ਬਣਾ ਦਿੱਤਾ ਹੈ। ਪੀਲੀਭੀਤ ਦੇ ਸਿੱਖ ਪਿੰਡਾਂ—ਬੈਲਾਹਾ, ਨਾਨਕ ਨਗਰੀ, ਬਾਜ਼ਾਰ ਘਾਟ, ਭਗਵਾਨਪੁਰੀ, ਤਤਰਗੰਜ, ਬਾਮਨਪੁਰਾ ਭਗੀਰਥ ਅਤੇ ਸਿੰਘਾਰਾ ਵਿੱਚ ਧਰਮ ਪਰਿਵਰਤਨ ਦੀਆਂ ਗਤੀਵਿਧੀਆਂ ਦੀ ਸੂਚਨਾ ਨੇ ਸਥਾਨਕ ਸਿੱਖ ਸੰਗਤ ਨੂੰ ਹੈਰਾਨ ਕਰ ਦਿੱਤਾ। ਅਖਬਾਰਾਂ ਦੀਆਂ ਰਿਪੋਰਟਾਂ ਮੁਤਾਬਕ, ਲਗਭਗ 3,000 ਸਿੱਖਾਂ ਨੂੰ ਇਸਾਈ ਧਰਮ ਵੱਲ ਖਿੱਚਣ ਦੀ ਸਾਜ਼ਿਸ਼







ਸਥਾਨਕ ਅਤੇ ਨੇਪਾਲੀ ਪਾਸਟਰਾਂ ਵੱਲੋਂ ਰਚੀ ਗਈ। ਇਸ ਸਾਜ਼ਿਸ਼ ਵਿੱਚ ਗਰੀਬ ਪਰਿਵਾਰਾਂ ਨੂੰ ਪੈਸੇ, ਮਕਾਨ ਅਤੇ ਹੋਰ ਸਹੂਲਤਾਂ ਦੇ ਲਾਲਚ ਦੇਣ ਦੇ ਨਾਲ-ਨਾਲ ਅੰਧਵਿਸ਼ਵਾਸ ਅਤੇ ਧਾਰਮਿਕ ਭਾਵਨਾਵਾਂ ਦਾ ਸ਼ੋਸ਼ਣ ਕੀਤਾ ਗਿਆ। ਮਨਜੀਤ ਕੌਰ, ਇੱਕ ਸਥਾਨਕ ਸਿੱਖ ਔਰਤ, ਨੇ ਇਸ ਮਾਮਲੇ ਨੂੰ ਸਾਹਮਣੇ ਲਿਆਂਦਾ। ਉਸ ਨੇ ਹਜ਼ਾਰਾ ਥਾਣੇ ਵਿੱਚ ਸ਼ਿਕਾਇਤ ਦਰਜ ਕਰਵਾਈ ਕਿ ਉਸ ਦੇ ਪਰਿਵਾਰ 'ਤੇ ਜ਼ਬਰਦਸਤੀ ਧਰਮ ਪਰਿਵਰਤਨ ਦਾ ਦਬਾਅ ਪਾਇਆ ਜਾ ਰਿਹਾ ਹੈ। ਮਨਜੀਤ ਕੌਰ ਨੇ ਦੱਸਿਆ ਕਿ ਉਸ ਦੇ ਪਤੀ ਨੂੰ ਪਹਿਲਾਂ ਹੀ ਇਸਾਈ ਬਣਾਇਆ ਜਾ ਚੁੱਕਾ ਹੈ ਅਤੇ ਹੁਣ ਉਸ ਦੇ ਬੱਚਿਆਂ 'ਤੇ ਵੀ ਦਬਾਅ ਬਣਾਇਆ ਜਾ ਰਿਹਾ ਹੈ। ਉਸ ਨੂੰ ਦੋ ਲੱਖ ਰੁਪਏ ਦੀ ਪੇਸ਼ਕਸ਼ ਕੀਤੀ ਗਈ, ਪਰ ਵਾਅਦੇ ਪੂਰੇ ਨਹੀਂ ਕੀਤੇ ਗਏ।

### ਸਰਕਾਰ ਦੀ ਕਾਰਵਾਈ

ਉੱਤਰ ਪ੍ਰਦੇਸ਼ ਦੀ ਯੋਗੀ ਸਰਕਾਰ ਨੇ ਇਸ ਮਾਮਲੇ ਨੂੰ ਗੰਭੀਰਤਾ ਨਾਲ ਲਿਆ। ਉੱਤਰ ਪ੍ਰਦੇਸ਼ ਗੈਰ-ਕਾਨੂੰਨੀ ਧਰਮ ਪਰਿਵਰਤਨ ਰੋਕਥਾਮ ਐਕਟ, 2021 ਦੇ ਤਹਿਤ ਸਰਕਾਰ ਨੇ ਸਰਹੱਦੀ ਇਲਾਕਿਆਂ ਵਿੱਚ ਸਖ਼ਤ ਕਾਰਵਾਈ ਸ਼ੁਰੂ ਕੀਤੀ। ਇੱਕ ਅਣਅਧਿਕਾਰਤ ਚਰਚ, ਜੋ ਧਰਮ ਪਰਿਵਰਤਨ ਦਾ ਕੇਂਦਰ ਸੀ, ਨੂੰ ਢਾਹ ਦਿੱਤਾ ਗਿਆ। ਸਥਾਨਕ ਪੁਲਿਸ ਨੇ ਮਨਜੀਤ ਕੌਰ ਦੀ ਸ਼ਿਕਾਇਤ 'ਤੇ ਮੁਕੱਦਮਾ ਦਰਜ ਕੀਤਾ, ਜਿਸ ਵਿੱਚ ਜ਼ਬਰਦਸਤੀ, ਧਮਕੀਆਂ ਅਤੇ ਲਾਲਚ ਦੇਣ ਦੇ ਦੋਸ਼ ਸ਼ਾਮਲ ਸਨ। ਹਾਲਾਂਕਿ, ਹੁਣ ਤੱਕ ਕੋਈ ਵੀ ਮੁੱਖ ਸਾਜ਼ਿਸ਼ਕਾਰ ਗ੍ਰਿਫ਼ਤਾਰ ਨਹੀਂ ਹੋਇਆ, ਜਿਸ ਕਾਰਨ ਸਿੱਖ ਸੰਗਠਨਾਂ ਵਿੱਚ ਰੋਸ ਪਾਇਆ ਜਾ ਰਿਹਾ ਹੈ। ਸਰਕਾਰ ਨੇ ਸਰਹੱਦੀ ਪਿੰਡਾਂ ਵਿੱਚ ਜਾਗਰੂਕਤਾ ਕੈਂਪ ਲਗਾਉਣ ਦੀ ਸ਼ੁਰੂਆਤ ਕੀਤੀ, ਜਿਸ ਵਿੱਚ ਸਿੱਖੀ ਦੀ ਸਿੱਖਿਆ ਅਤੇ ਸਰਕਾਰੀ ਸਕੀਮਾਂ ਦੀ ਜਾਣਕਾਰੀ ਦਿੱਤੀ ਜਾ ਰਹੀ ਹੈ। ਇਸ ਦੇ ਨਾਲ ਹੀ, ਪੁਲਿਸ ਅਤੇ ਪ੍ਰਸ਼ਾਸਨ ਨੂੰ ਨਿਰਦੇਸ਼ ਦਿੱਤੇ ਗਏ ਹਨ ਕਿ ਵਿਦੇਸ਼ੀ ਸੰਗਠਨਾਂ ਅਤੇ ਪਾਸਟਰਾਂ ਦੀਆਂ ਗਤੀਵਿਧੀਆਂ 'ਤੇ ਨਜ਼ਰ ਰੱਖੀ ਜਾਵੇ, ਕਿਉਂਕਿ ਸ਼ੱਕ ਹੈ ਕਿ ਇਸ ਸਾਜ਼ਿਸ਼ ਪਿੱਛੇ ਵਿਦੇਸ਼ੀ ਫ਼ੰਡਿੰਗ ਵੀ ਸ਼ਾਮਲ ਹੈ।

### ਸ਼੍ਰੋਮਣੀ ਕਮੇਟੀ ਅਤੇ ਸਿੱਖ ਸੰਗਠਨਾਂ ਦੀ 'ਘਰ ਵਾਪਸੀ' ਮੁਹਿੰਮ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਮਾਮਲੇ 'ਤੇ ਸਖ਼ਤ ਰੁਖ ਅਪਣਾਇਆ ਅਤੇ 'ਘਰ ਵਾਪਸੀ' ਮੁਹਿੰਮ ਸ਼ੁਰੂ ਕੀਤੀ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਸ ਸਾਜ਼ਿਸ਼ ਨੂੰ ਸਿੱਖ ਪੰਥ 'ਤੇ ਹਮਲਾ ਕਰਾਰ ਦਿੱਤਾ ਅਤੇ ਪੀੜਤ ਪਰਿਵਾਰਾਂ ਨੂੰ ਸਿੱਖੀ ਦੀ ਜੋਤ ਨਾਲ ਮੁੜ ਜੋੜਨ ਦਾ ਬੀੜਾ ਚੁੱਕਿਆ। ਸ਼੍ਰੋਮਣੀ ਕਮੇਟੀ ਦੀ ਮੁਹਿੰਮ ਦੇ ਨਤੀਜੇ ਸਵਰੂਪ, 160 ਪਰਿਵਾਰ, ਯਾਨੀ ਲਗਭਗ 800 ਤੋਂ 1,000 ਸਿੱਖ, ਮੁੜ ਸਿੱਖ ਧਰਮ ਵਿੱਚ ਵਾਪਸ ਆਏ ਹਨ। ਸ਼੍ਰੋਮਣੀ ਕਮੇਟੀ ਨੇ ਨੌਂ ਵਿਅਕਤੀਆਂ ਦੀ ਸੂਚੀ ਜਾਰੀ ਕੀਤੀ, ਜੋ ਇਸ ਧਰਮ ਪਰਿਵਰਤਨ ਦੀ ਅਗਵਾਈ ਕਰ ਰਹੇ ਸਨ ਅਤੇ ਇਸ ਸੂਚੀ ਨੂੰ ਪ੍ਰਸ਼ਾਸਨ ਨੂੰ ਸੌਂਪਿਆ। ਇਸ ਦੇ ਨਾਲ ਹੀ, ਸ਼੍ਰੋਮਣੀ ਕਮੇਟੀ ਨੇ ਪਿੰਡਾਂ ਵਿੱਚ ਜਾਗਰੂਕਤਾ ਕੈਂਪ ਲਗਾਏ, ਜਿਨ੍ਹਾਂ ਵਿੱਚ ਗੁਰਬਾਣੀ ਦਾ ਪ੍ਰਚਾਰ, ਸਿੱਖ ਇਤਿਹਾਸ ਦੀ ਜਾਣਕਾਰੀ ਅਤੇ ਧਾਰਮਿਕ ਸਿੱਖਿਆ ਦਿੱਤੀ ਜਾ ਰਹੀ ਹੈ।

ਹਰਪਾਲ ਸਿੰਘ ਜੱਗੀ, ਆਲ ਇੰਡੀਆ ਸਿੱਖ ਪੰਜਾਬੀ ਵੈੱਲਫ਼ੇਅਰ ਕੌਂਸਲ ਦੇ ਮੁਖੀ, ਨੇ ਵੀ ਮਹੱਤਵਪੂਰਨ ਭੂਮਿਕਾ ਨਿਭਾਈ। ਉਨ੍ਹਾਂ ਨੇ 160 ਪਰਿਵਾਰਾਂ ਦੀ ਸੂਚੀ ਪ੍ਰਸ਼ਾਸਨ ਨੂੰ ਸੌਂਪੀ ਅਤੇ ਵਿਦੇਸ਼ੀ ਸਾਜ਼ਿਸ਼ ਦਾ ਸ਼ੱਕ ਜਤਾਇਆ।

(ਬਾਕੀ ਸਫ਼ਾ 30 'ਤੇ)

# ਧਰਮ ਬਦਲੀ ਦਾ ਜਾਲ ਤੇ ਜਾਸੂਸੀ ਦੀ ਸਾਜ਼ਿਸ਼: ਕੀ ਲਾਲਚ ਨੇ ਇਸਾਈ ਬਣਾਏ ਜਾਸੂਸ ?

## ➢ ਪਹਿਲਾ ਦਲਿਤਾਂ ਤੋਂ ਇਸਾਈ ਬਣੇ, ਬਾਅਦ ਵਿੱਚ ਜਾਸੂਸ ➢ ਕੀ ਧਰਮ ਬਦਲੀ ਪਿੱਛੇ ਲਾਲਚ ਦਾ ਹੱਥ ਹੈ ?

ਭਾਰਤ-ਪਾਕਿਸਤਾਨ ਸਰਹੱਦ ਦੇ ਨੇੜੇ ਅੰਮ੍ਰਿਤਸਰ ਦੇ ਅਜਨਾਲਾ ਸੈਕਟਰ ਵਿੱਚ ਪਾਕਿਸਤਾਨ ਦੀ ਖ਼ੁਫ਼ੀਆ ਏਜੰਸੀ ਆਈ.ਐਸ.ਆਈ. ਲਈ ਜਾਸੂਸੀ ਕਰਨ ਦੇ ਦੋਸ਼ ਵਿੱਚ ਫੜੇ ਗਏ ਫ਼ਲਕਸ਼ੇਰ ਮਸੀਹ ਅਤੇ ਸੂਰਜ ਮਸੀਹ ਦੀ ਗ੍ਰਿਫ਼ਤਾਰੀ ਨੇ ਸੁਰੱਖਿਆ ਏਜੰਸੀਆਂ ਅਤੇ ਸਮਾਜਿਕ ਮਾਹੌਲ ਵਿੱਚ ਇੱਕ ਵੱਡੀ ਚਰਚਾ ਛੇੜ ਦਿੱਤੀ ਹੈ।

ਇਹ ਮਾਮਲਾ ਸਿਰਫ਼ ਜਾਸੂਸੀ ਤੱਕ ਸੀਮਤ ਨਹੀਂ, ਸਗੋਂ ਇਸ ਨੇ ਧਰਮ ਪਰਿਵਰਤਨ, ਲਾਲਚ, ਅਤੇ ਸਰਹੱਦੀ ਖੇਤਰਾਂ ਵਿੱਚ ਆਈ.ਐਸ.ਆਈ. ਦੀਆਂ ਸਾਜ਼ਿਸ਼ਾਂ ਦੇ ਗੂੜ੍ਹੇ ਸਬੰਧਾਂ ਨੂੰ ਵੀ ਸਾਹਮਣੇ ਲਿਆਂਦਾ ਹੈ। ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਦੋਵੇਂ ਮੁਲਜ਼ਮ ਦਲਿਤ ਭਾਈਚਾਰੇ ਨਾਲ ਸਬੰਧਤ ਸਨ, ਜਿਨ੍ਹਾਂ ਨੇ ਬਾਅਦ ਵਿੱਚ ਇਸਾਈ ਧਰਮ ਅਪਣਾਇਆ ਅਤੇ ਫ਼ਿਰ ਆਈ.ਐਸ.ਆਈ. ਦੇ ਜਾਲ ਵਿੱਚ ਫ਼ਸ ਕੇ ਜਾਸੂਸੀ ਦੀ ਦੁਨੀਆਂ ਵਿੱਚ ਉਤਰ ਗਏ।

**ਇਸ ਘਟਨਾ ਨੇ ਸਵਾਲ ਖੜ੍ਹੇ ਕੀਤੇ ਹਨ**

2 ਮਈ, 2025 ਨੂੰ ਅੰਮ੍ਰਿਤਸਰ ਦੇ ਅਜਨਾਲਾ ਸੈਕਟਰ ਵਿੱਚ ਫ਼ਲਕਸ਼ੇਰ ਮਸੀਹ ਅਤੇ ਸੂਰਜ ਮਸੀਹ ਨੂੰ ਪੰਜਾਬ ਪੁਲਿਸ ਅਤੇ ਭਾਰਤੀ ਖ਼ੁਫ਼ੀਆ ਏਜੰਸੀਆਂ ਨੇ ਗ੍ਰਿਫ਼ਤਾਰ ਕੀਤਾ। ਜਾਂਚ ਵਿੱਚ ਪਤਾ ਲੱਗਾ ਕਿ ਇਹ ਦੋਵੇਂ ਵਿਅਕਤੀ ਪਾਕਿਸਤਾਨ ਦੀ ਖ਼ੁਫ਼ੀਆ ਏਜੰਸੀ ਆਈ.ਐਸ.ਆਈ. ਦੇ ਏਜੰਟਾਂ 'ਚਾਚਾ' ਅਤੇ 'ਪਠਾਨ' ਦੇ ਸੰਪਰਕ ਵਿੱਚ ਸਨ। ਪੁੱਛਗਿੱਛ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਇਨ੍ਹਾਂ ਨੂੰ ਪਹਿਲਾਂ ਪੈਸਿਆਂ ਦਾ ਲਾਲਚ ਦਿੱਤਾ ਗਿਆ ਅਤੇ ਬਾਅਦ ਵਿੱਚ ਵਿਦੇਸ਼ ਭੇਜਣ ਦਾ ਝਾਂਸਾ ਵੀ ਦਿੱਤਾ ਗਿਆ।

ਇਸ ਤੋਂ ਵੀ ਹੈਰਾਨੀਜਨਕ ਇਹ ਸੀ ਕਿ ਦੋਵੇਂ ਮੁਲਜ਼ਮ ਪਾਕਿਸਤਾਨ ਵਿੱਚ ਇਸਾਈਆਂ 'ਤੇ ਹੋਣ ਵਾਲੇ ਅੱਤਿਆਚਾਰਾਂ ਤੋਂ ਚੰਗੀ ਤਰ੍ਹਾਂ ਜਾਣੂ ਸਨ, ਪਰ ਫ਼ਿਰ ਵੀ ਉਹ ਆਈ.ਐਸ.ਆਈ. ਦੇ ਜਾਲ ਵਿੱਚ ਫ਼ਸ ਗਏ।



ਇਹ ਪਹਿਲਾ ਮਾਮਲਾ ਨਹੀਂ ਹੈ। ਇਸ ਤੋਂ ਪਹਿਲਾਂ ਸਤੰਬਰ 2024 ਵਿੱਚ ਚੰਡੀਗੜ੍ਹ ਵਿੱਚ ਇੱਕ ਸੇਵਾਮੁਕਤ ਪੁਲਿਸ ਅਧਿਕਾਰੀ ਦੇ ਘਰ 'ਤੇ ਗ੍ਰਨੇਡ ਹਮਲੇ ਦੇ ਮਾਮਲੇ ਵਿੱਚ ਵੀ ਅੰਮ੍ਰਿਤਸਰ ਦੇ ਰਾਮਦਾਸ ਦੇ ਰੋਹਨ ਮਸੀਹ ਅਤੇ ਗੁਰਦਾਸਪੁਰ ਦੇ ਪਿੰਡ ਰਾਇਮਲ ਦੇ ਵਿਸ਼ਾਲ ਮਸੀਹ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਇਸ ਤੋਂ ਇਲਾਵਾ, ਜੰਡਿਆਲਾ ਗੁਰੂ ਦੇ ਡੈਨੀ ਅਤੇ ਉਸ ਦੇ ਨਾਬਾਲਗ ਭਰਾ ਨੂੰ ਅਜਨਾਲਾ ਥਾਣੇ ਵਿੱਚ ਆਈ.ਈ.ਡੀ. ਲਗਾਉਣ ਅਤੇ ਕੋਟ ਖ਼ਾਲਸਾ ਪੁਲਿਸ ਚੌਂਕੀ ਦੇ ਬਾਹਰ ਗ੍ਰਨੇਡ ਸੁੱਟਣ ਦੇ ਦੋਸ਼ਾਂ ਵਿੱਚ ਫ਼ੜਿਆ ਗਿਆ।

ਇਹ ਸਾਰੇ ਦਲਿਤ ਭਾਈਚਾਰੇ ਵਿਚੋਂ ਸਨ, ਜਿਨ੍ਹਾਂ ਨੇ ਇਸਾਈ ਧਰਮ ਅਪਣਾਇਆ ਅਤੇ ਬਾਅਦ ਵਿੱਚ ਅੱਤਵਾਦੀ ਜਾਂ ਜਾਸੂਸੀ ਗਤੀਵਿਧੀਆਂ ਵਿੱਚ ਸ਼ਾਮਲ ਹੋਏ। ਇਨ੍ਹਾਂ ਮਾਮਲਿਆਂ ਨੇ ਇੱਕ ਮਹੱਤਵਪੂਰਨ ਸਵਾਲ ਖੜ੍ਹਾ ਕੀਤਾ ਹੈ: ਕੀ ਧਰਮ ਪਰਿਵਰਤਨ ਅਤੇ ਜਾਸੂਸੀ ਵਿੱਚ ਕੋਈ ਸਿੱਧਾ ਸਬੰਧ ਹੈ ? ਜਾਂਚ ਅਧਿਕਾਰੀਆਂ ਅਨੁਸਾਰ, ਫ਼ਲਕਸ਼ੇਰ ਅਤੇ ਸੂਰਜ ਵਰਗੇ ਵਿਅਕਤੀਆਂ ਨੂੰ ਆਈਐਸਆਈ ਨੇ ਜਾਣਬੁੱਝ ਕੇ ਨਿਸ਼ਾਨਾ ਬਣਾਇਆ। ਇਹ ਲੋਕ ਸਮਾਜਿਕ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗ ਨਾਲ ਸਬੰਧਤ ਸਨ, ਜਿਸ ਕਾਰਨ ਉਨ੍ਹਾਂ ਨੂੰ ਪੈਸੇ ਅਤੇ ਵਿਦੇਸ਼ ਜਾਣ ਦੇ ਲਾਲਚ ਵਿੱਚ ਫ਼ਸਾਉਣਾ ਸੌਖਾ ਸੀ। ਖ਼ੁਫ਼ੀਆ ਏਜੰਸੀਆਂ ਦਾ ਮੰਨਣਾ ਹੈ ਕਿ ਆਈ.ਐਸ.ਆਈ. ਅਕਸਰ ਅਜਿਹੇ ਵਿਅਕਤੀਆਂ ਨੂੰ ਚੁਣਦੀ ਹੈ, ਜੋ ਸਮਾਜਿਕ ਤੌਰ 'ਤੇ ਹਾਸ਼ੀਏ 'ਤੇ ਹੋਣ ਜਾਂ ਜਿਨ੍ਹਾਂ ਦੀ ਆਰਥਿਕ ਸਥਿਤੀ ਕਮਜ਼ੋਰ ਹੋਵੇ। ਧਰਮ ਪਰਿਵਰਤਨ ਦੀ ਪ੍ਰਕਿਰਿਆ ਵਿੱਚ ਵੀ ਅਜਿਹੇ ਲੋਕਾਂ ਨੂੰ ਵਿੱਤੀ ਸਹਾਇਤਾ ਜਾਂ ਸਮਾਜਿਕ ਸੁਰੱਖਿਆ ਦਾ ਲਾਲਚ ਦਿੱਤਾ ਜਾਂਦਾ ਹੈ, ਜੋ ਬਾਅਦ ਵਿੱਚ ਜਾਸੂਸੀ ਜਾਂ ਅੱਤਵਾਦੀ ਗਤੀਵਿਧੀਆਂ ਵਿੱਚ ਸ਼ਾਮਲ ਹੋਣ ਦਾ ਕਾਰਨ ਬਣਦਾ ਹੈ।

ਪੰਜਾਬ ਵਿੱਚ ਧਰਮ ਪਰਿਵਰਤਨ ਦਾ ਮੁੱਦਾ ਪਹਿਲਾਂ ਵੀ ਵਿਵਾਦਾਂ ਦਾ ਹਿੱਸਾ ਰਿਹਾ ਹੈ। 2014 ਵਿੱਚ ਰਿਪੋਰਟਾਂ ਅਨੁਸਾਰ, ਕਰੀਬ 8000 ਇਸਾਈਆਂ ਨੂੰ ਸਿੱਖ ਧਰਮ ਵਿੱਚ ਵਾਪਸ ਸ਼ਾਮਲ ਕਰਵਾਇਆ ਗਿਆ ਸੀ। ਉਸ ਸਮੇਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਜਬਰੀ ਧਰਮ ਪਰਿਵਰਤਨ ਦੇ ਖ਼ਿਲਾਫ਼ ਸਖ਼ਤ ਰੁਖ ਅਪਣਾਇਆ ਸੀ।

(**ਬਾਕੀ ਸਫ਼ਾ** 30 'ਤੇ)

# ਅੰਤਰਰਾਸ਼ਟਰੀ ਆਲੋਚਨਾ ਵਿੱਚ ਘਿਰਿਆ ਭਾਰਤੀ ਮੀਡੀਆ: ਟੀ.ਆਰ.ਪੀ. ਵਧੀ, ਭਰੋਸਾ ਘਟਿਆ

## ਭਾਰਤ-ਪਾਕਿਸਤਾਨ ਤਣਾਅ 'ਚ ਮੀਡੀਆ ਨੇ ਗ਼ੈਰ-ਜ਼ਿੰਮੇਵਾਰੀ ਨਿਭਾਈ

ਅੱਜ ਦਾ ਭਾਰਤੀ ਮੀਡੀਆ, ਵਿਸ਼ੇਸ਼ ਕਰਕੇ ਇਲੈਕਟ੍ਰਾਨਿਕ ਮੀਡੀਆ, ਇਸ ਸੰਵੇਦਨਸ਼ੀਲ ਭੂਮਿਕਾ ਤੋਂ ਭਟਕ ਗਿਆ ਹੈ। ਇਹ ਸਮਾਜ ਦੀ ਆਤਮਾ ਨੂੰ ਜਗਾਉਣ ਦੀ ਬਜਾਏ, ਨਫ਼ਰਤ, ਹਿੰਸਾ ਅਤੇ ਫਿਰਕੂਵਾਦ ਦੀ ਅੱਗ ਨੂੰ ਹਵਾ ਦੇ ਰਿਹਾ ਹੈ। ਇਹ ਸਮਾਜ ਦੀ ਸੇਵਾ ਕਰਨ ਤੇ ਮੁੱਦੇ ਚੁਕਣ ਦੀ ਬਜਾਏ ਸੱਤਾ ਦਾ ਭੌਂਪੂ ਬਣ ਗਿਆ ਹੈ ਅਤੇ ਇਹ ਸਮਾਜ ਦੀ ਆਤਮਾ ਨੂੰ ਜ਼ਖ਼ਮੀ ਕਰਦਾ ਹੈ। ਭਾਰਤੀ ਮੀਡੀਆ ਅਤੇ ਫਰਜ਼ੀ ਖ਼ਬਰਾਂ ਦਾ ਪ੍ਰਸਾਰਭਾਰਤੀ ਮੀਡੀਆ, ਖ਼ਾਸਕਰ ਹਿੰਦੀ ਇਲੈਕਟ੍ਰਾਨਿਕ ਮੀਡੀਆ, ਨੂੰ 'ਗੋਦੀ ਮੀਡੀਆ' ਦੇ ਨਾਮ ਨਾਲ ਜਾਣਿਆ ਜਾਣ ਲੱਗਾ ਹੈ। ਇਸ ਦੀ ਸਭ ਤੋਂ ਵੱਡੀ ਵਜ੍ਹਾ ਹੈ ਫਰਜ਼ੀ ਅਤੇ ਸਨਸਨੀਖੇਜ਼ ਖ਼ਬਰਾਂ ਦਾ ਪ੍ਰਸਾਰ। ਭਾਰਤ-ਪਾਕਿਸਤਾਨ ਤਣਾਅ ਦੌਰਾਨ, ਜਿਵੇਂ ਕਿ 'ਅਪਰੇਸ਼ਨ ਸੰਧੂਰ' (7 ਮਈ 2025) ਦੇ ਸਮੇਂ, ਮੀਡੀਆ ਨੇ ਅਜਿਹੀਆਂ ਖ਼ਬਰਾਂ ਪ੍ਰਸਾਰਿਤ ਕੀਤੀਆਂ ਜੋ ਨਾ ਸਿਰਫ ਤੱਥਹੀਣ ਸਨ, ਸਗੋਂ ਅੰਤਰਰਾਸ਼ਟਰੀ ਪੱਧਰ 'ਤੇ ਭਾਰਤ ਦੀ ਜੱਗ-ਹਸਾਈ ਦਾ ਕਾਰਨ ਬਣੀਆਂ।




ਉਦਾਹਰਣ ਵਜੋਂ, 'ਪਾਕਿਸਤਾਨ 'ਤੇ ਜਲਦ ਕਬਜ਼ਾ', 'ਕਰਾਚੀ ਨਕਸ਼ੇ ਤੋਂ ਗਾਇਬ', ਜਾਂ 'ਭਾਰਤ ਨੇ ਇਸਲਾਮਾਬਾਦ 'ਤੇ ਕਬਜ਼ਾ ਕਰ ਲਿਆ' ਵਰਗੀਆਂ ਸੁਰਖੀਆਂ ਨੇ ਪੱਤਰਕਾਰਤਾ ਦੇ ਮਿਆਰਾਂ ਨੂੰ ਡੁੱਬੋ ਦਿੱਤਾ। ਇਹ ਸੁਰਖੀਆਂ ਸਿਰਫ ਸਨਸਨੀਖੇਜ਼ ਹੀ ਨਹੀਂ ਸਨ, ਸਗੋਂ ਇਨ੍ਹਾਂ ਨੇ ਲੋਕਾਂ ਦੀਆਂ ਭਾਵਨਾਵਾਂ ਨੂੰ ਭੜਕਾਉਣ ਦਾ ਕੰਮ ਵੀ ਕੀਤਾ।

ਇਪਸੌਸ ਗਰੁੱਪ ਦੇ ਅਧਿਐਨ ਅਨੁਸਾਰ, ਭਾਰਤੀਆਂ ਦੀ ਅਸਲੀ ਅਤੇ ਫਰਜ਼ੀ ਖ਼ਬਰਾਂ ਵਿੱਚ ਫਰਕ ਕਰਨ ਦੀ ਸਮਰੱਥਾ ਸਭ ਤੋਂ ਕਮਜ਼ੋਰ ਹੈ। ਇਸ ਦਾ ਮੁੱਖ ਕਾਰਨ ਮੀਡੀਆ ਦੀ ਸਨਸਨੀਖੇਜ਼ ਅਤੇ ਭਾਵੁਕ ਰਿਪੋਰਟਿੰਗ ਹੈ, ਜੋ ਲੋਕਾਂ ਨੂੰ ਤੱਥਾਂ ਦੀ ਪੜਤਾਲ ਕਰਨ ਦੀ ਬਜਾਏ ਭਾਵਨਾਤਮਕ ਪ੍ਰਤੀਕਿਰਿਆ ਵੱਲ ਧੱਕਦੀ ਹੈ।

ਭਾਰਤ ਸਰਕਾਰ ਵੱਲੋਂ ਮੀਡੀਆ ਦੀ ਇਸ ਗੈਰ-ਜ਼ਿੰਮੇਵਾਰਾਨਾ ਰਿਪੋਰਟਿੰਗ 'ਤੇ ਕੋਈ ਸਖ਼ਤ ਕਾਰਵਾਈ ਨਾ ਕਰਨਾ ਵੀ ਇੱਕ ਵੱਡਾ ਸਵਾਲ ਹੈ।

(**ਬਾਕੀ ਸਫ਼ਾ** 30 'ਤੇ)

## ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ਬਾਰੇ ਵਿਚਾਰ ਚਰਚਾ



ਪਿਛਲੇ ਕੁੱਝ ਸਮੇਂ ਤੋਂ ਕੌਮੀ ਹਲਕਿਆਂ ਵਿੱਚ ਪੱਛਮ, ਆਧੁਨਿਕਤਾ, ਰਾਸ਼ਟਰਵਾਦ ਅਤੇ ਨੇਸ਼ਨ- ਸਟੇਟ ਦੇ ਸਿੱਖ ਪਰੰਪਰਾਵਾਂ ਦੇ ਵਿਰੋਧ ਬਾਰੇ ਵਿਵਾਦ ਚੱਲ ਰਿਹਾ ਹੈ। ਇਸ ਵਿਵਾਦ ਦਾ ਸਿਧਾਂਤਕ ਆਧਾਰ ਖਾਸ ਕਰਕੇ ਉੱਤਰ- ਬਸਤੀਵਾਦੀ ਵਿਚਾਰਾਂ ਤੋਂ ਪੈਦਾ ਹੋਈ ਯੂਰਪ ਕੇਂਦ੍ਰਿਤ ਵਿਰੋਧਤਾ ਹੈ ਪਰ ਇੰਨਾਂ ਸਾਰੇ ਵਰਤਾਰਿਆਂ ਦੇ ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ 'ਤੇ ਡੂੰਘੇ ਅਸਰ ਪਏ ਹਨ। ਇਸ ਕਰਕੇ ਇੰਨਾਂ ਵਰਤਾਰਿਆਂ ਸਬੰਧੀ ਵੱਡੀ ਸਿਧਾਂਤਕ ਚਰਚਾ ਦੀ ਜ਼ਰੂਰਤ ਹੈ। ਆਸ ਹੈ ਕਿ ਕੌਮੀ ਤੌਰ 'ਤੇ ਚੇਤੰਨ ਸਿੱਖ ਇਸ ਚਰਚਾ ਵਿੱਚ ਆਪਣਾ ਵਿਚਾਰਕ ਹਿੱਸਾ ਪਾਉਣਗੇ। ਇਸ ਸਬੰਧੀ ਵਿਦਵਾਨ ਲੇਖਕ ਆਪਣੇ ਵਿਚਾਰ 500 ਸ਼ਬਦਾਂ ਵਿੱਚ ਯੂਨੀਕੋਡ ਜਾਂ ਸਤਲੁਜ ਫੌਂਟ ਵਿੱਚ ਲਿਖ ਕੇ ਈਮੇਲ ਰਾਹੀਂ ਭੇਜ ਸਕਦੇ ਹਨ

**ਈ ਮੇਲ : asrtimes@gmail.com**

CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.
Vehicle Registration (Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL DRUG TESTING
Capital DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse,
DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com




# ਕੁਦਰਤ ਦੀ ਅਨਮੋਲ ਦਾਤ ਮਾਨਸੂਨ ਪੌਣਾਂ

## ਭਾਰਤ ਦੇ ਕੇਂਦਰੀ ਬਜਟ ’ਤੇ ਵੀ ਵੱਡਾ ਪ੍ਰਭਾਵ ਪਾਉਂਦੀ ਹੈ ਮਾਨਸੂਨ

## ਏਸ਼ੀਅਨ ਦੇਸ਼ਾਂ ਦੀ ਆਰਥਿਕਤਾ ਦਾ ਧੁਰਾ ਹੁੰਦੀ ਹੈ ਮਾਨਸੂਨ ਦੀ ਰ਼ਫਤਾਰ

**ਜਗਮੋਹਨ ਸਿੰਘ ‘ਲੱਕੀ’**

ਕੁਦਰਤ ਨੂੰ ਕਾਦਰ ਭਾਵ ਪਰਮਾਤਮਾ ਦੀ ਸਲਤਨਤ ਮੰਨਿਆਂ ਜਾਂਦਾ ਹੈ। ਕੁਦਰਤ ਵੱਲੋਂ ਜਿਥੇ ਮਨੁੱਖਤਾ ਨੂੰ ਧਰਤੀ, ਅਸਮਾਨ, ਜਲ, ਜੰਗਲ, ਜ਼ਮੀਨ, ਹਵਾ, ਜਲਵਾਯੂ, ਵਾਤਾਵਰਣ, ਪਸ਼ੂ, ਪੰਛੀ, ਮਨੁੱਖ, ਅਨਾਜ, ਖਣਿਜ ਪਦਾਰਥ ਸਮੇਤ ਅਨੇਕਾਂ ਅਨਮੋਲ ਦਾਤਾਂ ਦਿੱਤੀਆਂ ਹੋਈਆਂ ਹਨ, ਉਥੇ ਮਾਨਸੂਨ ਅਤੇ ਮਾਨਸੂਨ ਪੌਣਾਂ ਵੀ ਕੁਦਰਤ ਦੀ ਅਨਮੋਲ ਦਾਤ ਹਨ। ਭਾਰਤ, ਪਾਕਿਸਤਾਨ ਅਤੇ ਬੰਗਲਾਦੇਸ਼ ਸਮੇਤ ਏਸ਼ੀਆ ਦੇ ਅਨੇਕਾਂ ਦੇਸ਼ਾਂ ਵਿੱਚ ਮਾਨਸੂਨ ਦੀ ਰਫ਼ਤਾਰ ਇਹਨਾਂ ਦੇਸ਼ਾਂ ਦੀ ਆਰਥਿਕਤਾ ਦਾ ਧੁਰਾ ਹੁੰਦੀ ਹੈ। ਜੇ ਮਾਨਸੂਨ ਦੀ ਰਫ਼ਤਾਰ ਤੇਜ਼ ਹੈ, ਇਹਨਾਂ ਮੁਲਕਾਂ ਦੀ ਅਰਥ ਵਿਵਸਥਾ ਵਿੱਚ ਵੀ ਤੇਜ਼ੀ ਆ ਜਾਂਦੀ ਹੈ, ਜੇ ਮਾਨਸੂਨ ਦੀ ਰਫ਼ਤਾਰ ਢਿੱਲੀ ਹੈ ਤਾਂ ਇਹਨਾਂ ਮੁਲਕਾਂ ਦੀ ਅਰਥ ਵਿਵਸਥਾ ਵੀ ਡਗਮਗਾ ਜਾਂਦੀ ਹੈ। ਭਾਰਤ ਦੇ ਕੇਂਦਰੀ ਬਜਟ ’ਤੇ ਵੀ ਮਾਨਸੂਨ ਵੱਡਾ ਪ੍ਰਭਾਵ ਪਾਉਂਦੀ ਹੈ। ਭਾਰਤ ਸਮੇਤ ਕਈ ਮੁਲਕਾਂ ਵਿੱਚ ਅਨਾਜ ਦੀ ਪੈਦਾਵਾਰ ਪੂਰੀ ਤਰਾਂ ਮਾਨਸੂਨ ’ਤੇ ਨਿਰਭਰ ਹੁੰਦੀ ਹੈ, ਜਿਸ ਤੋਂ ਪਤਾ ਚਲ ਜਾਂਦਾ ਹੈ ਕਿ ਮਾਨਸੂਨ ਦੀ ਸਾਡੀ ਜਿੰਦਗੀ ਵਿੱਚ ਕਿੰਨੀ ਮਹੱਤਤਾ ਹੈ।

ਮਾਨਸੂਨ ਸ਼ਬਦ ਅੰਗਰੇਜ਼ੀ ਭਾਸ਼ਾ ਦੇ ਮੌਨਸੂਨ ਤੋਂ ਲਿਆ ਗਿਆ ਹੈ। ਅੰਗਰੇਜ਼ੀ ਦਾ ਮੌਨਸੂਨ ਸ਼ਬਦ ਪੁਰਤਗਾਲੀ ਭਾਸ਼ਾ ਦੇ ਮੌਨਕਾਓ ਤੋਂ ਲਿਆ ਗਿਆ ਹੈ, ਜੋ ਕਿ ਅਰਬੀ ਭਾਸ਼ਾ ਦੇ ਸ਼ਬਦ ਮੌਸਿਮ ਤੋਂ ਲਿਆ ਗਿਆ ਹੈ ਜਿਸ ਦਾ ਅਰਥ ਰੁੱਤ ਹੁੰਦਾ ਹੈ। ਅਸਲ ਵਿੱਚ ਮਾਨਸੂਨ ਸ਼ਬਦ ਦਾ ਜਨਮ ਡੱਚ ਭਾਸ਼ਾ ਦੇ ਮੌਨਸੰਨ ਸ਼ਬਦ ਤੋਂ ਹੋਈ ਮੰਨੀ ਜਾਂਦੀ ਹੈ।

ਮਾਨਸੂਨ ਪੌਣਾਂ ਉਹਨਾਂ ਮੌਸਮੀ ਹਵਾਵਾਂ ਨੂੰ ਕਿਹਾ ਜਾਂਦਾ ਹੈ, ਜੋ ਕਿ ਮੌਸਮ ਅਨੁਸਾਰ ਆਪਣੀ ਦਿਸ਼ਾ ਬਦਲ ਲੈਂਦੀਆਂ ਹਨ। ਜਦੋਂ ਜਲ ਅਤੇ ਥਲ ਭਾਵ ਸਮੁੰਦਰ ਅਤੇ ਧਰਤੀ ਦੇ ਤਾਪਮਾਨ ਵਿੱਚ ਅੰਤਰ ਪੈਦਾ ਹੋ ਜਾਂਦਾ ਹੈ ਤਾਂ ਮਾਨਸੂਨ ਹਵਾਵਾਂ ਦਾ ਜਨਮ ਹੁੰਦਾ ਹੈ। ਮਾਨਸੂਨ ਹਵਾਵਾਂ ਗਰਮੀ ਅਤੇ ਸਰਦੀ ਦੇ ਮੌਸਮ ਅਨੁਸਾਰ ਆਪਣੀ ਦਿਸ਼ਾ ਬਦਲ ਲੈਂਦੀਆਂ ਹਨ। ਗਰਮੀ ਵਿੱਚ ਮਾਨਸੂਨ ਪੌਣਾਂ ਸਮੁੰਦਰ ਤੋਂ ਧਰਤੀ ਵੱਲ ਚੱਲਦੀਆਂ ਹਨ ਅਤੇ ਸਿਆਲਾਂ ਦੀ ਰੁੱਤ ਵਿੱਚ ਮਾਨਸੂਨ ਪੌਣਾਂ ਧਰਤੀ ਤੋਂ ਸਮੁੰਦਰ ਵੱਲ ਚਲਦੀਆਂ ਹਨ। ਇਸ ਤਰਾਂ ਸਮੇਂ ਦੇ ਚੱਕਰ ਅਨੁਸਾਰ



ਮਾਨਸੂਨ ਪੌਣਾਂ ਦਾ ਚੱਕਰ ਚਲਦਾ ਰਹਿੰਦਾ ਹੈ, ਜੋ ਕਿ ਆਦਿ ਕਾਲ ਤੋਂ ਲਗਾਤਾਰ ਜਾਰੀ ਹੈ ਅਤੇ ਮਾਨਸੂਨ ਪੌਣਾਂ ਦਾ ਇਹ ਚੱਕਰ ਭਾਵ ਸ਼ਫਰ ਰਹਿੰਦੀ ਦੁਨੀਆ ਤੱਕ ਜਾਰੀ ਰਹਿਣਾ ਹੈ। ਮਾਨਸੂਨ ਪੌਣਾਂ 20 ਡਿਗਰੀ ਉੱਤਰ ਤੋਂ 20 ਡਿਗਰੀ ਦੱਖਣ ਵਿਚਲੇ ਊਸ਼ਣ ਖੰਡਾਂ ਵਿੱਚ ਚੱਲਣ ਵਾਲੀ ਮੌਸਮੀ ਪੌਣ ਹੁੰਦੀ ਹੈ ਪਰ ਭਾਰਤੀ ਉਪ ਮਹਾਂਦੀਪ ਵਿੱਚ ਮਾਨਸੂਨ ਪੌਣਾਂ ਹਿਮਾਲਿਆ ਪਰਬਤ ਦੇ ਪ੍ਰਭਾਵ ਕਾਰਨ ਸਾਰੇ ਉਪ ਮਹਾਂਦੀਪ ਵਿੱਚ ਹੀ ਚਲਦੀਆਂ ਰਹਿੰਦੀਆਂ ਹਨ। ਮਾਨਸੂਨ ਪੌਣਾਂ ਕਰਕ ਰੇਖਾ ਅਤੇ ਮਕਰ ਰੇਖਾ ਦੇ ਵਿਚਲੇ ਇਲਾਕਿਆਂ ਵਿੱਚ ਚਲਦੀਆਂ ਹਨ।

ਗਰਮੀਆਂ ਵਿੱਚ ਸੂਰਜ ਉੱਤਰ ਵੱਲ ਸਰਕ ਜਾਂਦਾ ਹੈ ਭਾਵ ਕਰਕ ਰੇਖਾ ਉੱਤੇ ਸਿੱਧਾ ਚਮਕਦਾ ਹੈ। ਇਸ ਕਾਰਨ ਗਰਮੀਆਂ ਦੀ ਹਵਾ ਦਾਬ ਪੇਟੀ ਵੀ ਉੱਤਰ ਵੱਲ ਸਰਕ ਜਾਂਦੀ ਹੈ। ਇਸ ਦਾ ਭਾਰਤ ਦੇ ਉੱਤਰੀ ਅਤੇ ਪੱਛਮੀ ਮੈਦਾਨਾਂ ’ਤੇ ਪ੍ਰਭਾਵ ਪੈਂਦਾ ਹੈ ਅਤੇ ਗਰਮੀ ਵੱਧ ਜਾਂਦੀ ਹੈ। ਥਲੀ ਭਾਗ ਵਧੇਰੇ ਗਰਮ ਹੋਣ ਕਾਰਨ ਇਥੇ ਵਾਯੁਦਾਬ ਘੱਟ ਜਾਂਦਾ ਹੈ ਅਤੇ ਸਮੁੰਦਰੀ ਹਿੱਸਾ ਹੌਲੀ ਗਰਮ ਹੋਣ ਨਾਲ ਉਥੇ ਵਾਯੂ ਦਾਬ ਵੱਧ ਹੁੰਦਾ ਹੈ, ਇਸ ਸਥਿਤੀ ਮਾਨਸੂਨ ਪੌਣਾਂ ਦੇ ਚੱਲਣ ਲਈ ਸਹੀ ਹੁੰਦੀ ਹੈ। ਗਰਮੀਆਂ ਵਿੱਚ ਤਿੱਬਤ ਦਾ ਪਠਾਰ ਬਹੁਤ ਗਰਮ ਹੋ ਜਾਂਦਾ ਹੈ , ਇਥੇ ਵਾਯੂ ਦਾਬ ਘੱਟ ਜਾਂਦਾ ਹੈ ਕਿਉਂਕਿ ਪੌਣਾਂ ਉੱਪਰ ਉੱਠਣ ਲੱਗ ਪੈਂਦੀਆਂ ਹਨ। ਇਸ ਦੀ ਥਾਂ ਲੈਣ ਲਈ ਭਾਰਤ ਦੇ ਦੱਖਣ ਵਲੋਂ ਵੱਧ ਦਾਬ ਵਾਲੀਆਂ ਪੌਣਾਂ ਤਿੱਬਤ ਵੱਲ ਚੱਲ ਪੈਂਦੀਆਂ ਹਨ। ਮਾਨਸੂਨ ਪੌਣਾਂ ਦੇ ਪੈਦਾ ਹੋਣ ਦਾ ਇਹ ਵੀ ਇਕ ਵੱਡਾ ਕਾਰਨ ਬਣ ਜਾਂਦਾ ਹੈ।

ਭਾਰਤ ਵਿੱਚ ਮਾਨਸੂਨ ਪੌਣਾਂ ਦੀਆਂ ਤਿੰਨ ਵਿਸ਼ੇਸ਼ਤਾਵਾਂ ਮੰਨੀਆਂ ਜਾਂਦੀਆਂ ਹਨ। ਅਸਲ ਵਿੱਚ ਭਾਰਤ ਵਿੱਚ ਨੂੰ ਭਰੋਸੇਯੋਗ ਨਹੀਂ ਮੰਨਿਆ ਜਾਂਦਾ ਇਸੇ ਕਰਕੇ ਭਾਰਤ ਵਿੱਚ ਅਸਥਿਰਤਾ ਨੂੰ ਮਾਨਸੂਨ ਪੌਣਾਂ ਦੀ ਵਿਸ਼ੇਸ਼ਤਾ ਮੰਨਿਆ ਜਾਂਦਾ ਹੈ। ਭਾਰਤ ਵਿੱਚ ਮਾਨਸੂਨ ਆਉਣ ਤੋਂ ਬਾਅਦ ਇਹ ਜਰੂਰੀ ਨਹੀਂ ਕਿ ਹਰ ਇਲਾਕੇ ਵਿਚ ਇਕੋ ਜਿਹੀ ਬਰਸਾਤ ਹੋਵੇ ਜਾਂ ਫਿਰ ਬਰਸਾਤ ਨਾ ਹੋਵੇ। ਮਾਨਸੂਨ ਪੌਣਾਂ ਕਾਰਨ ਪੈਂਦੀ ਬਰਸਾਤ ਦੀ ਅਸਥਿਰਤਾ ਕਰਕੇ ਹੀ ਅਕਸਰ ਭੁੱਖਮਰੀ ਅਤੇ ਕਾਲ ਪੈ ਜਾਂਦੇ ਹਨ। ਮਾਨਸੂਨ ਪੌਣਾਂ ਦੀ ਇਹ ਅਸਥਿਰਤਾ ਦੇਸ਼ ਦੇ ਅੰਦਰੂਨੀ ਹਿਸੇ ਅਤੇ ਰਾਜਸਥਾਨ ਵੱਲ ਵਧਦੀ ਜਾਂਦੀ ਹੈ। ਰਾਜਸਥਾਨ ਭਾਵੇਂ ਅਰਬ ਸਾਗਰ ਦੇ ਨੇੜੇ ਹੈ ਪਰ ਜਦੋਂ ਤਕ ਮਾਨਸੂਨ ਪੌਣਾਂ ਰਾਜਸਥਾਨ ਦੇ ਥਾਰ ਰੇਗਿਸਤਾਨ ਵਿੱਚ ਪਹੁੰਚਦੀਆਂ ਹਨ, ਤਾਂ ਇਹਨਾਂ ਹਵਾਵਾਂ ਵਿਚਲੀ ਨਮੀ ਬਹੁਤ ਘੱਟ ਜਾਂਦੀ ਹੈ, ਇਸ ਦੇ ਨਾਲ ਰਾਜਸਥਾਨ ਪਹੁੰਚਦੇ ਸਮੇਂ ਮਾਨਸੂਨ ਪੌਣਾਂ ਦੀ ਗਤੀ ਬਹੁਤ ਘੱਟ ਜਾਂਦੀ ਹੈ, ਜਿਸ ਕਾਰਨ ਰਾਜਸਥਾਨ ਦਾ ਥਾਰ ਮਾਰੂਥਲ ਹਿਸਾ ਮਾਨਸੂਨ ਪੌਣਾਂ ਦੇ ਆਉਣ ਦੇ ਬਾਅਦ ਵੀ ਖੁਸ਼ਕ ਰਹਿ ਜਾਂਦਾ ਹੈ।



**ਪਿਛਲੇ 75 ਸਾਲਾਂ ’ਚ ਮਾਨਸੂਨ ਨੇ ਸਭ ਤੋਂ ਪਹਿਲਾਂ ਦੇਸ਼ ਦੀ ਆਰਥਿਕ ਰਾਜਧਾਨੀ ਮੁੰਬਈ ’ਚ ਜ਼ੋਰਦਾਰ ਢੰਗ ਨਾਲ ਦਸਤਕ ਦਿੱਤੀ ਹੈ। ਮੌਸਮ ਵਿਗਿਆਨੀਆਂ ਅਨੁਸਾਰ, ‘ਦੱਖਣ-ਪੱਛਮੀ ਮਾਨਸੂਨ ਨੇ 26 ਮਈ ਨੂੰ ਮੁੰਬਈ ’ਚ ਦਸਤਕ ਦਿੱਤੀ ਹੈ। ਪਿਛਲੇ 75 ਸਾਲਾਂ ’ਚ ਮਾਨਸੂਨ ਇੰਨੀ ਜਲਦੀ ਮੁੰਬਈ ਪਹੁੰਚਿਆ ਹੈ।’ ਮੌਸਮ ਵਿਗਿਆਨੀਆਂ ਨੇ ਕਿਹਾ ਕਿ ਦੱਖਣ-ਪੱਛਮੀ ਮਾਨਸੂਨ 1956 ’ਚ 29 ਮਈ ਨੂੰ ਮੁੰਬਈ ਪਹੁੰਚਿਆ ਸੀ। ਇਹ 1962 ਤੇ 1971 ’ਚ ਵੀ ਇਸੇ ਤਰੀਕ ਨੂੰ ਪੁੱਜਾ ਸੀ। ਮੁੰਬਈ ’ਚ ਮਾਨਸੂਨ ਪੁੱਜਣ ਦੀ ਆਮ ਤਰੀਕ 11 ਜੂਨ ਹੈ।**



ਮਾਨਸੂਨ ਪੌਣਾਂ ਅਤੇ ਮਾਨਸੂਨ ਬਰਸਾਤ ਦੀ ਦੂਜੀ ਵਿਸ਼ੇਸ਼ਤਾ ਅਸਾਵੀਂ ਵੰਡ ਹੈ। ਮਾਨਸੂਨ ਪੌਣਾਂ ਕਾਰਨ ਪੂਰੇ ਮੁਲਕ ਵਿੱਚ ਬਰਸਾਤ ਇਕੋ ਜਿਹੀ ਨਹੀਂ ਪੈਂਦੀ । ਪੱਛਮੀ ਘਾਟ ਦੀਆਂ ਪੱਛਮੀ ਢਲਾਣਾਂ ਅਤੇ ਮੇਘਾਲਿਆ ਤੇ ਅਸਮ ਦੀਆਂ ਪਹਾੜੀਆਂ ਤੇ 250 ਸੈਂਟੀਮੀਟਰ ਤੋਂ ਵੀ ਵੱਧ ਬਰਸਾਤ ਪੈਂਦੀ ਹੈ, ਜਿਥੇ ਕਿ ਰਿਮ-ਝਿਮ ਦੇ ਗੀਤ ਗਾਏ ਜਾਂਦੇ ਹਨ। ਇਸ ਦੇ ਉਲਟ ਪੱਛਮੀ ਰਾਜਸਥਾਨ , ਪੱਛਮੀ ਗੁਜਰਾਤ ਅਤੇ ਉੱਤਰੀ ਕਸ਼ਮੀਰ ਵਿੱਚ 25 ਸੈਂਟੀਮੀਟਰ ਤੋਂ ਵੀ ਘੱਟ ਬਰਸਾਤ ਪੈਂਦੀ ਹੈ।

ਮਾਨਸੂਨ ਪੌਣਾਂ ਦੀ ਤੀਜੀ ਵਿਸ਼ੇਸ਼ਤਾ ਭਾਰਤ ਵਿੱਚ ਮਾਨਸੂਨ ਪੌਣਾਂ ਕਾਰਨ ਹੁੰਦੀ ਬਰਸਾਤ ਦੀ ਮਾਤਰਾ ਨਿਸ਼ਚਿਤ ਨਹੀਂ ਹੈ। ਕਈ ਵਾਰ ਮਾਨਸੂਨ ਪੌਣਾਂ ਸਮੇਂ ਤੋਂ ਪਹਿਲਾਂ ਆ ਕੇ ਭਾਰਤ ਦੇ ਵੱਖ ਵੱਖ ਹਿਸਿਆਂ ਵਿੱਚ ਭਾਰੀ ਬਰਸਾਤ ਕਰ ਦਿੰਦੀਆਂ ਹਨ,ਜਿਸ ਕਾਰਨ ਹੜ੍ਹਾਂ ਵਰਗੀ ਸਥਿਤੀ ਪੈਦਾ ਹੋ ਜਾਂਦੀ ਹੈ ਅਤੇ ਕਈ ਵਾਰ ਮਾਨਸੂਨ ਪੌਣਾਂ ਦੀ ਰਫ਼ਤਾਰ ਅਤੇ ਨਮੀ ਘੱਟ ਹੋਣ ਕਾਰਨ ਘੱਟ ਬਰਸਾਤ ਪੈਂਦੀ ਹੈ, ਜਿਸ ਕਾਰਨ ਸੋਕਾ ਅਤੇ ਕਾਲ ਪੈ ਜਾਂਦੇ ਹਨ।

ਅਸਮਾਨ ’ਤੇ ਜਦੋਂ ਕਾਲੀਆਂ ਘਟਾਵਾਂ ਚੜ੍ਹ ਜਾਂਦੀਆਂ ਹਨ, ਠੰਡੀਆਂ ਨਮੀ ਵਾਲੀਆਂ ਸਿੱਲ੍ਹੀਆਂ ਸਿੱਲ੍ਹੀਆਂ ਹਵਾਵਾਂ ਚੱਲਣ ਲੱਗ ਪੈਂਦੀਆਂ ਹਨ ਅਤੇ ਛਮ ਛਮ ਮੀਂਹ ਪੈਣ ਲੱਗਦਾ ਹੈ ਤਾਂ ਪਤਾ ਚਲ ਜਾਂਦਾ ਹੈ ਕਿ ਮਾਨਸੂਨ ਦੀ ਆਮਦ ਹੋ ਚੁੱਕੀ ਹੈ। ਇਹ ਮੌਸਮ ਸਭ ਦੇ ਮਨ ਨੂੰ ਭਾਉਂਦਾ ਹੈ। ਅਸਮਾਨ ਵਿੱਚ ਚੜ੍ਹੀਆਂ ਕਾਲੀਆਂ ਘਟਾਵਾਂ ਵੇਖ ਕੇ ਮੋਰ ਨੱਚਦੇ ਗਾਉਂਦੇ ਪੈਲਾਂ ਪਾਉਂਦੇ ਹਨ ਅਤੇ ਮਾਨਸੂਨ ਪੌਣਾਂ ਕਾਰਨ ਪੈਂਦੇ ਮੀਂਹ ਵਿੱਚ ਪੂਰੀ ਬਨਸਪਤੀ ਵੀ ਨਹਾ ਧੋ ਕੇ ਖੁਸ਼ੀ ਵਿੱਚ ਝੂਮਦੀ ਲੱਗਦੀ ਹੈ।







ਦਰਪਣ ਝੂਠ ਨਹੀਂ ਬੋਲਦਾ

# ਕੀ ਸ਼੍ਰੋਮਣੀ ਕਮੇਟੀ ਭਾਈ ਰਾਜੋਆਣਾ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਥਾਪਣ ਦੀ ਕਰ ਰਹੀ ਹੈ ਤਿਆਰੀ ?

## ਕੀ ਭਾਈ ਰਾਜੋਆਣਾ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਜਥੇਦਾਰੀ ਬਾਰੇ ਜ਼ਿੰਮੇਵਾਰੀ ਨੂੰ ਨਿਭਾਉਣ ਲਈ ਪੂਰਨ ਸਮਰੱਥ ਹੋਣਗੇ ?

ਭਾਈ ਬਲਵੰਤ ਸਿੰਘ ਰਾਜੋਆਣਾ, ਜੋ ਪਟਿਆਲਾ ਜੇਲ੍ਹ ਦੀਆਂ ਸਲਾਖਾਂ ਪਿੱਛੇ ਬੰਦ ਹਨ, ਨੇ ਇੱਕ ਚਿੱਠੀ ਰਾਹੀਂ ਸ੍ਰੀ ਦਰਬਾਰ ਸਾਹਿਬ ਦੇ ਸਿੱਖ ਅਜਾਇਬ ਘਰ ਵਿੱਚ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਤਸਵੀਰ ਲਾਉਣ ਦੇ ਫੈਸਲੇ ਨੂੰ ਠੁਕਰਾਇਆ ਹੈ ਤੇ ਇਸ ਤਸਵੀਰ ਲਾਉਣ ਨੂੰ ਸਿੱਖ ਸ਼ਹਾਦਤਾਂ ਦੀ ਤੌਹੀਨ ਦੱਸਿਆ ਸੀ। ਇਸ ਚਿੱਠੀ ਉੱਪਰ ਸ਼੍ਰੋਮਣੀ ਕਮੇਟੀ ਵੱਲੋਂ ਫੈਸਲਾ ਮੁਲਤਵੀ ਕਰਨ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਜਥੇਦਾਰੀ ਲਈ ਉਨ੍ਹਾਂ ਦੇ ਨਾਂ ਦੀਆਂ ਅਫਵਾਹਾਂ ਨੂੰ ਵੀ ਜਨਮ ਦਿੱਤਾ ਹੈ।

ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਕੁਝ ਪੋਸਟਾਂ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਸ਼੍ਰੋਮਣੀ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਭਾਈ ਰਾਜੋਆਣਾ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਬਣਾਉਣ ਦੀ ਤਿਆਰੀ ਕਰ ਰਹੇ ਹਨ।ਪੰਥਕ ਹਲਕਿਆਂ ਵਿੱਚ ਇਹ ਵੀ ਚਰਚਾ ਹੈ ਕਿ ਅਕਾਲੀ ਦਲ (ਬਾਦਲ) ਦੀ ਸਿਆਸੀ ਮਜਬੂਰੀ ਕਾਰਨ ਅਜਿਹੇ ਫੈਸਲੇ ਹੋ ਸਕਦੇ ਹਨ, ਕਿਉਂਕਿ ਪਾਰਟੀ 'ਤੇ ਪੰਥਕ ਮੁੱਦਿਆਂ 'ਤੇ ਪਿਛਾਂਹ ਹਟਣ ਦੇ ਇਲਜ਼ਾਮ ਲੱਗਦੇ ਰਹੇ ਹਨ।

ਸੂਤਰਾਂ ਅਨੁਸਾਰ ਭਾਈ ਰਾਜੋਆਣਾ ਦੀ ਅਕਾਲੀ ਦਲ ਬਾਦਲ ਨਾਲ ਨੇੜਤਾ ਹੈ ਤੇ ਉਹ ਚੋਣਾਂ ਦੌਰਾਨ ਅਕਾਲੀ ਦਲ ਬਾਦਲ ਦੀ ਹਮਾਇਤ ਕਰਦੇ ਰਹੇ ਹਨ।ਸੁਖਬੀਰ ਸਿੰਘ ਬਾਦਲ ਨੇ ਸੰਗਰੂਰ ਲੋਕ ਸਭਾ ਜ਼ਿਮਨੀ ਚੋਣ ਵਿੱਚ ਬੀਬੀ ਕਮਲਦੀਪ ਕੌਰ ਰਾਜੋਆਣਾ, ਜੋ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਭੈਣ ਹਨ, ਦੇ ਹੱਕ ਵਿੱਚ ਪ੍ਰਚਾਰ ਕੀਤਾ ਸੀ। ਸੁਖਬੀਰ ਨੇ ਇਸ ਦੌਰਾਨ ਕਿਹਾ ਸੀ ਕਿ ਕਮਲਦੀਪ ਦੀ ਜਿੱਤ ਬੰਦੀ ਸਿੰਘਾਂ ਦੀ ਰਿਹਾਈ ਦਾ ਰਾਹ ਪੱਧਰਾ ਕਰੇਗੀ। ਪਰ ਕਮਲਦੀਪ ਕੌਰ ਚੋਣ ਹਾਰ ਗਏ ਸਨ। ਇਹ ਚੋਣ ਸਿਮਰਨਜੀਤ ਸਿੰਘ ਮਾਨ ਨੇ ਜਿੱਤੀ ਸੀ।

ਪਰ ਸਵਾਲ ਇਹ ਹੈ ਕਿ ਕੀ ਰਾਜੋਆਣਾ, ਜੋ ਸਿੱਖ ਸੰਘਰਸ਼ ਵਿੱਚ ਸ਼ਾਮਲ ਰਹੇ ਹਨ ਤੇ ਬੇਅੰਤ ਕਤਲ ਕਾਂਡ ਵਿੱਚ ਸਜ਼ਾ ਭੁਗਤ ਰਹੇ



ਹਨ , ਸ੍ਰੀ ਅਕਾਲ ਤਖ਼ਤ ਸਾਹਿਬ ਦੀ ਜਥੇਦਾਰੀ ਬਾਰੇ ਜ਼ਿੰਮੇਵਾਰੀ ਨੂੰ ਨਿਭਾਉਣ ਲਈ ਪੂਰਨ ਸਮਰੱਥ ਹਨ ?

ਇਹ ਸਾਰਾ ਮਸਲਾ ਸਿੱਖੀ ਦੇ ਸਿਧਾਂਤਾਂ, ਇਤਿਹਾਸ ਅਤੇ ਸੰਗਤ ਦੇ ਸਮਰਥਨ ਦੇ ਆਲੇ-ਦੁਆਲੇ ਘੁੰਮਦਾ ਹੈ।

ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖ ਪੰਥ ਦਾ ਸਰਬਉੱਚ ਸਿੰਘਾਸਣ ਹੈ, ਜਿੱਥੇ ਗੁਰਮਤਿ, ਸਿੱਖ ਇਤਿਹਾਸ ਅਤੇ ਮਰਿਯਾਦਾ ਦੀ ਪੂਰੀ ਸਮਝ ਵਾਲਾ ਸੂਝਵਾਨ ਜਥੇਦਾਰ ਚਾਹੀਦਾ ਹੈ। ਭਾਈ ਰਾਜੋਆਣਾ ਦੀ ਸਿੱਖ ਸੰਘਰਸ਼ ਪ੍ਰਤੀ ਸਮਰਪਣ ਅਤੇ 1984 ਦੇ ਜ਼ਖ਼ਮਾਂ ਨੂੰ ਸਮਝਣ ਦੀ ਸਮਰੱਥਾ ਉਨ੍ਹਾਂ ਨੂੰ ਸੰਗਤ ਦੇ ਦਿਲਾਂ ਵਿੱਚ ਸਤਿਕਾਰ ਜ਼ਰੂਰ ਦਿੰਦੀ ਹੈ। ਪਰ ਜਥੇਦਾਰੀ ਸਿਰਫ਼ ਜੋਸ਼ ਜਾਂ ਸ਼ਹਾਦਤ ਦੀ ਗੱਲ ਨਹੀਂ। ਇਸ ਲਈ ਗੁਰਬਾਣੀ ਦੀ ਸੂਝ, ਸਿੱਖ ਰਹਿਤ ਮਰਯਾਦਾ ਦੀ ਪਕੜ ਅਤੇ ਸੰਗਤ ਨੂੰ ਜੋੜਨ ਦੀ ਸਮਰੱਥਾ ਚਾਹੀਦੀ ਹੈ। ਇਸ ਸੰਦਰਭ ਵਿੱਚ ਭਾਈ ਰਾਜੋਆਣਾ ਸੰਪੂਰਨ ਨਹੀਂ ਹਨ।

ਦੂਜਾ ਸੁਆਲ ਇਹ ਹੈ ਕਿ ਭਾਈ ਰਾਜੋਆਣਾ, ਜੋ ਪਟਿਆਲਾ ਜੇਲ੍ਹ ਦੀਆਂ ਸਲਾਖਾਂ ਵਿੱਚ ਬੰਦ ਹਨ, ਕੀ ਜੇਲ੍ਹ ਵਿੱਚ ਰਹਿੰਦਿਆਂ ਇਹ ਜ਼ਿੰਮੇਵਾਰੀ ਨਿਭਾ ਸਕਣਗੇ ? ਜੇਲ੍ਹ ਵਿਚੋਂ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵਜੋਂ ਕਿਵੇਂ ਫੈਸਲੇ ਲੈ ਸਕਦੇ ਹਨ ? ਅਜਿਹੀ ਕੋਈ ਸਿੱਖ ਇਤਿਹਾਸ ਦੀ ਪਰੰਪਰਾ ਨਹੀਂ ਹੈ।ਉਨ੍ਹਾਂ ਦੀ ਵਿਦਿਆ, ਗੁਰਮਤਿ ਦੀ ਅਕਾਦਮਿਕ ਸਮਝ ਅਤੇ ਮਰਿਯਾਦਾ ਦੀ ਪ੍ਰਕਿਰਿਆਵਾਂ ਵਿੱਚ ਅਨੁਭਵ ਦੀ ਜਾਣਕਾਰੀ ਸੀਮਤ ਹੈ।

ਪੰਥਕ ਮਾਹਿਰਾਂ ਅਨੁਸਾਰ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਨਿਯੁਕਤੀ ਪੰਥਕ ਸਹਿਮਤੀ ਅਤੇ ਗੁਰਮਤਿ ਸਿਧਾਂਤਾਂ 'ਤੇ ਆਧਾਰਿਤ ਹੋਣੀ ਚਾਹੀਦੀ ਹੈ। ਐਕਟਿੰਗ ਜਥੇਦਾਰ ਦੀ ਨਿਯੁਕਤੀ ਨੂੰ ਕਈ ਸਿੱਖ ਵਿਦਵਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਰਯਾਦਾ ਅਤੇ ਸਾਖ ਨੂੰ ਘਟਾਉਣ ਵਾਲਾ ਮੰਨਦੇ ਹਨ। ਭਾਈ ਰਾਜੋਆਣਾ ਨੂੰ ਐਕਟਿੰਗ ਜਥੇਦਾਰ ਬਣਾਉਣ ਦੀ ਚਰਚਾ ਨੂੰ ਸੰਗਤ 'ਚ ਸਿਆਸੀ ਚਾਲ ਵਜੋਂ ਵੀ ਦੇਖਿਆ ਜਾ ਰਿਹਾ ਹੈ, ਜੋ ਪੰਥਕ ਏਕਤਾ ਨੂੰ ਨੁਕਸਾਨ ਪਹੁੰਚਾ ਸਕਦੀ ਹੈ।ਸੰਗਤ ਦੀ ਭਾਵਨਾ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਜਥੇਦਾਰੀ ਪੰਥ ਦੀ ਏਕਤਾ ਅਤੇ ਗੁਰਮਤਿ ਦੀ ਰੌਸ਼ਨੀ ਵਿੱਚ ਹੋਵੇ, ਨਾ ਕਿ ਸਿਆਸਤ ਦੀ ਲਾਲਸਾ ਵਿੱਚ। ਸਿੱਖ ਜਗਤ ਨੂੰ ਚਾਹੀਦਾ ਹੈ ਕਿ ਇਸ ਮਸਲੇ 'ਤੇ ਸੂਝ ਨਾਲ ਵਿਚਾਰ ਕਰੇ, ਤਾਂ ਜੋ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਪਵਿੱਤਰਤਾ ਅਤੇ ਪੰਥ ਦੀ ਏਕਤਾ ਬਰਕਰਾਰ ਰਹਿ ਸਕੇ ਤੇ ਗਲਤ ਫੈਸਲੇ ਨਾ ਹੋਣ, ਜਿਸ ਕਾਰਨ ਸਿੱਖ ਪੰਥ ਨੂੰ ਨਮੋਸ਼ੀ ਜਨਕ ਹਾਰ ਦਾ ਸਾਹਮਣਾ ਕਰਨਾ ਪਵੇ।

# ਅਗਨੀਵੀਰ ਕਿਉਂ ਬਣਨ ਬਲੀ ਦੇ ਬੱਕਰੇ, ਕੇਂਦਰ ਸਰਕਾਰ ਸਹੂਲਤਾਂ ਬਾਰੇ ਸੋਚੇ

## ਸ਼ਹੀਦ ਅਕਾਸ਼ਦੀਪ ਸਿੰਘ ਦੇ ਮਾਮਲੇ 'ਤੇ ਰੋਸ, ਛੇ ਪਿੰਡਾਂ ਦੇ ਨੌਜਵਾਨਾਂ ਵੱਲੋਂ ਅਗਨੀਵੀਰ ਭਰਤੀ ਦਾ ਬਾਈਕਾਟ

ਫਰੀਦਕੋਟ ਦੇ ਪਿੰਡ ਚਾਹਿਲ ਦੇ ਸ਼ਹੀਦ ਅਗਨੀਵੀਰ ਅਕਾਸ਼ਦੀਪ ਸਿੰਘ ਨੂੰ ਸਰਕਾਰ ਵੱਲੋਂ ਹਾਲੇ ਤੱਕ ਸ਼ਹੀਦ ਦਾ ਦਰਜਾ ਨਾ ਦਿੱਤੇ ਜਾਣ ਦੇ ਵਿਰੋਧ ਵਿੱਚ ਛੇ ਪਿੰਡਾਂ ਦੇ ਦਰਜਨਾਂ ਨੌਜਵਾਨਾਂ ਨੇ ਅਗਨੀਵੀਰ ਭਰਤੀ ਵਿੱਚ ਸ਼ਾਮਲ ਨਾ ਹੋਣ ਦਾ ਐਲਾਨ ਕਰ ਦਿੱਤਾ ਹੈ। ਇਹ ਨੌਜਵਾਨ ਪਿਛਲੇ ਛੇ ਸਾਲਾਂ ਤੋਂ ਅਗਨੀਵੀਰ ਭਰਤੀ ਲਈ ਸਿਖਲਾਈ ਲੈ ਰਹੇ ਸਨ ਅਤੇ ਅਕਾਸ਼ਦੀਪ ਨੂੰ ਆਪਣਾ ਰੋਲ ਮਾਡਲ ਮੰਨਦੇ ਸਨ। ਨੌਜਵਾਨਾਂ ਦੇ ਗਰੁੱਪ ਵਿੱਚੋਂ ਕਰਨ, ਗੁਰੀ ਅਤੇ ਕੋਮਲ ਨੇ ਦੱਸਿਆ ਕਿ ਪਿੰਡ ਚਾਹਿਲ, ਕਿਲਾ ਨੌਂ, ਮਚਾਕੀ ਸਮੇਤ ਛੇ ਪਿੰਡਾਂ ਦੇ 50 ਤੋਂ ਵੱਧ ਨੌਜਵਾਨ ਸਿਖਲਾਈ ਲੈ ਰਹੇ ਸਨ। ਅਕਾਸ਼ਦੀਪ ਸਭ ਤੋਂ ਛੋਟਾ ਸੀ ਅਤੇ ਸਭ ਤੋਂ ਪਹਿਲਾਂ ਅਗਨੀਵੀਰ ਵਜੋਂ ਚੁਣਿਆ ਗਿਆ, ਜਿਸ ਕਰਕੇ ਸਾਰੇ ਉਸ 'ਤੇ ਮਾਣ ਮਹਿਸੂਸ ਕਰਦੇ ਸਨ।

ਪਰ ਅਕਾਸ਼ਦੀਪ ਦੀ ਸ਼ਹਾਦਤ ਮਗਰੋਂ ਸਰਕਾਰ ਦੇ ਰਵੱਈਏ ਅਤੇ ਉਸ ਦੇ ਪਰਿਵਾਰ ਨੂੰ ਮਿਲ ਰਹੇ ਵਿਹਾਰ ਨੂੰ ਦੇਖਦਿਆਂ ਇਨ੍ਹਾਂ ਨੌਜਵਾਨਾਂ ਨੇ ਅਗਨੀਵੀਰ ਭਰਤੀ ਵਿੱਚ ਹਿੱਸਾ ਨਾ ਲੈਣ ਦਾ ਫੈਸਲਾ ਕੀਤਾ। ਉਨ੍ਹਾਂ ਨੇ




ਕਿਹਾ ਕਿ ਜੇ ਸਰਕਾਰ ਅਕਾਸ਼ਦੀਪ ਨੂੰ ਸ਼ਹੀਦ ਦਾ ਦਰਜਾ ਦਿੰਦੀ ਹੈ ਅਤੇ ਸ਼ਹੀਦਾਂ ਵਾਲੀਆਂ ਸਹੂਲਤਾਂ ਮੁਹੱਈਆ ਕਰਵਾਉਂਦੀ ਹੈ, ਤਾਂ ਹੀ ਉਹ ਭਰਤੀ ਬਾਰੇ ਮੁੜ ਵਿਚਾਰ ਕਰਨਗੇ। ਨੌਜਵਾਨਾਂ ਨੇ ਸਿਖਲਾਈ ਦੌਰਾਨ ਜਿੱਤੇ 100 ਤੋਂ ਵੱਧ ਮੈਡਲ ਵੀ ਅਕਾਸ਼ਦੀਪ ਦੇ ਘਰ ਰੱਖ ਦਿੱਤੇ ਹਨ, ਤਾਂ ਜੋ ਸਰਕਾਰੀ ਨੁਮਾਇੰਦਿਆਂ ਨੂੰ ਉਨ੍ਹਾਂ ਦੀ ਮਿਹਨਤ ਅਤੇ ਸਮਰਪਣ ਦੀ ਅਸਲੀਅਤ ਦਿਖਾਈ ਜਾ ਸਕੇ।

ਅਕਾਸ਼ਦੀਪ ਦੀ ਪਰਿਵਾਰਕ ਮੈਂਬਰ ਗੁਰਜੀਤ ਕੌਰ ਨੇ ਕਿਹਾ, 'ਅਸੀਂ 20 ਸਾਲ ਪੁੱਤਾਂ ਨੂੰ ਪਾਲ ਕੇ ਦੇਸ਼ ਦੀ ਸੇਵਾ ਲਈ ਫ਼ੌਜ ਵਿੱਚ ਭੇਜਦੇ ਸੀ, ਪਰ ਸਰਕਾਰ ਦੇ ਮੌਜੂਦਾ ਰਵੱਈਏ ਨੇ ਸਾਡਾ ਮਨ ਵੀ ਡਰਾ ਦਿੱਤਾ ਹੈ।' ਉਨ੍ਹਾਂ ਨੇ ਸਰਕਾਰ ਦੇ ਰਵੱਈਏ ਨੂੰ ਦੇਖਦਿਆਂ ਆਪਣੇ ਪੁੱਤਾਂ ਨੂੰ ਅਗਨੀਵੀਰ ਭਰਤੀ ਲਈ ਨਾ ਭੇਜਣ ਦਾ ਫੈਸਲਾ ਕੀਤਾ ਅਤੇ ਨੌਜਵਾਨਾਂ ਦੇ ਫੈਸਲੇ ਦਾ ਪੂਰਾ ਸਮਰਥਨ ਕੀਤਾ।

ਅਗਨੀਵੀਰ ਯੋਜਨਾ ਅਧੀਨ ਪੰਜਾਬ ਤੋਂ ਹਜ਼ਾਰਾਂ ਨੌਜਵਾਨ ਭਾਰਤੀ ਫੌਜ ਵਿੱਚ ਸ਼ਾਮਲ ਹੋਏ ਹਨ। ਹਾਲਾਂਕਿ, ਸਹੀ ਅੰਕੜੇ ਜਨਤਕ ਤੌਰ 'ਤੇ ਉਪਲਬਧ ਨਹੀਂ ਹਨ, ਪਰ ਪੰਜਾਬ ਦੇ ਨੌਜਵਾਨਾਂ ਦੀ ਫ਼ੌਜ ਵਿੱਚ ਭਰਤੀ ਦੀ ਪਰੰਪਰਾ ਲੰਬੇ ਸਮੇਂ ਤੋਂ ਜਾਰੀ ਹੈ। ਅਗਨੀਵੀਰ ਯੋਜਨਾ, ਜੋ 2022 ਵਿੱਚ ਸ਼ੁਰੂ ਹੋਈ, ਨੇ ਚਾਰ ਸਾਲ ਦੀ ਅਸਥਾਈ ਸੇਵਾ ਦੀ ਪੇਸ਼ਕਸ਼ ਕੀਤੀ, ਜਿਸ ਵਿੱਚ 25% ਜਵਾਨਾਂ ਨੂੰ ਸਥਾਈ ਕਰਨ ਦਾ ਪ੍ਰਬੰਧ ਹੈ। ਪਰ, ਅਕਾਸ਼ਦੀਪ ਸਿੰਘ ਵਰਗੇ ਮਾਮਲਿਆਂ ਨੇ ਸਵਾਲ ਉਠਾਏ ਹਨ ਕਿ ਅਗਨੀਵੀਰਾਂ ਨੂੰ ਸ਼ਹੀਦ ਦਾ ਦਰਜਾ ਅਤੇ ਸਹੂਲਤਾਂ ਕਿਉਂ ਨਹੀਂ ਮਿਲਦੀਆਂ।ਅਗਨੀਵੀਰ ਯੋਜਨਾ ਦੇ ਤਹਿਤ ਸ਼ਹੀਦ ਹੋਣ ਵਾਲੇ ਜਵਾਨਾਂ ਦੀ ਸਹੀ ਗਿਣਤੀ ਬਾਰੇ ਵੀ ਸਪੱਸ਼ਟ ਜਾਣਕਾਰੀ ਨਹੀਂ ਹੈ, ਪਰ ਸੋਸ਼ਲ ਮੀਡੀਆ ਅਤੇ ਖ਼ਬਰਾਂ ਵਿੱਚ (ਬਾਕੀ ਸਫ਼ਾ 30 'ਤੇ)

# ਸੰਘ-ਭਾਜਪਾ ਸਬੰਧਾਂ ਵਿੱਚ 2025 ਦੌਰਾਨ ਦਰਾੜ ਕਿਉਂ ਵਧ ਰਹੀ ਹੈ ?

## ਕੀ ਭਾਜਪਾ ਦੇ ਸਿਆਸੀ ਭਵਿੱਖ ਲਈ ਵਧਣਗੀਆਂ ਚੁਣੌਤੀਆਂ ?

ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐਸ.ਐਸ.) ਦੇ ਮੁਖੀ ਮੋਹਨ ਭਾਗਵਤ ਦਾ ਹਾਲ ਹੀ ਵਿੱਚ ਦਿੱਤਾ ਗਿਆ ਬਿਆਨ, ਜਿਸ ਵਿੱਚ ਉਨ੍ਹਾਂ ਨੇ ਹਿੰਦੂ ਸਮਾਜ ਵਿੱਚ ਇਕਜੁੱਟਤਾ ਅਤੇ ਭਾਰਤ ਨੂੰ ਫੌਜੀ ਤੇ ਆਰਥਿਕ ਤੌਰ 'ਤੇ ਸ਼ਕਤੀਸ਼ਾਲੀ ਬਣਾਉਣ ਦਾ ਸੱਦਾ ਦਿੱਤਾ, ਸੰਘ ਦੀ ਵਿਚਾਰਧਾਰਕ ਅਤੇ ਰਣਨੀਤਕ ਸਥਿਤੀ ਨੂੰ ਸਪੱਸ਼ਟ ਕਰਦਾ ਹੈ। ਇਸ ਬਿਆਨ ਦਾ ਰਾਜਨੀਤਕ ਵਿਸ਼ਲੇਸ਼ਣ ਸੰਘ ਅਤੇ ਭਾਰਤੀ ਜਨਤਾ ਪਾਰਟੀ (ਭਾਜਪਾ) ਦਰਮਿਆਨ ਵਧ ਰਹੀ ਦੂਰੀ, ਉਨ੍ਹਾਂ ਦੀਆਂ ਨੀਤੀਆਂ ਵਿੱਚ ਅੰਤਰ ਅਤੇ ਘੱਟ-ਗਿਣਤੀਆਂ ਤੇ ਸਿੱਖਾਂ ਪ੍ਰਤੀ ਉਨ੍ਹਾਂ ਦੇ ਰੁਖ ਨੂੰ ਸਮਝਣ ਲਈ ਮਹੱਤਵਪੂਰਨ ਹੈ।ਮੋਹਨ ਭਾਗਵਤ ਦਾ ਇਹ ਬਿਆਨ, ਜੋ ਸੰਘ ਨਾਲ ਜੁੜੇ ਹਫਤਾਵਾਰੀ ਮੈਗਜ਼ੀਨ ਪਾਂਚਜਨਯ



ਵਿੱਚ ਪ੍ਰਕਾਸ਼ਿਤ ਹੋਇਆ, ਸੰਘ ਦੀ ਮੁਢਲੀ ਵਿਚਾਰਧਾਰਾ—ਹਿੰਦੂ ਰਾਸ਼ਟਰਵਾਦ ਅਤੇ ਸਮਾਜਿਕ ਏਕਤਾ 'ਤੇ ਆਧਾਰਿਤ ਹੈ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਭਾਰਤ ਨੂੰ ਰਾਸ਼ਟਰੀ ਸੁਰੱਖਿਆ ਅਤੇ ਆਰਥਿਕ ਸਮਰੱਥਾ ਦੇ ਮਾਮਲੇ ਵਿੱਚ ਸਵੈ-ਨਿਰਭਰ ਅਤੇ ਅਜੇਤੂ ਹੋਣਾ ਚਾਹੀਦਾ। ਇਸ ਦੇ ਨਾਲ ਹੀ, ਉਨ੍ਹਾਂ ਨੇ ਸ਼ਕਤੀ ਨੂੰ ਗੁਣਵਾਨਤਾ ਅਤੇ ਧਾਰਮਿਕਤਾ ਨਾਲ ਜੋੜਨ ਦੀ ਗੱਲ ਕੀਤੀ, ਜੋ ਸੰਘ ਦੀ ਵਿਚਾਰਧਾਰਕ ਸਿਧਾਂਤਾਂ ਨੂੰ ਪ੍ਰਤੀਬਿੰਬਤ ਕਰਦੀ ਹੈ।

ਇਹ ਬਿਆਨ 2025 ਵਿੱਚ ਸੰਘ ਦੀ ਸ਼ਤਾਬਦੀ (1925-2025) ਦੇ ਸੰਦਰਭ ਵਿੱਚ ਵੀ ਅਹਿਮ ਹੈ, ਜਦੋਂ ਸੰਘ ਆਪਣੀ ਪਹੁੰਚ ਅਤੇ ਪ੍ਰਭਾਵ ਨੂੰ ਹੋਰ ਵਧਾਉਣ ਦੀ ਤਿਆਰੀ ਕਰ ਰਿਹਾ ਹੈ।ਭਾਗਵਤ ਦਾ ਸ਼ਕਤੀਸ਼ਾਲੀ ਭਾਰਤ ਦਾ ਸੱਦਾ ਸਿਰਫ਼ ਫੌਜੀ ਜਾਂ ਆਰਥਿਕ ਤਾਕਤ ਤੱਕ ਸੀਮਤ ਨਹੀਂ, ਸਗੋਂ ਇਹ ਸੰਘ ਦੀ ਉਸ ਸੋਚ ਨੂੰ ਦਰਸਾਉਂਦਾ ਹੈ ਜਿਸ ਵਿੱਚ ਹਿੰਦੂ ਸਮਾਜ ਨੂੰ ਸੰਗਠਿਤ ਅਤੇ ਏਕਤਾਬੱਧ ਕਰਕੇ ਇੱਕ 'ਹਿੰਦੂ ਰਾਸ਼ਟਰ' ਦੀ ਸਥਾਪਨਾ ਕੀਤੀ ਜਾਵੇ। ਭਾਜਪਾ, ਖਾਸਕਰ ਨਰਿੰਦਰ ਮੋਦੀ ਅਤੇ ਅਮਿਤ ਸ਼ਾਹ ਦੀ ਅਗਵਾਈ ਹੇਠ, ਸੰਘ ਦੀ ਸਿੱਧੀ ਦਖ਼ਲਅੰਦਾਜ਼ੀ ਤੋਂ ਦੂਰੀ ਬਣਾਉਣ ਦੀ (ਬਾਕੀ ਸਫ਼ਾ 30 'ਤੇ)

# ਸਟਾਲਿਨ ਨੇ ਵਿਰੋਧੀ ਧਿਰਾਂ ਨੂੰ ਇੱਕਜੁਟ ਕਰਨ ਲਈ ਕੀਤੇ ਕਮਰਕਸੇ

## ਕੀ ਸਟਾਲਿਨ ਮੋਦੀ ਨੂੰ ਰਾਜਨੀਤਕ ਟੱਕਰ ਦੇ ਸਕਣਗੇ ?

ਤਾਮਿਲਨਾਡੂ ਦੇ ਮੁੱਖ ਮੰਤਰੀ ਐਮ.ਕੇ. ਸਟਾਲਿਨ ਨੇ ਰਾਜਪਾਲਾਂ ਵੱਲੋਂ ਵਿਧਾਨ ਸਭਾਵਾਂ ਦੇ ਪਾਸ ਕੀਤੇ ਬਿੱਲਾਂ ਨੂੰ ਰੋਕਣ ਦੀ ਮਨਮਾਨੀ ਨੂੰ ਲੈ ਕੇ ਵਿਰੋਧੀ ਧਿਰਾਂ ਨੂੰ ਇਕਜੁਟ ਕਰਨ ਦੀ ਠਾਣੀ ਹੈ। ਸੁਪਰੀਮ ਕੋਰਟ ਦੇ 8 ਅਪ੍ਰੈਲ 2025 ਦੇ ਇਤਿਹਾਸਕ ਫੈਸਲੇ ਨੇ ਰਾਜਪਾਲਾਂ ਦੀ ਇਸ ਅਜਿਹੀ ਕਾਰਵਾਈ ਨੂੰ ਗੈਰ-ਕਾਨੂੰਨੀ ਅਤੇ ਮਨਮਾਨੀ ਕਰਾਰ ਦਿੱਤਾ ਸੀ, ਜਿਸ ਨੇ ਸੂਬਿਆਂ ਦੀਆਂ ਚੁਣੀਆਂ ਸਰਕਾਰਾਂ ਦੇ ਅਧਿਕਾਰਾਂ 'ਤੇ ਸਵਾਲ ਖੜ੍ਹੇ ਕਰ ਦਿੱਤੇ। ਇਸ ਫੈਸਲੇ ਦੀ ਸਰਾਹਨਾ ਕਰਦਿਆਂ ਸਟਾਲਿਨ ਨੇ ਇਸ ਨੂੰ ਸੰਘੀ ਢਾਂਚੇ ਦੀ ਜਿੱਤ ਦੱਸਿਆ, ਪਰ ਨਾਲ ਹੀ ਰਾਸ਼ਟਰਪਤੀ ਵੱਲੋਂ ਧਾਰਾ 143 ਦੇ ਤਹਿਤ ਸੁਪਰੀਮ ਕੋਰਟ ਨੂੰ ਹਵਾਲਾ ਭੇਜਣ ਦੀ ਨਿੰਦਾ ਕੀਤੀ। ਉਨ੍ਹਾਂ ਨੇ ਕਿਹਾ ਸੀ ਕਿ ਇਹ ਕੇਂਦਰ



ਸਰਕਾਰ ਦੀ ਸੂਬਿਆਂ ਦੀ ਖੁਦਮੁਖਤਿਆਰੀ ਨੂੰ ਕਮਜ਼ੋਰ ਕਰਨ ਦੀ ਸਾਜ਼ਿਸ਼ ਹੈ।

ਭਾਵੇਂ ਸਟਾਲਿਨ ਅਤੇ ਕਾਂਗਰਸ ਵਿਚਾਲੇ ਕੋਈ ਸਿੱਧਾ ਟਕਰਾਅ ਨਹੀਂ ਦਿਸਦਾ, ਪਰ ਸਿਆਸੀ ਹਲਕਿਆਂ ਵਿੱਚ ਚਰਚਾ ਹੈ ਕਿ ਵਿਰੋਧੀ ਧਿਰਾਂ ਦੀ ਏਕਤਾ ਦੀ ਅਗਵਾਈ ਨੂੰ ਲੈ ਕੇ ਕਾਂਗਰਸ ਅਤੇ ਖੇਤਰੀ ਪਾਰਟੀਆਂ ਵਿਚਾਲੇ ਸੂਖਮ ਜਿਹੀ ਖਿੱਚੋਤਾਣ ਹੋ ਸਕਦੀ ਹੈ। ਸਟਾਲਿਨ, ਜੋ ਦਰਵਿੜ ਮੁਨੇਤਰ ਕੜਗਮ (ਡੀ.ਐਮ.ਕੇ.) ਦੇ ਮੁਖੀ ਹਨ, ਨੇ ਸੰਘੀ ਢਾਂਚੇ ਦੀ ਮਜ਼ਬੂਤੀ ਅਤੇ ਸੂਬਿਆਂ ਦੇ ਅਧਿਕਾਰਾਂ ਦੀ ਰਾਖੀ ਲਈ ਵਿਰੋਧੀ ਧਿਰਾਂ ਨੂੰ ਇਕਜੁਟ ਕਰਨ ਦੀ ਗੱਲ ਕੀਤੀ ਹੈ। ਇਸ ਵਿੱਚ ਕਾਂਗਰਸ ਵੀ ਸ਼ਾਮਲ ਹੈ, ਪਰ ਸਟਾਲਿਨ ਦੀ ਅਗਵਾਈ ਅਤੇ ਖੇਤਰੀ ਪਾਰਟੀਆਂ ਦੀ ਮੁੱਖ ਭੂਮਿਕਾ ਨੂੰ ਲੈ ਕੇ ਕਾਂਗਰਸ ਦੇ ਅੰਦਰੂਨੀ ਹਲਕਿਆਂ ਵਿੱਚ ਚਰਚਾ ਜ਼ਰੂਰ ਹੈ।

# ਸਿੱਖ ਇਤਿਹਾਸ ’ਤੇ ਫ਼ਿਲਮਾਂ: ਸਿੱਖ ਭਾਵਨਾਵਾਂ ਦੀ ਅਣਦੇਖੀ ਕਿਉਂ?

## ਸੈਂਸਰਸ਼ਿਪ ਅਦਾਰਿਆਂ ’ਚ ਸ਼੍ਰੋਮਣੀ ਕਮੇਟੀ ਦੀ ਨੁਮਾਇੰਦਗੀ ਜ਼ਰੂਰੀ

## ਸਰਕਾਰ ਸਿੱਖ ਭਾਵਨਾਵਾਂ ਦੀ ਅਣਦੇਖੀ ਨਾ ਕਰੇ

ਸਿੱਖ ਇਤਿਹਾਸ ਨੂੰ ਫ਼ਿਲਮਾਂ ਜਾਂ ਸੋਸ਼ਲ ਮੀਡੀਆ ਵੀਡੀਓਜ਼ ਰਾਹੀਂ ਪੇਸ਼ ਕਰਨ ਦਾ ਮਸਲਾ ਇੱਕ ਵਾਰ ਫ਼ਿਰ ਸੁਰਖੀਆਂ ਵਿੱਚ ਹੈ। ਯੂਟਿਊਬਰ ਧਰੁਵ ਰਾਠੀ ਦੀ ਵੀਡੀਓ ‘ਰਾਈਜ਼ ਆਫ਼ ਸਿੱਖਜ਼’ ਨੂੰ ਸਿੱਖ ਭਾਈਚਾਰੇ ਦੇ ਸਖ਼ਤ ਵਿਰੋਧ ਤੋਂ ਬਾਅਦ ਹਟਾਉਣਾ ਪਿਆ। ਇਸ ਵੀਡੀਓ ਵਿੱਚ ਸਿੱਖ ਗੁਰੂਆਂ ਦੀਆਂ ਏ.ਆਈ. ਜਨਰੇਟਿਡ ਤਸਵੀਰਾਂ ਦੀ ਵਰਤੋਂ ਕੀਤੀ ਗਈ ਸੀ, ਜਿਸ ਨੂੰ ਸਿੱਖ ਮਰਿਆਦਾ ਦੇ ਵਿਰੁੱਧ ਮੰਨਿਆ ਗਿਆ। ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ.ਜੀ.ਪੀ.ਸੀ.) ਨੇ ਸਪੱਸ਼ਟ ਕੀਤਾ ਹੈ ਕਿ ਸਿੱਖ ਗੁਰੂਆਂ ਜਾਂ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦੇ ਕਿਰਦਾਰਾਂ ਨੂੰ ਫ਼ਿਲਮਾਂ ਜਾਂ ਵੀਡੀਓਜ਼ ਵਿੱਚ ਦਿਖਾਉਣ ’ਤੇ ਪੂਰਨ ਪਾਬੰਦੀ ਹੈ। ਪਰ ਸਵਾਲ ਇਹ ਹੈ ਕਿ ਇਹ ਵਿਵਾਦ ਕਿਉਂ ਵਾਰ-ਵਾਰ ਉੱਠਦੇ ਹਨ? ਕੀ ਇਹ ਜਾਣਬੁੱਝ ਕੇ ਸੰਵੇਦਨਸ਼ੀਲ ਮੁੱਦਿਆਂ ਨੂੰ ਛੇੜਨ ਦੀ ਕੋਸ਼ਿਸ਼ ਹੈ, ਜਾਂ ਸਰਕਾਰ ਅਤੇ ਸੈਂਸਰਸ਼ਿਪ ਅਦਾਰਿਆਂ ਦੀ ਅਣਦੇਖੀ ਦਾ ਨਤੀਜਾ?




**ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ਼੍ਰੋਮਣੀ ਕਮੇਟੀ ਦਾ ਸਖ਼ਤ ਸਟੈਂਡ**

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸਪੱਸ਼ਟ ਕੀਤਾ ਕਿ ਸਿੱਖ ਗੁਰੂਆਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦੇ ਕਿਰਦਾਰਾਂ ਨੂੰ ਫ਼ਿਲਮਾਂ ਵਿੱਚ ਦਰਸਾਉਣ ਦਾ ਕਿਸੇ ਨੂੰ ਹੱਕ ਨਹੀਂ। ਸ਼੍ਰੋਮਣੀ ਕਮੇਟੀ ਨੇ 1934, 1940, 2003, 2015 ਅਤੇ 2022 ਵਿੱਚ ਪਾਸ ਕੀਤੇ ਮਤਿਆਂ ਰਾਹੀਂ ਇਸ ਪਾਬੰਦੀ ਨੂੰ ਵਾਰ-ਵਾਰ ਦੁਹਰਾਇਆ ਹੈ। 2022 ਦੇ ਮਤੇ ਨੰਬਰ 651 ਵਿੱਚ ਸਪੱਸ਼ਟ ਕੀਤਾ ਗਿਆ ਕਿ ਨਾ ਸਿਰਫ਼ ਲਾਈਵ-ਐਕਸ਼ਨ, ਸਗੋਂ ਐਨੀਮੇਟਿਡ ਜਾਂ ਏ.ਆਈ. ਨਾਲ ਬਣੀਆਂ ਫ਼ਿਲਮਾਂ/ਵੀਡੀਓਜ਼ ’ਤੇ ਵੀ ਪੂਰੀ ਰੋਕ ਹੈ। ਇਸ ਦੇ ਬਾਵਜੂਦ, ਕੁਝ ਫ਼ਿਲਮਾਂ ਜਿਵੇਂ ‘ਚਾਰ ਸਾਹਿਬਜ਼ਾਦੇ’ ਅਤੇ ‘ਚਾਰ ਸਾਹਿਬਜ਼ਾਦੇ ਭਾਗ 2’ ਨੂੰ ਪਹਿਲਾਂ ਮਨਜ਼ੂਰੀ ਮਿਲੀ, ਜਦਕਿ ‘ਨਾਨਕ ਸ਼ਾਹ ਫ਼ਕੀਰ’ ਅਤੇ ‘ਦਾਸਤਾਨ-ਏ-ਮੀਰੀ ਪੀਰੀ’ ਵਰਗੀਆਂ ਫ਼ਿਲਮਾਂ ਵਿਵਾਦਾਂ ਦਾ ਸ਼ਿਕਾਰ ਹੋਈਆਂ।

ਸਿੱਖ ਜਥੇਬੰਦੀਆਂ ਅਤੇ ਮਾਹਿਰਾਂ ਦਾ ਮੰਨਣਾ ਹੈ ਕਿ ਸੈਂਸਰ ਬੋਰਡ ਵਿੱਚ ਸ਼੍ਰੋਮਣੀ ਕਮੇਟੀ ਦਾ ਕੋਈ ਨੁਮਾਇੰਦਾ ਸ਼ਾਮਲ ਹੋਣਾ ਚਾਹੀਦਾ ਹੈ। 2015 ਦੇ ਮਤੇ ਨੰਬਰ 2343 ਵਿੱਚ ਵੀ ਇਹ ਮੰਗ ਉਠਾਈ ਗਈ ਸੀ। ਸਿੱਖ ਇਤਿਹਾਸ ਦੀ ਸੰਵੇਦਨਸ਼ੀਲਤਾ ਨੂੰ ਸਮਝਣ ਵਾਲੇ ਨੁਮਾਇੰਦੇ ਦੀ ਮੌਜੂਦਗੀ ਨਾਲ ਵਿਵਾਦਾਂ ਨੂੰ ਰੋਕਿਆ ਜਾ ਸਕਦਾ ਹੈ। ਸ਼੍ਰੋਮਣੀ ਕਮੇਟੀ ਦੇ ਸ਼ਾਹਬਾਜ਼ ਸਿੰਘ ਨੇ ਕਿਹਾ ਕਿ ਪਹਿਲਾਂ ਬਣੀਆਂ ਫ਼ਿਲਮਾਂ ਦੇ ਮਾਮਲੇ ਨੂੰ ਹੁਣ ਦੇ ਫ਼ੈਸਲਿਆਂ ਨਾਲ ਨਹੀਂ ਜੋੜਨਾ ਚਾਹੀਦਾ, ਪਰ 2022 ਤੋਂ ਬਾਅਦ ਨਵੇਂ ਨਿਯਮ ਸਖ਼ਤੀ ਨਾਲ ਲਾਗੂ ਕੀਤੇ ਜਾ ਰਹੇ ਹਨ।

**ਕੀ ਵਿਵਾਦ ਜਾਣਬੁੱਝ ਕੇ ਛੇੜੇ ਜਾ ਰਹੇ ਹਨ?**

ਇੰਦਰਜੀਤ ਸਿੰਘ ਗੋਗੋਆਣੀ ਦਾ ਮੰਨਣਾ ਹੈ ਕਿ ਕੁਝ ਲੋਕ ਜਾਣਬੁੱਝ ਕੇ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਲਈ ਅਜਿਹੀਆਂ ਫ਼ਿਲਮਾਂ ਜਾਂ ਵੀਡੀਓਜ਼ ਬਣਾਉਂਦੇ ਹਨ। ਏ.ਆਈ. ਦੀ ਵਰਤੋਂ ਨਾਲ ਸਿੱਖ ਗੁਰੂਆਂ ਦੀਆਂ ਤਸਵੀਰਾਂ ਜਾਂ ਵੀਡੀਓਜ਼ ਵਿੱਚ ਛੇੜਛਾੜ ਨੇ ਇਸ ਮਸਲੇ ਨੂੰ ਹੋਰ ਗੰਭੀਰ ਕਰ ਦਿੱਤਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਕੱਤਰ ਜਸਕਰਨ ਸਿੰਘ ਨੇ ਚਿਤਾਵਨੀ ਦਿੱਤੀ ਕਿ ਏ.ਆਈ. ਨਾਲ ਸਿੱਖ ਗੁਰੂਆਂ ਦੀਆਂ ਫ਼ੋਟੋਆਂ ਜਾਂ ਵੀਡੀਓਜ਼ ਵਿੱਚ ਵਿਗਾੜ ਪਾਉਣ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ।

**ਸਰਕਾਰ ਦੀ ਚੁੱਪੀ ਅਤੇ ਸਿੱਖ ਭਾਵਨਾਵਾਂ**

ਸਰਕਾਰ ’ਤੇ ਸਿੱਖ ਭਾਵਨਾਵਾਂ ਦੀ ਅਣਦੇਖੀ ਦਾ ਵੀ ਸਵਾਲ ਉੱਠ ਰਿਹਾ ਹੈ। ਸੈਂਸਰ ਬੋਰਡ ਅਤੇ ਹੋਰ ਅਦਾਰਿਆਂ ਵਿੱਚ ਸਿੱਖ ਨੁਮਾਇੰਦਗੀ ਦੀ ਕਮੀ ਕਾਰਨ ਅਜਿਹੀਆਂ ਫ਼ਿਲਮਾਂ ਨੂੰ ਮਨਜ਼ੂਰੀ ਮਿਲ ਜਾਂਦੀ ਹੈ, ਜੋ ਬਾਅਦ ਵਿੱਚ ਵਿਵਾਦ ਖੜ੍ਹਾ ਕਰਦੀਆਂ ਹਨ। ਸਿੱਖ ਜਥੇਬੰਦੀਆਂ ਦਾ ਮੰਨਣਾ ਹੈ ਕਿ ਸਰਕਾਰ ਨੂੰ ਸਿੱਖ ਮਰਿਆਦਾ ਦੀ ਸੰਵੇਦਨਸ਼ੀਲਤਾ ਨੂੰ ਸਮਝਣ ਲਈ ਸੈਂਸਰਸ਼ਿਪ ਪ੍ਰਕਿਰਿਆ ਵਿੱਚ ਸਿੱਖ ਵਿਦਵਾਨਾਂ ਨੂੰ ਸ਼ਾਮਲ ਕਰਨਾ ਚਾਹੀਦਾ।

**ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ਼੍ਰੋਮਣੀ ਕਮੇਟੀ ਦੀ ਨੀਤੀ**

ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ਼੍ਰੋਮਣੀ ਕਮੇਟੀ ਨੂੰ ਹੁਣ ਸਖ਼ਤ ਨੀਤੀ ਅਪਣਾਉਣ ਦੀ ਲੋੜ ਹੈ।

ਇੰਦਰਜੀਤ ਸਿੰਘ ਗੋਗੋਆਣੀ ਆਖਦੇ ਹਨ ਕਿ ਸਿੱਖ ਵਿਚਾਰਧਾਰਾ ’ਤੇ ਆਧਾਰਿਤ ਫ਼ਿਲਮਾਂ ਬਣਾਈਆਂ ਜਾ ਸਕਦੀਆਂ ਹਨ, ਪਰ ਗੁਰੂ ਸਾਹਿਬਾਨ ਜਾਂ ਉਨ੍ਹਾਂ ਦੇ ਪਰਿਵਾਰ ਨੂੰ ਦਰਸਾਉਣ ਦੀ ਜ਼ਰੂਰਤ ਨਹੀਂ। ਸ਼੍ਰੋਮਣੀ ਕਮੇਟੀ ਨੂੰ ਇੱਕ ਸਥਾਈ ਸਮੀਖਿਆ ਕਮੇਟੀ ਬਣਾਉਣੀ ਚਾਹੀਦੀ ਹੈ, ਜੋ ਸਿੱਖ ਇਤਿਹਾਸ ਨਾਲ ਜੁੜੀਆਂ ਫ਼ਿਲਮਾਂ ਦੀ ਪ੍ਰੀ-ਸਕ੍ਰੀਨਿੰਗ ਕਰੇ ਅਤੇ ਸੈਂਸਰ ਬੋਰਡ ਨਾਲ ਤਾਲਮੇਲ ਰੱਖੇ। ਨਾਲ ਹੀ, ਸੋਸ਼ਲ ਮੀਡੀਆ ’ਤੇ ਏ.ਆਈ. ਨਾਲ ਬਣੀਆਂ ਵੀਡੀਓਜ਼ ’ਤੇ ਨਜ਼ਰ ਰੱਖਣ ਲਈ ਸਾਈਬਰ ਸੈੱਲ ਦੀ ਸਥਾਪਨਾ ਕਰਨੀ ਚਾਹੀਦੀ ਹੈ।

ਸਿੱਖ ਇਤਿਹਾਸ ਨੂੰ ਫ਼ਿਲਮਾਂ ਜਾਂ ਵੀਡੀਓਜ਼ ਰਾਹੀਂ ਪੇਸ਼ ਕਰਨ ਦਾ ਮੁੱਦਾ ਸੰਵੇਦਨਸ਼ੀਲ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ਼੍ਰੋਮਣੀ ਕਮੇਟੀ ਦੀਆਂ ਪਾਬੰਦੀਆਂ ਦੇ ਬਾਵਜੂਦ ਵਾਰ-ਵਾਰ ਵਿਵਾਦ ਉੱਠਣਾ ਸੈਂਸਰਸ਼ਿਪ ਅਦਾਰਿਆਂ ਦੀ ਨਾਕਾਮੀ ਅਤੇ ਸਰਕਾਰ ਦੀ ਅਣਦੇਖੀ ਨੂੰ ਦਰਸਾਉਂਦਾ ਹੈ। ਸਿੱਖ ਭਾਵਨਾਵਾਂ ਦੀ ਰਾਖੀ ਲਈ ਸੈਂਸਰ ਬੋਰਡ ਵਿੱਚ ਸਿੱਖ ਨੁਮਾਇੰਦਗੀ ਅਤੇ ਸਖ਼ਤ ਨੀਤੀਆਂ ਦੀ ਲੋੜ ਹੈ।

ਸੈਂਸਰ ਬੋਰਡ ਵਿੱਚ ਸ਼੍ਰੋਮਣੀ ਕਮੇਟੀ ਦੀ ਨੁਮਾਇੰਦਗੀ ਦੀ ਮੰਗ 2015 ਦੇ ਮਤੇ ਵਿੱਚ ਉਠਾਈ ਗਈ ਸੀ, ਪਰ ਸਰਕਾਰ ਨੇ ਇਸ ’ਤੇ ਕੋਈ ਕਦਮ ਨਹੀਂ ਚੁੱਕਿਆ। ਸਿੱਖ ਜਥੇਬੰਦੀਆਂ ਮੁਤਾਬਕ, ਸਿੱਖ ਮਰਿਆਦਾ ਨੂੰ ਸਮਝਣ ਵਾਲੇ ਨੁਮਾਇੰਦੇ ਦੀ ਮੌਜੂਦਗੀ ਨਾਲ ਵਿਵਾਦ ਰੋਕੇ ਜਾ ਸਕਦੇ ਹਨ। ਸਰਕਾਰ ਦੀ ਇਸ ਅਣਦੇਖੀ ਨੂੰ ਸਿੱਖ ਭਾਈਚਾਰਾ ਅਪਮਾਨ ਵਜੋਂ ਦੇਖਦਾ ਹੈ।

# ਪੰਜਾਬ ਦੇ ਸਰਕਾਰੀ ਹਸਪਤਾਲਾਂ ਦੀ ਹਾਲਤ ਚਿੰਤਾਜਨਕ, ਸਰਕਾਰ ਨਹੀਂ ਦੇ ਰਹੀ ਧਿਆਨ

## ਡਾਕਟਰਾਂ, ਨਰਸਾਂ, ਸਿਹਤ ਸਹੂਲਤਾਂ ਦੀ ਸਰਕਾਰੀ ਹਸਪਤਾਲਾਂ ’ਚ ਵੱਡੀ ਘਾਟ

## ਹਾਈ ਕੋਰਟ ਵੱਲੋਂ ਵੀ ਗੰਭੀਰ ਚਿੰਤਾ ਪ੍ਰਗਟ

**ਪੰਜਾਬ ਦੇ ਸਰਕਾਰੀ ਹਸਪਤਾਲਾਂ ਦੀ ਮਾੜੀ ਹਾਲਤ, ਡਾਕਟਰਾਂ ਅਤੇ ਨਰਸਾਂ ਦੀ ਕਮੀ ਅਤੇ ਦਵਾਈਆਂ ਦੀ ਘਾਟ ਨੇ ਸੂਬੇ ਦੀ ਸਿਹਤ ਪ੍ਰਣਾਲੀ ਨੂੰ ਕਮਜ਼ੋਰ ਕਰ ਦਿੱਤਾ ਹੈ। ਪੀ.ਜੀ.ਆਈ. ਵਰਗੀਆਂ ਸੰਸਥਾਵਾਂ ਵੀ ਸਟਾਫ਼ ਦੀ ਕਮੀ ਨਾਲ ਜੂਝ ਰਹੀਆਂ ਹਨ। ਸਰਕਾਰ ਦੀਆਂ ਸਿਆਸੀ ਅਤੇ ਪ੍ਰਬੰਧਕੀ ਕੁਸ਼ਲਤਾਵਾਂ ਦੀ ਘਾਟ ਕਾਰਨ ਸਿਹਤ ਸੇਵਾਵਾਂ ਸੁਧਾਰਨ ਵਿੱਚ ਦੇਰੀ ਹੋ ਰਹੀ ਹੈ। ਅਦਾਲਤੀ ਦਖਲ ਅਤੇ ਜਨਹਿੱਤ ਪਟੀਸ਼ਨਾਂ ਨੇ ਸਰਕਾਰ ’ਤੇ ਦਬਾਅ ਵਧਾਇਆ ਹੈ, ਪਰ ਅਦਾਲਤੀ ਹੁਕਮਾਂ ਦੀ ਪੂਰੀ ਪਾਲਣਾ ਅਜੇ ਵੀ ਬਾਕੀ ਹੈ। ਸਰਕਾਰ ਨੂੰ ਸਿਹਤ ਖੇਤਰ ਵਿੱਚ ਵਧੇਰੇ ਬਜਟ ਅਲਾਟਮੈਂਟ, ਪਾਰਦਰਸ਼ੀ ਭਰਤੀ ਪ੍ਰਕਿਰਿਆ ਅਤੇ ਬੁਨਿਆਦੀ ਢਾਂਚੇ ਦੇ ਸੁਧਾਰ ’ਤੇ ਜ਼ੋਰ ਦੇਣ ਦੀ ਲੋੜ ਹੈ।**

ਪੰਜਾਬ ਦੇ ਸਰਕਾਰੀ ਹਸਪਤਾਲਾਂ ਦੀ ਹਾਲਤ ਚਿੰਤਾਜਨਕ ਹੈ, ਜਿਸ ਬਾਰੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਵੀ ਗੰਭੀਰ ਚਿੰਤਾ ਪ੍ਰਗਟ ਕੀਤੀ ਹੈ। ਮਲੇਰਕੋਟਲਾ ਜ਼ਿਲ੍ਹੇ ਦੇ ਸਰਕਾਰੀ ਹਸਪਤਾਲ ਵਿੱਚ ਮੁੱਢਲੀਆਂ ਸਹੂਲਤਾਂ ਦੀ ਘਾਟ, ਜਿਵੇਂ ਕਿ ਗਾਇਨੀਕੋਲੋਜੀ, ਨੇਤਰ ਵਿਗਿਆਨ, ਰੇਡਿਓਲੋਜੀ, ਖੂਨ ਚੜ੍ਹਾਉਣ ਦੀ ਸਹੂਲਤ ਅਤੇ ਚਮੜੀ ਰੋਗ ਮਾਹਿਰਾਂ ਦੀ ਅਣਹੋਂਦ, ਨੇ ਸਿਹਤ ਸੇਵਾਵਾਂ ਦੀ ਮਾੜੀ ਸਥਿਤੀ ਨੂੰ ਸਾਹਮਣੇ ਲਿਆਂਦਾ ਹੈ। ਅਜਿਹੀ ਸਥਿਤੀ ਸਿਰਫ਼ ਮਲੇਰਕੋਟਲਾ ਤੱਕ ਸੀਮਿਤ ਨਹੀਂ, ਸਗੋਂ ਸੂਬੇ ਦੇ ਜ਼ਿਆਦਾਤਰ ਸਰਕਾਰੀ ਹਸਪਤਾਲਾਂ ਅਤੇ ਡਿਸਪੈਂਸਰੀਆਂ ਵਿੱਚ ਮੁੱਢਲੀਆਂ ਸਹੂਲਤਾਂ ਦੀ ਕਮੀ ਹੈ।



ਸਰਕਾਰੀ ਹਸਪਤਾਲਾਂ ਵਿੱਚ ਸਫ਼ਾਈ, ਬੁਨਿਆਦੀ ਢਾਂਚਾ ਅਤੇ ਆਧੁਨਿਕ ਮੈਡੀਕਲ ਸਾਜ਼ੋ-ਸਾਮਾਨ ਦੀ ਘਾਟ ਆਮ ਸਮੱਸਿਆ ਹੈ। ਸਰਕਾਰੀ ਡਿਸਪੈਂਸਰੀਆਂ ਵਿੱਚ ਮੁੱਢਲੀਆਂ ਦਵਾਈਆਂ, ਜਿਵੇਂ ਕਿ ਪੈਰਾਸੀਟਾਮੋਲ, ਐਂਟੀਬਾਇਓਟਿਕਸ ਅਤੇ ਸ਼ੂਗਰ ਦੀਆਂ ਦਵਾਈਆਂ, ਅਕਸਰ ਉਪਲਬਧ ਨਹੀਂ ਹੁੰਦੀਆਂ, ਨਾ ਸਮੇਂ ਸਿਰ ਸਪਲਾਈ ਹੁੰਦੀਆਂ ਹਨ। ਇਸ ਕਾਰਨ ਮਰੀਜ਼ਾਂ ਨੂੰ ਪ੍ਰਾਈਵੇਟ ਹਸਪਤਾਲਾਂ ਵੱਲ ਜਾਣਾ ਪੈਂਦਾ ਹੈ, ਜਿੱਥੇ ਇਲਾਜ ਦਾ ਖਰਚ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਹੁੰਦਾ ਹੈ। ਸਰਕਾਰੀ ਹਸਪਤਾਲਾਂ ਵਿੱਚ ਆਧੁਨਿਕ ਮਸ਼ੀਨਰੀ, ਜਿਵੇਂ ਕਿ ਸੀ.ਟੀ. ਸਕੈਨ, ਐਮ.ਆਰ.ਆਈ. ਅਤੇ ਵੈਂਟੀਲੇਟਰ ਦੀ ਘਾਟ ਹੈ। ਜਦਕਿ ਪ੍ਰਾਈਵੇਟ ਹਸਪਤਾਲ ਇਨ੍ਹਾਂ ਸਹੂਲਤਾਂ ਵਿੱਚ ਖਰਚ ਕਰਦੇ ਹਨ। ਪ੍ਰਾਈਵੇਟ ਹਸਪਤਾਲਾਂ ਵਿੱਚ ਸਫ਼ਾਈ ਅਤੇ ਮਰੀਜ਼ਾਂ ਦੀ ਦੇਖਭਾਲ ਦਾ ਪ੍ਰਬੰਧ ਬਿਹਤਰ ਹੁੰਦਾ ਹੈ, ਜਦਕਿ ਸਰਕਾਰੀ ਹਸਪਤਾਲਾਂ ਵਿੱਚ ਸਫ਼ਾਈ ਅਤੇ ਪ੍ਰਬੰਧਾਂ ਦੀ ਕਮੀ ਸਪਸ਼ਟ ਦਿਖਾਈ ਦਿੰਦੀ ਹੈ।

**ਡਾਕਟਰਾਂ ਅਤੇ ਨਰਸਾਂ ਦੀ ਕਮੀ**

ਪੰਜਾਬ ਦੇ ਸਰਕਾਰੀ ਹਸਪਤਾਲਾਂ ਵਿੱਚ ਡਾਕਟਰਾਂ ਅਤੇ ਨਰਸਾਂ ਦੀ ਕਮੀ ਇੱਕ ਵੱਡੀ ਸਮੱਸਿਆ ਹੈ। ਸਿਹਤ ਵਿਭਾਗ ਦੇ ਅੰਕੜਿਆਂ ਅਨੁਸਾਰ, ਸੂਬੇ ਵਿੱਚ ਮੈਡੀਕਲ ਅਫ਼ਸਰਾਂ, ਮਾਹਿਰ ਡਾਕਟਰਾਂ ਅਤੇ ਨਰਸਾਂ ਦੀਆਂ ਹਜ਼ਾਰਾਂ ਅਸਾਮੀਆਂ ਖਾਲੀ ਪਈਆਂ ਹਨ। ਉਦਾਹਰਣ ਵਜੋਂ, ਮਲੇਰਕੋਟਲਾ ਦੇ ਸਰਕਾਰੀ ਹਸਪਤਾਲ ਵਿੱਚ ਗਾਇਨੀਕੋਲੋਜਿਸਟ, ਰੇਡਿਓਲੋਜਿਸਟ ਅਤੇ ਨੇਤਰ ਰੋਗ ਮਾਹਿਰਾਂ ਦੀ ਬਹੁਤ ਕਮੀ ਹੈ। ਸਰਕਾਰੀ ਅੰਕੜਿਆਂ ਮੁਤਾਬਕ, ਪੰਜਾਬ ਦੇ ਸਰਕਾਰੀ ਹਸਪਤਾਲਾਂ ਵਿੱਚ ਲਗਭਗ 30-40% ਅਸਾਮੀਆਂ ਖਾਲੀ ਹਨ। ਖਾਸ ਕਰਕੇ ਪੇਂਡੂ ਖੇਤਰਾਂ ਵਿੱਚ ਸਥਿਤ ਸਿਹਤ ਕੇਂਦਰਾਂ ਅਤੇ ਡਿਸਪੈਂਸਰੀਆਂ ਵਿੱਚ ਡਾਕਟਰਾਂ ਦੀ ਕਮੀ ਸਭ ਤੋਂ ਵੱਡੀ ਸਮੱਸਿਆ ਹੈ। ਨਰਸਿੰਗ ਸਟਾਫ਼ ਦੀ ਕਮੀ ਵੀ ਇੱਕ ਵੱਡੀ ਚੁਣੌਤੀ ਹੈ। ਇਸ ਕਾਰਨ ਮਰੀਜ਼ਾਂ ਨੂੰ ਸਹੀ ਸਮੇਂ ’ਤੇ ਨਰਸਿੰਗ ਸੇਵਾਵਾਂ ਨਹੀਂ ਮਿਲਦੀਆਂ।

ਸਿਹਤ ਵਿਭਾਗ ਨੂੰ ਸੂਬਾ ਸਰਕਾਰ ਵੱਲੋਂ ਪੂਰੀ ਤਰ੍ਹਾਂ ਵਿੱਤੀ ਸਹਾਇਤਾ ਨਹੀਂ ਮਿਲਦੀ। ਨਵੀਆਂ ਅਸਾਮੀਆਂ ਸਿਰਜਣ ਅਤੇ ਭਰਤੀ ਪ੍ਰਕਿਰਿਆ ਲਈ ਬਜਟ ਦੀ ਘਾਟ ਇੱਕ ਵੱਡੀ ਰੁਕਾਵਟ ਹੈ। ਡਾਕਟਰ ਅਤੇ ਨਰਸ ਪੇਂਡੂ ਖੇਤਰਾਂ ਵਿੱਚ ਸੇਵਾਵਾਂ ਦੇਣ ਤੋਂ ਝਿਜਕਦੇ ਹਨ ਕਿਉਂਕਿ ਉੱਥੇ ਸਹੂਲਤਾਂ ਦੀ ਕਮੀ ਅਤੇ ਜੀਵਨ ਪੱਧਰ ਸ਼ਹਿਰੀ ਜੀਵਨ ਵਰਗਾ ਨਹੀਂ ਹੁੰਦਾ। ਪ੍ਰਾਈਵੇਟ ਹਸਪਤਾਲਾਂ ਵਿੱਚ ਉੱਚ ਤਨਖਾਹ ਅਤੇ ਬਿਹਤਰ ਸਹੂਲਤਾਂ ਕਾਰਨ ਜ਼ਿਆਦਾਤਰ ਡਾਕਟਰ ਅਤੇ ਨਰਸ ਸਰਕਾਰੀ ਨੌਕਰੀਆਂ ਨੂੰ ਛੱਡ ਕੇ ਪ੍ਰਾਈਵੇਟ ਸੈਕਟਰ ਵੱਲ ਜਾ ਰਹੇ ਹਨ।

ਪੀ.ਜੀ.ਆਈ. ਚੰਡੀਗੜ੍ਹ ਵਿੱਚ ਡਾਕਟਰਾਂ ਅਤੇ ਨਰਸਾਂ ਦੀ ਕਮੀ

ਪੋਸਟ ਗ੍ਰੈਜੂਏਟ ਇੰਸਟੀਚਿਊਟ ਆਫ਼ ਮੈਡੀਕਲ ਐਜੂਕੇਸ਼ਨ ਐਂਡ ਰਿਸਰਚ (ਪੀ.ਜੀ.ਆਈ.), ਚੰਡੀਗੜ੍ਹ, ਜੋ ਕਿ ਇੱਕ ਪ੍ਰਮੁੱਖ ਸਰਕਾਰੀ ਸਿਹਤ ਸੰਸਥਾ ਹੈ, ਵੀ ਸਟਾਫ਼ ਦੀ ਕਮੀ ਨਾਲ ਜੂਝ ਰਿਹਾ ਹੈ। ਪੀ.ਜੀ.ਆਈ. ਵਿੱਚ ਵੱਖ-ਵੱਖ ਵਿਭਾਗਾਂ ਵਿੱਚ ਮਾਹਿਰ ਡਾਕਟਰਾਂ ਅਤੇ ਨਰਸਾਂ ਦੀਆਂ ਅਸਾਮੀਆਂ ਖਾਲੀ ਹਨ। ਅੰਕੜਿਆਂ ਅਨੁਸਾਰ, ਪੀ.ਜੀ.ਆਈ ਵਿੱਚ ਲਗਭਗ 15-20% ਡਾਕਟਰੀ ਅਸਾਮੀਆਂ ਅਤੇ 25% ਨਰਸਿੰਗ ਅਸਾਮੀਆਂ ਖਾਲੀ ਹਨ। ਇਸ ਦੇ ਨਾਲ ਹੀ, ਵਧਦੀ ਮਰੀਜ਼ਾਂ ਦੀ ਗਿਣਤੀ ਕਾਰਨ ਸਟਾਫ਼ ’ਤੇ ਕੰਮ ਦਾ ਬੋਝ ਵੀ ਵੱਧ ਰਿਹਾ ਹੈ, ਜਿਸ ਨਾਲ ਸੇਵਾਵਾਂ ਦੀ ਗੁਣਵੱਤਾ ਪ੍ਰਭਾਵਿਤ ਹੋ ਰਹੀ ਹੈ।

### ਪੰਜਾਬ ਸਰਕਾਰ ਦਾ ਪੱਖ

ਸਿਹਤ ਮੰਤਰੀ ਡਾ. ਬਲਬੀਰ ਸਿੰਘ: ਸਿਹਤ ਮੰਤਰੀ ਨੇ ਮੰਨਿਆ ਕਿ ਸੂਬੇ ਵਿੱਚ ਨਸ਼ਿਆਂ ਦੀ ਸਮੱਸਿਆ ਅਤੇ ਸਿਹਤ ਸੇਵਾਵਾਂ ਦੀ ਕਮੀ ਨੂੰ ਹੱਲ ਕਰਨ ਲਈ ਯਤਨ ਕੀਤੇ ਜਾ ਰਹੇ ਹਨ। ਉਹਨਾਂ ਨੇ ‘ਯੁੱਧ ਨਸ਼ਿਆਂ ਵਿਰੁੱਧ’ ਮੁਹਿੰਮ ਅਤੇ ਡੀ-ਐਡਿਕਸ਼ਨ ਸੈਂਟਰਾਂ ਦੀ ਸਮਰੱਥਾ ਵਧਾਉਣ ਦੀ ਗੱਲ ਕੀਤੀ।

ਪੰਜਾਬ ਵਿੱਚ ਵਧੀਆ ਇਲਾਜ ਵਾਲੇ ਸਰਕਾਰੀ ਅਤੇ ਪ੍ਰਾਈਵੇਟ ਹਸਪਤਾਲ

*ਪੀ.ਜੀ.ਆਈ., ਚੰਡੀਗੜ੍ਹ ਸੂਬੇ ਦਾ ਸਭ ਤੋਂ ਵਧੀਆ ਸਰਕਾਰੀ ਹਸਪਤਾਲ ਹੈ, ਜਿੱਥੇ ਸਾਰੇ ਵੱਡੇ ਵਿਭਾਗਾਂ ਵਿੱਚ ਮਾਹਿਰ ਡਾਕਟਰ ਅਤੇ ਆਧੁਨਿਕ ਸਹੂਲਤਾਂ ਉਪਲਬਧ ਹਨ। ਹਾਲਾਂਕਿ, ਇੱਥੇ ਮਰੀਜ਼ਾਂ ਦੀ ਭੀੜ ਕਾਰਨ ਸੇਵਾਵਾਂ ’ਤੇ ਦਬਾਅ ਰਹਿੰਦਾ ਹੈ।

* ਸਿਵਲ ਹਸਪਤਾਲ, ਅੰਮ੍ਰਿਤਸਰ ਇੱਕ ਮਹੱਤਵਪੂਰਨ ਸਰਕਾਰੀ ਹਸਪਤਾਲ ਹੈ, ਜਿੱਥੇ ਜਨਰਲ ਸਰਜਰੀ, ਔਰਥੋਪੈਡਿਕਸ ਅਤੇ ਗਾਇਨੀਕੋਲੋਜੀ ਵਰਗੀਆਂ ਸਹੂਲਤਾਂ ਮਿਲਦੀਆਂ ਹਨ। ਇਹ ਹਸਪਤਾਲ ਮੈਡੀਕਲ ਸਿੱਖਿਆ ਦੇ ਨਾਲ-ਨਾਲ ਵਧੀਆ ਇਲਾਜ ਸਹੂਲਤਾਂ ਵੀ ਪ੍ਰਦਾਨ ਕਰਦਾ ਹੈ। ਸਰਕਾਰੀ ਮੈਡੀਕਲ ਕਾਲਜ, ਫ਼ਰੀਦਕੋਟ ਵਿੱਚ ਵੀ ਵਧੀਆ ਸਿਹਤ ਸੇਵਾਵਾਂ ਮਿਲਦੀਆਂ ਹਨ, ਖਾਸ ਕਰਕੇ ਪੇਂਡੂ ਖੇਤਰਾਂ ਦੇ ਮਰੀਜ਼ਾਂ ਲਈ।

* ਏਮਜ਼ ਬਠਿੰਡਾ 2019 ਵਿੱਚ ਸ਼ੁਰੂ ਹੋਇਆ ਅਤੇ 177 ਏਕੜ ਵਿੱਚ ਫ਼ੈਲਿਆ ਹੋਇਆ ਹੈ। ਇਸ ਵਿੱਚ 750 ਬਿਸਤਰੇ, 10 ਸਪੈਸ਼ਲਿਟੀ, 11 ਸੁਪਰ-ਸਪੈਸ਼ਲਿਟੀ ਵਿਭਾਗ ਅਤੇ 16 ਅਪਰੇਸ਼ਨ ਥੀਏਟਰ ਹਨ। ਇਹ ਕਾਰਡੀਓਲੋਜੀ, ਨਿਊਰੋਸਰਜਰੀ, ਆਰਥੋਪੈਡਿਕਸ, ਅਤੇ ਓਂਕੋਲੋਜੀ ਵਰਗੀਆਂ ਸੁਪਰ-ਸਪੈਸ਼ਲਿਟੀ ਸੇਵਾਵਾਂ ਪ੍ਰਦਾਨ ਕਰਦਾ ਹੈ।

(ਬਾਕੀ ਸਫ਼ਾ 31 ’ਤੇ)

# ਸ਼੍ਰੋਮਣੀ ਕਮੇਟੀ ਵੱਲੋਂ ਡਾ. ਮਨਮੋਹਨ ਸਿੰਘ ਦੀ ਤਸਵੀਰ ਕੇਂਦਰੀ ਸਿੱਖ ਅਜਾਇਬ ਘਰ ਵਿੱਚ ਲਾਉਣ ਦਾ ਫ਼ੈਸਲਾ ਮੁਲਤਵੀ



ਅੰਮ੍ਰਿਤਸਰ/ਏ.ਟੀ.ਨਿਊਜ਼: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਦੇਸ਼ ਦੇ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਤਸਵੀਰ ਕੇਂਦਰੀ ਸਿੱਖ ਅਜਾਇਬ ਘਰ ਵਿੱਚ ਲਗਾਉਣ ਦੇ ਫੈਸਲੇ ਨੂੰ ਹਾਲ ਦੀ ਘੜੀ ਮੁਲਤਵੀ ਕਰ ਦਿੱਤਾ ਹੈ। ਇਸ ਮਾਮਲੇ ’ਤੇ ਹੁਣ ਸ਼੍ਰੋਮਣੀ ਕਮੇਟੀ ਵੱਲੋਂ ਮੁੜ ਵਿਚਾਰ ਕੀਤਾ ਜਾਵੇਗਾ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਦੱਸਿਆ ਕਿ ਬੀਤੇ ਦਿਨੀਂ ਹੋਈ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿੱਚ ਡਾ. ਮਨਮੋਹਨ ਸਿੰਘ ਦੀ ਤਸਵੀਰ ਕੇਂਦਰੀ ਸਿੱਖ ਅਜਾਇਬ ਘਰ ਵਿੱਚ ਲਗਾਉਣ ਦਾ ਫੈਸਲਾ ਕੀਤਾ ਗਿਆ ਸੀ, ਜਿਸ ’ਤੇ ਵੱਖ-ਵੱਖ ਧਿਰਾਂ ਵੱਲੋਂ ਇਤਰਾਜ਼ ਆਉਣ ’ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਸ ਮਾਮਲੇ ਨੂੰ ਫਿਲਹਾਲ ਮੁਲਤਵੀ ਰੱਖਣ ਦਾ ਆਦੇਸ਼ ਕੀਤਾ ਹੈ।

ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਸਿੱਖ ਕੌਮ ਦੀਆਂ ਭਾਵਨਾਵਾਂ ਦਾ ਸਤਿਕਾਰ ਕਰਦੀ ਹੈ ਅਤੇ ਇਸ ਮਾਮਲੇ ਸਬੰਧੀ ਸਿੱਖਾਂ ਅੰਦਰ ਆਮਰਾਇ ਬਣਨੀ ਜ਼ਰੂਰੀ ਹੈ। ਸ਼੍ਰੋਮਣੀ ਕਮੇਟੀ ਸਕੱਤਰ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਤਸਵੀਰ ਲਗਾਉਣ ਦੇ ਇਸ ਫੈਸਲੇ ਬਾਰੇ ਅੰਤ੍ਰਿੰਗ ਕਮੇਟੀ ਵਿੱਚ ਮੁੜ ਵਿਚਾਰ ਕੀਤਾ ਜਾਵੇਗਾ।

ਗ਼ੌਰਤਲਬ ਹੈ ਕਿ ਸ਼੍ਰੋਮਣੀ ਕਮੇਟੀ ਵੱਲੋਂ ਕੀਤੇ ਗਏ ਇਸ ਫੈਸਲੇ ਦਾ ਬਲਵੰਤ ਸਿੰਘ ਰਾਜੋਆਣਾ ਅਤੇ ਦਲ ਖ਼ਾਲਸਾ ਸਮੇਤ ਕੁਝ ਹੋਰ ਸਿੱਖ ਜਥੇਬੰਦੀਆਂ ਵੱਲੋਂ ਵਿਰੋਧ ਕੀਤਾ ਗਿਆ ਹੈ। ਰਾਜੋਆਣਾ ਵੱਲੋਂ ਇਸ ਮਾਮਲੇ ਵਿੱਚ ਸ਼੍ਰੋਮਣੀ ਕਮੇਟੀ ਨੂੰ ਪੱਤਰ ਲਿਖ ਕੇ ਇਸ ਫੈਸਲੇ ’ਤੇ ਇਤਰਾਜ਼ ਪ੍ਰਗਟ ਕੀਤਾ ਗਿਆ ਅਤੇ ਉਸ ਨੇ ਆਖਿਆ ਡਾ. ਮਨਮੋਹਨ ਸਿੰਘ ਨੇ ਉਸ ਸਿਆਸੀ ਪਾਰਟੀ ਦੀ ਨੁਮਾਇੰਦਗੀ ਕੀਤੀ ਜੋ ਸਿੱਖਾਂ ’ਤੇ ਹੋਏ ਅੱਤਿਆਚਾਰਾਂ ਲਈ ਜ਼ਿੰਮੇਵਾਰ ਹੈ, ਉਹ ਉਸੇ ਪਾਰਟੀ ਦੇ ਪ੍ਰਤੀਨਿਧ ਵਜੋਂ ਪ੍ਰਧਾਨ ਮੰਤਰੀ ਬਣੇ ਜੋ 1984 ਵਿੱਚ ਸਿੱਖ ਕਤਲੇਆਮ ਅਤੇ ਸਾਕਾ ਨੀਲਾ ਤਾਰਾ ਲਈ ਦੋਸ਼ੀ ਹੈ।

ਇਸੇ ਤਰ੍ਹਾਂ ਦਲ ਖ਼ਾਲਸਾ ਦੇ ਕਾਰਜਕਾਰੀ ਪ੍ਰਧਾਨ ਪਰਮਜੀਤ ਸਿੰਘ ਮੰਡ ਨੇ ਵੀ ਸ਼੍ਰੋਮਣੀ ਕਮੇਟੀ ਦੇ ਇਸ ਫੈਸਲੇ ’ਤੇ ਇਤਰਾਜ਼ ਕੀਤਾ ਸੀ। ਉਹਨਾਂ ਕਿਹਾ ਕਿ ਡਾਕਟਰ ਮਨਮੋਹਨ ਸਿੰਘ ਇੱਕ ਸਿੱਖ ਸ਼ਖਸੀਅਤ ਜ਼ਰੂਰ ਸਨ, ਪਰ ਉਹਨਾਂ ਨੇ ਪ੍ਰਧਾਨ ਮੰਤਰੀ ਹੁੰਦਿਆਂ ਆਪਣੇ ਕਾਰਜ ਕਾਲ ਦੌਰਾਨ ਸਿੱਖ ਪੰਥ ਵਾਸਤੇ ਕੋਈ ਅਜਿਹਾ ਕਾਰਜ ਨਹੀਂ ਕੀਤਾ, ਜਿਸ ਲਈ ਉਹਨਾਂ ਦੀ ਤਸਵੀਰ ਸਿੱਖ ਅਜਾਇਬ ਘਰ ਵਿੱਚ ਸਥਾਪਿਤ ਕੀਤੀ ਜਾਵੇ।

ਇਸ ਫੈਸਲੇ ਦੇ ਹੋ ਰਹੇ ਵਿਰੋਧ ਨੂੰ ਦੇਖਦਿਆਂ ਹੁਣ ਸ਼੍ਰੋਮਣੀ ਕਮੇਟੀ ਨੇ ਡਾਕਟਰ ਮਨਮੋਹਨ ਸਿੰਘ ਦੀ ਤਸਵੀਰ ਸਿੱਖ ਅਜਾਇਬ ਘਰ ਵਿੱਚ ਸਥਾਪਿਤ ਕਰਨ ਦੇ ਫੈਸਲੇ ਨੂੰ ਫਿਲਹਾਲ ਮੁਲਤਵੀ ਕਰ ਦਿੱਤਾ ਹੈ।

# ਗੁ. ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ ਸ਼ੁਰੂ



ਅੰਮ੍ਰਿਤਸਰ/ਏ.ਟੀ.ਨਿਊਜ਼: ਹੇਮਕੁੰਟ ਸਾਹਿਬ ਦੀ ਸਾਲਾਨਾ ਯਾਤਰਾ ਲਈ ਪਿਛਲੇ ਦਿਨੀਂ ਸਿੱਖ ਸ਼ਰਧਾਲੂਆਂ ਦਾ ਪਹਿਲਾ ਜੱਥਾ ਰਿਸ਼ੀਕੇਸ਼ ਸਥਿਤ ਗੁਰਦੁਆਰਾ ਸਾਹਿਬ ਤੋਂ ਰਵਾਨਾ ਹੋਇਆ। ਇਸ ਨੂੰ ਉੱਤਰਾਖੰਡ ਦੇ ਰਾਜਪਾਲ ਲੈਫਟੀਨੈਂਟ ਜਨਰਲ (ਸੇਵਾਮੁਕਤ) ਗੁਰਮੀਤ ਸਿੰਘ ਅਤੇ ਉੱਤਰਾਖੰਡ ਦੇ ਮੁੱਖ ਮੰਤਰੀ ਪੁਸ਼ਕਰ ਧਾਮੀ ਨੇ ਰਵਾਨਾ ਕੀਤਾ। ਉਨ੍ਹਾਂ ਪੰਜ ਪਿਆਰਿਆਂ ਨੂੰ ਸਿਰੋਪਾਓ ਭੇਟ ਕੀਤੇ।

ਗੁਰਦੁਆਰਾ ਸ਼੍ਰੀ ਹੇਮਕੁੰਟ ਸਾਹਿਬ ਮੈਨੇਜਮੈਂਟ ਟਰੱਸਟ ਦੇ ਪ੍ਰਧਾਨ ਨਰਿੰਦਰਜੀਤ ਸਿੰਘ ਬਿੰਦਰਾ ਨੇ ਦੱਸਿਆ ਕਿ ਸਿੱਖ ਸ਼ਰਧਾਲੂਆਂ ਦਾ ਪਹਿਲਾ ਜੱਥਾ ਰਵਾਨਾ ਹੋਇਆ ਹੈ। ਇਸ ਨਾਲ ਇਸ ਯਾਤਰਾ ਦੀ ਸ਼ੁਰੂਆਤ ਹੋ ਗਈ ਹੈ। ਯਾਤਰਾ ਦੀ ਸ਼ੁਰੂਆਤ ਦੇ ਸਬੰਧ ਵਿੱਚ ਇੱਥੇ ਗੁਰਦੁਆਰਾ ਰਿਸ਼ੀਕੇਸ਼ ਵਿੱਚ ਅਖੰਡ ਪਾਠ ਦੇ ਭੋਗ ਪਾਏ ਗਏ ਅਤੇ ਰਾਗੀ ਜਥਿਆਂ ਨੇ ਗੁਰਬਾਣੀ ਦਾ ਕੀਰਤਨ ਕੀਤਾ। ਇਸ ਤੋਂ ਪਹਿਲਾਂ ਮੁੱਖ ਮੰਤਰੀ ਨੇ ਸੰਗਤ ਨੂੰ ਸੰਬੋਧਨ ਕਰਦਿਆਂ ਯਾਤਰਾ ਦੌਰਾਨ ਅਨੁਸ਼ਾਸਨ ਬਣਾਉਣ ਦੀ ਅਪੀਲ ਕੀਤੀ ਅਤੇ ਯਾਤਰਾ ਦੀ ਸਫਲਤਾ ਲਈ ਸ਼ਰਧਾਲੂਆਂ ਨੂੰ ਸ਼ੁਭਕਾਮਨਾਵਾਂ ਭੇਟ ਕੀਤੀਆਂ। ਉਨ੍ਹਾਂ ਕਿਹਾ ਕਿ ਯਾਤਰਾ ਦੇ ਮਾਰਗ ਵਿੱਚ ਹਰ ਸੰਭਵ ਲੋੜੀਂਦੇ ਪ੍ਰਬੰਧ ਕੀਤੇ ਗਏ ਹਨ।

ਸਮਾਗਮ ਤੋਂ ਪਹਿਲਾਂ ਰਾਜਪਾਲ ਅਤੇ ਮੁੱਖ ਮੰਤਰੀ ਦੋਵਾਂ ਨੇ ਗੁਰੂ ਘਰ ਵਿੱਚ ਮੱਥਾ ਟੇਕਿਆ ਅਤੇ ਸਮਾਗਮ ਤੋਂ ਬਾਅਦ ਲੰਗਰ ਘਰ ਵਿੱਚ ਬੈਠ ਕੇ ਲੰਗਰ ਵੀ ਛਕਿਆ। ਪ੍ਰਬੰਧਕੀ ਟਰੱਸਟ ਵੱਲੋਂ ਪ੍ਰਧਾਨ ਸ੍ਰੀ ਬਿੰਦਰਾ ਨੇ ਰਾਜਪਾਲ, ਮੁੱਖ ਮੰਤਰੀ ਤੇ ਹੋਰ ਪਤਵੰਤਿਆਂ ਦਾ ਸਨਮਾਨ ਕੀਤਾ। ਇਸ ਦੌਰਾਨ ਗੁਰਦੁਆਰਾ ਸ੍ਰੀ ਗੋਬਿੰਦ ਘਾਟ ਦੇ ਮੈਨੇਜਰ ਭਾਈ ਸੇਵਾ ਸਿੰਘ ਨੇ ਦੱਸਿਆ ਕਿ ਗੁਰਦੁਆਰਾ ਗੋਬਿੰਦ ਘਾਟ ਵਿੱਚ ਮਾਰਚ ਵਿੱਚ ਪਹਾੜ ਤੋਂ ਢਿੱਗਾਂ ਡਿੱਗਣ ਕਾਰਨ ਟੁੱਟਿਆ ਪੁੱਲ ਮੁੜ ਉਸਾਰ ਦਿੱਤਾ ਗਿਆ ਹੈ ਅਤੇ ਆਵਾਜਾਈ ਬਹਾਲ ਹੋ ਚੁੱਕੀ ਹੈ। ਲਗਪਗ 15 ਹਜ਼ਾਰ ਫੁੱਟ ਦੀ ਉਚਾਈ ’ਤੇ ਸਥਾਪਿਤ ਗੁਰਦੁਆਰਾ ਹੇਮਕੁੰਟ ਸਾਹਿਬ ਵਿੱਚ ਵੀ ਭਾਰਤੀ ਫ਼ੌਜ ਦੇ ਜਵਾਨਾਂ ਵੱਲੋਂ ਬਰਫ ਹਟਾ ਕੇ ਰਸਤੇ ਤਿਆਰ ਕੀਤੇ ਜਾ ਚੁੱਕੇ ਹਨ। ਗੁਰਦੁਆਰੇ ਦੇ ਆਲੇ-ਦੁਆਲੇ ਜੰਮੀ ਬਰਫ ਨੂੰ ਵੀ ਹਟਾ ਦਿੱਤਾ ਗਿਆ ਹੈ। ਲਗਪਗ 10 ਹਜ਼ਾਰ ਫੁੱਟ ਦੀ ਉਚਾਈ ਤੇ ਰਸਤੇ ਵਿੱਚ ਪੈਂਦੇ ਗੁਰਦੁਆਰਾ ਗੋਬਿੰਦ ਧਾਮ ਜਿੱਥੇ ਰਾਤ ਨੂੰ ਆਰਾਮ ਕੀਤਾ ਜਾਂਦਾ ਹੈ, ਵਿਖੇ ਵੀ ਸੰਗਤ ਦੀ ਰਿਹਾਇਸ਼ ਅਤੇ ਲੰਗਰ ਦੇ ਸਾਰੇ ਪ੍ਰਬੰਧ ਕੀਤੇ ਜਾ ਚੁੱਕੇ ਹਨ।

# ਸਿੱਖ ਕੌਮ ਦੀਆਂ ਸਰਵਉੱਚ ਸੰਸਥਾਵਾਂ ’ਚ ਆਪਸੀ ਮਤਭੇਦ ਕੌਮ ਦੇ ਹਿੱਤ ਵਿੱਚ ਨਹੀਂ: ਐਡਵੋਕੇਟ ਧਾਮੀ



ਅੰਮ੍ਰਿਤਸਰ/ਏ.ਟੀ.ਨਿਊਜ਼: ਸਿੱਖ ਪੰਥ ਅੰਦਰ ਤਖ਼ਤ ਸਾਹਿਬਾਨ ਦੀ ਇਤਿਹਾਸਕ ਤੇ ਸਿਧਾਂਤਕ ਮਹਾਨਤਾ ਬਹੁਤ ਵੱਡੀ ਹੈ, ਜਿਸ ਦੇ ਮੱਦੇਨਜ਼ਰ ਇਨ੍ਹਾਂ ਦੇ ਸਤਿਕਾਰ ਨੂੰ ਬਰਕਰਾਰ ਰੱਖਣਾ ਕੌਮ ਦੀ ਵੱਡੀ ਜ਼ਿੰਮੇਵਾਰੀ ਹੈ। ਇਹ ਵਿਚਾਰ ਪ੍ਰਗਟ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਆਖਿਆ ਕਿ ਪਿਛਲੇ ਦਿਨੀਂ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪੰਜ ਸਿੰਘ ਸਾਹਿਬਾਨ ਦੁਆਰਾ ਕੀਤੇ ਗਏ ਫੈਸਲਿਆਂ ਬਾਅਦ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਪੰਜ ਪਿਆਰਿਆਂ ਵੱਲੋਂ ਜਾਰੀ ਕੀਤੇ ਆਦੇਸ਼ ਨਾਲ ਕੌਮ ਅੰਦਰ ਚੰਗਾ ਸੁਨੇਹਾ ਨਹੀਂ ਗਿਆ।

ਐਡਵੋਕੇਟ ਧਾਮੀ ਨੇ ਕਿਹਾ ਕਿ ਪੰਥਕ ਸੰਸਥਾਵਾਂ ਅਤੇ ਪੰਥਕ ਮਸਲਿਆਂ ਨੂੰ ਸੰਜੀਦਗੀ ਨਾਲ ਹੀ ਹੱਲ ਕਰਨਾ ਚਾਹੀਦਾ ਹੈ ਅਤੇ ਇਸ ਲਈ ਆਪਸੀ ਵਿਚਾਰ-ਵਟਾਂਦਰੇ ਦਾ ਰਾਹ ਹੀ ਬਿਹਤਰ ਰਸਤਾ ਹੈ। ਉਨ੍ਹਾਂ ਆਖਿਆ ਕਿ ਕੌਮ ਦੀਆਂ ਸੰਸਥਾਵਾਂ ਅਤੇ ਤਖ਼ਤ ਸਾਹਿਬਾਨ ਤੋਂ ਪੂਰਾ ਸਿੱਖ ਜਗਤ ਪ੍ਰੇਰਣਾ ਲੈਂਦਾ ਹੈ, ਪ੍ਰੰਤੂ ਅਜਿਹੇ ਆਪਸੀ ਟਕਰਾਅ ਵਾਲੇ ਮਾਹੌਲ ਨਾਲ ਕੌਮ ਅੰਦਰ ਦੁਬਿਧਾ ਬਣੀ ਹੈ।

ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਮੌਜੂਦਾ ਸਮਾਂ ਕੌਮ ਲਈ ਬੇਹੱਦ ਸੰਜੀਦਾ ਅਤੇ ਚੁਣੌਤੀਆਂ ਭਰਪੂਰ ਹੈ, ਜਿਸ ਨੂੰ ਵੇਖਦਿਆਂ ਸਿੱਖ ਸੰਸਥਾਵਾਂ ਨੂੰ ਇਕਜੁਟਤਾ ਨਾਲ ਅੱਗੇ ਵਧਣਾ ਪਵੇਗਾ। ਉਨ੍ਹਾਂ ਆਖਿਆ ਕਿ ਮੌਜੂਦਾ ਮਾਮਲੇ ਪ੍ਰਤੀ ਸਿੱਖ ਪ੍ਰੰਪਰਾਵਾਂ, ਸਿਧਾਂਤਾਂ ਅਤੇ ਸਰਬਉੱਚ ਸੰਸਥਾਵਾਂ ਦੇ ਵਕਾਰ ਨੂੰ ਬਰਕਰਾਰ ਰੱਖਣ ਦੇ ਯਤਨ ਵੱਲ ਵਧਣਾ ਚਾਹੀਦਾ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਉਹ ਸਿੱਖ ਸੰਸਥਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹੋਣ ਦੇ ਨਾਤੇ ਸੰਸਥਾਗਤ ਤੌਰ ’ਤੇ ਅਤੇ ਸਿੱਖ ਪੰਥ ਦਾ ਅੰਗ ਹੋਣ ਕਰਕੇ ਨਿੱਜੀ ਤੌਰ ’ਤੇ ਯਤਨ ਕਰਨਗੇ ਕਿ ਇਹ ਮਸਲਾ ਜਲਦ ਹੱਲ ਹੋਵੇ।

# ਸਮੁੱਚੀ ਸਿੱਖ ਕੌਮ ਨੂੰ ਇੱਕ ਮੰਚ ’ਤੇ ਲਿਆਉਣ ਦੀ ਲੋੜ : ਜਥੇਦਾਰ ਗੜਗੱਜ

## ਭਾਈ ਧਿਆਨ ਸਿੰਘ ਮੰਡ ਨਾਲ ਕੀਤੀ ਮੁਲਾਕਾਤ



ਅੰਮ੍ਰਿਤਸਰ/ਏ.ਟੀ.ਨਿਊਜ਼: ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਪਿਛਲੇ ਦਿਨੀਂ ਅਚਨਚੇਤੀ ਮੁਤਵਾਜ਼ੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਨਾਲ ਉਨ੍ਹਾਂ ਦੀ ਫ਼ਿਰੋਜ਼ਪੁਰ ਸਥਿਤ ਰਿਹਾਇਸ਼ ’ਤੇ ਮੁਲਾਕਾਤ ਕੀਤੀ ਹੈ ਤੇ ਉਨ੍ਹਾਂ ਦੀ ਸਿਹਤ ਦਾ ਹਾਲ-ਚਾਲ ਜਾਣਿਆ ਹੈ। ਜਥੇਦਾਰ ਮੰਡ ਪਿਛਲੇ ਕੁਝ ਦਿਨਾਂ ਤੋਂ ਬਿਮਾਰ ਸਨ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਕੱਤਰੇਤ ਵੱਲੋਂ ਜਥੇਦਾਰ ਗੜਗੱਜ ਦੀਆਂ ਜਥੇਦਾਰ ਮੰਡ ਨਾਲ ਮੁਲਾਕਾਤ ਦੀਆਂ ਤਸਵੀਰਾਂ ਸਾਂਝੀਆਂ ਕੀਤੀਆਂ ਗਈਆਂ ਹਨ।

ਇਸ ਸਬੰਧੀ ਪ੍ਰਾਪਤ ਜਾਣਕਾਰੀ ਜਥੇਦਾਰ ਗੜਗੱਜ ਪਿਛਲੇ ਦਿਨੀਂ ਉਸ ਇਲਾਕੇ ਵਿੱਚ ਧਰਮ ਪ੍ਰਚਾਰ ਮੁਹਿੰਮ ਤਹਿਤ ਗਏ ਸਨ। ਇਸ ਦੌਰਾਨ ਜਦੋਂ ਉਨ੍ਹਾਂ ਨੂੰ ਜਥੇਦਾਰ ਮੰਡ ਦੀ ਸਿਹਤ ਢਿੱਲੀ ਹੋਣ ਬਾਰੇ ਪਤਾ ਲੱਗਾ ਤਾਂ ਉਨ੍ਹਾਂ ਨੇ ਜਥੇਦਾਰ ਮੰਡ ਨਾਲ ਫੋਨ ’ਤੇ ਗੱਲਬਾਤ ਕੀਤੀ ਅਤੇ ਮਗਰੋਂ ਸਿਹਤ ਦਾ ਹਾਲ-ਚਾਲ ਪੁੱਛਣ ਲਈ ਉਨ੍ਹਾਂ ਦੇ ਘਰ ਪੁੱਜ ਗਏ। ਉਨ੍ਹਾਂ ਕਿਹਾ ਕਿ ਜਥੇਦਾਰ ਮੰਡ ਸਿੱਖ ਕੌਮ ਦੇ ਸੰਘਰਸ਼ੀ ਪਰਿਵਾਰ ਨਾਲ ਸਬੰਧਤ ਹਨ। ਉਨ੍ਹਾਂ ਦੇ ਤਿੰਨ ਭਰਾ ਸਿੱਖ ਸੰਘਰਸ਼ ਦੌਰਾਨ ਸ਼ਹੀਦ ਹੋਏ ਸਨ।

ਉਨ੍ਹਾਂ ਹਾਲ ਹੀ ਵਿੱਚ ਸਿੱਖ ਪ੍ਰਚਾਰਕ ਰਣਜੀਤ ਸਿੰਘ ਢੱਡਰੀਆਂ ਵਾਲਾ ਅਤੇ ਹੋਰ ਕਈ ਸਿੱਖਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਫਸੀਲ ਤੋਂ ਮੁਆਫ਼ੀ (ਬਾਕੀ ਸਫ਼ਾ 31 ’ਤੇ)

# ਹਰਿਆਣਾ ਸਿੱਖ ਗੁਰਦੁਆਰਾ ਕਮੇਟੀ ਨੇ ਚੁੱਕਿਆ ਦਵਿੰਦਰ ਸਿੰਘ ਦਾ ਮੁੱਦਾ, ਮੰਗੀ ਨਿਰਪੱਖ ਜਾਂਚ

## ਪਾਕਿਸਤਾਨ ਗੁਰਦੁਆਰਾ ਯਾਤਰਾ ’ਤੇ ਪਾਬੰਦੀਆਂ, ਸਿੱਖਾਂ ਵਿੱਚ ਸਰਕਾਰ ਵਿਰੁੱਧ ਰੋਸ

ਕੈਥਲ/ਏ.ਟੀ.ਨਿਊਜ਼: ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮਸਤਗੜ੍ਹ ਪਿੰਡ ਦੇ ਦਵਿੰਦਰ ਸਿੰਘ ਦੇ ਹੱਕ ਵਿੱਚ ਆਉਂਦਿਆਂ ਸਰਕਾਰ ਤੋਂ ਨਿਰਪੱਖ ਜਾਂਚ ਦੀ ਮੰਗ ਕੀਤੀ ਹੈ। ਦਵਿੰਦਰ ਸਿੰਘ, ਜਿਸ ਨੂੰ ਪਾਕਿਸਤਾਨ ਲਈ ਜਾਸੂਸੀ ਦੇ ਦੋਸ਼ ਵਿੱਚ ਗ੍ਰਿਫਤਾਰ ਕੀਤਾ ਗਿਆ ਸੀ, ਦੇ ਮਾਮਲੇ ਦੀ ਪੜਤਾਲ ਲਈ ਕਮੇਟੀ ਨੇ ਪੰਜ ਮੈਂਬਰੀ ਜਾਂਚ ਟੀਮ ਬਣਾਈ ਹੈ।

ਇਸ ਟੀਮ ਦੀ ਅਗਵਾਈ ਸਾਬਕਾ ਚੇਅਰਮੈਨ ਜਗਦੀਸ਼ ਸਿੰਘ ਝੀਂਡਾ ਕਰ ਰਹੇ ਨੇ। ਝੀਂਡਾ ਨੇ ਕੈਥਲ ਦੀ ਐਸ.ਐਸ.ਪੀ. ਆਸਥਾ ਨਾਲ ਮੁਲਾਕਾਤ ਕਰਕੇ ਦਵਿੰਦਰ ਦੇ ਮਾਮਲੇ ਵਿੱਚ ਸੁਤੰਤਰ ਜਾਂਚ ਦੀ ਅਪੀਲ ਕੀਤੀ। ਝੀਂਡਾ ਨੇ ਦੱਸਿਆ ਕਿ ਦਵਿੰਦਰ ਸਿਰਫ਼ ਪਾਕਿਸਤਾਨ ਵਿੱਚ ਸਿੱਖ ਗੁਰਦੁਆਰਿਆਂ ਦੇ ਦਰਸ਼ਨਾਂ ਲਈ ਗਿਆ ਸੀ, ਪਰ ਸਰਕਾਰ ਨੇ ਉਸ ’ਤੇ ਜਾਸੂਸੀ ਦਾ ਝੂਠਾ ਇਲਜ਼ਾਮ ਲਾਇਆ।

ਉਨ੍ਹਾਂ ਕਿਹਾ ਕਿ ਓਹ ਅਜੇ ਬਹੁਤ ਛੋਟਾ ਹੈ, ਪਾਕਿਸਤਾਨ ਵਿੱਚ ਕੌਣ ਕਿਸ ਨਾਲ ਮਿਲਦਾ, ਇਹ ਸਮਝਣਾ ਮੁਸ਼ਕਿਲ ਹੈ। ਸਾਈਬਰ ਟੀਮ ਨੇ ਦਵਿੰਦਰ ਦੇ ਮੋਬਾਈਲ ’ਚੋਂ ਡਾਟਾ ਜੁਟਾਇਆ ਹੈ, ਜਿਸ ਦੇ ਆਧਾਰ ’ਤੇ ਪੁਲਿਸ ਨੇ ਉਸ ’ਤੇ ਜਾਸੂਸੀ ਦਾ ਦੋਸ਼ ਲਾਇਆ। ਡੀ.ਐਸ.ਪੀ. ਗੁਰਵਿੰਦਰ



ਸਿੰਘ ਨੇ ਦੱਸਿਆ ਕਿ ਐਸਆਈਟੀ ਦਵਿੰਦਰ ਨੂੰ ਰਿਮਾਂਡ ’ਤੇ ਲੈ ਕੇ ਪੁੱਛਗਿੱਛ ਕਰ ਰਹੀ ਹੈ।

**ਕਰਤਾਰਪੁਰ ਲਾਂਘਾ ਬੰਦ ਅਤੇ ਸਿੱਖਾਂ ਵਿੱਚ ਰੋਸ**

ਕਰਤਾਰਪੁਰ ਸਾਹਿਬ ਲਾਂਘੇ ਦੇ ਬੰਦ ਹੋਣ ਨਾਲ ਸਿੱਖ ਭਾਈਚਾਰੇ ’ਚ ਸਰਕਾਰ ਵਿਰੁੱਧ ਗੁੱਸਾ ਵਧ ਰਿਹਾ ਹੈ। ਸਿੱਖ ਜਥੇਬੰਦੀਆਂ ਦਾ ਮੰਨਣਾ ਹੈ ਕਿ ਪਾਕਿਸਤਾਨ ’ਚ ਸਿੱਖ ਗੁਰਦੁਆਰਿਆਂ ਦੀ ਯਾਤਰਾ ’ਤੇ ਸ਼ੱਕ ਕਰਨਾ ਸਿੱਖ ਭਾਵਨਾਵਾਂ ਨਾਲ ਖਿਲਵਾੜ ਹੈ। ਕਰਤਾਰਪੁਰ ਲਾਂਘਾ, ਜੋ ਸਿੱਖਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪਵਿੱਤਰ ਧਰਤੀ ’ਤੇ ਜਾਣ ਦਾ ਮੌਕਾ ਦਿੰਦਾ ਸੀ, ਬੰਦ ਕਰਨ ਦਾ ਕਾਰਨ ਸਰਕਾਰ ਨੇ ਸੁਰੱਖਿਆ ਮੁੱਦੇ ਦੱਸੇ ਹਨ। ਪਰ ਸਿੱਖ ਜਥੇਬੰਦੀਆਂ, ਜਿਨ੍ਹਾਂ ’ਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ.ਜੀ.ਪੀ.ਸੀ.), ਦਮਦਮੀ ਟਕਸਾਲ ਅਤੇ ਹੋਰ ਨਿਹੰਗ ਸਿੰਘ ਜਥੇਬੰਦੀਆਂ ਸ਼ਾਮਲ ਨੇ, ਇਸ ਦਾ ਸਖ਼ਤ ਵਿਰੋਧ ਕੀਤਾ। ਐਸ.ਜੀ.ਪੀ.ਸੀ. ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ, ‘ਸਰਕਾਰ ਸਿੱਖਾਂ ਦੇ ਧਾਰਮਿਕ ਅਧਿਕਾਰਾਂ ’ਤੇ ਰੋਕ ਲਾਉਣ ਦੀ ਸਾਜ਼ਿਸ਼ ਕਰ ਰਹੀ ਹੈ। ਕਰਤਾਰਪੁਰ ਲਾਂਘਾ ਬੰਦ ਕਰਨਾ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲਾ ਕਦਮ ਹੈ।’

# ਭਾਰਤੀ ਸਿੱਖ ਸ਼ਰਧਾਲੂਆਂ ਨੂੰ ਲਾਹੌਰ ਜਾਣ ਦੀ ਨਹੀਂ ਮਿਲੇਗੀ ਇਜਾਜ਼ਤ

ਅੰਮ੍ਰਿਤਸਰ/ਏ.ਟੀ.ਨਿਊਜ਼: ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ ਭਾਰਤ ਅਤੇ ਪਾਕਿਸਤਾਨ ਵਿਚਕਾਰ ਵਧੇ ਤਣਾਅ ਦੇ ਮੱਦੇਨਜ਼ਰ ਇਸ ਵਾਰ ਭਾਰਤ ਦੀਆਂ ਸਿੱਖ ਸੰਗਤਾਂ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ ਲਾਹੌਰ ਦੇ ਗੁਰਦੁਆਰਾ ਡੇਹਰਾ ਸਾਹਿਬ ਵਿਖੇ ਜਾ ਕੇ ਨਹੀਂ ਮਨਾ ਸਕਣਗੀਆਂ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ.ਜੀ.ਪੀ.ਸੀ.) ਵੱਲੋਂ ਸਿੱਖ ਜਥੇ ਨੂੰ ਪਾਕਿਸਤਾਨ ਭੇਜਣ ਲਈ ਵੀਜ਼ਾ ਪ੍ਰਕਿਰਿਆ ਸ਼ੁਰੂ ਹੀ ਨਹੀਂ ਹੋ ਸਕੀ, ਜਿਸ ਕਾਰਨ ਸੰਗਤਾਂ ਵਿੱਚ ਨਿਰਾਸ਼ਾ ਦੀ ਲਹਿਰ ਹੈ। ਸ਼੍ਰੋਮਣੀ ਕਮੇਟੀ ਵੱਲੋਂ ਸੋਧਿਆ ਨਾਨਕਸ਼ਾਹੀ ਕੈਲੰਡਰ ਅਨੁਸਾਰ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ 30 ਮਈ ਨੂੰ ਮਨਾਇਆ ਜਾਵੇਗਾ, ਜਦਕਿ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ 16 ਜੂਨ ਨੂੰ ਇਹ ਸ਼ਹੀਦੀ ਪੁਰਬ ਮਨਾਉਣ ਦੀ ਤਿਆਰੀ ਕਰ ਰਹੀ ਹੈ। ਇਸ ਵਾਰ ਸੰਗਤਾਂ ਦੇ ਪਾਕਿਸਤਾਨ ਜਾਣ ’ਤੇ ਪਾਬੰਦੀ ਕਾਰਨ ਸ਼੍ਰੋਮਣੀ ਕਮੇਟੀ ਨੇ ਸ੍ਰੀ ਦਰਬਾਰ ਸਾਹਿਬ ਅਤੇ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਅੰਮ੍ਰਿਤਸਰ ਵਿਖੇ 30 ਮਈ ਨੂੰ ਸ਼ਹੀਦੀ ਪੁਰਬ ਨੂੰ ਸ਼ਰਧਾ ਨਾਲ ਮਨਾਉਣ ਦਾ ਐਲਾਨ ਕੀਤਾ ਹੈ।

**ਸ਼੍ਰੋਮਣੀ ਕਮੇਟੀ ਅਤੇ ਪੰਥਕ ਜਥੇਬੰਦੀਆਂ ਦਾ ਪ੍ਰਤੀਕਰਮ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪਾਕਿਸਤਾਨ (ਬਾਕੀ ਸਫ਼ਾ 30 ’ਤੇ)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

## ਸੰਪਾਦਕੀ

# ਕੀ ਵਿਦੇਸ਼ਾਂ ਦੇ ਸਖ਼ਤ ਕਾਨੂੰਨ ਰੋਕ ਸਕਣਗੇ ਪਰਵਾਸ ਨੂੰ ?

ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਅਮਰੀਕਾ ਦੇ ਰਾਸ਼ਟਰਪਤੀ ਵਜੋਂ ਸਹੁੰ ਚੁੱਕਣ ਤੋਂ ਬਾਅਦ ਅਮਰੀਕਾ ਵੱਲੋਂ ਜਿਥੇ ਗ਼ੈਰ ਕਾਨੂੰਨੀ ਪਰਵਾਸੀਆਂ ਨੂੰ ਦੇਸ਼ ਨਿਕਾਲ਼ਾ ਦਿੱਤਾ ਜਾ ਰਿਹਾ ਹੈ, ਉਥੇ ਅਮਰੀਕਾ ਹੁਣ ਵੀਜ਼ਾ ਨਿਯਮਾਂ ਸਬੰਧੀ ਵੀ ਬਹੁਤ ਸਖ਼ਤੀ ਵਿਖਾ ਰਿਹਾ ਹੈ। ਤਾਜ਼ਾ ਰਿਪੋਰਟਾਂ ਅਨੁਸਾਰ ਅਮਰੀਕਾ ਨੇ ਭਾਰਤ ਸਮੇਤ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਇੱਕ ਹੋਰ ਚਿਤਾਵਨੀ ਜਾਰੀ ਕੀਤੀ ਹੈ। ਅਮਰੀਕੀ ਪ੍ਰਸ਼ਾਸਨ ਨੇ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਕਿਹਾ ਹੈ, "ਜੇਕਰ ਤੁਸੀਂ ਸਕੂਲ ਛੱਡ ਦਿੰਦੇ ਹੋ, ਕਲਾਸਾਂ ਵਿੱਚ ਨਹੀਂ ਜਾਂਦੇ ਜਾਂ ਆਪਣੇ ਸਕੂਲ ਨੂੰ ਦੱਸੇ ਬਿਨਾਂ ਆਪਣਾ ਕੋਰਸ ਛੱਡ ਦਿੰਦੇ ਹੋ, ਤਾਂ ਤੁਹਾਡਾ ਅਮਰੀਕਾ ਦਾ ਵਿਦਿਆਰਥੀ ਵੀਜ਼ਾ ਰੱਦ ਹੋ ਸਕਦਾ ਹੈ ਅਤੇ ਭਵਿੱਖ ਵਿੱਚ ਤੁਹਾਨੂੰ ਅਮਰੀਕਾ ਲਈ ਵੀਜ਼ਾ ਰੱਦ ਕੀਤਾ ਜਾ ਸਕਦਾ ਹੈ। ਇਸ ਕਰ ਕੇ ਆਪਣੇ ਵੀਜ਼ੇ ਦੀਆਂ ਸ਼ਰਤਾਂ ਦੀ ਪਾਲਣਾ ਕਰੋ ਅਤੇ ਕਿਸੇ ਵੀ ਮੁੱਦੇ ਤੋਂ ਬਚਣ ਲਈ ਆਪਣੀ ਵਿਦਿਆਰਥੀ ਸਥਿਤੀ ਨੂੰ ਪਹਿਲਾਂ ਵਾਂਗ ਬਣਾਈ ਰੱਖੋ।" ਅਮਰੀਕੀ ਪ੍ਰਸ਼ਾਸਨ ਦੇ ਇਹਨਾਂ ਹੁਕਮਾਂ ਤੋਂ ਬਾਅਦ ਪਤਾ ਚੱਲ ਜਾਂਦਾ ਹੈ ਕਿ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਅਮਰੀਕਾ ਵਿੱਚ ਰਹਿਣਾ ਹੁਣ ਸੌਖਾ ਨਹੀਂ ਹੈ। ਅਮਰੀਕਾ ਵਿੱਚ ਵੱਡੀ ਗਿਣਤੀ ਭਾਰਤੀ ਵਿਦਿਆਰਥੀਆਂ ਦੀ ਹੈ। ਭਾਰਤ ਵਿੱਚ ਅਮਰੀਕੀ ਸਫ਼ਾਰਤਖ਼ਾਨੇ ਦੀ ਟੀਮ ਵੱਲੋਂ ਸਾਲ 2023 ਵਿੱਚ 1,40,000 ਤੋਂ ਵੱਧ ਵਿਦਿਆਰਥੀ ਵੀਜ਼ੇ ਜਾਰੀ ਕੀਤੇ ਸਨ। ਅਸਲ ਵਿੱਚ ਭਾਰਤੀ ਵਿਦਿਆਰਥੀਆਂ ਦਾ ਪੜ੍ਹਾਈ ਬਹਾਨੇ ਅਮਰੀਕਾ ਜਾਂ ਹੋਰ ਦੇਸ਼ਾਂ 'ਚ ਜਾਣ ਦਾ ਇੱਕੋ ਇੱਕ ਮਕਸਦ ਉਥੋਂ ਦੀ ਨਾਗਰਿਕਤਾ ਹਾਸਲ ਕਰਨਾ ਹੁੰਦਾ ਹੈ। ਅਮਰੀਕਾ ਦੀ ਤਰ੍ਹਾਂ ਹੀ ਕੈਨੇਡਾ, ਨਿਊਜ਼ੀਲੈਂਡ, ਆਸਟ੍ਰੇਲੀਆ,ਯੂ.ਕੇ. ਅਤੇ ਹੋਰ ਦੇਸ਼ਾਂ ਨੇ ਵੀ ਵੀਜ਼ਾ ਨਿਯਮ ਸਖ਼ਤ ਕਰ ਦਿੱਤੇ ਹਨ ਤਾਂ ਕਿ ਪਰਵਾਸੀਆਂ ਅਤੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ ਸੀਮਿਤ ਕੀਤੀ ਜਾ ਸਕੇ।

ਇੱਕ ਹੋਰ ਰਿਪੋਰਟ ਅਨੁਸਾਰ ਕੈਨੇਡਾ ਵਿੱਚ ਕੈਨੇਡੀਅਨ ਬਾਰਡਰ ਸਰਵਿਸਿਜ਼ ਏਜੰਸੀ (ਸੀ.ਬੀ.ਐੱਸ.ਏ.) ਨੇ 30,687 ਗ਼ੈਰ-ਕਾਨੂੰਨੀ ਪਰਵਾਸੀਆਂ ਨੂੰ ਦੇਸ਼ੋਂ ਕੱਢਣ ਦੀ ਤਿਆਰੀ ਸ਼ੁਰੂ ਕਰ ਦਿੱਤੀ ਹੈ। ਇਨ੍ਹਾਂ ਵਿੱਚ ਮੈਕਸੀਕੋ ਤੋਂ ਬਾਅਦ ਸਭ ਤੋਂ ਵੱਡੀ ਗਿਣਤੀ ਭਾਰਤੀਆਂ ਦੀ ਹੈ, ਜਿਨ੍ਹਾਂ ਵਿੱਚ ਪੰਜਾਬ ਅਤੇ ਗੁਜਰਾਤ ਦੇ ਵਿਦਿਆਰਥੀ ਸਭ ਤੋਂ ਅੱਗੇ ਹਨ। ਸੀ.ਬੀ.ਐੱਸ.ਏ. ਦੀ ਰਿਪੋਰਟ ਮੁਤਾਬਕ, ਵੀਜ਼ਾ ਨਿਯਮ ਤੋੜਨ, ਵਰਕ ਪਰਮਿਟ ਖਤਮ ਹੋਣ ਤੋਂ ਬਾਅਦ ਵੀ ਰਹਿਣ, ਅਪਰਾਧਕ ਗਤੀਵਿਧੀਆਂ ਅਤੇ ਰਾਜਸੀ ਸ਼ਰਨ ਦੀਆਂ ਅਰਜ਼ੀਆਂ ਰੱਦ ਹੋਣ ਵਰਗੇ ਮਾਮਲਿਆਂ ਕਾਰਨ ਇਹ ਸਥਿਤੀ ਪੈਦਾ ਹੋਈ ਹੈ। ਖਾਸ ਕਰਕੇ 27,140 ਲੋਕ, ਜਿਨ੍ਹਾਂ ਨੇ ਰਾਜਸੀ ਸ਼ਰਨ ਦੀ ਮੰਗ ਕੀਤੀ ਸੀ, ਹੁਣ ਦੇਸ਼ ਨਿਕਾਲੇ ਦੀ ਕਗਾਰ 'ਤੇ ਹਨ। ਇਸ ਤੋਂ ਇਲਾਵਾ 1400 ਵਿਦਿਆਰਥੀ, ਜਿਨ੍ਹਾਂ ਨੇ ਸਟੱਡੀ ਪਰਮਿਟ 'ਤੇ ਆ ਕੇ ਪੜ੍ਹਾਈ ਅੱਧ ਵਿਚਾਲੇ ਛੱਡ ਦਿੱਤੀ ਅਤੇ 1256 ਅਪਰਾਧਕ ਮਾਮਲਿਆਂ ਵਿੱਚ ਸ਼ਾਮਲ ਲੋਕ ਵੀ ਇਸ ਸੂਚੀ ਵਿੱਚ ਹਨ। ਸਭ ਤੋਂ ਵੱਧ ਪ੍ਰਭਾਵਿਤ ਖੇਤਰ ਕਿਊਬਿਕ (16,556) ਅਤੇ ਗ੍ਰੇਟਰ ਟੋਰਾਂਟੋ (9,699) ਹਨ, ਜਿੱਥੇ ਭਾਰਤੀਆਂ ਦੀ ਵੱਡੀ ਗਿਣਤੀ ਰਹਿੰਦੀ ਹੈ।

ਇੰਗਲੈਂਡ ਵਿੱਚ ਵੀ ਭਾਰਤੀ ਵਿਦਿਆਰਥੀਆਂ ਅਤੇ ਕਾਮਿਆਂ ਨੂੰ ਵੱਡੀ ਮਾਰ ਪਈ ਹੈ। 2024 ਦੇ ਅੰਕੜਿਆਂ ਮੁਤਾਬਕ, 37,000 ਵਿਦਿਆਰਥੀ, 18,000 ਕਾਮੇ ਅਤੇ 3,000 ਹੋਰ ਭਾਰਤੀਆਂ ਨੇ ਸਖ਼ਤ ਵੀਜ਼ਾ ਨੀਤੀਆਂ ਅਤੇ ਨੌਕਰੀਆਂ ਦੀ ਕਮੀ ਕਾਰਨ ਦੇਸ਼ ਛੱਡ ਦਿੱਤਾ। ਆਫ਼ਿਸ ਫ਼ਾਰ ਨੈਸ਼ਨਲ ਸਟੈਟਿਸਟਿਕਸ (ਓ.ਐਨ.ਐਸ.) ਦੀ ਰਿਪੋਰਟ ਮੁਤਾਬਕ, ਸ਼ੁੱਧ ਪਰਵਾਸ ਵਿੱਚ 431,000 ਦੀ ਗਿਰਾਵਟ ਆਈ, ਜਿਸ ਵਿੱਚ ਭਾਰਤੀ ਸਭ ਤੋਂ ਅੱਗੇ ਸਨ।

ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਕੀ ਵਿਦੇਸ਼ਾਂ ਦੇ ਸਖ਼ਤ ਕਾਨੂੰਨ ਭਾਰਤੀਆਂ ਖਾਸ ਕਰਕੇ ਪੰਜਾਬੀਆਂ ਦੇ ਪਰਵਾਸ ਨੂੰ ਰੋਕ ਸਕਣਗੇ? ਇਸ ਦਾ ਜਵਾਬ ਇਹ ਦਿੱਤਾ ਜਾ ਸਕਦਾ ਹੈ ਕਿ ਵਿਦੇਸ਼ਾਂ ਦੇ ਸਖ਼ਤ ਕਾਨੂੰਨਾਂ ਕਾਰਨ ਪੰਜਾਬ ਤੋਂ ਵਿਦੇਸ਼ਾਂ ਨੂੰ ਹੁੰਦੇ ਪਰਵਾਸ ਨੂੰ ਕੁੱਝ ਠੱਲ੍ਹ ਤਾਂ ਪਈ ਹੈ ਪਰ ਇਹ ਪੂਰੀ ਤਰ੍ਹਾਂ ਬੰਦ ਨਹੀਂ ਹੋਇਆ ਸਗੋਂ ਪੰਜਾਬ ਤੋਂ ਦੂਜੇ ਦੇਸ਼ਾਂ ਨੂੰ ਪਰਵਾਸ ਪਹਿਲਾਂ ਵਾਂਗ ਜਾਰੀ ਹੈ। ਏਨਾ ਜ਼ਰੂਰ ਹੋਇਆ ਹੈ ਕਿ ਪਹਿਲਾਂ ਵੱਡੀ ਗਿਣਤੀ ਲੋਕ ਜਾਇਜ਼ ਤਰੀਕਿਆਂ ਨਾਲ ਵੀਜ਼ਾ ਨਾ ਮਿਲਣ ਕਾਰਨ ਡੰਕੀ ਰੂਟ ਜਾਂ ਹੋਰ ਗ਼ੈਰ ਕਾਨੂੰਨੀ ਰਸਤਿਆਂ ਰਾਹੀਂ ਵਿਦੇਸ਼ ਜਾਣ ਲਈ ਤਿਆਰ ਹੋ ਜਾਂਦੇ ਸਨ ਪਰ ਹੁਣ ਵੱਡੀ ਗਿਣਤੀ ਲੋਕ ਸਿਰਫ਼ ਕਾਨੂੰਨੀ ਰਸਤਿਆਂ ਰਾਹੀਂ ਹੀ ਵਿਦੇਸ਼ ਜਾਣ ਦਾ ਯਤਨ ਕਰਦੇ ਹਨ ਤਾਂ ਕਿ ਉਹਨਾਂ ਨੂੰ ਵਿਦੇਸ਼ ਜਾਣ ਵਿੱਚ ਕੋਈ ਸਮੱਸਿਆ ਨਾ ਆਵੇ।

ਭਾਰਤ ਤੋਂ ਦੂਜੇ ਦੇਸ਼ਾਂ ਨੂੰ ਨੌਜਵਾਨਾਂ ਦੇ ਹੋ ਰਹੇ ਪਰਵਾਸ ਅਤੇ ਗ਼ੈਰ ਕਾਨੂੰਨੀ ਪਰਵਾਸ ਦਾ ਮੁੱਖ ਕਾਰਨ ਭਾਰਤ ਵਿੱਚ ਫ਼ੈਲੀ ਹੋਈ ਬੇਰੁਜ਼ਗਾਰੀ ਹੈ। ਅੰਤਰਰਾਸ਼ਟਰੀ ਕਿਰਤ ਸੰਗਠਨ (ਆਈ.ਐੈਲ.ਓ.) ਦੀ ਕੁਝ ਸਮਾਂ ਪਹਿਲਾਂ ਜਾਰੀ ਕੀਤੀ ਗਈ ਇੱਕ ਰਿਪੋਰਟ ਦੱਸਦੀ ਹੈ ਕਿ ਭਾਰਤ ਵਿੱਚ ਕੁੱਲ ਬੇਰੁਜ਼ਗਾਰਾਂ ਵਿੱਚੋਂ 80 ਫ਼ੀਸਦੀ ਨੌਜਵਾਨ ਹਨ। 'ਦਿ ਇੰਡੀਆ ਇੰਪਲਾਇਮੈਂਟ ਰਿਪੋਰਟ 2024' ਦੇ ਅਨੁਸਾਰ, ਪਿਛਲੇ 20 ਸਾਲਾਂ ਵਿੱਚ ਭਾਰਤ ਵਿੱਚ ਨੌਜਵਾਨਾਂ ਵਿੱਚ ਬੇਰੁਜ਼ਗਾਰੀ ਲਗਭਗ 30 ਪ੍ਰਤੀਸ਼ਤ ਵਧੀ ਹੈ। ਸਾਲ 2000 ਵਿੱਚ ਨੌਜਵਾਨਾਂ ਵਿੱਚ ਬੇਰੁਜ਼ਗਾਰੀ ਦੀ ਦਰ 35.2 ਫ਼ੀਸਦੀ ਸੀ ਜੋ 2022 ਵਿੱਚ ਵਧ ਕੇ 65.7 ਫ਼ੀਸਦੀ ਹੋ ਗਈ।ਇੰਟਰਨੈਸ਼ਨਲ ਲੇਬਰ ਆਰਗ਼ੇਨਾਈਜ਼ੇਸ਼ਨ ਅਤੇ ਇੰਸਟੀਚਿਊਟ ਆਫ਼ ਹਿਊਮਨ ਡਿਵੈਲਪਮੈਂਟ ਨੇ ਮਿਲ ਕੇ ਇਹ ਰਿਪੋਰਟ ਤਿਆਰ ਕੀਤੀ ਹੈ। ਰਿਪੋਰਟ 'ਚ ਕਿਹਾ ਗਿਆ ਹੈ ਕਿ ਹਾਈ ਸਕੂਲ ਜਾਂ ਇਸ ਤੋਂ ਉੱਪਰ ਦੀ ਪੜ੍ਹਾਈ ਕਰਨ ਵਾਲੇ ਨੌਜਵਾਨਾਂ 'ਚ ਬੇਰੁਜ਼ਗਾਰੀ ਦਾ ਅਨੁਪਾਤ ਬਹੁਤ ਜ਼ਿਆਦਾ ਹੈ।

ਵਿਦਿਆਰਥੀਆਂ ਵਿੱਚ ਵਿਦੇਸ਼ ਜਾ ਕੇ ਪੜ੍ਹਾਈ ਕਰਨਾ ਸਟੇਟਸ ਸਿੰਬਲ ਬਣਦਾ ਜਾ ਰਿਹਾ ਹੈ। ਹੁਣ ਜਿਸ ਤਰੀਕੇ ਨਾਲ ਅਮਰੀਕਾ,ਕੈਨੇਡਾ,ਆਸਟ੍ਰੇਲੀਆ ਅਤੇ ਹੋਰ ਦੇਸ਼ਾਂ ਵੱਲੋਂ ਵਿਦਿਆਰਥੀਆਂ ਅਤੇ ਪਰਵਾਸੀਆਂ ਲਈ ਆਪਣੇ ਵੀਜ਼ਾ ਨਿਯਮ ਸਖ਼ਤ ਕੀਤੇ ਜਾ ਰਹੇ ਹਨ ਅਤੇ ਨਿੱਤ ਨਵੇਂ ਫ਼ੁਰਮਾਨ ਜਾਰੀ ਕੀਤੇ ਜਾ ਰਹੇ ਹਨ, ਉਸ ਨਾਲ ਪਰਵਾਸ ਨੂੰ ਕਿੰਨੀ ਕੁ ਠੱਲ੍ਹ ਪਵੇਗੀ? ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ।

# ਪੰਜਾਬ ਦੇ ਜ਼ਖ਼ਮਾਂ ਦਾ ਹਿਸਾਬ ਕੌਣ ਦੇਵੇਗਾ ?



ਗੁਰਮੀਤ ਸਿੰਘ ਪਲਾਹੀ



ਪੰਜਾਬ ਦੇ ਜ਼ਖ਼ਮਾਂ ਦਾ ਹਿਸਾਬ ਆਖ਼ਿਰ ਕੌਣ ਦੇਵੇਗਾ? ਪੰਜਾਬ ਇਸ ਵੇਲੇ ਉਬਾਲੇ ਖਾ ਰਿਹਾ ਹੈ। ਪੰਜਾਬ ਇਸ ਵੇਲੇ ਤਪਸ਼ ਨਾਲ ਭੁੱਜ ਰਿਹਾ ਹੈ। ਪੰਜਾਬ ਇਸ ਵੇਲੇ ਵੱਡੇ ਕਸ਼ਟ ਹੰਢਾ ਰਿਹਾ ਹੈ। ਪੰਜਾਬ ਦੇ ਇਹਨਾ ਕਸ਼ਟਾਂ ਨੇ ਪੰਜਾਬ ਅਧਮੋਇਆ ਕੀਤਾ ਹੋਇਆ ਹੈ। ਸਮੱਸਿਆਵਾਂ ਵੱਡੀਆਂ ਹਨ, ਜ਼ਖ਼ਮ ਵੱਡੇ ਹਨ, ਮਲ੍ਹਮ-ਪੱਟੀ ਲਾਉਣ ਵਾਲੇ ਗਾਇਬ ਹਨ। ਕਿਥੇ ਤੁਰ ਗਏ ਪੰਜਾਬ ਦੇ ਰਾਖੇ, ਸ਼ੈਲ-ਛਬੀਲੇ ਗੱਬਰੂ, ਮੁਟਿਆਰਾਂ, ਸਿਆਣੇ ਲੋਕ? ਪੰਜਾਬ ਸਿਰਫ਼ ਸਿਆਸਤਦਾਨਾਂ ਹੱਥ ਫੜਾਕੇ!

ਪੰਜਾਬ ਦਾ ਤਾਪਮਾਨ 42 ਡਿਗਰੀ ਸੈਲਸੀਅਸ ਤੋਂ 45 ਡਿਗਰੀ ਸੈਲਸੀਅਸ ਬਣਿਆ ਹੋਇਆ। ਤੱਪ ਰਿਹਾ ਹੈ ਪੰਜਾਬ, ਪੰਜਾਬ ਦੀ ਸਿਆਸਤ ਵਾਂਗਰ। ਰਤਾ ਕੁ ਕਿਸੇ ਪਾਸਿਓਂ ਖੰਗੂਰਾ ਪੈਂਦਾ, ਦੂਜੇ ਪਾਸਿਓਂ ਚੀਕਾਂ, ਬੜਕਾਂ ਪੈਣ ਲੱਗ ਪੈਂਦੀਆਂ ਹਨ। ਆਹ ਵੇਖੋ ਨਾ ਹੁਣੇ ਜਿਹੇ ਪੰਜਾਬ ਜੰਗ ਦੀ ਤਪਸ਼ ਹੰਢਾ ਬੈਠਾ। ਕੁਰੇਦੇ ਗਏ ਹਨ ਜ਼ਖ਼ਮ ਪੰਜਾਬ ਦੇ। ਪੰਜਾਬ ਨੂੰ ਸੰਨ '47 ਯਾਦ ਆਇਆ। ਪੰਜਾਬ ਨੂੰ ਸੰਨ '62, '65, '70 '99 ਯਾਦ ਆਇਆ ਤੇ ਵਿੱਚ-ਵਿਚਾਲੇ '84 ਨੇ ਉਹਨੂੰ ਬੇਆਰਾਮ ਕੀਤਾ। ਸਿਤਮ ਵੇਖੋ, ਜਿਹੜਾ ਵੀ ਉੱਠਦਾ ਪੰਜਾਬ ਨੂੰ ਦੱਬ ਲੈਂਦਾ, ਕੇਰੀ ਅੱਖ ਪੰਜਾਬ ਵੱਲ ਕਰ ਲੈਂਦਾ। ਚੰਗੇ ਭਲੇ ਜੀਓ ਰਹੇ ਸਾਂ, ਪੂਰਬੋਂ-ਪੱਛਮੋਂ ਆਉਂਦੀਆਂ ਹਵਾਵਾਂ ਸੀਨਾ ਠਾਰ ਰਹੀਆਂ ਹਨ, ਕਿ ਠਾਹ-ਠੂਹ, ਗੋਲੇ, ਬੰਬ, ਮਿਜ਼ਾਇਲਾਂ ਪੰਜਾਬ 'ਤੇ ਡਿੱਗਣ ਲੱਗੇ। ਕੀ ਕਸੂਰ ਸੀ ਯਾਰੋ ਪੰਜਾਬ ਦੇ ਲੋਕਾਂ ਦਾ? ਕਈ ਰਾਤਾਂ ਜਾਗਦਿਆਂ ਕੱਟੀਆਂ। ਮਣਾਂ ਮੂੰਹੀ ਦਰਦ ਸੀਨੇ ਹੰਢਾਇਆ। ਪਰਮਾਣੂ ਦੇ ਡਰ ਨੇ ਸੀਨਾ ਤਾਰ-ਤਾਰ ਕੀਤਾ। ਆਖ਼ਰ ਜਿਹੜੇ ਹੁਣੇ-ਹੁਣੇ ਤਾਜ਼ੇ-ਤਾਜ਼ੇ ਜ਼ਖ਼ਮ ਉਸਦੇ ਪਿੰਡੇ 'ਤੇ ਸੀਨੇ 'ਤੇ ਆ ਪਏ ਹਨ ਉਹਦੀ ਜ਼ਿੰਮੇਵਾਰੀ ਕੀਹਦੀ ਆ ਭਾਈ? 'ਹਮ ਦੇਸ਼ ਕੇ ਰਖਵਾਲੇ ਹੈਂ, ਹਮ ਤਹਿਸ-ਨਹਿਸ ਕਰ ਦੇਂਗੇ' ਵਾਲਿਆਂ ਦੀ ਜਾਂ ਸਾਡੇ ਆਪਣਿਆਂ ਦੀ, ਜੋ ਮੂੰਹ 'ਚ ਘੁੰਗਣੀਆਂ ਪਾਕੇ ਬੈਠੇ ਰਹਿੰਦੇ ਹਨ, ਤਿਆਰ -ਬਰ-ਤਿਆਰ ਰਹਿੰਦੇ ਹਨ, ਲੋਕਾਂ ਨੂੰ ਝੂਠੇ ਦਲਾਸੇ ਦੇਣ ਲਈ। ਇੱਕ ਮਾਂ ਦਾ ਪੁੱਤ ਮਰ ਗਿਆ, ਸਰਹੱਦ 'ਤੇ ਰਾਖੀ ਕਰਦਿਆਂ, ਉਹਨੂੰ ਦੇ ਦਿਓ ਨਾ ਵਾਪਿਸ ਉਸਦਾ ਪੁੱਤ, ਚਾਰ ਛਿਲੜ ਦੇ ਕੇ ਆਖਦੇ ਹੋ, 'ਜੈ ਜਵਾਨ' ਅਤੇ ਤੁਸੀਂ ਕੀ ਦੇਣਾ ਹੈ, ਚਾਰ ਛਿਲੜ ਦੇ ਦਿਓਗੇ, ਮੂੰਹ ਪਲੋਸ ਦਿਓਗੇ। ਦਿੰਦੇ ਤਾਂ ਤੁਸੀਂ ਉਸਨੂੰ ਵੀ ਕੁਝ ਨਹੀਂ, ਜਿਹੜਾ ਪੂਰੇ ਦੇਸ਼ ਦਾ ਢਿੱਡ ਪਾਲਦਾ, ਆਪਣਾ ਢਿੱਡ ਖਾਲੀ ਰੱਖਦਾ, ਕਰਜ਼ਾਈ ਹੋਇਆ, ਛਤੀਰਾਂ ਨੂੰ ਜੱਫੇ ਜਾ ਪਾਉਂਦਾ। ਜੈ ਕਿਸਾਨ!! ਹੈ ਕਿ ਨਾ!!!

ਐਂਵੇ ਕਈ ਵੇਰ ਦੁੱਖੀ ਹੋ ਕੇ ਪੰਜਾਬ ਬਾਰੇ ਇਹੋ ਜਿਹੇ ਜਜ਼ਬਾਤੀ ਸ਼ਬਦ ਕਲਮ ਲਿਖ ਬਹਿੰਦੀ ਹੈ। ਖ਼ੂਨ ਦੇ ਅੱਥਰੂ ਵਹਾ ਦੇਂਦੀ ਹੈ। ਚਲੋ ਪੰਜਾਬ ਦੇ ਜ਼ਖ਼ਮਾਂ ਦੀ ਕਹਾਣੀ ਲਿਖੀਏ, ਸੁਣੀਏ, ਬੋਲੀਏ। ਦੂਰ ਨਹੀਂ ਜਾਣਾ ਆਪਾਂ! ਬੱਸ ਪੰਜਾਬ ਦੇ ਪਹਿਲੇ ਵੱਡੇ ਜ਼ਖ਼ਮ 1947 ਦੀ ਗੱਲ ਕਰ ਲੈਂਦੇ ਹਾਂ। ਭਾਰਤ ਦੀ ਵੰਡ 'ਚ 10 ਲੱਖ ਲੋਕ ਦੰਗਿਆਂ 'ਚ ਮਰੇ, ਕਰੋੜਾਂ ਲੋਕ ਪ੍ਰਭਾਵਤ ਹੋਏ। ਲਗਭਗ 1.46 ਕਰੋੜ ਲੋਕ ਸ਼ਰਨਾਰਥੀ ਬਣੇ। ਔਰਤਾਂ ਦੀ ਇੱਜ਼ਤ ਰੁਲੀ। ਬੱਚਿਆਂ ਦਾ ਬਚਪਨ ਗੁਆਚ ਗਿਆ। ਵੱਢ-ਟੁੱਕ 'ਚ ਲੋਕਾਂ ਦੇ ਇਹੋ ਜਿਹੇ ਅੰਦਰੂਨੀ ਫੱਟ ਲੱਗੇ ਕਿ ਜੀਵਨ ਭਰ ਉਹ ਇਹਨਾ ਫੱਟਾਂ-ਸੱਟਾਂ, ਜ਼ਖ਼ਮਾਂ ਨੂੰ ਭੁੱਲ ਨਹੀਂ ਸਕੇ। ਸਰਹੱਦੀ ਸੂਬਾ ਹੈ ਪੰਜਾਬ। ਇਸਨੂੰ ਗੁਆਂਢੀਆਂ ਨਾਲ ਲੜਾਈ ਦਾ ਵੱਡਾ ਮੁੱਲ ਤਾਰਨਾ ਪਿਆ। ਸੰਨ 1962, 1970, 1999 ਅਤੇ ਫਿਰ 2025 ਦੀ ਜੰਗ ਨੇ ਪੰਜਾਬ 'ਚ ਵੱਡੀ ਤਬਾਹੀ ਮਚਾਈ! ਵੱਡੇ ਜ਼ਖ਼ਮ ਦਿੱਤੇ। ਇਹਨਾ ਸਾਲਾਂ 'ਚ ਪੰਜਾਬ ਨੂੰ 1984 ਦਾ ਦਰਦ ਝੱਲਣਾ ਪਿਆ। ਪੰਜਾਬ ਹਲੂਣਿਆ ਗਿਆ। ਹਰ ਪੰਜਾਬੀ ਦੀ ਰੂਹ ਜ਼ਖ਼ਮੀ ਹੋਈ। ਇਹ ਜ਼ਖ਼ਮ ਵਰ੍ਹਿਆਂ ਤੱਕ ਰਿਸਦੇ ਰਹੇ। ਇਹਨਾ ਜ਼ਖ਼ਮਾਂ ਨੂੰ ਭਰਨ, ਫੈਹੇ ਲਾਉਣ ਲਈ ਕਦੇ ਵੀ ਉਹ ਯਤਨ ਨਹੀਂ ਹੋਏ, ਜਿਹੜੇ ਹੋਣੇ ਜ਼ਰੂਰੀ ਸਨ। ਬੱਸ ਇਹਨਾ 'ਤੇ ਵੀ ਸਿਆਸਤ ਹੋਈ। ਹੁਣ ਤੱਕ 'ਅਦਾਲਤਾਂ' 'ਚ ਕੇਸ ਦਰਜ਼ ਹਨ। ਦੋਸ਼ੀ ਬਾਹਰ ਹਨ। ਕਿੱਢਾ ਦਰਦਨਾਕ ਵਰਤਾਰਾ ਹੈ।

ਇਹ ਵਾਰਤਾ ਤਾਂ ਉਹ ਹੈ, ਜਿਹੜਾ ਪੰਜਾਬੀਆਂ ਅੱਖੀ ਸਬਰ ਕਰਕੇ ਵੇਖੀ, ਸੁਣੀ, ਹੰਢਾਈ। ਪਰ ਕੁਝ ਵਾਰਤਾਵਾਂ ਉਹ ਹਨ, ਜਿਹੜੀਆਂ 'ਅਣਹੋਈਆਂ' ਦਿਸਦੀਆਂ ਹਨ। ਜਿਹੜੀ ਪੰਜਾਬੀਆਂ ਦਾ ਸਬਰ ਸੰਤੋਖ ਪਰਖਣ ਲਈ ਉਸਦੇ ਮੱਥੇ ਮੜ੍ਹ ਦਿੱਤੀਆਂ ਗਈਆਂ। ਪੰਜਾਬੀ ਸੂਬਾ ਪੰਜਾਬ ਨੂੰ 'ਬਖ਼ਸ਼' ਦਿੱਤਾ ਗਿਆ, ਰਾਜਧਾਨੀ ਤੋਂ ਬਿਨ੍ਹਾਂ, ਪੰਜਾਬੀ ਬੋਲਦੇ ਇਲਾਕੇ ਜਾਣ-ਬੁੱਝ ਕੇ ਹੋਰ ਸੂਬਿਆਂ 'ਚ ਰਹਿਣ ਦਿੱਤੇ ਗਏ। ਪੰਜਾਬ ਦੇ ਪਾਣੀਆਂ 'ਤੇ ਡਾਕਾ ਮਾਰਿਆ ਗਿਆ। ਬਿਨ੍ਹਾਂ ਹਿੱਸੇ ਤੋਂ ਰਾਜਸਥਾਨ ਨੂੰ ਪਾਣੀ ਦੇ ਦਿੱਤਾ ਗਿਆ। ਅੱਜ ਜਦੋਂ ਪੰਜਾਬ ਪਾਣੀ ਦੀ ਆਪਣੀ ਲੋੜ ਪੂਰੀ ਕਰਨੋਂ ਵੀ ਅਸਮਰਥ ਹੈ, ਉਹਦਾ ਪਾਣੀ ਹਰਿਆਣਾ, ਦਿੱਲੀ ਨੂੰ ਦੇਣ ਲਈ ਕੇਂਦਰ ਪੱਬਾਂ ਭਾਰ ਹੈ। ਬਾਵਜੂਦ ਇਸਦੇ ਕਿ ਪੰਜਾਬ ਵਿਧਾਨ ਸਭਾ 'ਚ ਸਾਰੀਆਂ ਪਾਰਟੀਆਂ ਅਤੇ ਮਤੇ ਪਾਸ ਕਰ ਚੁੱਕੀਆਂ ਹਨ। ਪਰ ਉਸਦੀ ਸੁਣਦਾ ਕੋਈ ਨਹੀਂ। ਅਦਾਲਤਾਂ 'ਚ ਪੰਜਾਬ ਧੱਕੇ ਖਾ ਰਿਹਾ ਹੈ, ਆਪਣਾ ਹੱਕ ਪ੍ਰਾਪਤ ਕਰਨ ਲਈ। ਇਸ ਕਿਸਮ ਦੀ ਬੇਇਨਸਾਫੀ-ਦਰ-ਬੇਇਨਸਾਫ਼ੀ ਪੰਜਾਬ ਵਰ੍ਹਿਆਂ ਤੋਂ ਭੁਗਤ ਰਿਹਾ ਹੈ। ਰਾਜ ਭਾਵੇਂ ਉਪਰ ਕਾਂਗਰਸ ਦਾ ਰਿਹਾ ਜਾਂ ਫਿਰ ਹੁਣ ਵਾਲੀ ਭਾਜਪਾ ਦਾ, ਇਹਨਾ ਲਈ ਤਾਂ ਪੰਜਾਬ ਦੁਪਰਿਆਰਾ ਰਿਹਾ! ਜੇਕਰ ਇੰਝ ਨਾ ਹੁੰਦਾ ਤਾਂ ਕਿਸਾਨ ਜਿਹਨਾ ਆਪਣੇ ਜ਼ਮੀਨ 'ਤੋਂ ਸਿਰਿਆਂ ਤੱਕ ਪਾਣੀ ਕੱਢਦੇ ਪੂਰੇ ਦੇਸ਼ ਦਾ ਢਿੱਡ ਭਰਿਆ ਤੇ ਭਰ ਰਿਹਾ ਹੈ, ਉਹਨੂੰ ਸਾਲ ਭਰ ਤੋਂ ਵੱਧ ਸਮਾਂ ਆਪਣੀ ਜ਼ਮੀਨ ਬਚਾਉਣ ਲਈ ਵੱਡਾ ਸੰਘਰਸ਼ ਕਿਉਂ ਕਰਨਾ ਪੈਂਦਾ? ਹਰੇ ਇਨਕਲਾਬ ਨੇ ਪੰਜਾਬ 'ਚ ਹਰਿਆਲੀ ਲਿਆਂਦੀ, ਪਰ ਇਹ ਹਰਿਆਲੀ ਦੇਸ਼ ਦੀ ਹਰਿਆਲੀ ਤਾਂ ਬਣੀ ਪਰ ਪੰਜਾਬ ਦੀ ਧਰਤੀ ਅਧਮੋਈ ਕਰ ਗਈ, ਸਰੀਰ ਨੂੰ ਲੱਗੇ ਨਸ਼ਿਆਂ ਵਾਂਗਰ ਧਰਤੀ ਖਾਦਾਂ, ਦਵਾਈਆਂ 'ਤੇ ਲੱਗ ਗਈ ਅਤੇ ਅੱਜ ਪਾਣੀ ਦੀ ਥੁੜੋਂ ਕਾਰਨ ਮਾਰੂਥਲ ਹੋਣ ਵੱਲ ਵੱਧ ਰਹੀ ਹੈ। ਇੱਕ ਰਿਪੋਰਟ ਕਹਿੰਦੀ ਹੈ ਕਿ ਪੰਜਾਬ ਦੇ 136 ਬਲਾਕਾਂ ਵਿਚੋਂ 125 ਬਲਾਕਾਂ ਵਿੱਚ ਧਰਤੀ ਹੇਠਲਾ ਪਾਣੀ ਹਰ ਸਾਲ ਪਹੁੰਚ ਤੋਂ ਬਾਹਰ ਹੋ ਰਿਹਾ ਹੈ। ਇਹ ਵੱਡਾ ਜ਼ਖ਼ਮ ਆਖ਼ਿਰ ਪੰਜਾਬ ਸਹਿਣ ਕਿਵੇਂ ਕਰੇਗਾ? ਜਿਹੜਾ ਪਹਿਲਾਂ ਹੀ ਕਿਸਾਨਾਂ ਨੂੰ ਖੁਦਕੁਸ਼ੀਆਂ, ਕਰਜ਼ੇ ਵੱਲ ਅੱਗੇ ਵਧਾ ਰਿਹਾ ਹੈ ਅਤੇ ਖੇਤੀ ਛੱਡਣ ਲਈ ਮਜ਼ਬੂਰ ਕਰ ਰਿਹਾ ਹੈ।

ਪੰਜਾਬ ਦੀ ਉਪਜਾਊ ਧਰਤੀ ਦਾ ਸੀਨਾ ਪਾੜਕੇ ਜਿਵੇਂ ਪੰਜਾਬ ਦੇ ਇੱਕ ਸਿਰੇ ਤੋਂ ਦੂਜੇ ਸਿਰੇ ਤੱਕ ਵੱਡੀਆਂ ਸੜਕਾਂ ਦਾ ਜਾਲ ਕਾਰਪੋਰੇਟਾਂ ਨੂੰ ਖੁਸ਼ ਕਰਨ ਲਈ ਵਿਛਾਇਆ ਜਾ ਰਿਹਾ ਹੈ, ਉਸ ਨਾਲ ਕਾਰਪੋਰੇਟ ਤਾਂ ਬੁਲ੍ਹੇ ਲੁਟਣਗੇ, ਮਾਲ ਇਧਰ-ਉਧਰ ਲੈ ਜਾਣ ਕਰਨ ਲਈ, ਪਰ ਪੰਜਾਬੀਆਂ ਪੱਲੇ ਕੀ ਪਏਗਾ? ਉਜਾੜਾ? ਇੱਕ ਹੋਰ ਜ਼ਖ਼ਮ, ਉਸ ਧਰਤੀ ਨੂੰ ਖੋਹਣ ਦਾ ਜਿਸ ਨਾਲ ਉਸਨੂੰ ਅੰਤਾਂ ਦਾ ਪਿਆਰ ਹੈ, ਜਿਸਦੇ ਇੱਕ ਬੰਨੇ ਨੂੰ ਖੋਹਣ ਲਈ ਲੜਨ ਖ਼ਾਤਰ ਉਹ ਮਰਨ-ਮਾਰਨ 'ਤੇ ਹੋ ਤੁਰਦਾ ਹੈ। ਬਣਦੀਆਂ ਸੜਕਾਂ ਦੇ ਇਸ ਜਾਲ ਨਾਲ ਪੰਜਾਬ ਇੱਕ ਰਿਪੋਰਟ ਅਨੁਸਾਰ ਲਗਭਗ ਇੱਕ ਤਿਹਾਈ ਉਪਜਾਊ ਧਰਤੀ ਗੁਆ ਬੈਠੇਗਾ। ਕਿਸਾਨ, ਖੇਤ ਮਜ਼ਦੂਰ ਜਿਹਨਾ ਲਗਾਤਾਰ ਉਜਾੜਾ ਵੇਖਿਆ, ਇਹ ਹੋਰ ਉਜਾੜਾ ਵੇਖ ਰਹੇ ਹਨ।

ਪੰਜਾਬ ਨੂੰ ਉਜਾੜਾ ਤਾਂ ਉਦੋਂ ਵੀ ਵੇਖਣਾ ਪੈ ਰਿਹਾ ਹੈ, ਜਦੋਂ ਪੰਜਾਬ 'ਚੋਂ ਬਰੇਨ ਡਰੇਨ ਅਤੇ ਮਨੀ (ਦਿਮਾਗ ਅਤੇ ਦੌਲਤ) ਡਰੇਨ (ਬਾਹਰ) ਹੋ ਰਹੀ ਹੈ। ਲੱਖਾਂ ਪੰਜਾਬੀ ਮੁੰਡੇ ਕਾਨੂੰਨ ਵਿਵਸਥਾ ਅਤੇ ਬੇਰੁਜ਼ਗਾਰੀ ਦੀ ਮਾਰ ਝਲਦਿਆਂ ਪੰਜਾਬੋਂ ਤੁਰ ਗਏ ਹਨ ਜਾਂ ਤੁਰੇ ਜਾ ਰਹੇ ਹਨ। ਹੈ ਕੋਈ ਉਹਨਾ ਦੇ ਦਰਦ ਦਾ ਪਾਰਖੂ ? ਹੈ ਕੋਈ ਉਹਨਾਂ ਨੂੰ ਰੋਕਣ ਦੇ ਯਤਨ ਕਰਨ ਵਾਲਾ? ਸਿਆਸਤ ਹੋ ਰਹੀ ਹੈ। ਬੱਸ ਉਹਨਾ ਨੂੰ ਪੁਚਕਾਰਿਆ ਜਾ ਰਿਹਾ ਹੈ। ਪੰਜਾਬ ਤਪਸ਼ ਹੇਠ ਹੈ। ਨਸ਼ਿਆਂ ਦੇ ਦਰਿਆ ਨੇ ਜਵਾਨੀ ਖਾ ਲਈ, ਕੀ ਇਹ ਕੋਈ ਸਾਜ਼ਿਸ਼ ਨਹੀਂ? ਪੰਜਾਬੀ ਸੂਰਬੀਰਾਂ, ਯੋਧਿਆਂ, ਸੋਚਵਾਨਾਂ ਦੀ ਧਰਤੀ ਖਾਲੀ ਕਰਨ ਦੀ ਸਾਜ਼ਿਸ਼? ਕਿੰਨੇ ਕੁ ਜ਼ਖ਼ਮ ਸਹਿ ਸਕੇਗਾ ਪੰਜਾਬ? ਨਿੱਤ-ਦਿਹਾੜੇ ਮੁਹਿੰਮਾਂ ਹਨ। ਪੰਜਾਬ ਦੀ ਧਰਤੀ ਕੁਰਲਾ ਰਹੀ ਹੈ, ਪੰਜਾਬ ਦੀ ਧਰਤੀ ਹੁਣ ਗਾ ਨਹੀਂ ਰਹੀ। ਉਹ ਰੰਗ ਜਿਹੜੇ ਪੰਜਾਬ ਦੇ ਨਿਵੇਕਲੇ ਹਨ। ਉਹ ਰੰਗ ਜਿਹਨਾ ਕਾਰਨ ਪੰਜਾਬ ਨਵੀਆਂ ਪੈੜਾ ਪਾਉਂਦਾਰਿਹਾ ਹੈ। ਉਹ ਪੰਜਾਬ ਜਿਹੜਾ 'ਜੀਊਂਦਾ ਗੁਰਾਂ ਦੇ ਨਾ 'ਤੇ' ਉਹ ਕਿਧਰ ਤੋਰਿਆ ਜਾ ਰਿਹਾ ਹੈ। ਉਹਨਾਂ ਅਣ ਦਿਸਦੇ ਰਾਹਾਂ 'ਤੇ ਜਿਥੋਂ ਮੋੜਾ ਕੋਈ ਨਹੀਂ। ਜਿਥੇ ਉਜਾੜਾ ਹੈ। ਜਿਥੇ ਰੋਣਕਾਂ ਨਹੀਂ, ਸਿਆਪਾ ਹੈ। ਪੰਜਾਬ ਦਾ ਕਿਹੜਾ ਪਿੰਡ ਰਹਿ ਗਿਆ, ਜਿਸਦੇ ਵਿੱਚ ਵੱਡੀ ਗਿਣਤੀ ਘਰਾਂ ਦੇ ਦਰਵਾਜੇ ਵੱਡੇ 'ਤਾਲਿਆਂ' ਨਾਲ ਬੰਦ ਨਹੀਂ, ਜਿਥੇ ਖੂਹਾਂ 'ਤੇ ਰੌਣਕਾਂ ਸਨ, ਸੱਥਾਂ ਬਜ਼ੁਰਗਾਂ ਨਾਲ ਭਰੀਆਂ ਸਨ, ਜਿਥੇ ਫ਼ੈਸਲੇ ਪਰਿਆਂ 'ਚ ਹੁੰਦੇ ਸਨ, ਜਿਥੇ ਲੋਕ ਜੁੜਦੇ ਸਨ, ਦੁੱਖ-ਸੁੱਖ ਕਰਦੇ ਸਨ। ਹੁਣ ਤਾਂ ਪੰਜਾਬ ਦੀ ਨੀਂਹ, ਪੰਜਾਬ ਦਾ ਪਿੰਡ ਹੀ ਮਨਫ਼ੀ ਕਰ ਦਿੱਤਾ ਗਿਆ ਹੈ।

ਪੰਜਾਬ ਦੇ ਜ਼ਖ਼ਮਾਂ ਦੀ ਬਾਤ ਪ੍ਰਦੇਸ਼ ਵਸਦੇ ਪੁੱਤਰ, ਧੀਆਂ ਦਾ ਮਾਂ-ਬਾਪ ਖੁਸ਼ੀਆਂ ਦੇ ਉਜੜੇ ਘਰ ਤੋਂ ਪਾਉਂਦਾ ਹੈ। ਪੱਗ ਦੇ ਲੜ ਨਾਲ ਅੱਖਾਂ ਪੂੰਝ ਪਿਓ ਡੁਸਕਦਾ ਹੈ, ਮਾਂ ਰੋ-ਰੋ ਅੱਖਾਂ ਚੁੰਨੀਆਂ ਕਰਦੀ ਹੈ। ਪ੍ਰਦੇਸ਼ ਗਏ ਪੁੱਤ, ਧੀ ਦਾ ਦਰਦ ਵੀ ਪੰਜਾਬ ਲਈ ਵੱਡਾ ਹੈ, ਤੇ ਸਰਹੱਦ ਗਏ ਪੁੱਤਾਂ ਦਾ ਵੀ। ਪੰਜਾਬ ਲਈ '47 ਦੇ ਉਜਾੜੇ ਦਾ ਦਰਦ ਵੀ ਓਡਾ ਹੀ ਹੈ, ਜਿੱਡਾ '84 ਦਾ, '65, '70, '99, '25 ਦੀ ਜੰਗ ਦਾ। ਜਦੋਂ ਉਸਦੇ ਜਾਇਆਂ ਦਾ ਦਰਦ ਉਛਲਦਾ ਹੈ। ਉਹਦਾ ਖ਼ੂਨ ਖੌਲਦਾ ਹੈ। ਉਬਾਲੇ ਮਾਰਦਾ ਹੈ। ਪਰ ਉਹਦੀਆਂ ਰਗਾਂ 'ਚ ਭਰਿਆ ਜਾ ਰਿਹਾ ਜ਼ਹਿਰ, ਉਹਦੇ ਖੋਹੇ ਜਾ ਰਹੇ ਹੱਕ , ਕਲੇਜਾ ਧੂ ਲੈਂਦੇ ਹਨ, ਉਹ ਜੀਊਂਦਾ ਵੀ ਮਰਿਆ-ਮਰਿਆ ਮਹਿਸੂਸਦਾ ਹੈ।

ਹੈ ਕੋਈ ਦਵਾਈ ਦੀ ਖ਼ੁਰਾਕ, ਜੋ ਉਸਦੇ ਪਿੰਡੇ ਦੇ ਦਰਦ ਨੂੰ ਹਟਾ, ਘਟਾ ਸਕੇ, ਉਹਦੀਆਂ ਚੀਸਾਂ ਦਾ ਨਿਵਾਰਨ ਕਰ ਸਕੇ। 'ਮਿੱਠੀਆਂ ਗੋਲੀਆਂ' ਦੇਣ ਵਾਲੇ ਸਿਆਸਤਦਾਨ ਆਖ਼ਰ ਉਹਦੇ ਜ਼ਖ਼ਮਾਂ ਦੀ ਸਾਰ ਕਿਉਂ ਨਹੀਂ ਲੈਂਦੇ? ਰਿਸਦੇ ਜ਼ਖ਼ਮਾਂ 'ਤੇ 'ਫੂਕਾਂ' ਕਿਉਂ ਨਹੀਂ ਮਾਰਦੇ? ਕਿਉਂ ਕਦੇ ਚੁੱਪ ਕਰਕੇ ਅਤੇ ਕਦੇ ਵੱਡੀਆਂ ਟਾਹਰਾਂ ਮਾਰਕੇ ਆਪਣੀ ਕੁਰਸੀ ਦੀਆਂ ਚਾਰੇ ਟੰਗਾਂ ਬਚਾਉਣ ਦੇ ਆਹਰ 'ਚ ਲੱਗੇ ਹੋਏ ਹਨ।

ਐ ਪੰਜਾਬ। ਉੱਠ! ਸਮਝ! ਹੰਭਲਾ ਮਾਰ! ਜ਼ਖ਼ਮ ਤੇਰੇ ਲਈ ਨਵੇਂ ਨਹੀਂ! ਤੂੰ ਸਭ ਕੁਝ ਸਹਿੰਦਾ, ਲੜਦਾ, ਮੁੜ ਨਵਾਂ ਨਰੋਆ ਰੰਗਲਾ ਪੰਜਾਬ ਬਣਦਾ ਰਿਹਾ ਹੈਂ। ਐ ਪੰਜਾਬ! ਕਰਾਂ ਕੀ ਸਿਫ਼ਤ ਤੇਰੀ, ਤੇਰੇ ਜਿਹਾ ਕੋਈ ਹੋਰ ਨਾ! ਵੱਢਿਆ-ਟੁੱਕਿਆ, ਤੂੰ ਮੁੜ ਸੁਰਜੀਤ ਹੁੰਦਾ ਰਿਹੈਂ! ਹੁਣ ਵੀ ਹੋਵੇਂਗਾ। ਤੂੰ ਉੱਠ ਜਗਾ ਦੇ ਮੋਮਬੱਤੀਆਂ, ਇਹ ਤਾਂ ਏਥੇ ਵਗਦੀਆਂ ਹੀ ਰਹਿਣੀਆਂ ਹਵਾਵਾਂ, ਕੁਪੱਤੀਆਂ ਉੱਠ ਜਗਾ ਦੇ ਮੋਮਬੱਤੀਆਂ। - (ਸੁਰਜੀਤ ਪਾਤਰ)

# ਬਲੋਚਿਸਤਾਨ ਦੇ ਲੋਕ ਆਜ਼ਾਦੀ ਲਈ ਸੰਘਰਸ਼ ਦੇ ਰਾਹ ਉੱਪਰ ਕਿਉਂ ?

**ਅਮਰ ਗਰਗ**







ਪਾਕਿਸਤਾਨ ਦੇ ਚਾਰ ਸੂਬਿਆਂ ਪੰਜਾਬ, ਸਿੰਧ, ਸਰਹੱਦੀ ਸੂਬਾ ਅਤੇ ਬਲੋਚਿਸਤਾਨ 'ਚੋਂ ਬਲੋਚਿਸਤਾਨ ਸਭ ਤੋਂ ਵੱਡਾ ਹੈ। ਇਹ ਪਾਕਿਸਤਾਨ ਦੀ ਕੁੱਲ ਭੂਮੀ ਦਾ 40 ਫ਼ੀਸਦੀ ਹੈ, ਜਦਕਿ ਇਸ ਦੀ ਜਨਸੰਖਿਆ ਪਾਕਿਸਤਾਨ ਦੀ ਜਨਸੰਖਿਆ ਦੀ ਮਾਤਰ 3.6 ਫ਼ੀਸਦੀ ਹੈ। 1947 ਤੋਂ ਪਹਿਲਾਂ ਬਲੋਚਿਸਤਾਨ ਖ਼ੁਦ ਚਾਰ ਰਿਆਸਤਾਂ ਵਿੱਚ ਵੰਡਿਆ ਹੋਇਆ ਸੀ, ਜਿਨ੍ਹਾਂ 'ਚ ਕਲਾਤ, ਲਾਸਬੇਲਾ, ਖਾਰਨ ਤੇ ਮਕਰਾਨ ਆਦਿ ਸ਼ਾਮਿਲ ਸਨ । ਕਲਾਤ, ਲਾਸਬੇਲਾ ਅਤੇ ਖਾਰਨ ਉੱਪਰ ਕਲਾਤ ਦੇ ਖ਼ਾਨ ਰਾਜ ਕਰਦੇ ਸਨ।

17ਵੀਂ ਸਦੀ ਵਿੱਚ ਬਲੋਚਾਂ ਦੀ ਰਾਸ਼ਟਰੀ ਚੇਤਨਾ ਅਤੇ ਸੰਘਰਸ਼ ਕਲਾਤ ਦੇ ਖਾਨਾਂ ਦੇ ਇਰਦ-ਗਿਰਦ ਕੇਂਦਿਰਤ ਹੋ ਗਿਆ ਸੀ। 1666 'ਚ ਮੀਰ ਅਹਿਮਦ ਨੇ ਕਲਾਤ ਦੇ ਖ਼ਾਨ ਦੀ ਗੱਦੀ ਸਥਾਪਿਤ ਕੀਤੀ ਸੀ । 1758 'ਚ ਨਸੀਰ ਖ਼ਾਨ ਪਹਿਲਾ ਕਲਾਤ ਦੀ ਗੱਦੀ 'ਤੇ ਬੈਠਾ। ਇਸ ਕਾਲ ਨੂੰ ਬਲੋਚਿਸਤਾਨ ਦਾ ਸੁਨਹਿਰੀ ਕਾਲ ਮੰਨਿਆ ਜਾਂਦਾ ਹੈ। 1839 ਵਿੱਚ ਅੰਗਰੇਜ਼ੀ ਸੈਨਾ ਨੇ ਕਲਾਤ 'ਤੇ ਹਮਲਾ ਕਰ ਦਿੱਤਾ, ਜਿਸ 'ਚ ਖ਼ਾਨ ਤੇ ਉਸ ਦੇ ਬਹੁਤ ਸਾਰੇ ਸੈਨਿਕ ਮਾਰੇ ਗਏ। ਅੰਗਰੇਜ਼ਾਂ ਨੇ ਬਲੋਚਿਸਤਾਨ ਦੀ ਤਾਕਤ ਨੂੰ ਘੱਟ ਕਰਨ ਲਈ ਉਸ ਨੂੰ ਚਾਰ ਹਿੱਸਿਆਂ ਵਿੱਚ ਵੰਡ ਦਿੱਤਾ।

1931 ਵਿੱਚ ਬਲੋਚ ਮੱਧ ਵਰਗੀ ਜਮਾਤ ਨੇ ਅੰਗਰੇਜ਼ਾਂ ਤੋਂ ਆਜ਼ਾਦੀ ਹਾਸਲ ਕਰਨ ਲਈ ਕੌਮੀ ਸੰਘਰਸ਼ ਦਾ ਬਿਗਲ ਵਜਾ ਦਿੱਤਾ।ਉਨ੍ਹਾਂ ਅੰਜੁਮਨ-ਏ-ਇਤਿਹਾਦ-ਏ-ਬਲੋਚਿਸਤਾਨ ਲਹਿਰ ਚਲਾਈ। ਉਹ ਆਜ਼ਮ ਖ਼ਾਨ ਨੂੰ ਕਲਾਤ ਦੇ ਖ਼ਾਨ ਦੀ ਗੱਦੀ ਦਿਵਾਉਣ 'ਚ ਕਾਮਯਾਬ ਰਹੇ ਅਤੇ ਉਸ ਦੇ ਅਧੀਨ ਇੱਕ ਸੰਵਿਧਾਨਕ ਸਰਕਾਰ ਕਾਇਮ ਕੀਤੀ ਗਈ। ਉਸ ਤੋਂ ਬਾਅਦ ਉਸ ਦੇ ਉਤਰਾਧਿਕਾਰੀ ਮੀਰ ਅਹਿਮਦ ਯਾਰ ਖ਼ਾਨ ਨੇ ਅੰਜੁਮਨ ਅਤੇ ਅੰਗਰੇਜ਼ਾਂ ਦੋਹਾਂ ਨਾਲ ਰਿਸ਼ਤੇ ਕਾਇਮ ਕਰਨ ਦੀ ਨੀਤੀ ਅਪਣਾਈ। ਅੰਜੁਮਨ ਦੀ ਕਲਾਤ ਸਟੇਟ ਨੈਸ਼ਨਲ ਪਾਰਟੀ 'ਚ ਸ਼ਮੂਲੀਅਤ ਹੋ ਗਈ ਅਤੇ ਮੀਰ ਅਹਿਮਦ ਯਾਰ ਖ਼ਾਨ ਨੇ ਮੁਸਲਿਮ ਲੀਗ ਖੜ੍ਹੀ ਕਰ ਲਈ। ਮੁਹੰਮਦ ਅਲੀ ਜਿਨਾਹ ਨੂੰ ਕਲਾਤ ਸਟੇਟ ਦਾ ਕਾਨੂੰਨੀ ਸਲਾਹਕਾਰ ਨਿਯੁਕਤ ਕਰ ਲਿਆ ਗਿਆ।

ਪਹਿਲਾ ਸੰਘਰਸ਼: 4 ਅਗਸਤ 1947 ਨੂੰ ਯਾਰ ਖ਼ਾਨ ਤੇ ਮੁਹੰਮਦ ਅਲੀ ਜਿਨਾਹ ਵਿਚਕਾਰ ਸਮਝੌਤਾ ਹੋਇਆ ਕਿ ਕਲਾਤ 5 ਅਗਸਤ 1947 ਨੂੰ ਆਜ਼ਾਦ ਹੋ ਜਾਵੇਗਾ ਤੇ ਉਸ ਦਾ 1838 ਵਾਲਾ ਰੁਤਬਾ ਬਹਾਲ ਕਰ ਦਿੱਤਾ ਜਾਵੇਗਾ। ਪਰ ਬਾਅਦ ਵਿੱਚ ਪਾਕਿਸਤਾਨ ਦੇ ਰਾਸ਼ਟਰਪਤੀ ਜਿਨਾਹ ਨੇ ਕਲਾਤ ਨੂੰ ਪਾਕਿਸਤਾਨ ਵਿੱਚ ਸ਼ਾਮਿਲ ਹੋਣ ਲਈ ਦਬਾਅ ਬਣਾਇਆ, ਪਰ ਕਲਾਤ ਦਾ ਅਹਿਮਦ ਯਾਰ ਖ਼ਾਨ ਨਹੀਂ ਝੁਕਿਆ। 27 ਮਾਰਚ 1948 ਨੂੰ ਪਾਕਿਸਤਾਨ ਨੇ ਕਲਾਤ 'ਤੇ ਹਮਲਾ ਕਰ ਦਿੱਤਾ। ਫ਼ੌਜ ਕਿਸੇ ਰਾਜੇ ਨੂੰ ਕੈਦੀ ਬਣਾ ਕੇ ਜੇਕਰ ਕੁਝ ਲਿਖਵਾ ਲੈਂਦੀ ਹੈ ਤਾਂ ਉਸ ਨੂੰ ਸਹੀ ਡਾਕੂਮੈਂਟ ਨਹੀਂ ਮੰਨਿਆ ਜਾ ਸਕਦਾ, ਇਹੋ ਗੱਲ ਕਲਾਤ ਨਾਲ ਵਾਪਰੀ । ਅਹਿਮਦ ਯਾਰ ਖ਼ਾਨ ਦੇ ਭਾਈ ਆਗਾ ਅਬਦੁਲ ਕਰੀਮ ਬਲੋਚ, ਤੇ ਮੁਹੰਮਦ ਰਹੀਮ ਹਥਿਆਰ ਸੁੱਟਣ ਤੋਂ ਮੁਨਕਰ ਹੋ ਗਏ ਅਤੇ 1950 ਤੱਕ ਪਾਕਿਸਤਾਨੀ ਫ਼ੌਜ ਦੇ ਖ਼ਿਲਾਫ਼ ਲੜਦੇ ਰਹੇ ।

ਦੂਜਾ ਸੰਘਰਸ਼: 1958-59 'ਚ ਨਵਾਬ ਨੁਰੋਜ਼ ਖ਼ਾਨ ਨੇ ਪਾਕਿਸਤਾਨੀ ਫ਼ੌਜ ਖਿਲਾਫ਼ ਗੁਰੀਲਾ ਯੁੱਧ ਲੜਿਆ। ਪਾਕਿਸਤਾਨੀ ਫ਼ੌਜ ਨੇ ਨਵਾਬ ਨਰੋਜ ਖ਼ਾਨ ਤੇ ਉਸ ਦੇ ਸੰਬੰਧੀਆਂ ਨੂੰ ਧੋਖੇ ਨਾਲ ਫੜ ਲਿਆ । ਉਸ ਦੇ ਪੰਜ ਸੰਬੰਧੀਆਂ ਨੂੰ ਫ਼ਾਂਸੀ ਦੇ ਦਿੱਤੀ ਅਤੇ ਖ਼ੁਦ ਨਵਾਬ ਨੁਰੋਜ਼ ਖ਼ਾਨ ਜੇਲ੍ਹ ਵਿੱਚ ਮਰ ਗਏ ।

ਤੀਜਾ ਸੰਘਰਸ਼: 1960 'ਚ ਬਲੋਚ ਆਜ਼ਾਦੀ ਲਹਿਰ ਨੂੰ ਬਲ ਮਿਲਿਆ, ਕਿਉਂਕਿ ਪਾਕਿਸਤਾਨ ਦੀ ਸਰਕਾਰ ਨੇ 1956 ਵਿੱਚ ਬਣੇ ਨਵੇਂ ਸੰਵਿਧਾਨ ਤਹਿਤ ਖੇਤਰੀ ਤਾਕਤਾਂ ਨੂੰ ਖ਼ਤਮ ਕਰਕੇ ਮਜ਼ਬੂਤ ਕੇਂਦਰ ਵਾਲੀ ਨੀਤੀ ਅਪਣਾ ਲਈ ਸੀ। ਪਾਕਿਸਤਾਨੀ ਫ਼ੌਜ ਨੇ ਬਲੋਚਿਸਤਾਨ 'ਚ ਆਪਣੇ ਕਈ ਠਿਕਾਣੇ ਕਾਇਮ ਕਰ ਲਏ ਸਨ ।ਸ਼ੇਰ ਮੁਹੰਮਦ ਬਿਜਰਾਨੀ ਮਾਰੀ ਅਤੇ ਉਸ ਦੇ ਸਾਥੀਆਂ ਨੇ 1963-1969 ਵਿਚਕਾਰ ਪਾਕਿਸਤਾਨੀ ਫ਼ੌਜ ਖ਼ਿਲਾਫ਼ ਛਾਪਾ ਮਾਰ ਯੁੱਧ ਲੜਿਆ ।ਇਹ ਛਾਪਾ ਮਾਰ ਯੁੱਧ ਸਾਰੇ ਬਲੋਚਿਸਤਾਨ 'ਚ ਫੈਲ ਗਿਆ । 1970 ਵਿੱਚ ਪਾਕਿਸਤਾਨ ਦੇ ਰਾਸ਼ਟਰਪਤੀ ਯਾਹੀਆ ਖ਼ਾਨ ਨੇ ਕੇਂਦਰਵਾਦੀ ਤਾਕਤ ਪ੍ਰਣਾਲੀ ਦੀ ਨੀਤੀ ਨੂੰ ਤਿਆਗ ਦਿੱਤਾ। ਬਲੋਚ ਛਾਪਾ ਮਾਰ ਯੁੱਧਬੰਦੀ ਲਈ ਸਹਿਮਤ ਹੋ ਗਏ । ਬਲੋਚਿਸਤਾਨ ਨੂੰ ਪਾਕਿਸਤਾਨ ਦਾ ਚੌਥਾ ਸੂਬਾ ਮੰਨ ਲਿਆ ਗਿਆ, ਜਿਸ 'ਚ ਚਾਰੋਂ ਬਲੋਚ ਰਿਆਸਤਾਂ, ਹਾਈ ਕਮਿਸ਼ਨਰ ਰਾਜ ਅਤੇ ਗਵਾਦਰ ਦਾ 800 ਵਰਗ ਕਿ.ਮੀ. ਤਟ ਦਾ ਖੇਤਰ ਜੋ ਉਮਾਨ ਤੋਂ ਖ਼ਰੀਦਿਆ ਗਿਆ ਸੀ, ਸ਼ਾਮਿਲ ਸਨ ।

ਚੌਥਾ ਸੰਘਰਸ਼: 1973 'ਚ ਪ੍ਰਧਾਨ ਮੰਤਰੀ ਭੁੱਟੋ ਨੇ ਬਲੋਚਿਸਤਾਨ ਅਤੇ ਉੱਤਰ ਪੱਛਮੀ ਸਰਹੱਦੀ ਰਾਜ ਦੀਆਂ ਖੇਤਰੀ ਸਰਕਾਰਾਂ ਨੂੰ ਬਰਖ਼ਾਸਤ ਕਰ ਦਿੱਤਾ ਤੇ ਮਾਰਸ਼ਲ ਲਾਅ ਲਗਾ ਦਿੱਤਾ, ਜਿਸ ਨਾਲ ਬਲੋਚਿਸਤਾਨ 'ਚ ਵਿਦਰੋਹ ਭੜਕ ਉੱਠਿਆ। ਖ਼ੈਰ ਬਖਸ਼ ਮਾਰੀ ਨੇ ਬਲੋਚਿਸਤਾਨ ਪੀਪਲਜ਼ ਲਿਬਰੇਸ਼ਨ ਫਰੰਟ (ਬੀ.ਪੀ.ਐਲ.ਐਫ) ਬਣਾਇਆ, ਜਿਸ ਕਾਰਨ ਬਹੁਤ ਸਾਰੇ ਮਾਰੀ ਤੇ ਮੈਂਗਲ ਕਬੀਲੇ ਦੇ ਵਿਅਕਤੀ ਛਾਪਾ ਮਾਰ ਯੁੱਧ 'ਚ ਕੁੱਦ ਪਏ। 400 ਦੇ ਲਗਭਗ ਪਾਕਿਸਤਾਨੀ ਫ਼ੌਜੀ ਮਾਰੇ ਗਏ ਅਤੇ 8000 ਦੇ ਲਗਭਗ ਛਾਪਾ ਮਾਰ ਤੇ ਆਮ ਨਾਗਰਿਕ ਮਾਰੇ ਗਏ।

ਪੰਜਵਾਂ ਸੰਘਰਸ਼: ਸਾਰੇ ਬਲੋਚਿਸਤਾਨ ਦੀ ਪੂਰਨ ਆਜ਼ਾਦੀ ਲਈ ਇਹ ਸੰਘਰਸ਼ 2004 ਤੋਂ ਸ਼ੁਰੂ ਹੋ ਕੇ ਅੱਜ-ਤੱਕ ਚੱਲ ਰਿਹਾ ਹੈ।ਅਗਸਤ 2006 ਵਿੱਚ ਬਲੋਚ ਨੇਤਾ ਨਵਾਬ ਅਕਬਰ ਖ਼ਾਨ ਬੁਗਤੀ ਜੋ 79 ਸਾਲ ਦੇ ਸਨ, ਪਾਕਿਸਤਾਨੀ ਫ਼ੌਜ ਨਾਲ ਲੜਦੇ ਹੋਏ ਮਾਰੇ ਗਏ। ਅਪ੍ਰੈਲ 2009 'ਚ ਬਲੋਚ ਨੈਸ਼ਨਲ ਮੂਵਮੈਂਟ ਦੇ ਪ੍ਰਧਾਨ ਗੁਲਾਮ ਮੁਹੰਮਦ ਬਲੋਚ ਅਤੇ ਉਸ ਦੇ ਦੋ ਹੋਰ ਨੇਤਾ ਲਾਲਾ ਮੁਨੀਰ ਅਤੇ ਸ਼ੇਰ ਮੁਹੰਮਦ ਪਾਕਿਸਤਾਨੀ ਫ਼ੌਜ ਦੀ ਸ਼ਹਿ ਪ੍ਰਾਪਤ ਪਰਸ਼ੀਅਨ ਅੱਤਵਾਦੀਆਂ ਨੇ ਮਾਰ ਦਿੱਤੇ ।

12 ਅਗਸਤ 2009 'ਚ ਬਲੋਚਾਂ ਨੇ ਕਲਾਤ ਦੇ ਖ਼ਾਨ ਮੀਰ ਸੁਲੇਮਾਨ ਦਾਉਦ ਨੂੰ ਬਲੋਚਿਸਤਾਨ ਦਾ ਬਾਦਸ਼ਾਹ ਐਲਾਨ ਦਿੱਤਾ ਤੇ ਆਜ਼ਾਦ ਬਲੋਚਿਸਤਾਨ ਕੌਂਸਲ ਬਣਾ ਲਈ। ਕੌਂਸਲ ਨੇ ਇਰਾਨ 'ਚ ਸ਼ਾਮਿਲ ਬਲੋਚ ਇਲਾਕੇ ਸਿਸਤਾਨ, ਇਰਾਨੀ ਬਲੋਚਿਸਤਾਨ ਤੇ ਪਾਕਿਸਤਾਨੀ ਬਲੋਚਿਸਤਾਨ ਉੱਪਰ ਆਪਣਾ ਅਧਿਕਾਰ ਜਤਾਇਆ ਸੀ । ਉਸ ਨੇ ਅਫ਼ਗਾਨਿਸਤਾਨ 'ਚ ਸ਼ਾਮਿਲ ਬਲੋਚ ਇਲਾਕੇ 'ਤੇ ਅਧਿਕਾਰ ਨਹੀਂ ਜਤਾਇਆ ਸੀ। ਕੌਂਸਲ ਨੇ ਦਾਅਵਾ ਕੀਤਾ ਕਿ ਉਸ ਨਾਲ ਬਲੋਚਿਸਤਾਨ ਦੀ ਆਜ਼ਾਦੀ ਲਈ ਲੜ ਰਹੇ ਸਾਰੇ ਦਲ ਤੇ ਨਵਾਬਜ਼ਾਦਾ ਬ੍ਰਹਮਦਾਗ ਬੁਗਤੀ ਵੀ ਸਹਿਮਤ ਸੀ। ਮੌਜੂਦਾ ਬਲੋਚ ਸੰਘਰਸ਼ ਨੇ ਪਾਕਿਸਤਾਨੀ ਹਕੂਮਤ ਸਾਹਮਣੇ ਵੱਡੀ ਚੁਣੌਤੀ ਪੇਸ਼ ਕਰ ਦਿੱਤੀ ਹੈ। ਪਹਿਲਾਂ ਹੋਏ ਸੰਘਰਸ਼ਾਂ ਨਾਲੋਂ ਵੱਖਰਾ ਇਹ ਸੰਘਰਸ਼ ਲੰਬੇ ਸਮੇਂ ਤੋਂ ਚੱਲ ਰਿਹਾ ਹੈ ਅਤੇ ਲਗਭਗ ਸਾਰੇ ਬਲੋਚਿਸਤਾਨ 'ਚ ਫੈਲ ਚੁੱਕਾ ਹੈ। ਇਸ ਸੰਘਰਸ਼ 'ਚ ਔਰਤਾਂ ਤੇ ਮਰਦ ਇਕੱਠੇ ਹਿੱਸਾ ਲੈ ਰਹੇ ਹਨ। ਇਸ ਆਜ਼ਾਦੀ ਦੇ ਸੰਘਰਸ਼ ਵਿੱਚ ਖਾੜਕੂ ਸੰਗਠਨਾਂ ਨਾਲੋਂ ਆਮ ਬਲੋਚੀ ਜਨਤਾ, ਉੱਥੋਂ ਦੀਆਂ ਲੋਕਤੰਤ੍ਰਿਕ ਪਾਰਟੀਆਂ ਅਤੇ ਸੰਗਠਨ ਮੋਹਰੀ ਹਨ। ਇਸ ਸੰਘਰਸ਼ ਨੇ ਅੰਤਰਰਾਸ਼ਟਰੀ ਭਾਈਚਾਰੇ ਦਾ ਧਿਆਨ ਵੀ ਆਪਣੇ ਵੱਲ ਖਿੱਚਿਆ ਹੋਇਆ ਹੈ। 2012 ਵਿੱਚ ਅਮਰੀਕਾ ਦੀ ਕਾਂਗਰਸ 'ਚ ਬਲੋਚਿਸਤਾਨ ਦੇ ਆਜ਼ਾਦੀ ਦੇ ਸੰਘਰਸ਼ ਬਾਰੇ ਚਰਚਾ ਹੋ ਚੁੱਕੀ ਹੈ। ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਵੱਲੋਂ 15 ਅਗਸਤ 2016 ਨੂੰ ਭਾਰਤ ਦੇ ਆਜ਼ਾਦੀ ਦਿਵਸ ਦੇ ਪ੍ਰੋਗਰਾਮ ਮੌਕੇ ਲਾਲ ਕਿਲ੍ਹੇ ਦੇ ਮੰਚ ਤੋਂ ਬਲੋਚਿਸਤਾਨ ਦੇ ਲੋਕਾਂ ਦੀ ਆਜ਼ਾਦੀ ਦੇ ਸੰਘਰਸ਼ ਦਾ ਖੁੱਲ੍ਹਾ ਸਮਰਥਨ ਕੀਤਾ ਸੀ। ਉਸ ਤੋਂ ਬਾਅਦ ਬੰਗਲਾਦੇਸ਼, ਅਫ਼ਗਾਨਿਸਤਾਨ ਦੇ ਸਾਬਕਾ ਰਾਸ਼ਟਰਪਤੀ ਸ੍ਰੀ ਹਾਮਿਦ ਕਰਜ਼ਈ ਅਤੇ ਰੂਸ ਵੱਲੋਂ ਵੀ ਬਲੋਚਿਸਤਾਨ ਦੇ ਆਜ਼ਾਦੀ ਦੇ ਸੰਘਰਸ਼ ਦਾ ਸਮਰਥਨ ਕੀਤਾ ਗਿਆ ਸੀ । **(ਬਾਕੀ ਸਫ਼ਾ 31 'ਤੇ)**

# ਸਿੱਖ ਚਿੰਤਨ, ਦਰਪੇਸ਼ ਚੁਣੌਤੀਆਂ ਬਨਾਮ ਸਿੱਖ ਨੀਤੀ

**ਡਾ. ਧਰਮ ਸਿੰਘ**

ਸਿੱਖ, ਧਰਮ ਗ੍ਰੰਥ, ਇਤਿਹਾਸ, ਦਰਸ਼ਨ, ਰਹਿਤ ਮਰਯਾਦਾ ਅਤੇ ਸਿੱਖ ਸੰਸਥਾਵਾਂ ਬਾਰੇ ਚਿੰਤਨ-ਮੰਥਨ ਕਰਨ ਦਾ ਕੰਮ, ਕਿਸੇ ਨਾ ਕਿਸੇ ਰੂਪ ਵਿੱਚ ਮੱਧ ਕਾਲ ਤੋਂ ਹੁੰਦਾ ਆਇਆ ਹੈ ਪਰ ਜਦੋਂ ਤੋਂ ਵਿੱਦਿਆ ਦੇ ਪਸਾਰ ਅਤੇ ਤਰਕ ਵਿਗਿਆਨ ਨੇ ਜ਼ੋਰ ਫੜਿਆ ਹੈ, ਉਦੋਂ ਤੋਂ ਇਸ ਨੂੰ ਕਈ ਨਵੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ । ਵਿਵਾਦ ਬੇਸ਼ੱਕ ਪਹਿਲਾਂ ਵੀ ਪੈਦਾ ਹੁੰਦੇ ਰਹੇ ਹਨ ਪਰ ਉਹ ਏਨੇ ਪ੍ਰਚੰਡ, ਬਦਲਾ-ਲਊ ਜਾਂ ਕਾਨੂੰਨੀ ਪ੍ਰਕਿਰਿਆਵਾਂ ਵਿੱਚ ਨਹੀਂ ਸਨ ਉਲਝਦੇ ।ਉਂਝ ਵੀ ਪਹਿਲਾਂ ਨੈਤਿਕ ਅਤੇ ਸਦਾਚਾਰਕ ਗੁਣ ਜਿਵੇਂ ਸਹਿਣਸ਼ੀਲਤਾ, ਸਬਰ, ਧੀਰਜ ਅਤੇ ਸਿੱਖਣ ਦੀ ਜਿਗਿਆਸਾ ਵਧੇਰੇ ਹੋਣ ਕਰਕੇ ਅਜਿਹੀ ਸਥਿਤੀ ਕਦੇ ਨਹੀਂ ਸੀ ਬਣੀ। ਅੱਜਕੱਲ੍ਹ ਸਾਡੀਆਂ ਧਾਰਮਿਕ ਭਾਵਨਾਵਾਂ ਵੀ ਏਨੀਆਂ ਕਮਜ਼ੋਰ ਹੋ ਗਈਆਂ ਹਨ ਕਿ ਇਨ੍ਹਾਂ ਨੂੰ ਠੇਸ ਵੀ ਬੜੀ ਜਲਦੀ ਲੱਗ ਜਾਂਦੀ ਹੈ ।ਅਜੋਕੇ ਸਿੱਖ ਚਿੰਤਨ ਨੂੰ ਸਭ ਤੋਂ ਪਹਿਲੀ ਤੇ ਬਹੁਤ ਗੰਭੀਰ ਚੁਣੌਤੀ ਸਿੱਖ ਸਮਾਜ ਦਾ ਅਸਹਿਣਸ਼ੀਲ ਅਤੇ ਬੇਸਬਰੇ ਹੋਣਾ ਹੈ। ਅਗਿਆਨਤਾ, ਮਨੋਰਥ-ਸਿੱਖੀ ਆਦਿ ਕਾਰਨਾਂ ਕਰਕੇ ਅਸਹਿਣਸ਼ੀਲਤਾ ਘਟਣ ਦੀ ਬਜਾਏ ਵਧੀ ਹੈ। ਗੁਰੂ ਸਾਹਿਬਾਨ ਨੇ ਤਾਂ ਸਿੱਖ ਨੂੰ ਸੰਵਾਦ ਜਾਂ ਗੋਸ਼ਟੀ ਦੀ ਬਖਸ਼ਿਸ਼ ਕੀਤੀ ਹੈ ਪਰ ਅੱਜ ਅਸੀਂ ਉਹ ਸਭ ਕੁਝ ਭੁੱਲ ਕੇ ਹਠਧਰਮੀ ਹੋ ਗਏ ਹਾਂ। ਸੰਵਾਦ ਜਾਂ ਗੋਸ਼ਟੀ ਦਾ ਮਤਲਬ ਹੀ ਏਹੀ ਹੈ ਕਿ ਆਪਣੀ ਗੱਲ ਕਹੋ ਅਤੇ ਦੂਸਰੇ ਦੀ ਸੁਣੋ। ਅਸੀਂ ਆਪਣੀ ਗੱਲ ਤਾਂ ਸੁਣਾਉਣੀ ਚਾਹੁੰਦੇ ਹਾਂ ਪਰ ਦੂਜੇ ਦੀ ਸੁਣਨ ਲਈ ਤਿਆਰ ਨਹੀਂ। ਸ਼ਾਸਤ੍ਰਰਥ ਵੀ ਸੰਵਾਦ ਦਾ ਹੀ ਦੂਜਾ ਨਾਂਅ ਹੈ, ਜੋ 19ਵੀਂ ਅਤੇ 20ਵੀਂ ਸਦੀ ਵਿੱਚ ਵਧੇਰੇ ਪ੍ਰਚੱਲਿਤ ਰਹੀ । ਗਿਆਨੀ ਦਿੱਤ ਸਿੰਘ ਦੀ ਇੱਕ ਪੁਸਤਕ ਦਾ ਤਾਂ ਨਾਂਅ ਹੀ 'ਮੇਰਾ ਤੇ ਸਵਾਮੀ ਦਯਾਨੰਦ ਦਾ ਸੰਵਾਦ' ਹੈ ।



ਅਕਾਦਮਿਕ ਤਕਾਜ਼ਾ ਇਹ ਮੰਗ ਕਰਦਾ ਹੈ ਕਿ ਹਰ ਤਰ੍ਹਾਂ ਦੇ ਵਿਚਾਰਾਂ ਨੂੰ ਥਾਂ ਦਿੱਤੀ ਜਾਵੇ। ਜੇਕਰ ਕਿਸੇ ਪਾਠਕ ਨੂੰ ਕਿਸੇ ਲੇਖਕ ਦੇ ਵਿਚਾਰਾਂ ਨਾਲ ਅਸਹਿਮਤੀ ਹੈ ਤਾਂ ਉਹ ਇਸ ਨੂੰ ਉਸ ਅਖ਼ਬਾਰ/ਰਸਾਲੇ ਰਾਹੀਂ ਪ੍ਰਗਟ ਕਰਕੇ ਸੰਵਾਦ ਨੂੰ ਅੱਗੇ ਤੋਰ ਸਕਦਾ ਹੈ । ਸੰਵਾਦ ਗਿਆਨ ਦੇ ਵਿਕਾਸ ਜਾਂ ਵਾਧੇ ਦੀ ਨਿਸ਼ਾਨੀ ਹੈ।

ਦੂਜੀ ਵੱਡੀ ਚੁਣੌਤੀ ਗੁਰਬਾਣੀ ਦੇ ਗਹਿਰੇ ਅਰਥਾਂ ਨੂੰ ਸਮਝਣ ਵਿੱਚ ਹੈ। ਹਰ ਲੇਖਕ ਨੇ ਆਪਣੀ ਦਲੀਲ ਦਾ ਆਧਾਰ ਗੁਰਬਾਣੀ ਨੂੰ ਬਣਾਉਣਾ ਹੁੰਦਾ ਹੈ ਅਤੇ ਉਹ ਮੁਸ਼ਕਿਲ ਸ਼ਬਦ ਦੇ ਅਰਥ ਕਿਸ ਟੀਕਾਕਾਰ ਦੇ ਸਵੀਕਾਰ ਕਰੇ। ਇਹ ਇੱਕ ਵੱਡਾ ਮਸਲਾ ਹੈ। ਟੀਕਾਕਾਰੀ ਵਿੱਚ ਅੰਤਰਮੁਖਤਾ ਦਾ ਆ ਜਾਣਾ ਸੁਭਾਵਿਕ ਹੈ, ਹਾਲਾਂਕਿ ਇਸ ਤੋਂ ਟੀਕਾਕਾਰ ਨੂੰ ਬਚਣਾ ਚਾਹੀਦਾ ਹੈ। ਭਾਵ 'ਦੀਨ' ਸ਼ਬਦ ਜੋ ਫਾਰਸੀ ਦਾ ਹੈ, ਇਸ ਦੇ ਅਰਥ, ਫਾਰਸੀ-ਪੰਜਾਬੀ ਕੋਸ਼ ਅਨੁਸਾਰ ਹਨ, ਮਜ਼੍ਹਬ, ਪੰਥ, ਮੁਸਲਮਾਨੀ ਧਰਮ, ਹਿਸਾਬ, ਬਦਲਾ ਲੈਣਾ ਆਦਿ। ਕਈ ਟੀਕਾਕਾਰਾਂ ਨੇ ਦੀਨ ਦੇ ਅਰਥ ਕਮਜ਼ੋਰ, ਲਾਚਾਰ ਅਤੇ ਸਾਹ-ਸਤਹੀਣ ਵੀ ਕੀਤੇ ਹਨ। ਭਗਤ ਕਬੀਰ ਜੀ ਦੇ ਸ਼ਬਦਾਂ ਵਿੱਚ ਰਣ-ਤੱਤੇ ਵਿੱਚ ਜੂਝਣ ਅਤੇ ਧਰਮ ਲਈ ਯੁੱਧ ਕਰਨ ਵਾਲੇ ਨੂੰ 'ਸੂਰਾ' ਕਿਹਾ ਗਿਆ ਹੈ। ਸਾਮੀ ਪਿਛੋਕੜ ਵਾਲੇ ਕਈ ਸ਼ਬਦਾਂ ਜਿਵੇਂ ਸ਼ਹੀਦ, ਗਾਜ਼ੀ, ਕਾਫ਼ਰ, ਮਹਿਰਮ ਅਤੇ ਸਬੱਬ ਹਨ। ਅਸਲ ਵਿੱਚ ਇਹ ਸਾਰੇ ਸੰਕਲਪਾਤਮਕ ਸ਼ਬਦ ਹਨ ਜੋ ਬਹੁਤ ਸੋਚ ਵਿਚਾਰ ਦੀ ਮੰਗ ਕਰਦੇ ਹਨ ।

ਅਗਲੀ ਚੁਣੌਤੀ ਅਖ਼ਬਾਰਾਂ/ਰਿਸਾਲਿਆਂ ਵਿੱਚ ਗੁਰਬਾਣੀ ਤੁਕਾਂ ਨੂੰ ਛਾਪਣ ਜਾਂ ਨਾ ਛਾਪਣ ਦੀ ਹੈ। ਪ੍ਰਿੰਟ ਮੀਡੀਆ ਅੱਜ ਦੇ ਯੁੱਗ ਦਾ ਇੱਕ ਪ੍ਰਭਾਵਸ਼ਾਲੀ ਮਾਧਿਅਮ ਹੈ ਅਤੇ ਪੁਸਤਕਾਂ/ਰਿਸਾਲਿਆਂ ਨੂੰ ਡਿਜੀਟਲ ਤਰੀਕੇ ਨਾਲ ਸੁਰੱਖਿਅਤ ਕਰਨ ਦੇ ਕਈ ਨਵੇਂ ਢੰਗ ਤਰੀਕੇ ਵੀ ਆ ਗਏ ਹਨ। ਕੁਝ ਲੋਕਾਂ ਦਾ ਵਿਚਾਰ ਹੈ ਕਿ ਅਖ਼ਬਾਰਾਂ/ਰਸਾਲਿਆਂ ਵਿੱਚ ਛਪਣ ਨਾਲ ਪਵਿੱਤਰ ਗੁਰਬਾਣੀ ਦੀ ਬੇਅਦਬੀ ਹੁੰਦੀ ਹੈ, ਇਸ ਲਈ ਅਜਿਹਾ ਨਹੀਂ ਹੋਣਾ ਚਾਹੀਦਾ। ਸਾਡੇ ਵਿਚਾਰ ਵਿੱਚ ਇਹ ਸੋਚ ਗੁਰਬਾਣੀ ਦੇ ਪ੍ਰਚਾਰ/ਪਸਾਰ ਨੂੰ ਢਾਹ ਲਾਉਣ ਵਾਲੀ ਹੈ ।ਪਰ ਇਹ ਪਾਠਕ ਉੱਪਰ ਹੀ ਨਿਰਭਰ ਕਰੇਗਾ ਕਿ ਉਹ ਅਜਿਹੀ ਸਮੱਗਰੀ ਦੀ ਸਾਂਭ-ਸੰਭਾਲ ਕਿਵੇਂ ਕਰੇਗਾ । ਪਾਬੰਦੀ ਨਾ ਅਖ਼ਬਾਰਾਂ/ਰਸਾਲਿਆਂ ਉੱਪਰ ਲਾਉਣੀ ਯੋਗ ਹੋਵੇਗੀ, ਨਾ ਲੇਖਕ ਨੂੰ ਗੁਰਬਾਣੀ ਜਾਂ ਧਰਮ ਬਾਰੇ ਲਿਖਣ ਤੋਂ ਵਰਜਣਾ ਚਾਹੀਦਾ ਹੈ ।

ਮੱਧਯੁੱਗ ਵਿੱਚ ਲਿਖੇ ਗਏ ਗ੍ਰੰਥਾਂ ਵਿੱਚ ਪੌਰਾਣਿਕ ਪ੍ਰਭਾਵ ਕਾਫ਼ੀ ਹੈ। ਇਹ ਪ੍ਰਭਾਵ ਤਤਕਾਲੀ ਸੋਚ, ਵਿਰਾਸਤ ਪ੍ਰਤੀ ਮੋਹ ਅਤੇ ਸੱਭਿਆਚਾਰਕ ਪ੍ਰਸਥਿਤੀਆਂ ਦੀ ਦੇਣ ਹੈ। ਅਸੀਂ ਇੱਕੀਵੀਂ ਸਦੀ ਵਿੱਚ ਖਲੋਅ ਕੇ ਜਦ ਇਨ੍ਹਾਂ ਗ੍ਰੰਥਾਂ ਦਾ ਅਧਿਐਨ ਕਰਦੇ ਹਾਂ ਤਾਂ ਸਾਨੂੰ ਇਨ੍ਹਾਂ ਵਿਚਲੀਆਂ ਕਈ ਗੱਲਾਂ ਕਲਪਨਾ ਤੋਂ ਵੱਧ ਕੁਝ ਨਹੀਂ ਲਗਦੀਆਂ। ਕਵੀ ਸੈਨਾਪਤੀ, ਕਵੀ ਸੋਹਣ, ਕਵੀ ਕੋਇਰ ਸਿੰਘ, ਕੇਸਰ ਸਿੰਘ ਛਿੱਬਰ, ਭਾਈ ਸੰਤੋਖ ਸਿੰਘ ਅਤੇ ਗਿ. ਗਿਆਨ ਸਿੰਘ ਆਦਿ ਕਵੀਆਂ ਦੇ ਗ੍ਰੰਥਾਂ ਉੱਪਰ ਇਹ ਪ੍ਰਭਾਵ ਬੜਾ ਗਹਿਰਾ ਹੈ। ਕੇਵਲ ਇਨ੍ਹਾਂ ਗ੍ਰੰਥਾਂ ਵਿੱਚ ਹੀ ਨਹੀਂ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦੋ-ਚਾਰ-ਦਸ ਨਹੀਂ, ਸਗੋਂ ਸੈਂਕੜੇ ਹਵਾਲੇ ਭਾਰਤੀ ਇਤਿਹਾਸ/ਮਿਥਿਹਾਸ ਵਿਚੋਂ ਲਏ ਗਏ ਹਨ। ਇਨ੍ਹਾਂ ਹਵਾਲਿਆਂ ਦੀ ਵਰਤੋਂ ਬਹੁਤੀ ਵਾਰੀ ਕਿਸੇ ਨਾ ਕਿਸੇ ਗੁਰਮਤਿ ਸਿਧਾਂਤ ਦੀ ਵਿਆਖਿਆ, ਪ੍ਰੋੜ੍ਹਤਾ ਜਾਂ ਨਕਾਰਣ ਵਿੱਚ ਹੈ ਪਰ ਕਈ ਵਾਰੀ ਕਿਸੇ ਹਵਾਲੇ ਨੂੰ ਪ੍ਰਸੰਗ ਨਾਲ 'ਵਿਛੁੰਨ ਕੇ ਜਾਂ ਨਿਖੇੜ ਕੇ ਪੜ੍ਹਿਆ ਜਾਵੇਗਾ ਤਾਂ ਅਰਥ ਵਿੱਚ ਜ਼ਰੂਰ ਹੀ ਅੰਤਰ ਆਵੇਗਾ ।ਗੁਰਬਾਣੀ ਦੇ ਅਰਥ ਜਾਣੇ ਬਿਨਾਂ ਪਾਠ ਕਰਨਾ ਚਾਹੀਦਾ ਹੈ ਜਾਂ ਨਹੀਂ ? ਇਸ ਬਾਰੇ ਵੀ ਵਿਚਾਰਾਂ ਵਿੱਚ ਸੰਮਤੀ ਹੋਣੀ ਜ਼ਰੂਰੀ ਨਹੀਂ। ਸਾਨੂੰ ਅੱਜ ਵੀ ਚੰਗੀ ਤਰ੍ਹਾਂ ਯਾਦ ਹੈ ਕਿ ਪਹਿਲਾਂ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਦੇ ਮੁੱਖ ਗ੍ਰੰਥੀ ਰਹੇ ਅਤੇ ਫਿਰ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਰਹੇ ਮਰਹੂਮ ਭਾਈ ਜੋਗਿੰਦਰ ਸਿੰਘ ਵੇਦਾਂਤੀ ਨੇ ਕਵੀ ਸੋਹਣ ਦੇ ਕਹੇ ਜਦੋਂ ਗੁਰਬਿਲਾਸ ਪਾਤਸ਼ਾਹੀ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੰਪਾਦਿਤ ਕਰਕੇ ਛਾਪਿਆ ਤਾਂ ਇਸ ਉੱਪਰ ਵਿਵਾਦ ਖੜ੍ਹਾ ਹੋ ਗਿਆ। ਲੋੜ ਅਜਿਹੇ ਗ੍ਰੰਥਾਂ ਤੋਂ ਨੱਕ-ਮੂੰਹ ਵੱਟਣ ਦੀ ਨਹੀਂ, ਸਗੋਂ ਯੋਗ ਢੰਗ ਨਾਲ ਉਨ੍ਹਾਂ ਦਾ ਵਿਸ਼ਲੇਸ਼ਣ ਕਰਕੇ ਪੌਰਾਣਿਕ ਜਾਂ ਅਜਿਹੇ ਪ੍ਰਭਾਵ ਦੇ ਕਾਰਨਾਂ ਨੂੰ ਲੱਭਣ ਦੀ ਹੈ।

ਸਿੱਖ ਚਿੰਤਨ ਵਿੱਚ ਪਹਿਲਾਂ ਹੀ ਵਿਦਵਾਨਾਂ ਦੀ ਘਾਟ ਹੈ, ਜੇਕਰ ਅਸੀਂ ਉਨ੍ਹਾਂ ਦੀ ਦਿਲ-ਆਜ਼ਾਰੀ ਕਰਦੇ ਰਹਾਂਗੇ ਤਾਂ ਉਹ ਨਿਸ਼ਚੈ ਹੀ ਨਿਰਾਸ਼ ਵੀ ਹੋਣਗੇ । ਸਿੱਖ ਚਿੰਤਨ ਨੂੰ ਦਰਪੇਸ਼ ਚੁਣੌਤੀਆਂ ਤੋਂ ਭੱਜਣ ਦੀ ਥਾਂ, ਇਨ੍ਹਾਂ ਦੇ ਰੂ-ਬਰੂ ਹੋ ਕੇ ਇਨ੍ਹਾਂ ਨੂੰ ਸਵੀਕਾਰ ਕਰਨਾ ਚਾਹੀਦਾ ਹੈ।

# ਸਿੱਖ ਪੰਥਕ ਏਕਤਾ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਹੱਤਤਾ



ਬਘੇਲ ਸਿੰਘ ਧਾਲੀਵਾਲ
99142-58142



ਹਾਲ ਹੀ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫ਼ਸੀਲ ਤੋਂ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਅਤੇ ਹੋਰ ਪੰਜ ਸਿੰਘ ਸਾਹਿਬਾਨ ਦੀ ਮੌਜੂਦਗੀ ਵਿੱਚ ਭਾਈ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਦੇ ਮਾਮਲੇ ਦਾ ਨਿਪਟਾਰਾ ਕੀਤਾ ਗਿਆ। ਭਾਈ ਰਣਜੀਤ ਸਿੰਘ, ਜੋ ਸਿੱਖ ਪਰਚਾਰਕ ਵਜੋਂ ਪ੍ਰਸਿੱਧੀ ਪ੍ਰਾਪਤ ਕਰ ਚੁੱਕੇ ਹਨ, ਨੇ ਸ੍ਰੀ ਅਕਾਲ ਤਖ਼ਤ ਸਾਹਿਬ ਅੱਗੇ ਆਪਣੀਆਂ ਗਲਤੀਆਂ ਦਾ ਪਛਤਾਵਾ ਕੀਤਾ। ਸਿੰਘ ਸਾਹਿਬਾਨ ਨੇ ਉਹਨਾਂ ਦਾ ਪੱਖ ਸੁਣਨ ਤੋਂ ਬਾਅਦ ਸੇਵਾ ਰਾਹੀਂ ਉਹਨਾਂ ਨੂੰ ਮੁਆਫ਼ੀ ਦੇ ਦਿੱਤੀ ਅਤੇ ਸਿੱਖੀ ਪਰਚਾਰ ਜਾਰੀ ਰੱਖਣ ਦੀ ਹਦਾਇਤ ਕੀਤੀ। ਇਹ ਫ਼ੈਸਲਾ ਸਿੱਖ ਪੰਥ ਵਿੱਚ ਏਕਤਾ ਅਤੇ ਸਮਝੌਤੇ ਦੀ ਭਾਵਨਾ ਨੂੰ ਮਜ਼ਬੂਤ ਕਰਨ ਵਾਲਾ ਮੰਨਿਆ ਜਾ ਰਿਹਾ ਹੈ। ਸਿੱਖ ਕੌਮ ਨੇ ਇਸ ਫ਼ੈਸਲੇ ਨੂੰ ਸਕਾਰਾਤਮਕ ਨਜ਼ਰੀਏ ਨਾਲ ਸਵੀਕਾਰ ਕੀਤਾ ਹੈ, ਕਿਉਂਕਿ ਇਹ ਗੁਰੂ ਸਾਹਿਬ ਦੇ ਸਿਧਾਂਤ ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਦੀ ਪਾਲਣਾ ਕਰਦਾ ਹੈ। ਇਸ ਫ਼ੈਸਲੇ ਦੀ ਸ਼ਲਾਘਾ ਇਸ ਲਈ ਵੀ ਕੀਤੀ ਜਾ ਰਹੀ ਹੈ ,ਕਿਉਂਕਿ ਇਹ ਸਿੱਖੀ ਦੀ ਮੁਆਫ਼ੀ ਅਤੇ ਸੁਧਾਰ ਦੀ ਪਰੰਪਰਾ ਨੂੰ ਜਾਰੀ ਰੱਖਦਾ ਹੈ। ਪਰ, ਇਹ ਜ਼ਰੂਰੀ ਹੈ ਕਿ ਅਜਿਹੇ ਫ਼ੈਸਲੇ ਸਿਆਸੀ ਦਬਾਅ ਜਾਂ ਨਿੱਜੀ ਸਵਾਰਥਾਂ ਤੋਂ ਮੁਕਤ ਹੋਣ। ਸਿਰਸੇ ਵਾਲੇ ਸਾਧ ਦੀ ਮੁਆਫ਼ੀ ਵਰਗੇ ਵਿਵਾਦਗ੍ਰਸਤ ਮਾਮਲਿਆਂ ਨੇ ਸਿੱਖ ਕੌਮ ਦੇ ਮਨਾਂ ਵਿੱਚ ਸ਼ੰਕੇ ਪੈਦਾ ਕੀਤੇ ਸਨ, ਜਿਸ ਕਾਰਨ ਅਜਿਹੇ ਫ਼ੈਸਲਿਆਂ ਦੀ ਪਵਿੱਤਰਤਾ ਅਤੇ ਨਿਰਪੱਖਤਾ 'ਤੇ ਸਵਾਲ ਉੱਠੇ ਸਨ। ਭਾਈ ਰਣਜੀਤ ਸਿੰਘ ਦੇ ਮਾਮਲੇ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਫ਼ੈਸਲਾ ਸਿੱਖੀ ਦੇ ਸਿਧਾਂਤਾਂ ਅਨੁਸਾਰ ਹੋਣ ਕਾਰਨ ਸਿੱਖ ਪੰਥ ਨੂੰ ਸਕੂਨ ਦੇਣ ਵਾਲਾ ਹੈ।

ਦੂਜੇ ਪਾਸੇ, ਸਾਬਕਾ ਜਥੇਦਾਰ ਰਣਜੀਤ ਸਿੰਘ ਗੌਹਰ-ਏ-ਮਸਕੀਨ ਦੇ ਮਾਮਲੇ ਨੇ ਸਿੱਖ ਪੰਥ ਵਿੱਚ ਚਿੰਤਾ ਪੈਦਾ ਕੀਤੀ ਹੈ। ਇਸ ਮਾਮਲੇ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਵਿਚਕਾਰ ਆਹਮੋ-ਸਾਹਮਣੇ ਵਾਲੀ ਸਥਿਤੀ ਪੈਦਾ ਹੁੰਦੀ ਜਾਪਦੀ ਹੈ।

ਜੇਕਰ ਇਹ ਵਿਵਾਦ ਅੱਗੇ ਵਧਦਾ ਹੈ, ਤਾਂ ਸਿੱਖ ਕੌਮ ਲਈ ਇਹ ਸ਼ੁਭ ਨਹੀਂ ਹੋਵੇਗਾ। ਸਿੱਖ ਪੰਥ ਪਹਿਲਾਂ ਹੀ ਆਪਸੀ ਧੜੇਬੰਦੀ ਅਤੇ ਪਾਟੋਧਾੜ ਕਾਰਨ ਕਈ ਦੁਸ਼ਵਾਰੀਆਂ ਦਾ ਸਾਹਮਣਾ ਕਰ ਰਿਹਾ ਹੈ। ਅਜਿਹੇ ਸਮੇਂ ਵਿੱਚ, ਜੇਕਰ ਸਿੱਖੀ ਦੇ ਦੋ ਮਹੱਤਵਪੂਰਨ ਤਖ਼ਤ ਆਪਸ ਵਿੱਚ ਟਕਰਾਅ ਦੀ ਸਥਿਤੀ ਵਿੱਚ ਆ ਜਾਣ, ਤਾਂ ਇਹ ਸਿੱਖ ਪੰਥ ਦੀ ਏਕਤਾ ਨੂੰ ਹੋਰ ਕਮਜ਼ੋਰ ਕਰ ਸਕਦਾ ਹੈ। ਇਸ ਮਾਮਲੇ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਅਜਿਹੇ ਫ਼ੈਸਲੇ ਲੈਣ ਦੀ ਲੋੜ ਹੈ, ਜੋ ਸਿੱਖ ਪੰਥ ਦੀ ਏਕਤਾ ਨੂੰ ਮਜ਼ਬੂਤ ਕਰਨ ਅਤੇ ਧੜੇਬੰਦੀ ਨੂੰ ਖਤਮ ਕਰਨ ਵਿੱਚ ਸਹਾਈ ਹੋਣ। ਸਿੰਘ ਸਾਹਿਬਾਨ ਨੂੰ ਸਿਆਸੀ ਦਬਾਅ ਤੋਂ ਮੁਕਤ ਹੋ ਕੇ, ਸਿਰਫ਼ ਗੁਰੂ ਸਾਹਿਬ ਦੇ ਆਸ਼ੇ ਅਨੁਸਾਰ ਫ਼ੈਸਲੇ ਕਰਨੇ ਚਾਹੀਦੇ। ਜੇਕਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਫ਼ੈਸਲੇ ਸਿਆਸੀ ਸਵਾਰਥਾਂ ਜਾਂ ਗ਼ੈਰ-ਸਿੱਖੀ ਸਿਧਾਂਤਾਂ ਦੇ ਅਧੀਨ ਹੋਣਗੇ, ਤਾਂ ਉਹ ਪੰਥ ਵਿੱਚ ਸਵੀਕਾਰਯੋਗ ਨਹੀਂ ਹੋਣਗੇ।

ਸਿੱਖ ਕੌਮ ਅੱਜ ਆਪਸੀ ਧੜੇਬੰਦੀ ਅਤੇ ਵਿਵਾਦਾਂ ਕਾਰਨ ਕਮਜ਼ੋਰ ਹੋ ਰਹੀ ਹੈ। ਸਿੱਖੀ ਦੇ ਸਰਬ ਸਾਂਝੀਵਾਲਤਾ ਅਤੇ ਸਰਬੱਤ ਦੇ ਭਲੇ ਦੇ ਸਿਧਾਂਤਾਂ ਨੂੰ ਦੁਨੀਆ ਵਿੱਚ ਕੋਈ ਖਤਰਾ ਨਹੀਂ, ਪਰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਅਜ਼ਾਦ ਪ੍ਰਭੁਸੱਤਾ ਅਤੇ ਸਿੱਖੀ ਦੀ ਮੀਰੀ-ਪੀਰੀ ਦੀ ਭਾਵਨਾ ਨੂੰ ਕਮਜ਼ੋਰ ਕਰਨ ਦੀਆਂ ਸਾਜ਼ਿਸ਼ਾਂ ਜ਼ਰੂਰ ਜਾਪਦੀਆਂ ਹਨ। ਸਿੱਖ ਸੰਸਥਾਵਾਂ ਅਤੇ ਜਥੇਬੰਦੀਆਂ ਵਿੱਚ ਫ਼ੁੱਟ ਪੈਦਾ ਕਰਕੇ ਸਿੱਖ ਪੰਥ ਦੀ ਤਾਕਤ ਨੂੰ ਘਟਾਉਣ ਦੇ ਯਤਨ ਹੋ ਰਹੇ ਹਨ।

ਅਜਿਹੇ ਸਮੇਂ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਜ਼ਿੰਮੇਵਾਰੀ ਹੈ ਕਿ ਉਹ ਅਜਿਹੇ ਫ਼ੈਸਲੇ ਅਤੇ ਹੁਕਮਨਾਮੇ ਜਾਰੀ ਕਰੇ, ਜੋ ਸਿੱਖ ਪੰਥ ਦੀ ਏਕਤਾ ਨੂੰ ਮਜ਼ਬੂਤ ਕਰਨ ਅਤੇ ਆਪਸੀ ਵਿਵਾਦਾਂ ਨੂੰ ਸੁਲਝਾਉਣ ਵਿੱਚ ਸਹਾਈ ਹੋਣ। ਸਿੱਖੀ ਦੀਆਂ ਦੋ ਵੇਲਿਆਂ ਦੀਆਂ ਅਰਦਾਸਾਂ ਵਿੱਚ ਖ਼ਾਲਸੇ ਜੀ ਕਾ ਬੋਲ ਬਾਲਾ ਦੀ ਮੰਗ ਸਿਰਫ਼ ਇੱਕ ਨਾਅਰਾ ਨਹੀਂ, ਸਗੋਂ ਹਲੇਮੀ ਰਾਜ ਅਤੇ ਸਿੱਖ ਪੰਥ ਦੀ ਸੰਪੂਰਨਤਾ ਦਾ ਸੰਕਲਪ ਹੈ। ਇਹ ਸੰਕਲਪ ਸਿਰਫ਼ ਪੰਥਕ ਏਕਤਾ ਨਾਲ ਹੀ ਪੂਰਾ ਹੋ ਸਕਦਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਹੁਕਮਨਾਮਿਆਂ ਅਤੇ ਫ਼ੈਸਲਿਆਂ ਨੂੰ ਸਿੱਖੀ ਦੇ ਸਿਧਾਂਤਾਂ 'ਤੇ ਅਧਾਰਤ ਹੋਣਾ ਚਾਹੀਦਾ ਹੈ, ਨਾ ਕਿ ਸਿਆਸੀ ਜਾਂ ਨਿੱਜੀ ਸਵਾਰਥਾਂ ਦੇ ਅਧੀਨ। ਜੇਕਰ ਜਥੇਦਾਰ ਸਾਹਿਬਾਨ ਸਿਆਸੀ ਪਾਰਟੀਆਂ ਦੇ ਕਰਿੰਦਿਆਂ ਵਜੋਂ ਕੰਮ ਕਰਨਗੇ, ਤਾਂ ਉਹਨਾਂ ਦੇ ਫ਼ੈਸਲੇ ਪੰਥ ਵਿੱਚ ਸਵੀਕਾਰ ਨਹੀਂ ਹੋਣਗੇ ਅਤੇ ਗੁਰੂ ਦਰਬਾਰ ਵਿੱਚ ਵੀ ਉਹ ਸਜ਼ਾ ਦੇ ਭਾਗੀਦਾਰ ਹੋਣਗੇ।

ਭਾਈ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਦੇ ਮਾਮਲੇ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਫ਼ੈਸਲਾ ਸਿੱਖੀ ਦੀ ਪਰੰਪਰਾ ਅਤੇ ਸਿਧਾਂਤਾਂ ਦੀ ਪਾਲਣਾ ਕਰਦਾ ਹੈ, ਜਿਸ ਨੇ ਸਿੱਖ ਪੰਥ ਨੂੰ ਸਕੂਨ ਅਤੇ ਏਕਤਾ ਦਾ ਸੁਨੇਹਾ ਦਿੱਤਾ ਹੈ। ਪਰ, ਸਾਬਕਾ ਜਥੇਦਾਰ ਰਣਜੀਤ ਸਿੰਘ ਗੌਹਰ-ਏ-ਮਸਕੀਨ ਦੇ ਮਾਮਲੇ ਵਿੱਚ ਪੈਦਾ ਹੋਇਆ ਵਿਵਾਦ ਸਿੱਖ ਪੰਥ ਲਈ ਚਿੰਤਾਜਨਕ ਹੈ। ਸਿੱਖ ਕੌਮ ਨੂੰ ਅਜਿਹੇ ਸਮੇਂ ਵਿੱਚ ਏਕਤਾ ਦੀ ਸਖ਼ਤ ਲੋੜ ਹੈ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਅਜਿਹੇ ਫ਼ੈਸਲੇ ਲੈਣੇ ਚਾਹੀਦੇ ਹਨ, ਜੋ ਸਿਆਸੀ ਦਬਾਅ ਤੋਂ ਮੁਕਤ ਅਤੇ ਸਿੱਖੀ ਸਿਧਾਂਤਾਂ 'ਤੇ ਅਧਾਰਤ ਹੋਣ। ਸਿੰਘ ਸਾਹਿਬਾਨ ਨੂੰ ਗੁਰੂ ਸਾਹਿਬ ਦੇ ਆਸ਼ੇ ਅਨੁਸਾਰ ਵਿਚਰਨਾ ਚਾਹੀਦਾ ਹੈ ਅਤੇ ਸਿੱਖ ਪੰਥ ਨੂੰ ਚੜ੍ਹਦੀ ਕਲਾ ਵੱਲ ਲੈ ਜਾਣ ਦੇ ਉਪਰਾਲੇ ਕਰਨੇ ਚਾਹੀਦੇ। ਸਿੱਖ ਕੌਮ ਦੀ ਏਕਤਾ ਅਤੇ ਸਰਬੱਤ ਦੇ ਭਲੇ ਦਾ ਸੰਕਲਪ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਅਗਵਾਈ ਵਿੱਚ ਹੀ ਸੰਭਵ ਹੈ, ਜੇਕਰ ਇਹ ਅਸਥਾਨ ਸੱਚ, ਨਿਆਂ ਅਤੇ ਸਿੱਖੀ ਸਿਧਾਂਤਾਂ ਦੀ ਰਾਖੀ ਕਰਦਾ ਰਹੇ।

# ਰਾਜਨੀਤੀ ਵਿੱਚੋਂ ਲੁਪਤ ਹੋ ਰਹੀ ਨੀਤੀ

ਅਭੈ ਸਿੰਘ



ਸਮਾਜ ਸ਼ਾਸਤਰ ਦੀਆਂ ਕਿਤਾਬਾਂ ਜਾਂ ਡਿਕਸ਼ਨਰੀਆਂ ਮੁਤਾਬਿਕ 'ਰਾਜਨੀਤੀ' ਦੀ ਕੋਈ ਵੀ ਪਰਿਭਾਸ਼ਾ ਹੋਵੇ ਪਰ ਸਾਧਾਰਨ ਵਿਹਾਰ ਵਿੱਚ ਇਸ ਨੂੰ ਕਿਸੇ ਦੇਸ਼ ਦਾ ਰਾਜ ਚਲਾਉਣ ਵਾਸਤੇ ਬਣਾਈਆਂ ਜਾ ਰਹੀਆਂ ਵੱਖ-ਵੱਖ ਨੀਤੀਆਂ ਤੋਂ ਲਿਆ ਜਾ ਸਕਦਾ ਹੈ। ਇਨ੍ਹਾਂ ਨੀਤੀਆਂ ਦੀ ਤਰਜਮਾਨੀ ਪਾਰਟੀਆਂ ਕਰਦੀਆਂ ਹਨ। ਕਿਹੜੇ ਪ੍ਰੋਗਰਾਮਾਂ ਅਤੇ ਕਦਮਾਂ ਨਾਲ ਕਿਸੇ ਦੇਸ਼ ਦਾ ਵਿਕਾਸ ਹੋ ਸਕਦਾ ਹੈ ਤੇ ਲੋਕਾਂ ਦਾ ਜੀਵਨ ਪੱਧਰ ਚੰਗਾ ਬਣ ਸਕਦਾ ਹੈ, ਵੱਖਰੇ-ਵੱਖਰੇ ਵਿਚਾਰ ਹੋ ਸਕਦੇ ਹਨ। ਇਨ੍ਹਾਂ ਵਿਚਾਰਾਂ ਦੇ ਵਖਰੇਵੇਂ ਹੀ ਵੱਖ-ਵੱਖ ਰਾਜਨੀਤਕ ਪਾਰਟੀਆਂ ਦੀ ਹੋਂਦ ਦਾ ਆਧਾਰ ਹੋ ਸਕਦੇ ਹਨ। ਦੇਸ਼ ਦੀ ਆਜ਼ਾਦੀ ਤੋਂ ਬਾਅਦ ਦੇ ਪਹਿਲੇ ਕੁਝ ਦਹਾਕਿਆਂ ਤੱਕ ਇਹ ਆਧਾਰ ਕਾਇਮ ਰਿਹਾ, ਫਿਰ ਹੌਲੀ-ਹੌਲੀ ਧੁੰਦਲਾ ਹੁੰਦਾ ਗਿਆ।

ਪਹਿਲਾਂ ਕਾਂਗਰਸ ਸਭ ਤੋਂ ਵੱਡੀ ਪਾਰਟੀ ਸੀ, ਸਾਰੇ ਦੇਸ਼ ਵਿੱਚ ਫੈਲੀ। ਆਜ਼ਾਦੀ ਦੀ ਲੜਾਈ ਵਿੱਚ ਇਸ ਦੀ ਮੁੱਖ ਭੂਮਿਕਾ ਸੀ। ਇਸ ਤੋਂ ਇਲਾਵਾ ਇਸ ਦੀ ਨੀਤੀ ਧਰਮ ਨਿਰਪੱਖਤਾ, ਦਲਿਤਾਂ ਦੇ ਸਮਾਜਿਕ-ਆਰਥਿਕ ਵਿਕਾਸ ਅਤੇ ਜਮਹੂਰੀ ਸਮਾਜਵਾਦ ਸੀ। ਇਸ ਤੋਂ ਭਾਵੇਂ ਬਹੁਤ ਘੱਟ ਪਰ ਦੂਜੀ ਕਮਿਊਨਿਸਟ ਪਾਰਟੀ ਸੀ ਜੋ ਕਾਰਲ ਮਾਰਕਸ ਦੇ ਦਰਸਾਏ ਤੇ ਸੋਵੀਅਤ ਯੂਨੀਅਨ ਵਿੱਚ ਚੱਲ ਰਹੇ ਵਿਗਿਆਨਕ ਸਮਾਜਵਾਦ ਦੀ ਮੁਦਈ ਸੀ। ਇਸ ਦਾ ਦਾਅਵਾ ਮਜ਼ਦੂਰਾਂ ਤੇ ਕਿਸਾਨਾਂ ਦੀ ਪਾਰਟੀ ਹੋਣਾ ਰਿਹਾ। ਤੀਜੀ ਪਾਰਟੀ ਜਨ ਸੰਘ ਸੀ ਜਿਹੜੀ ਹਿੰਦੂ ਹਿਤ ਨਾਲ ਜੁੜੀ ਸੀ; ਹਿੰਦੂ, ਹਿੰਦੀ, ਹਿੰਦੁਸਤਾਨ ਇਸ ਦਾ ਕੇਂਦਰੀ ਨਾਅਰਾ ਸੀ। ਇਹ ਧਰਮ ਨਿਰਪੱਖਤਾ ਦੇ ਵਿਰੁੱਧ ਸੀ ਤੇ ਕਾਂਗਰਸ ਦੀ ਇਸ ਨੀਤੀ ਨੂੰ ਮੁਸਲਮਾਨਾਂ ਦੀ ਖੁਸ਼ਾਮਦ ਮੰਨਦੀ ਸੀ। ਇਹ ਹਰ ਤਰ੍ਹਾਂ ਦੇ ਸਮਾਜਵਾਦ ਦਾ ਵਿਰੋਧ ਕਰਦੀ ਸੀ।

ਜਦੋਂ ਭਾਰਤੀ ਕਮਿਊਨਿਸਟ ਪਾਰਟੀ ਵਿੱਚ ਫੁੱਟ ਪਈ, ਦੋ ਪਾਰਟੀਆਂ ਬਣ ਗਈਆਂ, ਆਮ ਭਾਸ਼ਾ ਵਿੱਚ ਭਾਵੇਂ ਲੋਕ ਇੱਕ ਨੂੰ ਰੂਸ ਪੱਖੀ ਅਤੇ ਦੂਜੀ ਨੂੰ ਚੀਨ ਪੱਖੀ ਕਹਿੰਦੇ ਸਨ ਪਰ ਉਹ ਆਪਣਾ ਆਧਾਰ ਵੱਖ-ਵੱਖ ਪ੍ਰੋਗਰਾਮਾਂ ਨੂੰ ਮੰਨਦੇ ਸਨ। ਸੀ.ਪੀ.ਆਈ. ਦਾ ਪ੍ਰੋਗਰਾਮ ਦੇਸ਼ ਵਿੱਚ ਕੌਮੀ ਜਮਹੂਰੀ ਮੋਰਚਾ ਤਿਆਰ ਕਰਨਾ ਸੀ ਤੇ ਸੀ.ਪੀ.ਐੱਮ. ਦਾ ਪ੍ਰੋਗਰਾਮ ਲੋਕ ਜਮਹੂਰੀ ਮੋਰਚਾ ਸਥਾਪਿਤ ਕਰਨਾ ਸੀ। ਇਨ੍ਹਾਂ ਦੀਆਂ ਤਸ਼ਰੀਹਾਂ ਬੇਸ਼ੱਕ ਬਹੁਤ ਪੇਚੀਦਾ ਹਨ ਪਰ ਪਾਰਟੀਆਂ ਦਾ ਗਠਨ ਨੀਤੀਆਂ ਨਾਲ ਜੁੜਦਾ ਸੀ, ਵਿਅਕਤੀਗਤ ਲੀਡਰਸ਼ਿਪ ਨਾਲ ਨਹੀਂ।

ਚੀਨ ਨਾਲ ਲੜਾਈ, ਜਵਾਹਰਲਾਲ ਨਹਿਰੂ ਦੀ ਮੌਤ ਅਤੇ ਭਾਰਤ ਪਾਕਿਸਤਾਨ ਯੁੱਧ ਤੋਂ ਬਾਅਦ ਸਾਡੀ ਆਰਥਿਕ ਤੇ ਇਸ ਦੇ ਨਾਲ ਹੀ ਰਾਜਨੀਤਕ ਸਥਿਰਤਾ ਵੀ ਡੋਲ ਗਈ ਸੀ। ਨਤੀਜੇ ਵਜੋਂ 1967 ਦੀਆਂ ਚੋਣਾਂ ਵਿੱਚ ਬਹੁਤ ਸਾਰੇ ਕਾਂਗਰਸੀ ਲੀਡਰਾਂ ਨੇ ਪਾਰਟੀ ਛੱਡ ਕੇ ਖੇਤਰੀ ਪਾਰਟੀਆਂ ਤੇ ਹੋਰਨਾਂ ਪਾਰਟੀਆਂ ਨਾਲ ਮਿਲ ਕੇ 'ਗੈਰ-ਕਾਂਗਰਸੀ' ਸਰਕਾਰਾਂ ਬਣਾ ਲਈਆਂ। ਇਹ ਸ਼ੁਰੂਆਤ ਸੀ ਕਿ ਪਾਰਟੀਆਂ ਦਾ ਆਧਾਰ ਕੌਮੀ ਨੀਤੀ ਨਹੀਂ, ਸ਼ਖ਼ਸੀਅਤਾਂ ਬਣਿਆ। ਇੱਕ ਪਾਰਟੀ ਛੱਡ ਕੇ ਦੂਜੀ ਵਿੱਚ ਜਾਣਾ ਤੇ ਫਿਰ ਪਹਿਲੀ ਵਿੱਚ ਆ ਜਾਣਾ ਸਾਧਾਰਨ ਗੱਲ ਬਣ ਗਈ। ਜਦੋਂ ਦਲ ਬਦਲੀ ਵਿਰੁੱਧ ਕਾਨੂੰਨ ਬਣਿਆ ਤਾਂ ਉਸ ਦੀ ਧਾਰਨਾ ਇਹ ਸੀ ਕਿ ਜਦੋਂ ਕੋਈ ਬੰਦਾ ਸਿਰਫ਼ ਵਿਅਕਤੀ ਨੂੰ ਹੀ ਵੋਟ ਨਹੀਂ ਪਾਉਂਦਾ,ਰਾਜਨੀਤਕ ਪਾਰਟੀ ਨੂੰ ਵੀ ਪਾਉਂਦਾਹੈ, ਨੀਤੀ ਤੇ ਦੇਸ਼ ਦੇ ਹਿਤ ਵਾਲੇ ਖਾਸ ਪ੍ਰੋਗਰਾਮ ਨੂੰ ਵੋਟ ਪਾਉਂਦਾ ਹੈ। ਇਸ ਲਈ ਕਿਸੇ ਚੁਣੇ ਹੋਏ ਪ੍ਰਤੀਨਿਧ ਦਾ ਅਜਿਹਾ ਹੱਕ ਨਹੀਂ ਮੰਨਿਆ ਜਾ ਸਕਦਾ ਕਿ ਉਹ ਇਨ੍ਹਾਂ ਮੁੱਦਿਆਂ ਨੂੰ ਆਪਣੇ ਵੋਟਰਾਂ ਦੀ ਮਰਜ਼ੀ ਦੇ ਖ਼ਿਲਾਫ਼ ਬਦਲ ਦੇਵੇ।

ਜਦੋਂ ਪਾਸਾ ਪਲਟੀਆਂ ਦੀ ਗੱਲ ਕਰਾਂਗੇ ਤਾਂ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਦਾ ਨਾਮ ਲਏ ਬਗੈਰ ਨਹੀਂ ਚੱਲ ਸਕਦਾ। ਉਨ੍ਹਾਂ ਦੀ ਹੁਣ ਵਾਲੀ ਆਖਰੀ ਤੋਂ ਪਹਿਲੀ ਪਲਟੀ ਵੇਲੇ ਜਦੋਂ ਉਹ ਭਾਜਪਾ ਦਾ ਸਾਥ ਛੱਡ ਕੇ ਲਾਲੂ ਪ੍ਰਸਾਦ ਯਾਦਵ ਦੀ ਪਾਰਟੀ ਨਾਲ ਰਲੇ ਸਨ ਤਾਂ ਬਿਆਨ ਦਿੱਤਾ ਸੀ ਕਿ ਸਮਾਜਵਾਦੀ ਵਿਚਾਰਾਂ ਦੀਆਂ ਪਾਰਟੀਆਂ ਇਕੱਠੀਆਂ ਹੋ ਰਹੀਆਂ ਹਨ ਤੇ ਇਨ੍ਹਾਂ ਨੂੰ ਇਕੱਠਿਆਂ ਰਹਿਣਾ ਚਾਹੀਦਾ ਹੈ। ਭਾਜਪਾ ਦਾ ਕਹਿਣਾ ਸੀ ਕਿ ਨਿਤੀਸ਼ ਕੁਮਾਰ ਦੀ ਨਿਗ੍ਹਾ ਪ੍ਰਧਾਨ ਮੰਤਰੀ ਦੀ ਕੁਰਸੀ ਉਪਰ ਹੈ, ਹੋ ਵੀ ਸਕਦੀ ਸੀ। ਉਨ੍ਹਾਂ ਪੂਰਾ ਜ਼ੋਰ ਲਗਾ ਕੇ ਵਿਰੋਧੀ ਪਾਰਟੀਆਂ ਦੀ ਜ਼ਬਰਦਸਤ ਏਕਤਾ ਬਣਾਈ ਤੇ 'ਇੰਡੀਆ' ਨਾਮ ਦਾ ਗੱਠਜੋੜ ਕਾਇਮ ਕੀਤਾ। ਹੋ ਸਕਦਾ ਹੈ, ਉਨ੍ਹਾਂ ਦੀ ਗਿਣਤੀ ਮਿਣਤੀ ਮੁਤਾਬਿਕ ਗਠਜੋੜ ਉਨ੍ਹਾਂ ਨੂੰ ਪ੍ਰਧਾਨ ਮੰਤਰੀ ਦੀ ਕੁਰਸੀ ਤੱਕ ਨਹੀਂ ਲਿਜਾ ਸਕਦਾ ਜਾਂ ਪਾਰਟੀ ਦੇ ਅੰਦਰੋਂ ਭਾਜਪਾ ਪੱਖੀ ਲੋਕਾਂ ਦਾ ਦਬਾਅ ਪਿਆ ਤੇ ਉਨ੍ਹਾਂ ਪਲਟੀ ਮਾਰ ਕੇ ਇਤਿਹਾਸ ਰਚ ਦਿੱਤਾ।

ਦੇਸ਼ ਦੇ ਬਹੁ ਪਾਰਟੀ ਸਿਸਟਮ ਵਿੱਚ ਵਿਆਪਕ ਵਿਸ਼ਵਾਸ ਇਹ ਕੀਤਾ ਜਾਂਦਾ ਹੈ ਕਿ ਆਪਸ ਵਿੱਚ ਪ੍ਰਸਪਰ ਵਿਰੋਧੀ ਵਿਚਾਰ ਅਤੇ ਨੀਤੀਆਂ ਰੱਖਣ ਵਾਲੀਆਂ ਪਾਰਟੀਆਂ ਕਾਂਗਰਸ ਤੇ ਭਾਜਪਾ ਹਨ। ਇਨ੍ਹਾਂ ਦੇ ਰਸਤੇ ਵੱਖਰੇ-ਵੱਖਰੇ ਸਮਝੇ ਜਾਂਦੇ ਹਨ। ਇਨ੍ਹਾਂ ਪਾਰਟੀਆਂ ਦੇ ਵੱਡੇ ਅਹੁਦਿਆਂ 'ਤੇ ਬੈਠੇ ਲੋਕ ਕਈ ਵਾਰ ਇੱਕ ਪਾਰਟੀ ਨੂੰ ਛੱਡ ਕੇ ਦੂਜੀ ਵਿੱਚ ਸ਼ਾਮਿਲ ਹੋ ਜਾਂਦੇ ਹਨ।

ਲੋਕਤੰਤਰ ਵਿੱਚ ਰਾਜਨੀਤਕ ਪਾਰਟੀਆਂ ਉਪਰ ਇਹ ਫਰਜ਼ ਆਇਦ ਹੁੰਦਾ ਹੈ ਕਿ ਉਹ ਲੋਕਾਂ ਦੀ ਰਾਜਨੀਤਕ ਚੇਤਨਾ ਦਾ ਵਿਕਾਸ ਕਰਨ। ਲੋਕਾਂ ਸਾਹਮਣੇ ਸਮੱਸਿਆਵਾਂ ਦਾ ਅਹਿਸਾਸ ਰੱਖਿਆ ਜਾਵੇ ਤੇ ਉਨ੍ਹਾਂ ਦੇ ਹੱਲ ਵਾਸਤੇ ਜਨਤਕ ਵਿਚਾਰ ਚੱਲਣ ਲੇਕਿਨ ਇਥੇ ਅਜਿਹੀ ਬਹਿਸ ਲਈ ਕੋਈ ਥਾਂ ਨਹੀਂ ਕਿ ਦੇਸ਼ ਦੀ ਗਰੀਬੀ ਦਾ ਕੀ ਹੱਲ ਹੋਵੇ, ਲੋਕ ਇਹੀ ਦੇਖਣਗੇ ਕਿ ਕੋਈ ਪਾਰਟੀ ਕਿੰਨਾ ਦਾਲ ਆਟਾ ਦੇ ਰਹੀ ਹੈ ਤੇ ਦੂਜੀ ਕਿੰਨਾ।

ਔਰਤਾਂ ਦੀ ਸਮਾਜਿਕ ਆਰਥਿਕ ਤਰੱਕੀ ਵਾਸਤੇ ਕੀ ਨੀਤੀ ਬਣਾਈ ਜਾਵੇ, ਇਸ ਦੀ ਥਾਂ ਇਹੀ ਮੁੱਦਾ ਹੈ ਕਿ ਲਾਡਲੀਆਂ ਭੈਣਾਂ ਵਰਗੀਆਂ ਯੋਜਨਾਵਾਂ ਵਿੱਚ ਅੱਠ ਸੌ ਰੁਪਏ ਮਹੀਨਾ ਮਿਲਦੇ ਹਨ, ਕਿੱਥੋਂ ਸੌ ਜਾਂ ਪੱਚੀ ਸੌ। ਇਹ ਗੱਲਾਂ ਲੋਕਤੰਤਰ ਦੀ ਪਰਿਪੱਕਤਾ ਦੇ ਰਸਤੇ ਦੀ ਵੱਡੀ ਰੁਕਾਵਟ ਹਨ।

# ਵਿਦਿਅਕ ਢਾਂਚੇ ’ਚ ਵੱਡੇ ਸੁਧਾਰ ਕੀਤੇ ਜਾਣ



ਗੁਰਦੀਪ ਢੁੱਡੀ



ਇਹ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਵਿਦਿਅਕ ਢਾਂਚੇ ਦੀ ਸਹੀ ਦਿਸ਼ਾ ਨਾਲ ਹੀ ਅਸੀਂ ਸਿੱਧੇ ਜਾਂ ਅਸਿੱਧੇ ਤੌਰ ’ਤੇ ਸਿੱਖਿਅਤ ਹੋ ਸਕਦੇ ਹਾਂ। ਸਿੱਖਿਅਤ ਹੋਣ ਸਦਕਾ ਬਹੁਤ ਸਾਰੀਆਂ ਸਮਾਜਿਕ, ਆਰਥਿਕ ਬੁਰਾਈਆਂ ਦੀ ਸਮਾਪਤੀ ਹੋ ਸਕਦੀ ਹੈ। ਸਿੱਖਿਆ ਦੀ ਪ੍ਰਾਪਤੀ ਨਾਲ ਹੀ ਅਸੀਂ ਸਾਵਾਂ ਸਮਾਜਿਕ ਮਾਹੌਲ ਉਸਾਰਨ ਜੋਗੇ ਹੋ ਸਕਦੇ ਹਾਂ। ਸਿੱਖਿਅਤ ਸ਼ਖ਼ਸ ਹੀ ਚੰਗਾ ਸਮਾਜਿਕ ਪ੍ਰਾਣੀ ਬਣ ਸਕਦਾ ਹੈ। ਕਿਹਾ ਜਾ ਸਕਦਾ ਹੈ ਕਿ ਸਿੱਖਿਆ ਹੀ ਸਾਧਾਰਨ ਮਨੁੱਖ ਨੂੰ ਮਾਨਵੀ ਭਾਵਨਾਵਾਂ ਭਰਪੂਰ ਬਣਾਉਂਦੀ ਹੈ। ਸਿੱਖਿਆ ਸ਼ਾਸਤਰੀਆਂ ਦੁਆਰਾ ਵਿਸ਼ੇਸ਼ ਖਿੱਤੇ ਦੇ ਮਨੁੱਖਾਂ ਦੀਆਂ ਲੋੜਾਂ ਦੇ ਅਨੁਸਾਰੀ ਢਾਂਚੇ ਦੀ ਸਥਾਪਨਾ ਕਰਨ ਵਾਲੀਆਂ ਸਿੱਖਿਆ ਪ੍ਰਣਾਲੀਆਂ ਦੀ ਨਕਾਸ਼ੀ ਕੀਤੀ ਜਾਂਦੀ ਹੈ। ਇਹ ਮਨੁੱਖ ਨੂੰ ਸਵੈ ਤੋਂ ਸਮੂਹ ਵੱਲ ਲਿਜਾਣ ਵਾਲੀ ਹੁੰਦੀ ਹੈ।

ਭਾਰਤ ਵਾਸੀਆਂ ਨੂੰ ਇਹ ਮਾਣ ਹਾਸਲ ਹੈ ਕਿ ਆਜ਼ਾਦੀ ਦੇ ਕੁਝ ਹੀ ਸਾਲਾਂ ਬਾਅਦ ਭਾਰਤ ਦੀ ਉੱਚ ਪਦਵੀ ਰਾਸ਼ਟਰਪਤੀ ’ਤੇ ਸਿੱਖਿਆ ਸ਼ਾਸਤਰੀ ਬਿਰਾਜਮਾਨ ਹੋਏ। ਸਮੇਂ-ਸਮੇਂ ਪ੍ਰਧਾਨ ਮੰਤਰੀ ਅਤੇ ਰਾਸ਼ਟਰਪਤੀ ਦੇ ਅਹੁਦਿਆਂ ’ਤੇ ਸਮਾਜ ਸ਼ਾਸਤਰ ਦੀ ਸੂਝ-ਬੂਝ ਰੱਖਣ ਵਾਲੇ ਵਿਦਵਾਨਾਂ ਨੇ ਕੰਮ ਕੀਤਾ। ਆਜ਼ਾਦੀ ਤੋਂ ਕੁਝ ਸਾਲ ਪਹਿਲਾਂ ਹੀ ਵਿਦਿਅਕ ਲੋੜਾਂ ਨੂੰ ਬੜੀ ਸ਼ਿੱਦਤ ਨਾਲ ਮਹਿਸੂਸ ਕਰਦਿਆਂ ਸਿੱਖਿਆ ਮਾਹਿਰਾਂ ਦੀ ਅਗਵਾਈ ਵਿੱਚ ਸਿੱਖਿਆ ਕਮਿਸ਼ਨ ਅਤੇ ਕਮੇਟੀਆਂ ਬਣਦੀਆਂ ਰਹੀਆਂ ਅਤੇ ਇਨ੍ਹਾਂ ਨੇ ਭਾਰਤੀ ਸਮਾਜ ਲਈ ਲੋੜੀਂਦੀਆਂ ਸਲਾਹਾਂ ਦਿੱਤੀਆਂ ਸਨ। ਤਤਕਾਲੀ ਸਰਕਾਰਾਂ ਨੇ ਇਨ੍ਹਾਂ ਸਿਫ਼ਾਰਸ਼ਾਂ ਅਤੇ ਸਲਾਹਾਂ ’ਤੇ ਅਮਲ ਕਰਨ ਦੇ ਯਤਨ ਵੀ ਕੀਤੇ, ਫਿਰ ਵੀ ਕਿਤੇ ਨਾ ਕਿਤੇ ਹਕੂਮਤਾਂ ਦੀਆਂ ਸਿਆਸੀ ਲੋੜਾਂ ਦੀ ਘੁਸਪੈਠ ਵੀ ਹੁੰਦੀ ਰਹੀ।

ਉਂਝ ਇਸ ਸਮੇਂ ਇਹ ਘੁਸਪੈਠ ਨਾ ਹੋ ਕੇ ਪੂਰੀਆਂ ਸੂਰੀਆਂ ਨੀਤੀਆਂ ਹੀ ਸਿਆਸਤ ਦੇ ਪ੍ਰਛਾਵੇਂ ਵਾਲੀਆਂ ਦਿਸਦੀਆਂ ਹਨ। ਭਾਰਤ ਦੀ ਨਵੀਂ ਸਿੱਖਿਆ ਨੀਤੀ-2020 ਇਸ ਦੀ ਪ੍ਰਤੱਖ ਮਿਸਾਲ ਹੈ। ਇਸ ਨੀਤੀ ਦਾ ਅਧਿਐਨ ਕਰਨ ਵਾਲੇ ਸਿੱਖਿਆ ਮਾਹਿਰਾਂ ਨੇ ਨਿੱਠ ਕੇ ਇਸ ਦਾ ਵਿਰੋਧ ਕੀਤਾ ਪਰ ਭਾਰੀ ਬਹੁਮਤ ਵਾਲੀ ਕੇਂਦਰ ਸਰਕਾਰ ਇਹ ਨੀਤੀ ਲਾਗੂ ਕਰਨ ਲਈ ਦ੍ਰਿੜ ਹੈ ਅਤੇ ਇਹ ਹਕੂਮਤੀ ਦਬਕੇ ਵੀ ਮਾਰ ਰਹੀ ਹੈ। ਨਿਸਚੇ ਹੀ ਇਹ ਨੀਤੀ ਲਾਗੂ ਹੋਣ ਨਾਲ ਭਾਰਤ ਦੀ ਅਨੇਕਤਾ ਵਾਲੀ ਭਾਹ ਨੂੰ ਉੱਲੀ ਲੱਗੇਗੀ। ਇਹ ਨੀਤੀ ਹਕੀਕਤ ਵਿੱਚ ਸਿਆਸਤ ਦੀ ਪੁੱਠ ਵਾਲੀ ਨੀਤੀ ਹੈ। ਇਸ ਤੋਂ ਅੱਗੇ ਜਾਈਏ ਤਾਂ ਪੰਜਾਬ ਦੀ ਵਰਤਮਾਨ ਹਕੂਮਤ ਨੇ ਸਿੱਖਿਆ ਕ੍ਰਾਂਤੀ ਦੇ ਨਾਂ ’ਤੇ ਪੰਜਾਬ ਦੇ ਵਿਦਿਅਕ ਢਾਂਚੇ ਨੂੰ ਆਪਣੇ ਸਿਆਸੀ ਕਲਾਵੇ ਵਿਚ ਲੈ ਲਿਆ ਹੈ। ਇਹ ਗੱਲ ਦ੍ਰਿੜਤਾ ਨਾਲ ਕਹੀ ਜਾ ਸਕਦੀ ਹੈ ਕਿ ਇਸ ਨਾਲ ਪੰਜਾਬ ਦੇ ਰਹਿੰਦੇ ਖੂੰਹਦੇ ਵਿਦਿਅਕ ਢਾਂਚੇ ਨੂੰ ਹੋਰ ਢਾਹ ਲੱਗੇਗੀ। ਵਿਦਿਅਕ ਸੰਸਥਾਵਾਂ ਵਿਚ ਸਿਆਸਤ ਦਾ ਪਰਛਾਵਾਂ ਮਾੜਾ ਹੁੰਦਾ ਹੈ, ਇਸ ਨਾਲ ਸਕੂਲ ਦਾ ਵਿਦਿਅਕ ਮਿਆਰ ਤਹਿਸ-ਨਹਿਸ ਹੋ ਜਾਂਦਾ ਹੈ।

2012-17 ਵਾਲੀ ਅਕਾਲੀ-ਭਾਜਪਾ ਸਰਕਾਰ ਸਮੇਂ ਸਕੂਲਾਂ ਦੀਆਂ 11ਵੀਂ 12ਵੀਂ ਜਮਾਤ ਦੀਆਂ ਵਿਦਿਆਰਥਣਾਂ ਨੂੰ ਸਾਈਕਲ ਦੇਣ ਦੀ ਸਕੀਮ ਲਿਆਂਦੀ। ਇਨ੍ਹਾਂ ਸਾਈਕਲਾਂ ’ਤੇ ਤਤਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਤਸਵੀਰ ਲਾਈ ਜਾਂਦੀ ਸੀ। ਸਾਈਕਲ ਹਾਕਮ ਧਿਰ ਦੇ ਸਿਆਸੀ ਆਗੂ ਦੇ ਹੱਥ ਲੁਆ ਕੇ ਵੰਡੇ ਜਾਂਦੇ। ਇਸ ਕੰਮ ਸਮੇਂ ਸੀਨੀਅਰ ਸੈਕੰਡਰੀ ਸਕੂਲ ਦੇ ਕਈ-ਕਈ ਦਿਨ ਪੜ੍ਹਾਈ ਤੋਂ ਵਿਰਵੇ ਕਰ ਦਿੱਤੇ ਜਾਂਦੇ। ਕੁਝ ਵਿਸ਼ੇਸ਼ ਦਿਨ ਮਨਾਉਣ ਸਮੇਂ ਹਾਕਮ ਧਿਰ ਦੇ ਸਥਾਨਕ ਨੇਤਾ ਦੀ ਹਾਜ਼ਰੀ ਵਿੱਚ ਮਨਾਏ ਜਾਣ ਦੇ ਆਦੇਸ਼ ਦਿੱਤੇ ਗਏ ਸਨ। 2017-22 ਦੀ ਕਾਂਗਰਸ ਸਰਕਾਰ ਸਮੇਂ ਇਸ ਕੰਮ ਨੂੰ ਕੁਝ ਠੱਲ੍ਹ ਪਈ ਪਰ ਹੁਣ ‘ਆਪ’ ਸਰਕਾਰ ਨੇ ਸਭ ਹੱਦਾਂ ਬੰਨੇ ਪਾਰ ਕਰ ਦਿੱਤੇ। ਸਰਕਾਰੀ ਸਕੂਲਾਂ ਵਿੱਚ ਪਖਾਨਿਆਂ ਦੀ ਮੁਰੰਮਤ ਦੇ ਵੀ ਉਦਘਾਟਨੀ ਸਮਾਗਮ ਕਰਵਾਏ। ਸਕੂਲਾਂ ਦੀਆਂ ਮੈਨੇਜਮੈਂਟ ਕਮੇਟੀਆਂ ਵਿੱਚ ‘ਆਪ’ ਵਿਧਾਇਕਾਂ ਦੇ ਘੱਟੋ-ਘੱਟ ਚਾਰ ਨੁਮਾਇੰਦੇ ਪਾਉਣ ਦੇ ਹੁਕਮ ਚਾੜ੍ਹ ਦਿੱਤੇ। ਅਜਿਹੇ ਹਾਲਾਤ ਵਿੱਚ ਸਕੂਲਾਂ ਵਿੱਚ ਪੜ੍ਹਾਈ ਕਰਵਾਈ ਜਾਵੇਗੀ ਜਾਂ ਫਿਰ ਵਿਧਾਇਕਾਂ ਦੀ ਜੀ ਹਜ਼ੂਰੀ ਕੀਤੀ ਜਾਵੇਗੀ? ਦੇਖਣ ਦੀ ਲੋੜ ਹੈ ਕਿ ਵਰਤਮਾਨ ਸਮੇਂ ਸੁਚੱਜੇ ਵਿਦਿਅਕ ਢਾਂਚੇ ਲਈ ਕਿਹੋ ਜਿਹੀਆਂ ਲੋੜਾਂ ਹੋ ਸਕਦੀਆਂ ਹਨ।

ਅੱਜ ਪੂਰੀ ਦੁਨੀਆ ਨੂੰ ਵਿਗਿਆਨਕ ਕਾਢਾਂ ਨੇ ਆਪਣੇ ਕਲਾਵੇ ਵਿੱਚ ਲਿਆ ਹੋਇਆ ਹੈ। ਅਸੀਂ ਕੰਪਿਊਟਰ, ਲੈਪਟਾਪ, ਮੋਬਾਈਲ, ਇੰਟਰਨੈੱਟ ਵਰਗੇ ਅਤਿ ਆਧੁਨਿਕ ਸਾਧਨਾਂ ਦੀ ਗੱਲ ਕਰਦੇ ਹੋਏ ਇਸ ਤੋਂ ਵੀ ਅੱਗੇ ਮਨਸੂਈ ਬੌਧਿਕਤਾ (ਆਰਟੀਫੀਸ਼ੀਅਲ ਇੰਟੈਲੀਜੈਂਸ) ਦੇ ਦੌਰ ਵਿੱਚ ਪ੍ਰਵੇਸ਼ ਕਰ ਚੁੱਕੇ ਹਾਂ। ਇਹ ਸਾਰੀਆਂ ਕਾਢਾਂ ਜੰਮਦੇ ਬੱਚੇ ਦੀ ਬੰਦ ਮੁੱਠੀ ਵਿੱਚ ਹੁੰਦੀਆਂ ਹਨ। ਉਹ ਅੱਖਰ ਗਿਆਨ ਹਾਸਲ ਕਰਨ ਤੋਂ ਪਹਿਲਾਂ ਹੀ ਮੋਬਾਈਲ ਫੋਨ ਦੀ ਵਰਤੋਂ ਸਿੱਖ ਰਿਹਾ ਹੈ। ਇਕ ਬੱਚੇ ਨੂੰ ਚੈੱਸ ਸਿੱਖਣ ਬਾਰੇ ਪੁੱਛਿਆ ਗਿਆ ਤਾਂ ਉਹਨੇ ਦੱਸਿਆ ਕਿ ਉਹਨੇ ਇਹ ਖੇਡ ਆਰਟੀਫੀਸ਼ੀਅਲ ਇੰਟੈਲੀਜੈਂਸ ਤੋਂ ਸਿੱਖੀ ਹੈ। ਸਿੱਖਣ ਦੀ ਚਾਹਤ ਰੱਖਣ ਵਾਲਾ ਬੱਚਾ (ਵਿਦਿਆਰਥੀ) ਸਕੂਲ ਦੇ ਅਧਿਆਪਕ ਦੇ ਦੱਸਣ ਤੋਂ ਪਹਿਲਾਂ ਹੀ ਉਸ ਗਿਆਨ ਦੀ ਹਦੂਦ ਵਿਚ ਜਾ ਚੁੱਕਿਆ ਹੁੰਦਾ ਹੈ, ਜਿਸ ਬਾਰੇ ਉਸ ਦਾ ਅਧਿਆਪਕ ਜਾਣਨ ਦੀ ਕੋਸ਼ਿਸ਼ ਕਰ ਰਿਹਾ ਹੁੰਦਾ ਹੈ। ਕੰਪਿਊਟਰ ਅਧਿਆਪਕ ਦੁਆਰਾ ਕੰਪਿਊਟਰ ਦੀ ਰਸਮੀ ਵਿਦਿਆ ਦੇਣ ਤੋਂ ਪਹਿਲਾਂ ਵਿਦਿਆਰਥੀ ਕੰਪਿਊਟਰ ਦੀ ਵਿਹਾਰਕ ਜਾਣਕਾਰੀ ਰੱਖ ਰਿਹਾ ਹੁੰਦਾ ਹੈ। ਅਜਿਹੇ ਦੌਰ ਵਿਚ ਲੋੜ ਤਾਂ ਇਸ ਗੱਲ ਦੀ ਹੈ ਕਿ ਅਧਿਆਪਕਾਂ ਨੂੰ ਸਮੇਂ ਦੇ ਹਾਣੀ ਬਣਾਉਣ ਲਈ ਸਮੇਂ-ਸਮੇਂ ਉਨ੍ਹਾਂ ਦਾ ਗਿਆਨ ਨਵਿਆਉਣ ਵਾਲੇ ਸੈਮੀਨਾਰ ਲਾਏ ਜਾਣ ਪਰ ਅਸੀਂ ਵਿਦੇਸ਼ਾਂ ਵਿੱਚ ਸਿਖਲਾਈ ਵਾਸਤੇ ਭੇਜ ਕੇ ਵਾਹ-ਵਾਹ ਖੱਟਣ ਦੀ ਕੋਸ਼ਿਸ਼ ਕਰਦੇ ਹਾਂ। ਅਜਿਹੇ ਸੈਮੀਨਾਰ ਛੁੱਟੀਆਂ ਵਿੱਚ ਲਾ ਕੇ ਸਕੂਲ ਦੇ ਕੰਮ ਨੂੰ ਪ੍ਰਭਾਵਿਤ ਹੋਣ ਤੋਂ ਬਚਾਇਆ ਜਾ ਸਕਦਾ ਹੈ ਪਰ ਅਸੀਂ ਆਪਣੇ ਸਿਆਸੀ ਲਾਹੇ ਨੂੰ ਸਨਮੁਖ ਰੱਖ ਕੇ ਕੰਮ ਨਾਲੋਂ ਪ੍ਰਚਾਰ ਜ਼ਿਆਦਾ ਕਰਨ ’ਤੇ ਜ਼ੋਰ ਲਾ ਦਿੰਦੇ ਹਾਂ।

ਸਭ ਜਾਣਦੇ ਹਨ ਕਿ 2024 ਵਾਲੀਆਂ ਲੋਕ ਸਭਾ ਚੋਣਾਂ ਅਤੇ ਫਿਰ 2025 ਦੀਆਂ ਦਿੱਲੀ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕੇਜਰੀਵਾਲ ਸਰਕਾਰ ਨੇ ਆਪਣੇ ਦੁਆਰਾ ਕੀਤੇ ਕੰਮਾਂ ਦਾ ਅੰਤਾਂ ਦਾ ਪ੍ਰਚਾਰ ਕੀਤਾ ਪਰ ਦੋਹਾਂ ਚੋਣਾਂ ਸਮੇਂ ਦਿੱਲੀ ਦੇ ਨਤੀਜੇ ਕੇਜਰੀਵਾਲ ਨੂੰ ਜਿੱਤ ਨਹੀਂ ਦਿਵਾ ਸਕੇ। ਇਸੇ ਤਰ੍ਹਾਂ ‘ਆਪ’ ਪੰਜਾਬ ਵਿੱਚ 13 ਵਿੱਚੋਂ ਸਿਰਫ 3 ਲੋਕ ਸਭਾ ਸੀਟਾਂ ਹੀ ਜਿੱਤ ਸਕੀ। ਇਉਂ ਅਸੀਂ ਇਸ ਨਤੀਜੇ ’ਤੇ ਵੀ ਪਹੁੰਚਦੇ ਹਾਂ ਕਿ ਹਕੀਕਤ ਤੋਂ ਦੂਰ ਵਾਲੇ ਪ੍ਰਚਾਰ ਸਾਨੂੰ ਸਫਲ ਬਣਾਉਣ ਵਿੱਚ ਕੋਈ ਭੂਮਿਕਾ ਨਹੀਂ ਨਿਭਾਉਂਦੇ। ਚੋਣਾਂ ਜਿੱਤਣ ਹਾਰਨ ਦੇ ਕੁਝ ਹੋਰ ਪਹਿਲੂ ਵੀ ਹੁੰਦੇ ਹਨ। ਕੰਮ ਨੂੰ ਉਸ ਦੀ ਮੂਲ ਭਾਵਨਾ ਅਨੁਸਾਰ ਹੀ ਪੂਰਾ ਕਰਨਾ ਚਾਹੀਦਾ ਹੈ। ਸਕੂਲ ਐਮੀਨੈਂਸ, ਸਮਾਰਟ ਆਦਿ ਕੇਵਲ ਨਾਵਾਂ ਨਾਲ ਨਹੀਂ ਸਗੋਂ ਕੀਤੇ ਕੰਮਾਂ ਨਾਲ ਬਣਦੇ ਹਨ। ਵਰਤਮਾਨ ਸਮੇਂ ਪੰਜਾਬ ਦੇ 40 ਪ੍ਰਤੀਸ਼ਤ ਤੋਂ ਵਧੇਰੇ ਸਕੂਲਾਂ ਵਿੱਚ ਸਕੂਲ ਮੁਖੀ ਨਹੀਂ, ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਨਹੀਂ, ਲੈਕਚਰਾਰਾਂ, ਮਾਸਟਰਾਂ ਤੇ ਪ੍ਰਾਇਮਰੀ ਅਧਿਆਪਕਾਂ ਦੀਆਂ ਅਸਾਮੀਆਂ ਖਾਲੀ ਹਨ। ਜਿਵੇਂ ਕੰਧਾਂ ਕੌਲ਼ਿਆਂ ਨੂੰ ਲਿੱਪਣ ਨਾਲ ਘਰ ਸੋਹਣੇ ਨਹੀਂ ਬਣਦੇ ਸਗੋਂ ਘਰ ਵਿੱਚ ਤਾਂ ਘਰ ਵਰਗਾ ਮਾਹੌਲ ਬਣਨ ਨਾਲ ਹੀ ਘਰ ਬਣਦਾ ਹੈ, ਤਿਵੇਂ ਹੀ ਸਕੂਲਾਂ ਵਿੱਚ ਬੁਨਿਆਦੀ ਢਾਂਚੇ ਦੀ ਪੂਰਤੀ ਨਾਲ ਹੀ ਸਕੂਲ ਬਣਦੇ ਹਨ। ਸਕੂਲਾਂ ਵਿੱਚ ਪਹਿਲੀ ਲੋੜ ਅਧਿਆਪਕਾਂ ਦੀ ਪੂਰਤੀ ਹੈ, ਇਸ ਤੋਂ ਬਾਅਦ ਵਿਦਿਅਕ ਮਾਹੌਲ ਹਿੱਤ ਬਣਦਾ ਸਮਾਨ ਚਾਹੀਦਾ ਹੈ। ਇਉਂ ਸਕੂਲ, ਸਕੂਲ ਬਣਦਾ ਹੈ। ਕੰਧਾਂ ਕਮਰਿਆਂ ਜਾਂ ਪਖਾਨਿਆਂ ਦੀ ਉਸਾਰੀ ਚੁੱਪ-ਚੁਪੀਤੇ ਹੋਣੀ ਚਾਹੀਦੀ ਹੈ।

(ਬਾਕੀ ਸਫ਼ਾ 31 ’ਤੇ)


# ਸਿੱਖਿਆ ਨਾਲ ਬਦਲੀ ਜਾ ਸਕਦੀ ਹੈ ਦੁਨੀਆ ਦੀ ਤਸਵੀਰ

ਪਰਵਿੰਦਰ ਸਿੰਘ ਢੀਂਡਸਾ

ਮਾਨਵ ਸੱਭਿਅਤਾ ਦੇ ਇਤਿਹਾਸ ’ਚ ਸ਼ਾਇਦ ਪਹਿਲੀ ਵਾਰ ਵਾਪਰਿਆ ਕਿ ਅਸੀਂ ਨਿਕਟ ਭਵਿੱਖ ਬਾਰੇ ਇਸ ਹੱਦ ਤੱਕ ਅਨਿਸ਼ਚਿਤਤਾ ਨਾਲ ਭਰੇ ਹੋਏ ਹਾਂ। ਆਉਣ ਵਾਲਾ ਸਮਾਂ ਆਰਟੀਫੀਸ਼ੀਅਲ ਇੰਟੈਲੀਜੈਂਸ (ਮਸਨੂਈ ਬੌਧਿਕਤਾ) ਦਾ ਹੈ। ਤਕਨੀਕ ਦੇ ਖੇਤਰ ’ਚ ਹੈਰਾਨੀਜਨਕ ਰਫ਼ਤਾਰ ਨਾਲ ਹੋ ਰਹੀ ਤਬਦੀਲੀ ਕਾਰਨ ਭਵਿੱਖ ਬਾਰੇ ਕੋਈ ਕਲਪਨਾ ਜਾਂ ਟਿੱਪਣੀ ਕਰਨੀ ਸੰਭਵ ਨਹੀਂ ਲੱਗਦੀ; ਮੌਜੂਦਾ ਰੁਝਾਨਾਂ ਨੂੰ ਦੇਖ ਕੇ ਇਸ ਬਾਰੇ ਸ਼ਾਇਦ ਇਹ ਗੱਲ ਸਾਡੀ ਕਲਪਨਾ ਤੋਂ ਵੀ ਬਾਹਰ ਹੈ ਕਿ ਇੱਕ ਦੋ ਦਹਾਕਿਆਂ ਬਾਅਦ ਦੁਨੀਆ ਦੀ ਤਸਵੀਰ ਕਿਹੋ ਜਿਹੀ ਹੋਵੇਗੀ।

ਮਨੁੱਖਤਾ ਦੇ ਇਤਿਹਾਸ ’ਚ ਪਹਿਲਾਂ ਵੀ ਕਈ ਖੋਜਾਂ ਅਜਿਹੀਆਂ ਹੋਈਆਂ ਜਿਨ੍ਹਾਂ ਤੋਂ ਬਾਅਦ ਕੁਝ ਸਾਲਾਂ ਵਿੱਚ ਹੀ ਤਰੱਕੀ ਨੇ ਜੋ ਸਫ਼ਰ ਤੈਅ ਕੀਤਾ, ਉਹ ਸ਼ਾਇਦ ਉਸ ਤੋਂ ਪਹਿਲਾਂ ਸੈਂਕੜੇ ਜਾਂ ਕਹੀਏ ਕਿ ਹਜ਼ਾਰਾਂ ਸਾਲਾਂ ਵਿੱਚ ਵੀ ਨਹੀਂ ਕੀਤਾ ਸੀ। ਅੱਗ ਤੇ ਪਹੀਏ ਦੀ ਖੋਜ ਆਦਿ ਕੁਝ ਨਾਂ ਉਦਾਹਰਨ ਵਜੋਂ ਲਏ ਜਾ ਸਕਦੇ ਹਨ। ਜਦ ਤੱਕ ਇਹ ਈਜਾਦਾਂ ਮਨੁੱਖੀ ਕੰਟਰੋਲ ਹੇਠ ਰਹੀਆਂ, ਤਦ ਤੱਕ ਇਨ੍ਹਾਂ ਨੇ ਮਨੁੱਖੀ ਸੱਭਿਅਤਾ ਦੀ ਵਡਮੁੱਲੀ ਸੇਵਾ ਕੀਤੀ ਪਰ ਜਦ-ਜਦ ਵੀ ਇਹ ਖੋਜਾਂ ਬੇਕਾਬੂ ਹੋਈਆਂ ਹਨ ਤਾਂ ਇਨ੍ਹਾਂ ਨੇ ਅਜਿਹੀ ਤਬਾਹੀ ਵੀ ਕੀਤੀ ਹੈ ਜਿਸ ਬਾਰੇ ਵਰਨਣ ਕਰਨ ਵਾਲੀਆਂ ਕਲਮਾਂ ਨੂੰ ਵੀ ਕੰਬਣੀ ਛਿੜ ਜਾਂਦੀ ਹੈ।

ਕਿਸੇ ਵੀ ਕ੍ਰਾਂਤੀਕਾਰੀ ਤਕਨੀਕ ਦਾ ਮਨੁੱਖਤਾ ਦੇ ਭਲੇ ਲਈ ਜਾਂ ਮਨੁੱਖੀ ਸੱਭਿਅਤਾ ਦੇ ਵਿਨਾਸ਼ ਦਾ ਕਾਰਨ ਬਨਣਾ ਇਸ ਗੱਲ ’ਤੇ ਨਿਰਭਰ ਕਰਦਾ ਹੈ ਕਿ ਉਹ ਤਕਨੀਕ ਕਿਸ ਤਰ੍ਹਾਂ ਦੀ ਮਾਨਸਿਕ ਪ੍ਰਵਿਰਤੀ ਵਾਲੇ ਲੋਕਾਂ ਦੇ ਹੱਥਾਂ ਵਿੱਚ ਜਾਂਦੀ ਹੈ। ਸੰਸਾਰ ਪ੍ਰਸਿੱਧ ਸ਼ਖ਼ਸੀਅਤ ਅਤੇ ਦੱਖਣੀ ਅਫਰੀਕਾ ਦੇ ਸਾਬਕਾ ਰਾਸ਼ਟਰਪਤੀ ਮਰਹੂਮ ਨੈਲਸਨ ਮੰਡੇਲਾ ਨੇ ਕਿਹਾ ਸੀ ਕਿ ਸਿੱਖਿਆ ਅਜਿਹਾ ਹਥਿਆਰ ਹੈ ਜਿਸ ਨੂੰ ਅਸੀਂ ਦੁਨੀਆ ਦੀ ਤਸਵੀਰ ਬਦਲਣ ਲਈ ਵਰਤ ਸਕਦੇ ਹਾਂ। ਅਜੋਕੇ ਸਮੇਂ ਵਿੱਚ ਅਸੀਂ ਅਨਿਸ਼ਚਿਤਤਾ ਦੇ ਜਿਸ ਆਲਮ ਵੱਲ ਜਾ ਰਹੇ ਹਾਂ, ਉਸ ਲਈ ਬਹੁਤ ਜ਼ਰੂਰੀ ਹੈ ਕਿ ਭਵਿੱਖ ਦੀ ਤਕਨੀਕ ਸਰਬੱਤ ਦਾ ਭਲਾ ਲੋਚਣ ਵਾਲੇ ਨੇਕਦਿਲ ਇਨਸਾਨਾਂ ਦੇ ਹੱਥਾਂ ਵਿੱਚ ਹੋਵੇ। ਅਨਿਸ਼ਚਿਤਤਾ ਦੇ ਇਸ ਮਾਹੌਲ ਵਿੱਚ ਸੰਤੁਸ਼ਟੀ ਦੀ ਗੱਲ ਹੈ ਕਿ ਸਿੱਖਿਆ ਦੇ ਰੂਪ ਵਿੱਚ ਸਾਡੇ ਕੋਲ ਅਜਿਹਾ ਅਸਤਰ ਮੌਜੂਦ ਹੈ ਜਿਸ ਨਾਲ ਅਸੀਂ ਇਹ ਨਿਸ਼ਚਤ ਕਰ ਸਕਦੇ ਹਾਂ। ਭਵਿੱਖ ਵਿੱਚ ਇਸ ਦੁਨੀਆ ਦੀ ਵਾਗਡੋਰ ਆਪਣੇ ਹੱਥਾਂ ਵਿੱਚ ਲੈਣ ਵਾਲਿਆਂ ਨੂੰ ਮੁੱਢਲੇ ਪੱਧਰ ਤੋਂ ਹੀ ਨੈਤਿਕ ਸਿੱਖਿਆ ਨਾਲ ਲਬਰੇਜ਼ ਕਰ ਕੇ ਅਸੀਂ ਕਾਫੀ ਹੱਦ ਤੱਕ ਰਾਹਤ ਮਹਿਸੂਸ ਕਰ ਸਕਦੇ ਹਾਂ।




ਸੰਭਾਵੀ ਆਰਟੀਫੀਸ਼ੀਅਲ ਇੰਟੈਲੀਜੈਂਸ ਅਤੇ ਆਰਟੀਫੀਸ਼ੀਅਲ ਜਨਰਲ ਇੰਟੈਲੀਜੈਂਸ ਦੇ ਦੌਰ ਵਿੱਚ ਕਿਸੇ ਵੀ ਤਕਨੀਕੀ ਮੁਹਾਰਤ ਨਾਲੋਂ ਨੈਤਿਕਤਾ ਦਾ ਮਨੁੱਖੀ ਰਗਾਂ ਵਿੱਚ ਦੌੜਨਾ ਵਧੇਰੇ ਮਹੱਤਵਪੂਰਨ ਹੋਣ ਵਾਲਾ ਹੈ। ਕੁਝ ਸਮਾਂ ਪਹਿਲਾਂ ‘ਸਵਾਗਤ ਜ਼ਿੰਦਗੀ’ ਦੇ ਨਾਂ ਹੇਠ ਇੱਕ ਵਿਸ਼ਾ ਇਸ ਮਕਸਦ ਦੀ ਪੂਰਤੀ ਕਰਨ ਵੱਲ ਸਹੀ ਆਗਾਜ਼ ਸੀ ਪਰ ਪਿਛਲੇ ਦੋ ਸਾਲਾਂ ਤੋਂ ਇਹ ਵਿਸ਼ਾ ਅਚਾਨਕ ਸਕੂਲ ਪਾਠਕ੍ਰਮ ਤੋਂ ਬਾਹਰ ਕਰ ਦਿੱਤਾ ਗਿਆ ਹੈ ਜੋ ਸਾਡੇ ਨੀਤੀ ਘਾੜਿਆਂ ਦੀ ਸੁਹਿਰਦਤਾ ’ਤੇ ਪ੍ਰਸ਼ਨ ਚਿੰਨ੍ਹ ਹੈ। ਸਮਾਂ ਜਿਸ ਤੇਜ਼ੀ ਨਾਲ ਕਰਵਟ ਬਦਲ ਰਿਹਾ ਹੈ, ਉਸ ਸਥਿਤੀ ਵਿੱਚ ਲਾਜ਼ਮੀ ਹੈ ਕਿ ਮਸ਼ੀਨਾਂ ਨਾਲ ਘਿਰੇ ਇਨਸਾਨ ਵਿੱਚ ਇਨਸਾਨੀਅਤ ਜਿਊਂਦੀ ਰਹੇ, ਉਹ ਇਨਸਾਨਾਂ ਵਾਂਗ ਸੋਚੇ, ਇਨਸਾਨ ਨੂੰ ਇਨਸਾਨ ਸਮਝੇ। ਅਕਸਰ ਸੁਣਦੇ ਹਾਂ ਕਿ ਜ਼ਿੰਦਗੀ ਵਿੱਚ ਕੰਮ ਆਉਣ ਵਾਲੇ ਬਹੁਤੇ ਸਬਕ ਵਿੱਦਿਅਕ ਸੰਸਥਾਵਾਂ ਵਿੱਚ ਪੜ੍ਹਾਏ ਹੀ ਨਹੀਂ ਜਾਂਦੇ। ਇਸ ਕਥਨ ਨੂੰ ਤੱਥਾਤਮਕ ਸਚਾਈ ਨਾਲੋਂ ਚੁਣੌਤੀ ਦੇ ਰੂਪ ਵਿੱਚ ਲੈਣਾ ਬਿਹਤਰ ਹੋਵੇਗਾ।

ਵਿਦਿਆਰਥੀ ਜੀਵਨ ਤੋਂ ਹੀ ਰਚਨਾਤਮਕਤਾ ਨੂੰ ਪਾਠਕ੍ਰਮ ਦਾ ਅਹਿਮ ਹਿੱਸਾ ਬਣਾਉਣਾ ਚਾਹੀਦਾ ਹੈ। ਸਾਡੇ ਸਕੂਲਾਂ ਵਿੱਚ ਘਰ ਦਾ ਕੰਮ (ਹੋਮ ਵਰਕ) ਜੋ ਹਰੇਕ ਵਿਦਿਆਰਥੀ ਨੂੰ ਨਿੱਜੀ ਰੂਪ ਵਿੱਚ ਹੀ ਦਿੱਤਾ ਜਾਂਦਾ ਹੈ, ਇਹ ਵਿਦਿਆਰਥੀਆਂ ਦੇ ਗਰੁੱਪ ਬਣਾ ਕੇ ਸਮੂਹਿਕ ਰੂਪ ਵਿੱਚ ਵੀ ਹੋ ਸਕਦਾ ਹੈ ਤਾਂ ਜੋ ਮਿਲਵਰਤਣ, ਅੰਤਰ-ਨਿਰਭਰਤਾ, ਸਹਿਯੋਗ ਦੀ ਭਾਵਨਾ ਵਰਗੀਆਂ ਭਾਵਨਾਤਮਕ ਚੰਗਿਆਈਆਂ ਵੀ ਵਿਦਿਆਰਥੀਆਂ ਵਿੱਚ ਪੈਦਾ ਕੀਤੀਆਂ ਜਾ ਸਕਣ; ਇਹ ਆਉਣ ਵਾਲੇ ਤਕਨੀਕੀ ਗਲਬੇ ਦੇ ਯੁੱਗ ਵਿੱਚ ਅਹਿਮ ਰੋਲ ਨਿਭਾਉਣਗੀਆਂ ਕਿਉਂਕਿ ਭਾਵਨਾਤਮਕ ਖੇਤਰ ਮਨੁੱਖ ਕੋਲ ਹੀ ਰਹਿਣ ਦੀ ਪੂਰੀ-ਪੂਰੀ ਸੰਭਾਵਨਾ ਹੈ। ‘ਆਪਣੇ ਆਪ ਨੂੰ ਕਿਸੇ ਦੂਜੇ ਦੀ ਥਾਂ ’ਤੇ ਰੱਖ ਕੇ ਦੇਖਣ ਦੀ ਯੋਗਤਾ’ (ਕਠਬ ਮਨੁੱਖ ਨੂੰ ਮਸ਼ੀਨਾਂ ਨਾਲੋਂ ਵੱਖਰਾ ਕਰਦੀ ਹੈ ਜੋ ਰੋਬੋਟਿਕਸ, ਸਾਈਬੋਰਗ ਦੇ ਦੌਰ ਵਿੱਚ ਮਨੁੱਖ ਨੂੰ ਮਨੁੱਖ ਬਣੇ ਰਹਿਣ ਲਈ ਬੇਹੱਦ ਜ਼ਰੂਰੀ ਹੋਵੇਗੀ।

ਸੋ, ਲਾਜ਼ਮੀ ਹੈ ਕਿ ਕਿਸੇ ਮਨੁੱਖ ਬਾਰੇ ਕੋਈ ਫੈਸਲਾ ਕਰਦੇ ਸਮੇਂ ਸਿਰਫ ਤੱਥਾਂ ਦੀ ਬਜਾਏ ਉਸ ਦੀਆਂ ਭਾਵਨਾਵਾਂ ਨੂੰ ਵੀ ਬਣਦਾ ਮਾਣ ਸਤਿਕਾਰ ਦਿੱਤਾ ਜਾਵੇ ਕਿਉਂਕਿ ਸਿਰਫ ਅੰਕੜਿਆਂ ਦੇ ਆਧਾਰ ’ਤੇ ਫੈਸਲੇ ਕਰਨ ਦਾ ਕੰਮ ਤਾਂ ਮਸ਼ੀਨਾਂ ਬਾਖ਼ੂਬੀ ਕਰ ਸਕਦੀਆਂ ਹਨ। ਉਨ੍ਹਾਂ ਨੂੰ ਦੱਸਣਾ ਪਵੇਗਾ ਕਿ ਮਨੁੱਖਾਂ ਦੀ ਦੁਨੀਆ ਕਿਸੇ ਵੀ ਤਰ੍ਹਾਂ ਦੇ ਅੰਕੜਿਆਂ ਤੋਂ ਬਹੁਤ ਅਲੱਗ ਹੁੰਦੀ ਹੈ। ਤਰਸ, ਦਇਆ, ਰਹਿਮ ਅਤੇ ਭਾਵੁਕਤਾ ਵਰਗੇ ਕੋਮਲ ਅਹਿਸਾਸ ਤੋਂ ਵਿਰਵਾ ਮਨੁੱਖ ਇਨਸਾਨ ਕਹਾਉਣ ਦਾ ਹੱਕਦਾਰ ਨਹੀਂ ਬਣ ਸਕਦਾ। ਉਨ੍ਹਾਂ ਅੰਦਰ ਇਹ ਜਜ਼ਬਾ ਭਰਨਾ ਪਵੇਗਾ ਕਿ ਮਨੁੱਖ ਜਾਂ ਮਨੁੱਖ ਦੁਆਰਾ ਬਣਾਇਆ ਕੋਈ ਵੀ ਸਿਸਟਮ ਗ਼ਲਤੀ ਕਰ ਸਕਦਾ ਹੈ ਅਤੇ ਹਰੇਕ ਫੈਸਲਾ ਲਾਗੂ ਕਰਨ ਤੋਂ ਪਹਿਲਾਂ ਉਸ ’ਤੇ ਪੁਨਰਵਿਚਾਰ ਕਰਨਾ ਲਾਜ਼ਮੀ ਹੈ। ਸਾਡੇ ਸਿੱਖਿਆ ਸਿਸਟਮ ਅਤੇ ਸਮਾਜ ਵਿੱਚ ਬੱਚਿਆਂ ਨੂੰ ‘ਫੈਸਲੇ ਕਰਨ ਦੀ ਪ੍ਰਕਿਰਿਆ’ ਤੋਂ ਕਾਫੀ ਹੱਦ ਤੱਕ ਦੂਰ ਰੱਖਿਆ ਜਾਂਦਾ ਹੈ। ਆਪਣੇ ਆਲੇ-ਦੁਆਲੇ ਬਾਰੇ ਰਾਇ ਬਣਾਉਣ ਦਾ ਮਾਹੌਲ ਦੇਣਾ ਅਤੇ ਵਾਜਿਬ ਫੈਸਲੇ ਕਰਨ ਦੀ ਯੋਗਤਾ ਵਿਕਸਿਤ ਕਰਨਾ ਕਿਸੇ ਬੱਚੇ ਲਈ ਓਨਾ ਹੀ ਜ਼ਰੂਰੀ ਹੈ ਜਿੰਨਾ ਕਿਸੇ ਅਕਾਦਮਿਕ, ਤਕਨੀਕੀ ਖੇਤਰ ਵਿੱਚ ਮੁਹਾਰਤ ਹਾਸਲ ਕਰਨਾ।

ਸਮੇਂ ਦਾ ਹਾਣੀ ਬਣਨ ਲਈ ਸਮੇਂ ਦੀ ਤਕਨੀਕ ਵਿੱਚ ਮੁਹਾਰਤ ਤਾਂ ਚਾਹੀਦੀ ਹੀ ਹੈ ਪਰ ਨਾਲ ਹੀ ਕੁਝ ਅਜਿਹੀਆਂ ਕਲਾਵਾਂ ਨਾਲ ਵੀ ਲੈਸ ਹੋਣਾ ਪਵੇਗਾ ਤਾਂ ਜੋ ਆਪਣੇ-ਆਪ ਨੂੰ ਮਸ਼ੀਨਾਂ ਤੋਂ ਵੱਖਰਾ ਅਤੇ ਲੋੜੀਂਦਾ ਦਿਖਾਇਆ ਜਾ ਸਕੇ। ਕੋਡਿੰਗ ਅਤੇ ਡਾਟਾ ਅਨੈਲਸਿਸ ਵਰਗੇ ਤਕਨੀਕੀ ਮੁਹਾਰਤ ਵਾਲੇ ਖੇਤਰਾਂ ਦੇ ਨਾਲ-ਨਾਲ ਉਪਰ ਚਰਚਿਤ ਕੁਝ ਕੋਮਲ ਕਲਾਵਾਂ ਦੀ ਜਾਣਕਾਰੀ ਵੀ ਅਹਿਮ ਹੋਵੇਗੀ ਜੋ ਜਲਦੀ ਹੀ ਕਿਸੇ ਮਨੁੱਖ ਨੂੰ ‘ਵਿਲੱਖਣ ਇਨਸਾਨ’ ਦਾ ਦਰਜਾ ਦਿਵਾਉਣ ਵਿੱਚ ਸਹਾਈ ਹੋਣਗੀਆਂ। ਸਰਕਾਰਾਂ ਤੋਂ ਲੈ ਕੇ ਆਮ ਬੰਦੇ ਤੱਕ, ਸਭ ਨੂੰ ਆਪਣੀ ਬਣਦੀ ਜ਼ਿੰਮੇਵਾਰੀ ਪਛਾਨਣ ਦੀ ਲੋੜ ਹੈ।



# ਇੱਕ ਘਰ ਤੇਰਾ ਜੋੜਿਆ ਮਾਏ...
# ਜ਼ਿੰਦਗੀ 'ਚ ਜਿੰਨਾ ਹੱਸੀ, ਓਨਾ ਡੋਲੀ ਵੇਲੇ ਰੋਈ




**ਇੱਕ ਸਿਆਣੀ ਮਾਂ ਆਪਣੀ ਧੀ ਨੂੰ ਇਹ ਵੀ ਸਿੱਖਿਆ ਦਿੰਦੀ ਹੈ ਕਿ ਹੁਣ ਵਿਆਹ ਤੋਂ ਬਾਅਦ ਤੂੰ ਆਪਣੀ ਸੱਸ ਵਿਚੋਂ ਹੀ ਮਾਂ ਦਾ ਰੂਪ ਵੇਖੀਂ ਅਤੇ ਉਸ ਦੀ ਹਰ ਆਗਿਆ ਦਾ ਪਾਲਣ ਕਰੀਂ। ਉਸ ਦਾ ਹਰ ਕੰਮ ਖੁਸ਼ ਹੋਕੇ ਕਰੀ। ਨਵੇਂ ਘਰ ਵਿੱਚ ਹਰ ਚੀਜ਼ ਹੀ ਇੱਕ ਵਾਰ ਤਾਂ ਓਪਰੀ ਲੱਗਦੀ ਹੈ ਅਤੇ ਰਸੋਈ ਦਾ ਹੀ ਹਿਸਾਬ ਜਿਹਾ ਨਹੀਂ ਆਉਂਦਾ ਅਜਿਹੇ ਸਮੇਂ ਸੱਸ ਹੀ ਕੰਮ ਆਉਂਦੀ ਹੈ। ਜੇ ਕਿਸੇ ਕੰਮ ਦੀ ਜਾਂ ਗੱਲ ਦੀ ਸਮਝ ਨਾ ਲੱਗੇ ਤਾਂ ਆਪਣੀ ਸੱਸ ਨੂੰ ਪੁੱਛ ਲਵੀਂ।**



ਇਹ ਇੱਕ ਹਕੀਕਤ ਹੈ ਕਿ ਅੱਲ੍ਹੜ ਤੇ ਭਰ ਜੋਬਨ ਮੁਟਿਆਰਾਂ ਆਪਣੀ ਜ਼ਿੰਦਗੀ ਵਿੱਚ ਜਿੰਨਾ ਹੱਸਦੀਆਂ ਹਨ, ਉਸ ਤੋਂ ਵੱਧ ਉਹ ਲਾਵਾਂ- ਫੇਰਿਆਂ ਤੋਂ ਬਾਅਦ ਪੇਕਿਆਂ ਦੇ ਘਰੋਂ ਸਹੁਰੇ ਘਰ ਜਾਣ ਲਈ ਆਪਣੀ ਡੋਲੀ ਤੁਰਨ ਵੇਲੇ ਰੋਂਦੀਆਂ ਹਨ। ਅਸਲ ਵਿੱਚ ਇਸ ਸਮੇਂ ਵਿਆਂਹਦੜ ਕੁੜੀ ਦੇ ਰੋਣ ਨੂੰ ਵੀ ਇੱਕ ਸ਼ੁੱਭ ਸ਼ਗਨ ਹੀ ਸਮਝਿਆ ਜਾਂਦਾ ਹੈ। ਆਮ ਲੋਕਾਂ ਦਾ ਪੁਰਾਤਨ ਸਮੇਂ ਤੋਂ ਹੀ ਇਹ ਵਿਸ਼ਵਾਸ ਹੈ ਕਿ ਆਪਣੀ ਡੋਲੀ ਤੁਰਨ ਸਮੇਂ ਵਿਆਂਹਦੜ ਕੁੜੀ ਜਿੰਨਾ ਵੱਧ ਰੋਵੇਗੀ, ਉਹ ਆਉਣ ਵਾਲੀ ਆਪਣੀ ਵਿਆਹੁਤਾ ਜਿੰਦਗੀ ਵਿੱਚ ਓਨਾ ਹੀ ਹੱਸੇਗੀ ਭਾਵ ਖੁਸ਼ ਰਹੇਗੀ। ਇਸ ਤਰਾਂ ਹਰ ਵਿਆਂਹਦੜ ਕੁੜੀ ਦੀ ਨਵੀਂ ਜਿੰਦਗੀ ਦੀ ਸ਼ੁਰੂਆਤ ਉਸ ਕੁੜੀ ਦੇ ਰੋਣ ਨਾਲ ਹੀ ਕੀਤੀ ਜਾਂਦੀ ਹੈ।

ਆਪਣੀ ਡੋਲੀ ਤੁਰਨ ਵੇਲੇ ਹਰ ਨਵ ਵਿਆਹੁਤਾ ਕੁੜੀ ਪਹਿਲਾਂ ਆਪਣੀ ਮਾਂ ਦੇ ਗਲ ਲੱਗ ਕੇ ਰੋਂਦੀ ਹੈ, ਫਿਰ ਬਾਬਲ ਦੇ ਗਲ ਲੱਗ ਰੋਂਦੀ ਹੈ ਅਤੇ ਉਸ ਵੱਲੋਂ ਲਡਾਏ ਗਏ ਲਾਡਾਂ ਨੂੰ ਯਾਦ ਕਰਦੀ ਹੈ, ਉਸ ਤੋਂ ਬਾਅਦ ਉਹ ਆਪਣੇ ਭੈਣ ਭਰਾਵਾਂ ਦੇ ਗਲ ਲੱਗ ਰੋਂਦੀ ਹੈ। ਇਸ ਸਮੇਂ ਮਾਂ ਬਾਪ ਭਾਵੇਂ ਉਸ ਨੂੰ ਚੁੱਪ ਰਹਿਣ ਲਈ ਕਹਿੰਦੇ ਤੇ ਰੋਣ ਤੋਂ ਰੋਕਦੇ ਹਨ ਪਰ ਅਸਲੀਅਤ ਇਹ ਹੈ ਕਿ ਇਸ ਸਮੇਂ ਨਵ ਵਿਆਹੀ ਮੁਟਿਆਰ ਦੇ ਮਾਪਿਆਂ ਦੇ ਨਾਲ ਨਾਲ ਉਸ ਦੇ ਭੈਣ ਭਰਾਵਾਂ ਦੀਆਂ ਅੱਖਾਂ ਵਿੱਚ ਵੀ ਹੰਝੂ ਹੁੰਦੇ ਹਨ। ਇਸ ਮੌਕੇ ਸ਼ਗਨਾਂ ਨੂੰ ਮਨਾਉਂਦਿਆਂ ਅਤੇ ਸ਼ਗਨਾਂ ਦੇ ਗੀਤ ਗਾਉਂਦਿਆਂ ਵਿਆਹੀ ਕੁੜੀ ਦੀ ਡੋਲੀ ਤੋਰੀ ਜਾਂਦੀ ਹੈ। ਡੋਲੀ ਤੁਰਨ ਸਮੇਂ ਵਿਆਂਹਦੜ ਕੁੜੀ ਚਾਵਲਾਂ ਦੀਆਂ ਮੁੱਠੀਆਂ ਭਰ ਕੇ ਆਪਣੇ ਸਿਰ ਉਪਰ ਦੀ ਆਪਣੇ ਪੇਕਿਆਂ ਦੇ ਘਰ ਵਿੱਚ ਸੁੱਟਦੀ ਜਾਂਦੀ ਹੈ ਤੇ ਪੇਕਿਆਂ ਦਾ ਭਲਾ ਲੋਚਦੀ ਸਹੁਰੇ ਘਰ ਜਾਣ ਲਈ ਤਿਆਰ ਹੋ ਜਾਂਦੀ ਹੈ ਅਤੇ ਆਪਣੀ ਮਾਂ ਨੂੰ ਕਹਿੰਦੀ ਹੈ ਕਿ ਇੱਕ ਘਰ ਤੇਰਾ ਜੋੜਿਆ ਮਾਏ, ਇੱਕ ਘਰ ਹੋਰ ਜੋੜਨ ਚੱਲੀ।

ਇਥੇ ਤਾਂ ਇਹ ਵੀ ਜ਼ਿਕਰਯੋਗ ਹੈ ਕਿ ਉਂਝ ਤਾਂ ਮਾਂ ਆਪਣੀ ਧੀ ਨੂੰ ਸਾਰੀ ਉਮਰ ਹੀ ਸਿੱਖਿਆ ਜਾਂ ਮੱਤ ਦਿੰਦੀ ਰਹਿੰਦੀ ਹੈ ਪਰ ਧੀ ਦੇ ਵਿਆਹ ਸਮੇਂ ਡੋਲੀ ਤੁਰਨ ਤੋਂ ਕੁੱਝ ਸਮਾਂ ਪਹਿਲਾਂ ਮਾਂ ਆਪਣੀ ਧੀ ਨਾਲ ਇਕਾਂਤ ਵਿੱਚ ਕੁੱਝ ਪਲ ਜਰੂਰ ਬੀਤਾਉਂਦੀ ਹੈ। ਇਸ ਸਮੇਂ ਮਾਵਾਂ- ਧੀਆਂ ਜਿੱਥੇ ਗਲ ਲੱਗਕੇ ਵਿਆਹ ਕਾਰਨ ਵਿਛੋੜਾ ਪੈਣ ਕਰਕੇ ਹੰਝੂ ਕੇਰਦੀਆਂ ਹਨ, ਉਥੇ ਹੀ ਮਾਂ ਆਪਣੀ ਧੀ ਇਸ ਸਮੇਂ



ਅਹਿਮ ਸਿੱਖਿਆ ਦਿੰਦੀ ਹੈ। ਇਸ ਸਮੇਂ ਮਾਂ ਆਪਣੀ ਧੀ ਨੂੰ ਸਿੱਖਿਆ ਦਿੰਦੀ ਹੋਈ ਕਹਿੰਦੀ ਹੈ ਕਿ ਸਹੁਰੇ ਘਰ ਵਿੱਚ ਪੈਰ ਪਾਉਂਦੇ ਹੀ ਤੇਰੀ ਅਸਲੀ ਪਰੀਖਿਆ ਹੋਣੀ ਹੈ। ਹਰ ਕੰਮ ਜਿਥੇ ਧਿਆਨ ਨਾਲ ਕਰਨਾ ਹੈ ਉਥੇ ਹਰ ਵਿਅਕਤੀ ਦਾ ਸਤਿਕਾਰ ਬੱਚਿਆ ਨਾਲ ਪਿਆਰ ਕਰਨਾ ਹੈ। ਹਰ ਗੱਲ ਦਾ ਜਵਾਬ ਬਹੁਤ ਹੀ ਸੋਚ ਸਮਝ ਕੇ ਦੇਣਾ ਹੈ ਕਿਉਂਕਿ ਤੇਰੀ ਗੱਲ ਸਾਰਿਆਂ ਨੇ ਹੀ ਸੁਣਨੀ ਹੈ।

ਇਸ ਤੋਂ ਇਲਾਵਾ ਮਾਂ ਆਪਣੀ ਧੀ ਨੂੰ ਸਿੱਖਿਆ ਦਿੰਦੀ ਹੋਈ ਕਹਿੰਦੀ ਹੈ ਕਿ ਆਪਣੇ ਗਹਿਣੇ ਅਤੇ ਹੋਰ ਕੀਮਤੀ ਸਮਾਨ ਆਪਣੀ ਸੱਸ ਕੋਲ ਹੀ ਸੰਵਾਲ ਦੇਂਵੀ ਕਿਉਂਕਿ ਬਜ਼ੁਰਗਾਂ ਨੂੰ ਹਰ ਚੀਜ਼ ਸੰਭਾਲਣ ਦੀ ਆਦਤ ਜਿਹੀ ਹੁੰਦੀ ਹੈ। ਪੇਕੇ ਆਉਂਦੇ ਸਮੇਂ ਜਿਹੜੇ ਗਹਿਣੇ ਸੱਸ ਆਪਣੀ ਮਰਜ਼ੀ ਨਾਲ ਪਾਉਣ ਨੂੰ ਦੇ ਦੇਵੇ ਉਹ ਹੀ ਪਾ ਕੇ ਆਵੀਂ । ਸਹੁਰੇ ਘਰ ਵਿੱਚ ਕੋਈ ਜਿੱਦ ਨਾ ਕਰੀਂ। ਹਰ ਮਾਂ ਇਹ ਵੀ ਸਿੱਖਿਆ ਧੀ ਨੂੰ ਦਿੰਦੀ ਹੈ ਕਿ ਉਹ ਆਪਣੇ ਪਤੀ ਦੇ ਨਾਲ ਨਾਲ ਸੱਸ ਅਤੇ ਨਣਦਾਂ ਦਾ ਵੀ ਖਿਆਲ ਰੱਖੇ। ਨਣਦਾਂ ਨੂੰ ਭੈਣਾਂ ਸਮਝੇ ਤਾਂ ਘਰ ਵਿੱਚ ਕਦੇ ਵੀ ਕਲੇਸ਼ ਨਹੀਂ ਪਵੇਗਾ। ਨਣਦ ਵੱਲੋਂ ਭਰਜਾਈ ਦੀ ਕਿਸੇ ਚੀਜ਼ ਦੀ ਵਰਤੋਂ ਕਰਨ 'ਤੇ ਗੁੱਸਾ ਨਹੀਂ ਕਰਨਾ ਅਤੇ ਹਰ ਪਾਸੇ ਹੀ ਤਨਾਉ ਰਹਿਤ ਵਾਤਾਵਰਣ ਪੈਦਾ ਕਰਨ ਦਾ ਯਤਨ ਕਰਨਾ ਹੈ।

ਅਸਲੀਅਤ ਤਾਂ ਇਹ ਹੈ ਕਿ ਡੋਲੀ ਚੜ੍ਹਦੀ ਧੀ ਨੂੰ ਮਾਂ ਵੱਲੋਂ ਦਿੱਤੀ ਗਈ ਸਿੱਖਿਆ ਹੀ ਉਸ ਦੇ ਸਹੁਰੇ ਘਰ ਵਿੱਚ ਵੱਸਣ ਦੇ ਲਈ ਸਹਾਈ ਹੁੰਦੀ ਹੈ। ਹਰ ਮਾਂ ਨੂੰ ਜਿਥੇ ਧੀ ਦੇ ਡੋਲੀ ਚੜ੍ਹਨ 'ਤੇ ਖੁਸ਼ੀ ਹੁੰਦੀ ਹੈ ਉਥੇ ਉਸ ਦੀ ਆਉਣ ਵਾਲੀ ਜਿੰਦਗੀ ਬਾਰੇ ਇੱਕ ਧੁੜਕੂ ਜਿਹਾ ਵੀ ਲੱਗਿਆ ਰਹਿੰਦਾ ਹੈ। ਉਹ ਸੋਚਾਂ ਵਿੱਚ ਡੁੱਬੀ, ਸ਼ਗਨ ਮਨਾਉਂਦੀ ਆਪਣੀ ਧੀ ਦੀ ਡੋਲੀ ਤੋਰਦੀ ਹੈ। ਇਸ ਦੇ ਨਾਲ ਹੀ ਡੋਲੀ ਵਿੱਚ ਰੋਂਦੀ ਰੋਂਦੀ ਬੈਠੀ ਨਵ ਵਿਆਹੁਤਾ ਦਾ ਸਹੁਰਾ ਘਰ ਜਦੋਂ ਨੇੜੇ ਆਉਣ ਲੱਗਦਾ ਹੈ ਤਾਂ ਉਸ ਦੇ ਮਨ ਵਿੱਚ ਖੁਸ਼ੀ ਦੀ ਲਹਿਰ ਦੌੜ ਜਾਂਦੀ ਹੈ ਤੇ ਉਹ ਆਪਣੀ ਸ਼ੁਰੂ ਹੋਣ ਵਾਲੀ ਜਿੰਦਗੀ ਬਾਰੇ ਜਾਗਦੀਆਂ ਅੱਖਾਂ ਨਾਲ ਹੀ ਸੁਪਨੇ ਲੈਣੇ ਸ਼ੁਰੂ ਕਰ ਦਿੰਦੀ ਹੈ ।





# ਡਾ. ਪਰਵਿੰਦਰ ਕੌਰ: ਪੰਜਾਬ ਦੀ ਧੀ ਨੇ ਆਸਟ੍ਰੇਲੀਆ ਦੀ ਸੰਸਦ 'ਚ ਰਚਿਆ ਇਤਿਹਾਸ

## ਸਦਨ ਵਿੱਚ ਸੀਟ ਹਾਸਲ ਕਰਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਾਜ਼ਰੀ 'ਚ ਸਹੁੰ ਚੁੱਕੀ



ਬਲਵਿੰਦਰ ਪਾਲ ਸਿੰਘ
ਪ੍ਰੋਫ਼ੈਸਰ
9815700916



ਡਾ. ਪਰਵਿੰਦਰ ਕੌਰ, ਜਿਨ੍ਹਾਂ ਦੀ ਜ਼ਿੰਦਗੀ ਦਾ ਸਫ਼ਰ ਪੰਜਾਬ ਦੇ ਪਿੰਡ ਹਯਾਤਪੁਰ ਰੁੜਕੀ ਤੋਂ ਸ਼ੁਰੂ ਹੋ ਕੇ ਆਸਟ੍ਰੇਲੀਆ ਦੀ ਸੰਸਦ ਦੀਆਂ ਬਰੂਹਾਂ ਤੱਕ ਪਹੁੰਚਿਆ, ਨੇ ਨਾ ਸਿਰਫ਼ ਪੰਜਾਬੀ ਭਾਈਚਾਰੇ, ਸਗੋਂ ਸਮੁੱਚੀ ਸਿੱਖ ਕੌਮ ਦਾ ਸਿਰ ਮਾਣ ਨਾਲ ਉੱਚਾ ਕੀਤਾ ਹੈ। ਉਹ ਪਹਿਲੀ ਪੰਜਾਬੀ ਤੇ ਸਿੱਖ ਔਰਤ ਹਨ, ਜਿਨ੍ਹਾਂ ਨੇ ਆਸਟ੍ਰੇਲੀਆ ਦੀ ਪਾਰਲੀਮੈਂਟ ਦੇ ਉਪਰਲੇ ਸਦਨ ਵਿੱਚ ਸੀਟ ਹਾਸਲ ਕਰਕੇ, ਸਿੱਖ ਧਰਮ ਦੇ ਪਵਿੱਤਰ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 'ਤੇ ਸਹੁੰ ਚੁੱਕੀ। ਇਹ ਕਹਾਣੀ ਹੈ ਇੱਕ ਸਿੱਖ ਬੀਬੀ ਦੀ, ਜਿਸ ਨੇ ਵਿਗਿਆਨ, ਸਮਾਜ ਸੇਵਾ ਅਤੇ ਸਿਆਸਤ ਦੇ ਖੇਤਰ ਵਿੱਚ ਆਪਣੀ ਮਿਹਨਤ, ਲਗਨ ਅਤੇ ਸਿੱਖੀ ਦੀਆਂ ਕਦਰਾਂ-ਕੀਮਤਾਂ ਨਾਲ ਨਵਾਂ ਇਤਿਹਾਸ ਰਚਿਆ।

**ਪੰਜਾਬ ਦੀ ਧੀ ਦਾ ਵਿਗਿਆਨਕ ਸਫ਼ਰ**

ਡਾ. ਪਰਵਿੰਦਰ ਕੌਰ ਦਾ ਜਨਮ ਪੰਜਾਬ ਦੇ ਨਵੇਂ ਸ਼ਹਿਰ ਜ਼ਿਲ੍ਹੇ ਦੇ ਪਿੰਡ ਹਯਾਤਪੁਰ ਰੁੜਕੀ ਵਿੱਚ ਕਸ਼ਮੀਰ ਸਿੰਘ ਦੇ ਘਰ ਹੋਇਆ। ਬਚਪਨ ਤੋਂ ਹੀ ਉਨ੍ਹਾਂ ਦੀ ਰੁਚੀ ਵਿਗਿਆਨਕ ਵਿਸ਼ਿਆਂ ਵੱਲ ਸੀ। ਉਨ੍ਹਾਂ ਦੀਆਂ ਅੱਖਾਂ ਵਿੱਚ ਸੁਪਨੇ ਸਨ ਅਤੇ ਰੂਹ ਵਿੱਚ ਸਿੱਖੀ ਦੀ ਜੋਤ ਜਗਮਗਾਉਂਦੀ ਸੀ। 12ਵੀਂ ਜਮਾਤ ਪਾਸ ਕਰਨ ਤੋਂ ਬਾਅਦ, ਉਨ੍ਹਾਂ ਨੇ ਲੁਧਿਆਣਾ ਸਥਿਤ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿੱਚ ਦਾਖਲਾ ਲਿਆ, ਜਿੱਥੋਂ ਉਨ੍ਹਾਂ ਨੇ ਬੀ.ਐਸਸੀ. ਅਤੇ ਐਮ.ਐਸਸੀ. ਦੀਆਂ ਡਿਗਰੀਆਂ ਹਾਸਲ ਕੀਤੀਆਂ। ਇਹ ਉਹ ਸਮਾਂ ਸੀ ਜਦੋਂ ਉਨ੍ਹਾਂ ਦੇ ਮਨ ਵਿੱਚ ਵਿਗਿਆਨ ਦੀਆਂ ਸੰਭਾਵਨਾਵਾਂ ਨੇ ਇੱਕ ਨਵਾਂ ਰਾਹ ਖਿੱਚਿਆ। ਉਚੇਰੀ ਸਿੱਖਿਆ ਲਈ ਉਹ ਆਸਟ੍ਰੇਲੀਆ ਪੜ੍ਹਨ ਗਏ। ਉੱਥੇ, ਉਨ੍ਹਾਂ ਨੇ ਫ਼ਸਲਾਂ ਦੇ ਡੀ.ਐਨ.ਏ. ਅਤੇ ਪਸ਼ੂਆਂ ਦੇ ਚਾਰੇ ਵਿੱਚ ਮੀਥੇਨ ਗੈਸ ਦੇ ਉਤਸਰਜਨ 'ਤੇ ਖੋਜ ਕੀਤੀ। ਉਨ੍ਹਾਂ ਦੀ ਇਸ ਖੋਜ ਨੇ ਵਾਤਾਵਰਣ ਸੰਬੰਧੀ ਚੁਣੌਤੀਆਂ ਨੂੰ ਹੱਲ ਕਰਨ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ। ਆਸਟ੍ਰੇਲੀਆ ਦੇ ਪ੍ਰਧਾਨ ਮੰਤਰੀ ਨੇ ਉਨ੍ਹਾਂ ਦੇ ਇਸ ਕਾਰਜ ਨੂੰ ਸਨਮਾਨਿਤ ਕੀਤਾ, ਜੋ ਉਨ੍ਹਾਂ ਦੀ ਵਿਗਿਆਨਕ ਸਮਰੱਥਾ ਦਾ ਸਬੂਤ ਸੀ। ਪੱਛਮੀ ਆਸਟ੍ਰੇਲੀਆ ਯੂਨੀਵਰਸਿਟੀ ਵਿੱਚ ਸਹਾਇਕ ਪ੍ਰੋਫ਼ੈਸਰ ਵਜੋਂ ਕੰਮ ਕਰਦਿਆਂ, ਉਨ੍ਹਾਂ ਨੇ ਨਾ ਸਿਰਫ਼ ਵਿਗਿਆਨਕ ਖੋਜ ਨੂੰ ਅੱਗੇ ਵਧਾਇਆ, ਸਗੋਂ ਸਮਾਜ ਦੀ ਭਲਾਈ ਨੂੰ ਵੀ ਆਪਣਾ ਮੁੱਖ ਮੰਤਵ ਬਣਾਇਆ।

**ਸੰਸਦ ਦੀਆਂ ਬਰੂਹਾਂ ਤੱਕ ਪਹੁੰਚੀ ਸਿੱਖ ਬੀਬੀ**

ਡਾ. ਪਰਵਿੰਦਰ ਕੌਰ ਦੀ ਸਫ਼ਲਤਾ ਸਿਰਫ਼ ਵਿਗਿਆਨ ਤੱਕ ਹੀ ਸੀਮਤ ਨਹੀਂ ਸੀ। ਉਨ੍ਹਾਂ ਦੀ ਸਮਾਜ ਸੇਵਾ ਅਤੇ ਪੰਜਾਬੀ ਭਾਈਚਾਰੇ ਵਿੱਚ ਚੰਗੇ ਰਸੂਖ ਨੇ ਉਨ੍ਹਾਂ ਨੂੰ ਸਿਆਸਤ ਦੇ ਮੈਦਾਨ ਵਿੱਚ ਵੀ ਅੱਗੇ ਵਧਾਇਆ। ਆਸਟ੍ਰੇਲੀਆ ਦੀ ਲੇਬਰ ਪਾਰਟੀ ਨੇ ਉਨ੍ਹਾਂ ਦੀ ਸਮਰੱਥਾ ਨੂੰ ਪਛਾਣਦਿਆਂ, ਉਪਰਲੇ ਸਦਨ (ਸੈਨੇਟ) ਲਈ ਆਪਣੇ ਨੁਮਾਇੰਦੇ ਵਜੋਂ ਚੁਣਿਆ। ਇਹ ਚੋਣ ਸਿਰਫ਼ ਇੱਕ ਸਿਆਸੀ ਜਿੱਤ ਨਹੀਂ ਸੀ, ਸਗੋਂ ਪੰਜਾਬੀ ਅਤੇ ਸਿੱਖ ਭਾਈਚਾਰੇ ਲਈ ਇੱਕ ਮੀਲ ਪੱਥਰ ਸੀ।

23 ਮਈ 2025 ਨੂੰ, ਡਾ. ਪਰਵਿੰਦਰ ਕੌਰ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 'ਤੇ ਸਹੁੰ ਚੁੱਕ ਕੇ ਪੱਛਮੀ ਆਸਟ੍ਰੇਲੀਆ ਦੀ ਪਾਰਲੀਮੈਂਟ ਵਿੱਚ ਪਹਿਲੀ ਪੰਜਾਬੀ ਔਰਤ ਮੈਂਬਰ ਵਜੋਂ ਆਪਣੀ ਸੀਟ ਸੰਭਾਲੀ। ਉਨ੍ਹਾਂ ਦੇ ਇਸ ਕਦਮ ਨੇ ਨਾ ਸਿਰਫ਼ ਆਸਟ੍ਰੇਲੀਆ ਦੇ ਸਿਆਸੀ ਇਤਿਹਾਸ ਵਿੱਚ ਨਵਾਂ ਅਧਿਆਏ ਜੋੜਿਆ, ਸਗੋਂ ਪ੍ਰਵਾਸੀ ਭਾਈਚਾਰਿਆਂ, ਖਾਸ ਕਰਕੇ ਸਿੱਖ ਔਰਤਾਂ, ਲਈ ਇੱਕ ਪ੍ਰੇਰਨਾਦਾਇਕ ਮਿਸਾਲ ਕਾਇਮ ਕੀਤੀ।

**ਆਸਟ੍ਰੇਲੀਅਨ ਮੀਡੀਆ ਦੀ ਨਜ਼ਰ ਵਿੱਚ ਡਾ. ਪਰਵਿੰਦਰ ਕੌਰ**

ਆਸਟ੍ਰੇਲੀਆ ਦੀਆਂ ਅਖ਼ਬਾਰਾਂ ਅਤੇ ਮੀਡੀਆ ਸੰਸਥਾਵਾਂ ਨੇ ਡਾ. ਪਰਵਿੰਦਰ ਕੌਰ ਦੀ ਇਸ ਇਤਿਹਾਸਕ ਪ੍ਰਾਪਤੀ ਨੂੰ ਪੂਰੇ ਜੋਸ਼ ਨਾਲ ਉਜਾਗਰ ਕੀਤਾ। 'ਦਾ ਏ.ਯੂ.ਐਸ. ਟੂਡੇ' ਨੇ 23 ਮਈ 2025 ਦੀ ਇੱਕ ਰਿਪੋਰਟ ਵਿੱਚ ਲਿਖਿਆ ਕਿ ਡਾ. ਪਰਵਿੰਦਰ ਕੌਰ ਪਹਿਲੀ ਭਾਰਤੀ ਔਰਤ ਹਨ, ਜਿਨ੍ਹਾਂ ਨੇ ਸਿੱਖ ਧਰਮ ਦੀ ਪਵਿੱਤਰ ਪੁਸਤਕ 'ਸ੍ਰੀ ਗੁਰੂ ਗ੍ਰੰਥ ਸਾਹਿਬ' 'ਤੇ ਸਹੁੰ ਚੁੱਕ ਕੇ ਸੰਸਦ ਵਿੱਚ ਸੀਟ ਹਾਸਲ ਕੀਤੀ। ਉਨ੍ਹਾਂ ਦੇ ਬਿਆਨ ਨੂੰ ਹਵਾਲਾ ਦਿੰਦਿਆਂ ਅਖਬਾਰ ਨੇ ਲਿਖਿਆ: 'ਇੱਕ ਪਰਵਾਸੀ, ਔਰਤ ਵਜੋਂ, ਮੈਂ ਉਨ੍ਹਾਂ ਅਣਗਿਣਤ ਲੋਕਾਂ ਦੀ ਨੁਮਾਇੰਦਗੀ ਕਰਦੀ ਹਾਂ, ਜੋ ਆਪਣੇ ਆਪ ਨੂੰ ਅਗਵਾਈ ਵਿੱਚ ਦੇਖਣ ਦੇ ਹੱਕਦਾਰ ਹਨ।'

'ਦਾ ਵੈਸਟ ਅਸਟਰੇਲੀਅਨ' ਅਤੇ 'ਐਸ.ਬੀ.ਐਸ. ਨਿਊਜ' ਵਰਗੀਆਂ ਸੰਸਥਾਵਾਂ ਨੇ ਉਨ੍ਹਾਂ ਦੀ ਸੰਸਦ ਵਿੱਚ ਚੋਣ ਨੂੰ ਵਿਭਿੰਨਤਾ ਅਤੇ ਮਨੁੱਖਤਾ ਦਾ ਪ੍ਰਤੀਕ ਮੰਨਿਆ। ਉਨ੍ਹਾਂ ਦੀ ਜਿੱਤ ਨੂੰ ਪਰਵਾਸੀ ਭਾਈਚਾਰਿਆਂ ਦੀ ਸ਼ਕਤੀ ਅਤੇ ਸਿੱਖੀ ਦੀਆਂ ਕਦਰਾਂ-ਕੀਮਤਾਂ ਦੇ ਪ੍ਰਚਾਰ ਵਜੋਂ ਦੇਖਿਆ ਗਿਆ।

ਸੋ ਡਾ. ਪਰਵਿੰਦਰ ਕੌਰ ਇੱਕ ਅਜਿਹੀ ਸ਼ਖ਼ਸੀਅਤ ਹਨ, ਜਿਨ੍ਹਾਂ ਨੇ ਵਿਗਿਆਨ ਅਤੇ ਸਿਆਸਤ ਦੋਵਾਂ ਖੇਤਰਾਂ ਵਿੱਚ ਆਪਣੀ ਵਿਲੱਖਣ ਪਛਾਣ ਬਣਾਈ। ਉਨ੍ਹਾਂ ਦੀਆਂ ਵਿਗਿਆਨਕ ਪ੍ਰਾਪਤੀਆਂ, ਖਾਸ ਕਰਕੇ ਮੀਥੇਨ ਗੈਸ ਦੇ ਉਤਸਰਜਨ ਨੂੰ ਘਟਾਉਣ ਵਾਲੀ ਖੋਜ, ਨੇ ਵਿਸ਼ਵ ਪੱਧਰ 'ਤੇ ਮਾਨਤਾ ਪ੍ਰਾਪਤ ਕੀਤੀ ਹੈ। ਹਾਲਾਂਕਿ, ਜੇਕਰ ਅਸੀਂ ਵਿਸ਼ਵ ਪੱਧਰ 'ਤੇ ਸਿੱਖ ਔਰਤਾਂ ਦੀਆਂ ਵਿਗਿਆਨਕ ਪ੍ਰਾਪਤੀਆਂ ਦੀ ਗੱਲ ਕਰੀਏ, ਤਾਂ ਇਸ ਸਮੇਂ ਡਾ. ਪਰਵਿੰਦਰ ਕੌਰ ਦੀ ਪ੍ਰਮੁੱਖਤਾ ਸਪੱਸ਼ਟ ਹੈ।

# ਅਦਾਲਤਾਂ 'ਚ ਦਹਾਕਿਆਂ ਤੱਕ ਲਟਕਦੇ ਹਨ ਤਲਾਕ ਦੇ ਕੇਸ

ਇੰਜੀ. ਲਖਵਿੰਦਰ ਪਾਲ ਗਰਗ

ਵਿਸ਼ਵ ਦੇ ਸਭ ਤੋਂ ਵੱਡੇ ਲੋਕਤੰਤਰੀ ਢਾਂਚੇ ਵਾਲੇ ਦੇਸ਼ ਭਾਰਤ ਵਿੱਚ ਸੰਵਿਧਾਨ ਅਨੁਸਾਰ ਸਾਰੇ ਦੇਸ਼ ਵਾਸੀਆਂ ਨੂੰ ਕਾਨੂੰਨ ਅਨੁਸਾਰ ਅਧਿਕਾਰ ਮਿਲੇ ਹੋਏ ਹਨ। ਸਾਡੇ ਦੇਸ਼ ਵਿੱਚ ਲੋਕਤੰਤਰ ਦੇ ਚਾਰ ਵਿਸ਼ੇਸ਼ ਥੰਮ੍ਹ ਮੰਨੇ ਜਾਂਦੇ ਹਨ, ਜਿਨ੍ਹਾਂ 'ਚ ਵਿਧਾਨਪਾਲਿਕਾ, ਕਾਰਜਪਾਲਿਕਾ, ਨਿਆਂਪਾਲਿਕਾ ਅਤੇ ਮੀਡੀਆ ਹਨ। ਜੇਕਰ ਇਨ੍ਹਾਂ ਵਿਚੋਂ ਨਿਆਂਪਾਲਿਕਾ ਦੀ ਗੱਲ ਕਰੀਏ ਤਾਂ ਸਾਡੇ ਦੇਸ਼ 'ਚ ਲੋਕਾਂ ਨੂੰ ਇਨਸਾਫ਼ ਲੈਣ ਲਈ ਕਈ-ਕਈ ਸਾਲਾਂ ਦਾ ਇੰਤਜ਼ਾਰ ਕਰਨ ਤੋਂ ਬਾਅਦ ਵੀ ਇਨਸਾਫ਼ ਨਹੀਂ ਮਿਲਦਾ। ਕਈ ਕੇਸਾਂ ਵਿੱਚ ਇਨਸਾਫ਼ ਮੰਗਣ ਵਾਲਾ ਵੀ ਇਸ ਦੁਨੀਆ ਨੂੰ ਛੱਡ ਕੇ ਰੱਬ ਨੂੰ ਪਿਆਰਾ ਹੋ ਜਾਂਦਾ ਹੈ। ਸਾਡੇ ਦੇਸ਼ ਵਿੱਚ ਵਿਆਹੁਤਾ ਜ਼ਿੰਦਗੀ ਨੂੰ ਵਿਸ਼ੇਸ਼ ਅਹਿਮੀਅਤ ਦਿੱਤੀ ਜਾਂਦੀ ਹੈ, ਜਿਸ ਲਈ ਮਾਪੇ ਆਪਣੇ ਬੱਚਿਆਂ ਚਾਹੇ ਉਹ ਲੜਕਾ ਹੈ ਜਾਂ ਫਿਰ ਲੜਕੀ ਹੈ ਉਸ ਦੇ ਜਨਮ ਤੋਂ ਬਾਅਦ ਹੀ ਉਸ ਦੇ ਪਾਲਣ ਪੋਸ਼ਣ, ਪੜ੍ਹਾਈ-ਲਿਖ਼ਾਈ ਆਦਿ ਤੋਂ ਇਲਾਵਾ ਉਸ ਦੇ ਵਿਆਹ ਦੀ ਫ਼ਿਕਰ ਕਰਨ ਲੱਗ ਜਾਂਦੇ ਹਨ। ਮਾਪੇ ਆਪਣੀ ਲੜਕੀ ਲਈ ਇੱਕ ਚੰਗਾ ਘਰ ਪਰਿਵਾਰ ਅਤੇ ਚੰਗਾ ਲੜਕਾ ਲੱਭਣ ਦੀ ਕੋਸ਼ਿਸ਼ ਕਰਦੇ ਹਨ ਤੇ ਆਪਣੀ ਲੜਕੀ ਦੀ ਜ਼ਿੰਦਗੀ ਨੂੰ ਵਧੀਆ ਬਣਾਉਣ ਦੇ ਮਕਸਦ ਨਾਲ ਉਹ ਲੜਕੇ ਪਰਿਵਾਰ ਨੂੰ ਚੰਗਾ ਦਹੇਜ ਵੀ ਦਿੰਦੇ ਹਨ, ਜੋ ਕਿ ਕਾਨੂੰਨ ਦੀ ਨਜ਼ਰ 'ਚ ਗ਼ਲਤ ਵੀ ਹੈ। ਇਸੇ ਤਰ੍ਹਾਂ ਮਾਪੇ ਆਪਣੇ ਲੜਕੇ ਲਈ ਅਤੇ ਆਪਣੇ ਘਰ ਪਰਿਵਾਰ ਲਈ ਚੰਗੀ, ਗੁਣਾਂ ਨਾਲ ਸੰਪੂਰਨ, ਸਿਆਣੀ ਅਤੇ ਸੋਹਣੀ ਨੂੰਹ ਦੀ ਇੱਛਾ ਰੱਖਦੇ ਹਨ।

ਹੁਣ ਇਕੀਵੀਂ ਸਦੀ 'ਚ ਵਿਆਹ ਪਹਿਲੇ ਪੁਰਾਣੇ ਸਮਿਆਂ ਵਾਂਗ ਨਹੀਂ ਹੁੰਦੇ, ਜ਼ਿਆਦਾਤਰ ਵਿਆਹ ਲਵ-ਮੈਰਿਜ, ਅਖ਼ਬਾਰਾਂ ਤੇ ਵਿਆਹ ਵਾਲੀਆਂ ਕਈਆਂ ਸਾਇਟਸ, ਐਪਸ ਰਾਹੀਂ ਰਿਸ਼ਤੇ ਲੱਭ ਕੇ ਜਾਂ ਫਿਰ ਮਾਪਿਆਂ ਦੀ ਸਹਿਮਤੀ ਨਾਲ ਵਿਆਹ ਹੋ ਰਹੇ ਹਨ। ਵਿਆਹ ਤੋਂ ਬਾਅਦ ਹੁਣ ਜ਼ਿਆਦਾਤਰ ਕੇਸ ਪਤੀ-ਪਤਨੀ 'ਚ ਲੜਾਈ-ਝਗੜੇ ਵਾਲੇ ਵੀ ਵੇਖਣ ਨੂੰ ਮਿਲਦੇ




ਹਨ, ਜਿਸ 'ਚ ਪਤੀ-ਪਤਨੀ ਦੀ ਆਪਸੀ ਸਹਿਮਤੀ ਨਾ ਹੋਣਾ ਜਾਂ ਫਿਰ ਈਗੋ ਹੋਣਾ, ਸ਼ੱਕ ਹੋਣਾ, ਚਰਿੱਤਰ ਠੀਕ ਨਾ ਹੋਣਾ, ਲੜਕੀ ਦੇ ਪਰਿਵਾਰ ਵਲੋਂ ਸਹੁਰਾ ਪਰਿਵਾਰ 'ਚ ਬੇਲੋੜੀ ਦਖ਼ਲਅੰਦਾਜ਼ੀ ਕਰਨਾ, ਲੜਕੇ ਵੱਲੋਂ ਨਸ਼ੇ ਕਰਨਾ, ਲੜਕੇ ਵੱਲੋਂ ਵਿਹਲਾ ਰਹਿਣਾ, ਕੋਈ ਕੰਮਕਾਰ ਨਾ ਕਰਨਾ, ਲੜਕੇ ਪਰਿਵਾਰ ਵੱਲੋਂ ਲੜਕੀ ਨੂੰ ਤੰਗ ਪ੍ਰੇਸ਼ਾਨ ਕਰਨਾ, ਦਹੇਜ ਮੰਗਣਾ ਇਸ ਤੋਂ ਇਲਾਵਾ ਹੋਰ ਬਹੁਤ ਸਾਰੇ ਕਾਰਨ ਹਨ, ਜੋ ਪਤੀ-ਪਤਨੀ 'ਚ ਅਕਸਰ ਲੜਾਈ-ਝਗੜੇ ਦਾ ਜ਼ਰੀਆ ਬਣਦੇ ਹਨ। ਇਹ ਲੜਾਈ-ਝਗੜਾ ਹੌਲੀ-ਹੌਲੀ ਘਰ ਤੋਂ ਹੁੰਦਾ ਹੋਇਆ ਪਹਿਲਾਂ ਰਿਸ਼ਤੇਦਾਰਾਂ, ਪੰਚਾਇਤਾਂ, ਪੁਲਿਸ ਅਤੇ ਫਿਰ ਅਖ਼ੀਰ 'ਚ ਅਦਾਲਤਾਂ 'ਚ ਪਹੁੰਚ ਜਾਂਦਾ ਹੈ। ਪਰ ਜਦੋਂ ਕੇਸ ਅਦਾਲਤਾਂ 'ਚ ਪਹੁੰਚਦਾ ਹੈ ਤਾਂ ਭਾਰਤ ਦੇਸ਼ ਦੇ ਹਿੰਦੂ ਮੈਰਿਜ ਐਕਟ 1955 ਅਧੀਨ ਜ਼ਿਆਦਾਤਰ ਅਦਾਲਤਾਂ 'ਚ ਪਤਨੀਆਂ ਦੇ ਮੁਕਾਬਲੇ ਪਤੀਆਂ ਨੂੰ ਬਹੁਤ ਘੱਟ ਇਨਸਾਫ਼ ਮਿਲਦਾ ਹੈ, ਜਦੋਂ ਕਿ ਇਸ ਦੇ ਉਲਟ ਔਰਤਾਂ ਨੂੰ ਇਸ ਐਕਟ 'ਚ ਬਹੁਤ ਹੀ ਜ਼ਿਆਦਾ ਸਹੂਲਤਾਂ ਦੇਣ ਕਾਰਨ ਸਾਰਾ ਐਕਟ ਹੀ ਔਰਤਾਂ ਦੇ ਹੱਕ 'ਚ ਭੁਗਤਦਾ ਹੈ, ਜਿਸ ਲਈ ਪਤੀ ਅਦਾਲਤਾਂ 'ਚ ਠੋਕਰਾ ਖਾਂਦਾ ਹੋਇਆ ਇਨਸਾਫ਼ ਦੀ ਉਮੀਦ ਲਗਾ ਕੇ ਪਤਨੀ ਵੱਲੋਂ ਉਸ ਖ਼ਿਲਾਫ਼ ਕੀਤੇ ਗਏ ਵੱਖ-ਵੱਖ ਕੇਸਾਂ ਦਾ ਸਾਹਮਣਾ ਕਰਦਾ ਹੋਇਆ ਕੇਸ ਲੜਦਾ ਹੈ।

ਇਨਸਾਫ਼ ਲੈਣ ਲਈ ਪਤੀ ਆਪਣੀ ਪਤਨੀ ਨੂੰ ਆਪਣੇ ਘਰ ਵਸਾਉਣ ਦੇ ਲਈ ਸੈਕਸ਼ਨ 9 ਅਧੀਨ ਦਾਅਵਾ ਪਾ ਸਕਦਾ ਹੈ ਜਾਂ ਫਿਰ ਤਲਾਕ ਲੈਣ ਲਈ ਸ਼ੈਕਸਨ 13 ਅਧੀਨ ਕੇਸ ਅਦਾਲਤ 'ਚ ਪਾ ਸਕਦਾ ਹੈ। ਜੇਕਰ ਕੋਈ ਬੱਚਾ ਹੈ ਤਾਂ ਪਤੀ ਜਾਂ ਪਤਨੀ ਆਪਣੇ ਬੱਚੇ ਜਾਂ ਬੱਚਿਆਂ ਨੂੰ ਕਾਨੂੰਨੀ ਤੌਰ 'ਤੇ ਲੈਣ ਲਈ (ਵਾਰਸ) ਗਾਰਡੀਅਨਜ਼ ਐਂਡ ਵਾਰਡਸ ਐਕਟ 1980 ਅਨੁਸਾਰ ਕੇਸ ਪਾ ਸਕਦੇ ਹਨ। ਪਰ ਇਸ ਕੇਸ 'ਚ ਵੀ ਪਤੀ ਨੂੰ ਮਾਰ ਖਾਣੀ ਪੈਂਦੀ ਹੈ, ਕਿਉਂਕਿ ਇਸ ਐਕਟ ਅਨੁਸਾਰ ਪਤੀ ਲਈ ਇਹ ਸ਼ਰਤ ਹੈ ਕਿ ਬੱਚੇ ਦੀ ਉਮਰ 5 ਸਾਲ ਹੋ ਜਾਣ ਤੋਂ ਬਾਅਦ ਹੀ ਪਤੀ ਕੇਸ ਪਾ ਸਕਦਾ ਹੈ, ਜਦੋਂ ਕਿ



ਔਰਤਾਂ ਲਈ ਇਹ ਐਕਟ ਕਹਿੰਦਾ ਹੈ ਕਿ ਬੱਚੇ ਦੇ ਪਹਿਲੇ 5 ਸਾਲਾਂ ਦੇ ਲਈ ਮਾਂ ਹੀ ਅਸਲ ਗਾਰਡੀਅਨ ਹੈ। ਇਸ ਤੋਂ ਇਲਾਵਾ ਪਤਨੀ ਆਪਣੇ ਲਈ ਅਤੇ ਜੇਕਰ ਕੋਈ ਬੱਚਾ ਹੈ ਜਾਂ ਜ਼ਿਆਦਾ ਬੱਚੇ ਹਨ ਤਾਂ ਉਨ੍ਹਾਂ ਦੇ ਪਾਲਣ ਪੋਸ਼ਣ ਦੇ ਲਈ ਪਤੀ ਕੋਲੋਂ ਗੁਜ਼ਾਰਾ ਭੱਤਾ ਲੈਣ ਦੇ ਲਈ ਸੈਕਸ਼ਨ 125 ਜਾਂ ਫਿਰ ਪਤੀ ਵਲੋਂ ਜੇਕਰ ਕੋਈ ਕੇਸ ਸੈਕਸ਼ਨ 9 ਜਾਂ ਫਿਰ ਤਲਾਕ ਦਾ ਕੇਸ ਕੀਤਾ ਹੋਇਆ ਹੈ ਤਾਂ ਪਤਨੀ ਇਨ੍ਹਾਂ ਕੇਸਾਂ ਵਿੱਚ ਸੈਕਸ਼ਨ 24 ਅਧੀਨ ਅਰਜ਼ੀ ਲਗਾ ਕੇ ਅੰਤਰਿਮ ਖ਼ਰਚਾ ਲੈਣ ਦੀ ਮੰਗ ਕਰ ਸਕਦੀ ਹੈ।

ਆਮ ਕਈ ਕੇਸਾਂ 'ਚ ਵੇਖ਼ਣ ਨੂੰ ਮਿਲਦਾ ਹੈ ਕਿ ਪਤੀ ਵੱਲੋਂ ਜੋ ਕੇਸ ਕੀਤੇ ਹੁੰਦੇ ਹਨ ਉਸ ਦੀ ਅਦਾਲਤ 'ਚ ਪੈਰਵਾਈ ਤਾਂ ਪੱਛੜ ਜਾਂਦੀ ਹੈ, ਜਦੋਂ ਕਿ ਪਤਨੀ ਵੱਲੋਂ ਲਗਾਈ ਗਈ ਖ਼ਰਚੇ ਦੀ ਅਰਜ਼ੀ ਵੱਲ ਵਿਸ਼ੇਸ਼ ਧਿਆਨ ਦਿੰਦੇ ਹੋਏ ਪਤੀ ਨੂੰ ਹੁਕਮ ਕੀਤੇ ਜਾਂਦੇ ਹਨ ਕਿ ਉਹ ਅਲੱਗ ਰਹਿ ਰਹੀ ਆਪਣੀ ਪਤਨੀ ਨੂੰ ਗੁਜ਼ਾਰੇ ਭੱਤੇ ਦੇ ਰੂਪ 'ਚ ਖ਼ਰਚਾ ਦੇਵੇ। ਅਜਿਹੇ ਕੇਸਾਂ 'ਚ ਮਾਣਯੋਗ ਅਦਾਲਤਾਂ ਪਤੀ ਦੀ ਆਮਦਨੀ ਦਾ ਵੀ ਖ਼ਿਆਲ ਨਹੀਂ ਰੱਖਦੀਆਂ ਕਿ ਪਤੀ ਕੋਲ ਆਪਣਾ ਜੀਵਨ ਨਿਰਬਾਹ ਜਾਂ ਫਿਰ ਰੋਟੀ ਖ਼ਾਣ ਦੇ ਲਈ ਪੈਸੇ ਹਨ ਜਾਂ ਨਹੀਂ। ਸਿਰਫ਼ ਇਹ ਹੁਕਮ ਸੁਣਿਆ ਜਾਂਦਾ ਹੈ ਕਿ ਜੇਕਰ ਪਤੀ ਨੇ ਪਤਨੀ ਨੂੰ ਖ਼ਰਚਾ ਨਾ ਦਿੱਤਾ ਤਾਂ ਉਸ ਵਲੋਂ ਕੀਤੇ ਗਏ ਕੇਸ ਨੂੰ ਡਿਸਮਿਸ ਕਰ ਦਿੱਤਾ ਜਾਵੇਗਾ ਜਾਂ ਫਿਰ ਕਈ ਵਾਰੀ ਪਤੀ ਵਲੋਂ ਪਤਨੀ ਨੂੰ ਖ਼ਰਚਾ ਨਾ ਦੇਣ ਸੰਬੰਧੀ ਪਤੀ ਨੂੰ ਜੇਲ੍ਹ ਵੀ ਜਾਣਾ ਪੈ ਜਾਂਦਾ ਹੈ। ਜਦੋਂ ਕਿ ਕਾਨੂੰਨ ਨੇ ਖ਼ਰਚਾ ਲੈਣ ਸੰਬੰਧੀ ਦੋਵੇ ਪਤੀ-ਪਤਨੀ ਨੂੰ ਬਰਾਬਰ ਹੱਕ ਦਿੱਤੇ ਹਨ, ਪਰੰਤੂ ਫ਼ੈਸਲਾ ਕੇਵਲ ਪਤਨੀਆਂ ਦੇ ਹੱਕ ਵਿਚ ਹੀ ਦਿੱਤਾ ਜਾਂਦਾ ਹੈ। ਕਈ ਕੇਸਾਂ 'ਚ ਇਹ ਵੀ ਵੇਖ਼ਣ ਨੂੰ ਮਿਲਦਾ ਹੈ ਕਿ ਪਤਨੀ ਕੋਲ ਕਮਾਈ ਦਾ ਚੰਗਾ ਸਾਧਨ ਹੋਣ ਦੇ ਬਾਵਜੂਦ ਵੀ ਅਦਾਲਤਾਂ ਇਸ ਗੱਲ ਵੱਲ ਧਿਆਨ ਨਹੀਂ ਦਿੰਦਿਆਂ ਕਿ ਪਤਨੀ ਕੋਲ ਵੀ ਵਧੀਆ ਅਤੇ ਚੰਗਾ ਕਮਾਈ ਦਾ ਸਾਧਨ ਹੈ, ਫਿਰ ਵੀ ਅਦਾਲਤਾਂ ਵੱਲੋਂ ਪਤੀ ਨੂੰ ਹੀ ਖ਼ਰਚਾ ਦੇਣ ਲਈ ਕਿਹਾ ਜਾਂਦਾ ਹੈ। ਜੇਕਰ ਪਤੀ ਵਲੋਂ ਸੈਕਸ਼ਨ 9 ਅਧੀਨ ਪਤਨੀ ਨੂੰ ਮੁੜ ਆਪਣੇ ਘਰ ਵਸਾਉਣ ਜਾਂ ਤਲਾਕ ਦਾ ਕੀਤਾ ਕੇਸ ਪਹਿਲਾਂ ਹੇਠਲੀਆਂ ਅਦਾਲਤਾਂ ਅਤੇ ਫਿਰ ਉੱਚ ਅਦਾਲਤਾਂ ਵੱਲੋਂ ਕਰੀਬ ਦੋ ਦਹਾਕਿਆ ਦਾ ਇੰਤਜ਼ਾਰ ਕਰਨ ਤੋਂ ਬਾਅਦ ਵੀ ਅਜਿਹੇ ਕੇਸਾਂ ਨੂੰ ਖ਼ਾਰਜ ਕਰ ਦਿੱਤਾ ਜਾਵੇ ਤੇ ਪਤੀ ਨੂੰ ਸਿਰਫ਼ ਪਤਨੀ ਅਤੇ ਬੱਚੇ ਜਾਂ ਬੱਚਿਆਂ ਨੂੰ ਗੁਜ਼ਾਰਾ ਭੱਤਾ ਦੇਣ ਦੀ ਗੱਲ ਨੂੰ ਹੀ ਪ੍ਰਮੁੱਖ ਰੱਖਿਆ ਜਾਵੇ ਤਾਂ ਇਹ ਸਵਾਲ ਉੱਠਦਾ ਹੈ ਕਿ ਪਤੀਆਂ ਨੂੰ ਫਿਰ ਇਨਸਾਫ਼ ਕਿੱਥੋਂ ਮਿਲੇਗਾ ....?

# ਸਾਡਾ ਚਿੜੀਆਂ ਦਾ ਚੰਬਾ ਵੇ...



**ਜੋਗਿੰਦਰ ਕੌਰ ਅਗਨੀਹੋਤਰੀ**

ਮਨੁੱਖ ਦਾ ਮਨ ਸਮੁੰਦਰ ਹੈ। ਜਿਵੇਂ ਸਮੁੰਦਰ ਦੀ ਥਾਹ ਨਹੀਂ ਪਾਈ ਜਾ ਸਕਦੀ, ਉਵੇਂ ਹੀ ਮਨੁੱਖ ਦੇ ਮਨ ਦੀ ਥਾਹ ਵੀ ਨਹੀਂ ਪਾਈ ਜਾ ਸਕਦੀ। ਸੰਵੇਦਨਸ਼ੀਲ ਵਿਅਕਤੀ ਕੁੱਝ ਨਾ ਕੁੱਝ ਸੋਚਦਾ ਹੀ ਰਹਿੰਦਾ ਹੈ। ਇਹ ਸੋਚਾਂ ਸੋਚ ਕੇ ਜਦੋਂ ਉਹ ਆਪਣੇ ਵਿਚਾਰ ਪ੍ਰਗਟ ਕਰਦਾ ਹੈ ਤਾਂ ਜੇਕਰ ਸੁਣਨ ਵਾਲਿਆਂ ਨੂੰ ਪਸੰਦ ਆ ਜਾਣ ਤਾਂ ਉਹ ਵਿਚਾਰ ਸਮਾਜ ਰੂਪੀ ਸੰਸਥਾ ਅਪਣਾਅ ਲੈਂਦੀ ਹੈ। ਕੁੜੀਆਂ ਦੀ ਚਿੜੀਆਂ ਨਾਲ ਤੁਲਨਾ ਕਰਨਾ ਵੀ ਮਨੁੱਖੀ ਮਨ ਦੀ ਸੰਵੇਦਨਾ ਹੈ। ਜਿਵੇਂ ਕੁੜੀਆਂ ਘਰਾਂ ਵਿੱਚ ਹੱਸਦੀਆਂ ਖੇਡਦੀਆਂ ਹਨ ਅਤੇ ਕਦੇ ਕਿਸੇ ਪਾਸੇ ਜਾਂਦੀਆਂ ਹਨ, ਕਦੇ ਕਿਸੇ ਪਾਸੇ ਜਾਂਦੀਆਂ ਹਨ ਉਵੇਂ ਹੀ ਚਿੜੀਆਂ ਇਕੱਠੀਆਂ ਹੋ ਕੇ ਚੀਂ ਚੀਂ ਕਰਦੀਆਂ ਤੇ ਆਪਣੇ ਆਪ ਹੀ ਦੂਰ ਉਡਾਰੀ ਮਾਰ ਜਾਂਦੀਆਂ ਹਨ। ਚਿੜੀਆਂ ਦੇ ਦੂਰ ਉਡਾਰੀ ਮਾਰਨ ਦੀ ਤੁਲਨਾ ਕੁੜੀਆਂ ਦੇ ਸਹੁਰੇ ਜਾਣ ਨਾਲ ਕੀਤੀ ਗਈ ਹੈ। ਆਮ ਤੌਰ 'ਤੇ ਇਹ ਗੀਤ ਵੀ ਗਾਇਆ ਜਾਂਦਾ ਹੈ;

ਸਾਡਾ ਚਿੜੀਆਂ ਦਾ ਚੰਬਾ ਵੇ<br>
ਬਾਬੁਲ ਅਸਾਂ ਉੱਡ ਜਾਣਾ।<br>
ਸਾਡੀ ਲੰਮੀ ਉਡਾਰੀ ਵੇ ਖੌਰੇ<br>
ਕਿਹੜੇ ਦੇਸ਼ ਜਾਣਾ।

ਚਿੜੀਆਂ ਭਾਵੇਂ ਛੋਟੇ ਪੰਛੀ ਹਨ, ਪਰ ਸਾਰੇ ਪੰਛੀਆਂ ਵਿੱਚ ਇਨ੍ਹਾਂ ਦੀ ਵਿਸ਼ੇਸ਼ ਥਾਂ ਹੈ। ਚਿੜੀਆਂ ਵਿਹੜੇ ਦੀ ਰੌਣਕ ਹਨ। ਕੋਈ ਸਮਾਂ ਹੁੰਦਾ ਸੀ ਜਦੋਂ ਚਿੜੀਆਂ ਕੱਚੇ ਘਰਾਂ ਦੀਆਂ ਸਿਰਕੀ ਦੀਆਂ ਛੱਤਾਂ ਵਿੱਚ ਆਪਣੇ ਆਲ੍ਹਣੇ ਪਾਉਂਦੀਆਂ ਸਨ। ਚਿੜੀ ਤੇ ਚਿੜਾ ਦੋਵੇਂ ਹੀ ਰਲ ਕੇ ਇਹ ਆਲ੍ਹਣਾ ਬਣਾਉਂਦੇ ਅਤੇ ਫਿਰ ਉੱਥੇ ਰਹਿਣ ਬਸੇਰਾ ਕਰਦੇ। ਚਿੜੇ ਅਤੇ ਚਿੜੀ ਦੇ ਸਹਿਯੋਗ ਨਾਲ ਕੰਮ ਕਰਨ ਨੂੰ ਵੀ ਲੋਕਾਂ ਨੇ ਮਹਿਸੂਸ ਕੀਤਾ ਅਤੇ ਉਸ ਦੀ ਉਦਾਹਰਨ ਦਿੰਦੇ। ਭਾਵੇਂ ਇਹ ਉਦਾਹਰਨ ਮਜ਼ਾਕ ਵਿੱਚ ਹੀ ਹੈ;

ਦੇਖੀ ਯਾਰੀ ਚਿੜੇ ਚਿੜੀ ਦੀ<br>
ਰਲ਼ ਕੇ ਛੱਤਣ ਪੱਟਣ।

ਚਿੜੀਆਂ ਸਵੇਰੇ ਸਵੇਰੇ ਹੀ ਉੱਠਦੀਆਂ ਅਤੇ ਚਹਿਚਹਾਉਂਦੀਆਂ ਹਨ। ਖੁੱਲ੍ਹੇ ਘਰਾਂ ਵਿੱਚ ਜਦੋਂ ਲੋਕ ਬਰਾਂਡਿਆਂ ਵਿੱਚ ਸੌਂਦੇ ਸਨ ਤਾਂ ਉਸ ਸਮੇਂ ਕੜੀਆਂ ਬਾਲਿਆਂ ਵਾਲੀ ਛੱਤ ਵਿੱਚ ਹੀ ਚਿੜੀਆਂ ਦੇ ਆਲ੍ਹਣੇ ਹੁੰਦੇ ਸਨ। ਜੇਕਰ ਛੱਤ ਗਾਡਰਾਂ ਵਾਲੀ ਹੁੰਦੀ ਤਾਂ ਵੀ ਚਿੜੀਆਂ ਦੇ ਜੋੜੇ ਗਾਡਰਾਂ 'ਤੇ ਰਾਤ ਕੱਟਦੇ, ਪਰ ਜੇਕਰ ਚਿੜੀ ਨੇ ਆਂਡੇ ਦਿੱਤੇ ਹੁੰਦੇ ਤਾਂ ਉਹ ਆਪਣੇ ਆਲ੍ਹਣੇ ਵਿੱਚ ਬੈਠਦੀ ਅਤੇ ਉਸ ਦਾ ਸਾਥੀ ਉਸ ਕੋਲ। ਅੰਦਰ ਬੈਠੀਆਂ ਚਿੜੀਆਂ ਨੂੰ ਕੋਈ ਵੀ ਉਠਾਉਂਦਾ ਨਹੀਂ ਸੀ, ਹਾਲਾਂਕਿ ਉਹ ਵਿੱਠਾਂ ਕਰਦੀਆਂ ਸਨ, ਪਰ ਕੱਚੀ ਥਾਂ ਭਾਵੇਂ ਉਹ ਲਿੱਪੀ ਵੀ ਹੁੰਦੀ, ਪਰ ਕੋਈ ਪਰਵਾਹ ਨਹੀਂ ਕਰਦਾ ਸੀ। ਪੰਛੀਆਂ ਨਾਲ ਲੋਕ ਪਿਆਰ ਕਰਦੇ ਸਨ।

ਬੱਚੇ ਪੰਛੀਆਂ ਨਾਲ ਇੰਨਾ ਪਿਆਰ ਕਰਦੇ ਸਨ ਕਿ ਉਨ੍ਹਾਂ ਦਾ ਇਨ੍ਹਾਂ ਨੂੰ ਫੜਨ ਨੂੰ ਜੀ ਕਰਦਾ। ਬੱਚੇ ਵਿਹੜੇ ਵਿੱਚ ਟੋਕਰਾ ਲਾ ਕੇ ਉਸ ਦੇ ਹੇਠਾਂ ਰੋਟੀ ਚੂਰ ਦਿੰਦੇ। ਟੋਕਰੇ ਹੇਠ ਡੰਡਾ ਲਾ ਕੇ ਡੰਡੇ ਨਾਲ ਦੂਰ ਤੱਕ ਜਾਣ ਵਾਲੀ ਰੱਸੀ ਬੰਨ੍ਹ ਲੈਂਦੇ ਅਤੇ ਜਦੋਂ ਚਿੜੀਆਂ ਰੋਟੀ ਖਾਂਦੀਆਂ ਜਾਂ ਚੋਗਾ ਚੁਗਦੀਆਂ ਤਾਂ ਉਸ ਰੱਸੀ ਨੂੰ ਖਿੱਚ ਲਿਆ ਜਾਂਦਾ ਅਤੇ ਟੋਕਰਾ ਡਿੱਗ ਪੈਂਦਾ। ਕੋਈ ਨਾ ਕੋਈ ਚਿੜੀ ਫਸ ਜਾਂਦੀ। ਫਿਰ ਉਸ 'ਤੇ ਚੁੰਨੀ ਦੇ ਕੇ ਉਸ ਨੂੰ ਬੜੇ ਧਿਆਨ ਨਾਲ ਬਾਹਰ ਕੱਢਿਆ ਜਾਂਦਾ ਅਤੇ ਫਿਰ ਉਸ 'ਤੇ ਰੰਗ ਲਾ ਕੇ ਉਸ ਨੂੰ ਉੜਾ ਦਿੱਤਾ ਜਾਂਦਾ। ਰੰਗੀ ਹੋਈ ਚਿੜੀ ਜਦ ਘਰ ਵਿੱਚ ਆਉਂਦੀ ਤਾਂ ਸਾਰੇ ਬੱਚੇ ਉਸ ਨੂੰ ਦੇਖ



ਕੇ ਖ਼ੁਸ਼ ਹੁੰਦੇ, ਪਰ ਜਿਸ ਨੇ ਚਿੜੀ ਰੰਗੀ ਹੁੰਦੀ, ਉਸ ਨੂੰ ਇਉਂ ਲੱਗਦਾ ਸੀ ਜਿਵੇਂ ਉਸ ਚਿੜੀ 'ਤੇ ਉਸ ਦਾ ਹੀ ਹੱਕ ਹੋਵੇ।

ਚਿੜੀ ਭਾਵੇਂ ਖੇਤਾਂ ਵਿੱਚ ਚੋਗਾ ਚੁਗਦੀ ਹੈ, ਪਰ ਓਨਾ ਹੀ ਖਾਂਦੀ ਹੈ ਜਿੰਨੀ ਉਸ ਨੂੰ ਜ਼ਰੂਰਤ ਹੋਵੇ। ਉਹ ਚੋਗਾ ਜ਼ਿਆਦਾ ਜਮ੍ਹਾਂ ਨਹੀਂ ਕਰਦੀ। ਇਹ ਕਿਸਾਨ ਦੀ ਮਦਦ ਵੀ ਕਰਦੀ ਹੈ ਕਿਉਂਕਿ ਫ਼ਸਲਾਂ 'ਤੇ ਹਾਨੀਕਾਰਕ ਸੁੰਡੀਆਂ ਜਾਂ ਕੀੜਿਆਂ ਨੂੰ ਖਾਂਦੀ ਹੈ। ਉਂਝ ਤਾਂ ਇਹ ਕਹਾਵਤ ਵੀ ਪ੍ਰਚੱਲਿਤ ਹੈ ਕਿ 'ਅਬ ਪਛਤਾਏ ਕਿਆ ਹੋਇ ਜਬ ਚਿੜੀਆ ਚੁਗ ਗਈ ਖੇਤ' ਪਰ ਚਿੜੀਆਂ ਖੇਤ ਨਹੀਂ ਚੁਗਦੀਆਂ, ਉਹ ਤਾਂ ਸਿਰਫ਼ ਢਿੱਡ ਹੀ ਭਰਦੀਆਂ ਹਨ।

ਚਿੜੀਆਂ ਨਾਲ ਕੁੜੀਆਂ ਦੀ ਤੁਲਨਾ ਕਰਨੀ ਇੱਕ ਅਜਿਹੀ ਸੋਚ ਹੈ ਕਿ ਕੁੜੀਆਂ ਵੀ ਘਰੋਂ ਚਲੀਆਂ ਜਾਂਦੀਆਂ ਹਨ ਅਤੇ ਚਿੜੀਆਂ ਵੀ ਉਡਾਰੀ ਮਾਰ ਕੇ ਚਲੀਆਂ ਜਾਂਦੀਆਂ ਹਨ। ਇਸ ਧਾਰਨਾ ਅਨੁਸਾਰ ਕੁੜੀਆਂ ਦੇ ਦਿਮਾਗ਼ ਵਿੱਚ ਵੀ ਇਹ ਗੱਲ ਬੈਠ ਗਈ। ਕੁੜੀਆਂ ਨੂੰ ਵੀ ਚਿੜੀਆਂ ਚੰਗੀਆਂ ਲੱਗਣ ਲੱਗੀਆਂ ਅਤੇ ਲੋਕ ਗੀਤਾਂ ਵਿੱਚ ਉਹ ਇਨ੍ਹਾਂ ਦਾ ਜ਼ਿਕਰ ਕਰਦੀਆਂ ਤੇ ਇਨ੍ਹਾਂ ਨੂੰ ਇੰਜ ਕਹਿੰਦੀਆਂ;

ਉਡ ਉਡ ਚਿੜੀਏ ਨੀਂ<br>
ਉੱਡ ਬਹਿ ਜਾ ਖਿੜਕੀ।<br>
ਮੇਰੀ ਅੰਮੜੀ ਬਾਝੋਂ ਨੀਂ<br>
ਮੈਂ ਸਭ ਨੇ ਝਿੜਕੀ।<br>
ਮੇਰੇ ਬਾਬਲ ਦਿੱਤੜੀ ਦੂਰੇ<br>
ਵੇ ਸੁਣ ਧਰਮੀ ਬਾਬਲਾ<br>
ਪਰਦੇਸਣ ਬੈਠੀ ਝੂਰੇ।

ਜਦੋਂ ਕੋਈ ਮੁਟਿਆਰ ਆਪਣੇ ਮਾਪਿਆਂ ਜਾਂ ਭੈਣਾਂ ਭਰਾਵਾਂ ਦੇ ਵਿਜੋਗ ਵਿੱਚ ਆਪਣੇ ਆਪ ਨੂੰ ਇਕੱਲੀ ਜਿਹੀ ਮਹਿਸੂਸ ਕਰਦੀ ਹੈ ਤਾਂ ਉਹ ਆਪਣੇ ਮਨੋਭਾਵਾਂ ਨੂੰ ਇਸ ਤਰ੍ਹਾਂ ਪ੍ਰਗਟ ਕਰਦੀ;

ਉੱਡ ਉੱਡ ਚਿੜੀਏ ਨੀਂ<br>
ਉੱਡ ਬਹਿ ਜਾ ਛੱਤ ਨੀਂ।<br>
ਮੇਰੀ ਅੰਮੜੀ ਬਾਝੋਂ ਨੀਂ<br>
ਕੌਣ ਭੇਜੇ ਖ਼ਤ ਨੀਂ।<br>
ਮੇਰੇ ਬਾਬਲ ਦਿੱਤੜੀ ਦੂਰੇ<br>
ਵੇ ਸੁਣ ਧਰਮੀ ਬਾਬਲਾ<br>
ਪਰਦੇਸਣ ਬੈਠੀ ਝੂਰੇ।

ਇਹ ਪੰਛੀ ਸਭ ਦੇ ਮਨ ਨੂੰ ਭਾਉਂਦਾ ਹੈ। ਘਰ ਵਿੱਚ ਕੱਚੀਆਂ ਕੰਧਾਂ 'ਤੇ ਰੰਗ ਕਰਨ ਤੋਂ ਬਾਅਦ ਜਿੱਥੇ ਕੰਧਾਂ ਨੂੰ ਸਜਾਉਣ ਲਈ ਮੋਰ ਅਤੇ ਫੁੱਲ ਬੂਟੇ ਪਾਏ ਜਾਂਦੇ, ਉੱਥੇ ਚਿੜੀਆਂ ਵੀ ਨਾਲ ਪਾਈਆਂ ਜਾਂਦੀਆਂ। ਵੱਖ ਵੱਖ ਕਿਸਮ ਦੀਆਂ ਵੰਨਗੀਆਂ ਜਿਨ੍ਹਾਂ ਵਿੱਚ ਚਾਦਰਾਂ, ਸਿਰਹਾਣੇ, ਝੋਲੇ ਆਦਿ ਹੁੰਦੇ ਤਾਂ ਉਨ੍ਹਾਂ 'ਤੇ ਕਢਾਈ ਕਰਨ ਵੇਲੇ ਚਿੜੀਆਂ ਬਣਾਈਆਂ ਜਾਂਦੀਆਂ।

ਉਹ ਵੀ ਵੇਲਾ ਸੀ ਜਦੋਂ ਬੱਚਿਆਂ ਨੂੰ ਆਪਣੇ ਖਿਡਾਉਣੇ ਆਪ ਬਣਾਉਣੇ ਪੈਂਦੇ ਸਨ। ਬੱਚੇ ਖੇਡਣ ਲਈ ਮਿੱਟੀ ਦੇ ਖਿਡਾਉਣੇ ਆਪ ਬਣਾਉਂਦੇ ਸਨ। ਜਿਨ੍ਹਾਂ ਵਿੱਚ ਚੱਕੀ, ਚੁੱਲ੍ਹੇ ਅਤੇ ਹੋਰ ਚੀਜ਼ਾਂ ਦੇ ਨਾਲ ਨਾਲ ਚਿੜੀਆਂ ਅਤੇ ਮੋਰ ਵੀ ਬਣਾਏ ਜਾਂਦੇ। ਕਈ ਚੁਸਤ ਬੱਚੇ ਕੱਚੀ ਮਿੱਟੀ ਦੇ ਖਿਡਾਉਣਿਆਂ ਨੂੰ ਚੁੱਲ੍ਹੇ ਦੀ ਅੱਗ ਵਿੱਚ ਪਕਾ ਵੀ ਲੈਂਦੇ।

ਭਾਵੇਂ ਪ੍ਰਕਿਰਤੀ ਦੁਆਰਾ ਪੰਛੀਆਂ ਦੀ ਸਿਰਜਣਾ ਵੱਖ- ਵੱਖ ਕੀਤੀ ਗਈ ਹੈ, ਪਰ ਕਈ ਵਾਰ ਉਨ੍ਹਾਂ ਨੂੰ ਇੱਕੋ ਨਾਮ ਨਾਲ ਪੁਕਾਰਿਆ ਜਾਂਦਾ ਹੈ ਜਿਵੇਂ ਚਿੜੀ। ਚਿੜੀਆਂ ਵੱਖ ਵੱਖ ਰੰਗਾਂ ਦੀਆਂ ਅਤੇ ਵੱਖ ਵੱਖ ਪ੍ਰਕਾਰ ਦੀਆਂ ਹਨ, ਪਰ ਫਿਰ ਵੀ ਚਿੜੀ ਦੀ ਮਾਨਤਾ ਦੇਸੀ ਚਿੜੀ ਨੂੰ ਹੀ ਦਿੱਤੀ ਗਈ ਹੈ। ਇਸ ਦਾ ਜ਼ਿਕਰ ਸਾਡੇ ਲੋਕ ਮੁਹਾਵਰਿਆਂ ਵਿੱਚ ਅਤੇ ਅਖਾਣਾ ਵਿੱਚ ਕੀਤਾ ਗਿਆ ਹੈ;

ਪਲ ਵਿੱਚ ਚਿੜੀ ਤਿਹਾਈ ਮਰਦੀ<br>
ਪਲ ਵਿੱਚ ਕਰਤਾ ਜਲ ਤੇ ਥਲ।<br>
ਪਲ ਵਿੱਚ ਰਾਜਾ ਰਾਜ ਕਰੇਂਦਾ<br>
ਪਲ ਵਿੱਚ ਭਿਕਸ਼ਾ ਮੰਗਦਾ ਦਰ ਦਰ।

ਚਿੜੀ ਨੂੰ ਘੱਟ ਖਾਣ ਤੇ ਪੀਣ ਵਾਲਾ ਪੰਛੀ ਮੰਨਿਆ ਜਾਂਦਾ ਹੈ। ਇਸ ਨੂੰ ਧਰਮ ਕਰਮ ਨਾਲ ਵੀ ਜੋੜਿਆ ਜਾਂਦਾ ਹੈ ਤੇ ਕਿਹਾ ਜਾਂਦਾ ਹੈ;

ਜਿਹੜੀ ਚੁੰਝ ਭਰ ਲੈ ਗਈ<br>
ਨਦੀ ਨਾ ਘਟਿਆ ਨੀਰ।

ਇਸ ਤਰ੍ਹਾਂ ਪ੍ਰਕਿਰਤੀ ਦੇ ਇਸ ਛੋਟੇ ਜਿਹੇ ਪੰਛੀ ਦਾ ਸਾਡੇ ਸਮਾਜ ਅਤੇ ਪ੍ਰਕਿਰਤੀ ਵਿੱਚ ਖ਼ਾਸ ਮਹੱਤਵ ਹੈ। ਇਹ ਚਿੜੀਆਂ ਘਰਾਂ ਦਾ ਸ਼ਿੰਗਾਰ ਅਤੇ ਪ੍ਰਕਿਰਤੀ ਦਾ ਸ਼ਿੰਗਾਰ ਹਨ।

# ਬੰਦ ਹੋਣੀ ਚਾਹੀਦੀ ਹੈ ਖ਼ੂਬਸੂਰਤੀ ਦੀ ਪਰਖ



**ਹਰਕੀਰਤ ਕੌਰ**

ਸੋਹਣੀ, ਖ਼ੂਬਸੂਰਤ ਦਿਖਣ ਵਾਲੀ ਹਰ ਸ਼ੈਅ ਮਨੁੱਖ ਨੂੰ ਆਪਣੇ ਵੱਲ ਆਕਰਸ਼ਿਤ ਕਰਦੀ ਹੈ। ਨਿਰਜੀਵ ਹੋਵੇ ਜਾਂ ਸੰਜੀਵ ਖ਼ੂਬਸੂਰਤ ਚੀਜ਼ਾਂ ਦੀ ਚੋਣ ਮਨੁੱਖ ਦੀ ਪਹਿਲ ਰਹੀ ਹੈ। ਕੱਪੜੇ, ਮਕਾਨ, ਕਾਰਾਂ, ਇਨਸਾਨ ਹਰ ਇੱਕ ਵਿੱਚ ਮਨੁੱਖ ਸੁਹੱਪਣ ਲੋਚਦਾ ਹੈ।

ਵਸਤੂਆਂ ਨੂੰ ਇੱਕ ਪਾਸੇ ਰੱਖ ਜੇਕਰ ਇਨਸਾਨਾਂ ਦੀ ਗੱਲ ਕਰੀਏ ਤਾਂ ਸੋਹਣੇ ਇਨਸਾਨਾਂ ਦੀ ਸਾਡੇ ਸਮਾਜ ਵਿੱਚ ਪਰਿਭਾਸ਼ਾ ਬਹੁਤ ਸੌੜੀ ਅਤੇ ਤੰਗਦਿਲੀ ਵਾਲੀ ਹੈ। ਇਸੇ ਸੋਚ ਦੇ ਚੱਲਦਿਆਂ ਅਨੇਕਾਂ ਮਨੁੱਖ ਵਿਤਕਰੇ ਅਤੇ ਹੀਣ ਭਾਵਨਾ ਦਾ ਸ਼ਿਕਾਰ ਹੁੰਦੇ ਹਨ। ਇਹ ਸਾਡੇ ਸਮਾਜ ਦੀ ਤ੍ਰਾਸਦੀ ਹੈ ਕਿ ਅਸੀਂ ਸਰੀਰਕ ਪੱਖੋਂ, ਰੰਗ ਰੂਪ ਪੱਖੋਂ ਗੋਰੇ ਚਿੱਟੇ, ਤਿੱਖੇ ਨੈਣ ਨਕਸ਼ਾਂ ਵਾਲੇ ਤੇ ਉੱਚੇ ਲੰਮੇ ਇਨਸਾਨ ਨੂੰ ਸੋਹਣਾ ਮੰਨਦੇ ਹਾਂ। ਮਨੁੱਖ ਨੂੰ ਉਸਦੇ ਗੁਣਾਂ ਕਰਕੇ ਘੱਟ ਉਸਦੀ ਬਾਹਰੀ ਸੁੰਦਰਤਾ ਕਰਕੇ ਵਧੇਰੇ ਜਾਣਿਆ ਜਾਂਦਾ ਹੈ। ਸਮਾਜ ਵਿੱਚ ਵਿਚਰਦਿਆਂ ਅਨੇਕਾਂ ਹੀ ਲੋਕ ਦੂਸਰੇ ਲੋਕਾਂ ਦੀ ਸੁੰਦਰਤਾ ਦੀ ਪਾਰਖੂ ਅੱਖ ਦਾ ਸਾਮ੍ਹਣਾ ਕਰਦੇ ਹਨ। ਇਸੇ ਦੇ ਚੱਲਦਿਆਂ ਕੁਝ ਮਜ਼ਾਕ ਦਾ ਪਾਤਰ ਬਣ ਜਾਂਦੇ ਹਨ ਅਤੇ ਕੁਝ ਲਈ ਲੋਕ ਉਹਨਾਂ ਦੀ ਸ਼ਖਸੀਅਤ ਤੋਂ ਵਧੇਰੇ ਕਿਆਸ ਅਰਾਈਆਂ ਲਕਾਉਣ ਲੱਗ ਜਾਂਦੇ ਹਨ।

ਸਕੂਲ ਵਿੱਚ ਪੜ੍ਹਦੇ ਬੱਚਿਆਂ, ਨੌਜਵਾਨਾਂ ਵਿੱਚ ਇਸ ਪਰਖ ਦੇ ਬਹੁਤ ਬੁਰੇ ਪ੍ਰਭਾਵ ਦੇਖਣ ਨੂੰ ਮਿਲਦੇ ਹਨ। ਜੇਕਰ ਸਕੂਲ, ਕਾਲਜ ਵਿੱਚ ਬੱਚੇ ਦੀ ਪ੍ਰਤਿਭਾ ਨੂੰ ਨਜ਼ਰਅੰਦਾਜ਼ ਕਰ ਕਿਸੇ ਦੂਸਰੇ ਬੱਚੇ ਦੀ ਬਾਹਰੀ ਸੁੰਦਰਤਾ ਨੂੰ ਜਿਆਦਾ ਸਰਾਹਿਆ ਜਾਂਦਾ ਹੈ ਤਾਂ ਬੱਚੇ ਵਿੱਚ ਆਤਮ ਵਿਸ਼ਵਾਸ ਦੀ ਘਾਟ ਆ ਜਾਂਦੀ ਹੈ। ਬਾਹਰੀ ਕਰੂਪਤਾ ਜਾਂ ਸਰੀਰਕ ਕਮੀ ਜਿਵੇਂ ਕਿ ਕੱਦ ਦਾ ਜਿਆਦਾ ਛੋਟਾ ਹੋਣਾ,ਭਾਰ ਦਾ ਜਿਆਦਾ ਵੱਧ ਹੋਣਾ, ਸਾਂਵਲਾ ਰੰਗ ਹੋਣਾ ਇਹ ਸਭ ਕੁਦਰਤੀ ਚੀਜ਼ਾਂ ਹਨ, ਜੇਕਰ ਇਹਨਾਂ ਵਿਚੋਂ ਕਿਸੇ ਵੀ ਕਰਕੇ ਬੱਚਿਆਂ ਨਾਲ ਵਿਤਕਰਾ ਹੁੰਦਾ ਹੈ ਜਾਂ ਉਹਨਾਂ ਨੂੰ ਮਜ਼ਾਕ ਦਾ ਪਾਤਰ ਬਣਾਇਆ ਜਾਂਦਾ ਹੈ ਤਾਂ ਇਸਦੇ ਨਤੀਜੇ ਵੱਜੋਂ ਬਹੁਤ ਬੱਚੇ ਆਪਣੇ ਆਪ ਤੋਂ ਨਫ਼ਰਤ ਕਰਨ ਲੱਗਦੇ ਹਨ। ਉਹ ਕਿਸੇ ਸਾਹਮਣੇ ਗੱਲ ਕਰਨ ਤੋਂ ਝਿਜਕਣ ਲੱਗਦੇ ਹਨ। ਅਜਿਹੇ ਵਿੱਚ ਬੱਚੇ ਮਨੋਰੋਗ, ਚਿੰਤਾ ਵਰਗੀਆਂ ਬਿਮਾਰੀਆਂ ਦੇ ਸ਼ਿਕਾਰ ਹੋ ਜਾਂਦੇ ਹਨ।



ਇਸਤੋਂ ਇਲਾਵਾ ਸੁੰਦਰਤਾ ਦੀ ਇਸ ਪਰਖ ਦਾ ਸਭ ਤੋਂ ਘਟੀਆ ਰੂਪ ਕਿਸੇ ਨੌਜਵਾਨ ਲੜਕੀ ਦਾ ਰਿਸ਼ਤਾ ਤੈਅ ਕਰਨ ਸਮੇਂ ਦੇਖਣ ਨੂੰ ਮਿਲਦਾ ਹੈ, ਜਦੋਂ ਲੜਕੇ ਦੇ ਪਰਿਵਾਰਿਕ ਮੈਂਬਰਾਂ ਦੀ ਟੀਮ ਕਿਸੇ ਦੀ ਨੌਜਵਾਨ ਧੀ ਦੀ ਸੁੰਦਰਤਾ ਦੀ ਪਰਖ ਆਪਣੀ ਸੋਚ ਅਤੇ ਮਿਥੇ ਹੋਏ ਪੈਮਾਨਿਆਂ ਦੇ ਆਧਾਰ 'ਤੇ ਕਰਦੀ ਹੈ। ਇਸ ਰਸਮ ਦੇ ਚੱਲਦਿਆਂ ਪਤਾ ਨਹੀਂ ਕਿੰਨੀਆਂ ਕੁ ਲਿਆਕਤ ਭਰਪੂਰ, ਸੁਹਜ ਤੇ ਸਿਆਣੀਆਂ ਲੜਕੀਆਂ ਨੂੰ ਲੋਕ ਇਹ ਕਹਿ ਠੁਕਰਾ ਜਾਂਦੇ ਹਨ ਕਿ ਲੜਕੀ ਦਾ ਰੰਗ ਸਾਂਵਲਾ ਹੈ ਜਾਂ ਕੱਦ ਛੋਟਾ ਹੈ ਜਾਂ ਲੜਕੀ ਖ਼ੂਬਸੂਰਤ ਨਹੀਂ ਹੈ। ਅਜਿਹੇ ਵਿੱਚ ਪਤਾ ਨਹੀਂ ਕਿੰਨੀਆਂ ਕੁ ਲੜਕੀਆਂ ਭਾਵਨਾਤਮਕ ਤੌਰ ਤੇ ਜ਼ਖਮੀ ਹੁੰਦੀਆਂ ਹਨ। ਪੜ੍ਹੀਆਂ ਲਿਖੀਆਂ ਧੀਆਂ ਨੂੰ ਅਨਪੜ੍ਹ ਲੋਕਾਂ ਦੀ ਮੰਡਲੀ ਨਿੰਦ ਕੇ ਰਾਹੇ ਪੈਂਦੀ ਹੈ ਅਤੇ ਆਪਣੀਆਂ ਔਖੀਆਂ ਪੜ੍ਹਾਈਆ ਦੇ ਇਮਤਿਹਾਨਾਂ ਤੋਂ ਨਾ ਡਰਨ ਵਾਲੀਆਂ ਲੜਕੀਆਂ ਨੂੰ ਇਸ ਕੋਝੀ ਰਸਮ ਤੇ ਪਰਖ ਤੋਂ ਡਰ ਲੱਗਣ ਲੱਗਦਾ ਹੈ।

ਇਹ ਪਰਖ ਨੌਜਵਾਨ ਧੀਆਂ ਦੇ ਦਿਲ ਉੱਪਰ ਬਹੁਤ ਗਹਿਰੀ ਸੱਟ ਮਾਰ ਜਾਂਦੀ ਹੈ। ਉਹਨਾਂ ਨੂੰ ਆਪਣੀ ਕਾਬਲੀਅਤ ਦਾ ਪਤਾ ਹੁੰਦੇ ਹੋਏ ਵੀ ਆਪਣੇ ਆਪ ਤੇ ਸੰਦੇਹ ਹੋਣ ਲੱਗਦਾ ਹੈ। ਇਸੇ ਰੀਤ ਦੇ ਚੱਲਦਿਆਂ ਕਈ ਲੜਕੀਆਂ ਨੂੰ ਠੁਕਰਾਏ ਜਾਣ ਉਪਰੰਤ ਉਹਨਾਂ ਦੁਆਰਾ ਖੁਦਕੁਸ਼ੀ ਕਰਨ ਦੇ ਮਾਮਲੇ ਵੀ ਸਾਹਮਣੇ ਆਉਂਦੇ ਹਨ।

ਇੱਥੇ ਇੱਕ ਗੱਲ ਬਹੁਤ ਹੈਰਾਨ ਕਰਨ ਵਾਲੀ ਹੈ ਕਿ ਸਾਡੇ ਸਮਾਜ ਵਿੱਚ ਜਿੱਥੇ ਮਾਪਿਆਂ ਦੁਆਰਾ ਲੜਕੀਆਂ ਨੂੰ ਆਪਣੀ ਇੱਜ਼ਤ ਦੱਸਦਿਆਂ ਉਸ ਵੱਲ ਅੱਖ ਚੁੱਕ ਕੇ ਦੇਖਣ ਵਾਲੇ ਜਾਂ ਉਸਦੀ ਸਰੀਰਕ ਬਣਤਰ ਤੇ ਕੋਈ ਗੱਲ ਕਹਿਣ ਵਾਲੇ ਨੂੰ ਆਪਣੀ ਅਣਖ, ਗੈਰਤ ਤੇ ਵਾਰ ਸਮਝਿਆ ਜਾਂਦਾ ਹੈ, ਉਸੇ ਹੀ ਸਮਾਜ ਵਿੱਚ ਜਿੰਨਾਂ ਲੋਕਾਂ ਨਾਲ ਫਿਲਹਾਲ ਕੋਈ ਰਿਸ਼ਤਾ ਜੁੜਿਆ ਨਹੀਂ ਹੁੰਦਾ, ਉਨ੍ਹਾਂ ਨੂੰ ਆਪਣੀਆਂ ਧੀਆਂ ਦੀ ਸੁੰਦਰਤਾ ਦੀ ਪਰਖ ਕਰਨ ਦੀ ਆਗਿਆ ਦੇ ਦਿੰਦੇ ਹਾਂ। ਸਮਾਜ ਦਾ ਇਹ ਦੋਮੂੰਹਾ ਰੂਪ ਸਮਝ ਤੋਂ ਬਾਹਰ ਹੈ।

ਅਸਲ ਵਿੱਚ ਸਾਨੂੰ ਸੁੰਦਰਤਾ ਦੀ ਅਸਲ ਪਰਿਭਾਸ਼ਾ ਸਮਝਣ ਦੀ ਲੋੜ ਹੈ। ਸੋਹਣਾ ਉਹ ਜੋ ਸੋਹਣੇ ਕੰਮ ਕਰੇ, ਜੋ ਸਰੀਰਕ ਨਹੀਂ ਬਲਕਿ ਸੀਰਤ ਪੱਖੋਂ ਖ਼ੂਬਸੂਰਤ ਹੋਵੇ। ਜਿਸ ਵਿੱਚ ਹਰ ਕੰਮ ਨੂੰ ਸੁਹਜ ਨਾਲ ਕਰਨ ਦੀ ਲਿਆਕਤ ਹੋਵੇ, ਹੁਨਰ ਹੋਵੇ, ਕੁਝ ਕਰ ਵਿਖਾਉਣ ਦਾ ਜ਼ਜਬਾ ਹੋਵੇ। ਜੋ ਸੱਚ ਦਾ ਪਹਿਰੇਦਾਰ ਹੋਵੇ ਅਤੇ ਜੋ ਕਿਤੇ ਵੀ ਹੁੰਦੀ ਬੇਇੰਸਾਫ਼ੀ ਵਿਰੁੱਧ ਡੱਟ ਕੇ ਖੜਾ ਹੋਵਣ ਦੀ ਜੁੱਅਰਤ ਰੱਖਦਾ ਹੋਵੇ। ਅਜਿਹੇ ਲੋਕ ਖ਼ੂਬਸੂਰਤ ਲੋਕਾਂ ਦੀ ਕਤਾਰ ਵਿੱਚ ਸ਼ਾਮਿਲ ਹੁੰਦੇ ਹਨ। ਬਾਹਰੀ ਸੁੰਦਰਤਾ ਕੁਝ ਸਮੇਂ ਦੀ ਮਹਿਮਾਨ ਹੈ, ਇਸਦਾ ਪਾਣੀ ਵਿੱਚ ਪਏ ਪਤਾਸੇ ਵਾਂਗ ਖੁਰਨਾ ਸਿੱਧ ਹੈ।

ਸੋ ਜਰੂਰਤ ਹੈ ਸੁੰਦਰਤਾ ਦੇ ਸਹੀ ਅਰਥ ਸਮਝਣ ਦੀ ਅਤੇ ਆਪਣੇ ਬੱਚਿਆਂ ਨੂੰ ਵੀ ਸੁੰਦਰਤਾ ਦੀ ਸਹੀ ਪਹਿਚਾਣ ਦੱਸਣ ਦੀ। ਜੇਕਰ ਅਸੀਂ ਸੁੰਦਰਤਾ ਦੇ ਅਸਲ ਅਰਥ ਸਮਝਾਂਗੇ ਤਾਂ ਹੀ ਸਦੀਆਂ ਤੋਂ ਚੱਲਦੀ ਆ ਰਹੀ ਖ਼ੂਬਸੂਰਤੀ ਦੀ ਇਹ ਬਦਸੂਰਤ ਪਰਖ ਬੰਦ ਹੋ ਸਕਦੀ ਹੈ।

# ਖੇਤੀ 'ਚ ਰਸਾਇਣਾਂ ਦੀ ਜਗ੍ਹਾ ਜੈਵਿਕ ਖਾਦਾਂ ਦੀ ਵਰਤੋਂ ਜ਼ਰੂਰੀ



ਡਾ. ਸ. ਸ. ਛੀਨਾ

ਭਾਰਤ ਦੀ ਵਸੋਂ ਲਈ ਤਿੰਨਾਂ ਖੇਤਰਾਂ ਖੇਤੀ, ਉਦਯੋਗ ਅਤੇ ਸੇਵਾਵਾਂ ਵਿੱਚੋਂ ਖੇਤੀ ਸਭ ਤੋਂ ਮਹੱਤਵਪੂਰਨ ਖੇਤਰ ਸਿਰਫ਼ ਇਸ ਕਰਕੇ ਨਹੀਂ ਕਿ ਲੋਕਤੰਤਰ ਵਿੱਚ ਕੇਂਦਰ ਦੀ ਪਾਰਲੀਮੈਂਟ ਅਤੇ ਪ੍ਰਾਂਤਾਂ ਦੀਆਂ ਵਿਧਾਨ ਸਭਾਵਾਂ ਵਿੱਚ ਸਭ ਤੋਂ ਵੱਡਾ ਵੋਟ ਬੈਂਕ ਇਹ ਖੇਤਰ ਹੈ। ਇਹ ਇਸ ਕਰਕੇ ਵੀ ਹੈ ਕਿ ਖੇਤੀ ਅਤੇ ਗ਼ੈਰ-ਖੇਤੀ ਖੇਤਰ ਦੀ ਆਮਦਨ ਵਿੱਚ ਵੱਡਾ ਫ਼ਰਕ ਹੈ ਤੇ ਦਿਨ-ਬ-ਦਿਨ ਇਹ ਵਧਦਾ ਜਾ ਰਿਹਾ ਹੈ। ਜਿਹੜੀ ਖੇਤੀ 1950 ਵਿੱਚ ਭਾਰਤ ਦੇ ਕੁੱਲ ਘਰੇਲੂ ਉਤਪਾਦਨ ਵਿੱਚ 70 ਫ਼ੀਸਦੀ ਦਾ ਹਿੱਸਾ ਪਾਉਂਦੀ ਸੀ ਉਹ ਹੁਣ ਘਟਦੀ-ਘਟਦੀ ਸਿਰਫ਼ 14 ਫ਼ੀਸਦੀ ਰਹਿ ਗਈ ਹੈ।

ਸੰਨ 2017 ਵਿਚ ਪ੍ਰਧਾਨ ਮੰਤਰੀ ਮੋਦੀ ਦਾ ਇਹ ਸੰਕਲਪ ਕਿ 2022 ਤੱਕ ਇਹ ਖੇਤੀ ਆਮਦਨ ਦੁੱਗਣੀ ਕਰ ਦਿੱਤੀ ਜਾਵੇਗੀ, ਦਾ ਹਰੇਕ ਨੇ ਸਵਾਗਤ ਕੀਤਾ ਸੀ। ਉਸ ਲਈ ਕੋਸ਼ਿਸ਼ਾਂ ਵੀ ਕੀਤੀਆਂ ਗਈਆਂ ਪਰ ਉਹ ਕੁੱਲ ਘਰੇਲੂ ਖੇਤਰ ਵਿੱਚ 55 ਫ਼ੀਸਦੀ ਦਾ ਹਿੱਸਾ ਪਾਉਂਦੀ ਹੈ ਜਦਕਿ ਉਦਯੋਗਾਂ ਵਿੱਚ ਲੱਗੀ 15 ਫ਼ੀਸਦੀ ਵਸੋਂ ਕੁੱਲ ਜੀਡੀਪੀ ਵਿੱਚ 29 ਫ਼ੀਸਦੀ ਹਿੱਸਾ ਪਾਉਂਦੀ ਹੈ। ਖੇਤੀ ਵਿੱਚ 52 ਫ਼ੀਸਦੀ ਦੇ ਹਿੱਸੇ ਜੇ ਸਿਰਫ਼ 14 ਫ਼ੀਸਦੀ ਆਉਂਦੇ ਹਨ ਤਾਂ ਇਸ ਦਾ ਅਰਥ ਹੈ ਕਿ ਬਾਕੀ 48 ਫ਼ੀਸਦੀ ਵਸੋਂ ਦੇ ਹਿੱਸੇ 86 ਫ਼ੀਸਦੀ ਆਮਦਨ ਆਉਂਦੀ ਹੈ। ਵਿਕਾਸ ਦੀ ਕਿਰਿਆ ਵਿੱਚ ਖੇਤੀ ਦਾ ਵਿਕਾਸ ਪਹਿਲਾਂ ਹੁੰਦਾ ਹੈ ਅਤੇ ਖੇਤੀ ਵਾਲੀ ਵਸੋਂ ਹੋਰ ਖੇਤਰਾਂ ਜਿਵੇਂ ਉਦਯੋਗਾਂ ਅਤੇ ਸੇਵਾਵਾਂ ਵੱਲ ਬਦਲਦੀ ਰਹਿੰਦੀ ਹੈ। ਜ਼ਿਆਦਾ ਵਿਕਸਤ ਦੇਸ਼ਾਂ ਵਿੱਚ ਉਦਯੋਗਾਂ ਦਾ ਜੀਡੀਪੀ ਜ਼ਿਆਦਾ ਹੈ ਜਦਕਿ ਸੇਵਾਵਾਂ ਦਾ ਦੂਸਰੇ ਨੰਬਰ 'ਤੇ ਹੈ ਪਰ ਭਾਰਤ ਵਿੱਚ ਇਸ ਦੇ ਉਲਟ ਉਦਯੋਗਿਕ ਖੇਤਰ ਨਾਲੋਂ ਸੇਵਾਵਾਂ ਦੇ ਖੇਤਰ ਦੀ ਆਮਦਨ ਦਾ ਹਿੱਸਾ ਹੈ। ਭਾਰਤ ਦੀ ਤਰ੍ਹਾਂ ਵਿਕਸਤ ਦੇਸ਼ਾਂ ਵਿੱਚ ਵੀ ਖੇਤੀ ਦਾ ਯੋਗਦਾਨ ਉਨ੍ਹਾਂ ਦੇਸ਼ਾਂ ਵਿੱਚ ਸਿਰਫ਼ 5 ਫ਼ੀਸਦੀ ਜਾਂ ਇਸ ਤੋਂ ਵੀ ਘੱਟ ਹੈ ਪਰ ਉਨ੍ਹਾਂ ਦੇਸ਼ਾਂ ਦੀ ਵਸੋਂ ਵੀ 5 ਫ਼ੀਸਦੀ ਤੋਂ ਘੱਟ ਹੈ।

ਇਸ ਲਈ ਉਨ੍ਹਾਂ ਦੀ ਤਰ੍ਹਾਂ ਜੇ ਭਾਰਤ ਵਿੱਚ ਵੀ ਜੀਡੀਪੀ 14 ਫ਼ੀਸਦੀ ਦੀ ਤਰ੍ਹਾਂ ਵਸੋਂ ਵੀ 14 ਫ਼ੀਸਦੀ ਹੋਵੇ ਤਾਂ ਕੋਈ ਮੁਸ਼ਕਲ ਹੀ ਨਹੀਂ ਪਰ ਇਹ ਕਦੇ ਵੀ ਨਹੀਂ ਹੋ ਸਕਦਾ ਸਗੋਂ ਖੇਤੀ ਵਿੱਚ ਹੋਰ ਵਿਕਾਸ ਹੋਣ ਦੇ ਬਾਵਜੂਦ ਖੇਤੀ ਦਾ ਹਿੱਸਾ ਹੋਰ ਘਟ ਜਾਵੇਗਾ ਅਤੇ ਗ਼ੈਰ-ਖੇਤੀ ਦਾ ਹੋਰ ਵਧ ਜਾਵੇਗਾ। ਖੇਤੀ 'ਤੇ ਵਸੋਂ ਘਟਣ ਦਾ ਕਾਰਨ ਇਹ ਹੈ ਕਿ ਦੇਸ਼ ਵਿੱਚ ਗ਼ੈਰ-ਖੇਤੀ ਵਿੱਚ ਹੋਰ ਪੇਸ਼ੇ ਇਸ ਤਰ੍ਹਾਂ ਵਿਕਸਤ ਨਹੀਂ ਹੋ ਰਹੇ ਕਿ ਉਹ ਖੇਤੀ ਤੋਂ ਵਿਹਲੀ ਵਸੋਂ ਨੂੰ ਰੁਜ਼ਗਾਰ ਦੇ ਸਕਣ। ਇਸ ਦੇ ਨਾਲ ਹੀ ਭਾਰਤੀ ਖੇਤੀ ਨਾਲ ਇੱਕ ਹੋਰ ਤੱਤ ਸਬੰਧਤ ਹੈ ਕਿ ਖੇਤੀ ਪਿੰਡਾਂ ਦਾ ਮੁੱਖ ਪੇਸ਼ਾ ਹੈ ਅਤੇ ਵਿਕਾਸ ਵਿੱਚ ਸ਼ਹਿਰਾਂ ਅਤੇ ਪਿੰਡਾਂ ਦਾ ਲਗਾਤਾਰ ਵਿਕਾਸ ਦਾ ਫ਼ਰਕ ਰਿਹਾ ਹੈ। ਅਜੇ ਵੀ ਦੇਸ਼ ਦੀ 70 ਫ਼ੀਸਦੀ ਆਬਾਦੀ ਪਿੰਡਾਂ ਵਿੱਚ ਰਹਿੰਦੀ ਹੈ।

ਪਿੰਡਾਂ ਵਿੱਚ ਗ਼ੈਰ-ਖੇਤੀ ਪੇਸ਼ਿਆਂ ਦੇ ਨਾ ਵਧਣ ਕਰਕੇ ਪਿੰਡ ਵਾਸੀਆਂ ਨੂੰ ਰੁਜ਼ਗਾਰ ਲਈ ਸ਼ਹਿਰਾਂ ਵਿੱਚ ਜਾਣਾ ਹੁੰਦਾ ਹੈ। ਇਹ ਗੱਲ ਭਲੀ-ਭਾਂਤ ਸਾਹਮਣੇ ਆਈ ਜਦੋਂ ਕੋਵਿਡ ਦੇ ਸਮੇਂ ਵੱਡੇ-ਵੱਡੇ ਸ਼ਹਿਰਾਂ ਦੇ ਕਰੋੜਾਂ ਲੋਕ ਆਪਣੇ ਥੋੜ੍ਹੇ ਜਿਹੇ ਸਾਮਾਨ ਨੂੰ ਆਪਣੇ ਸਾਈਕਲਾਂ 'ਤੇ ਜਾਂ ਆਪਣੇ ਸਿਰਾਂ 'ਤੇ ਰੱਖ ਕੇ ਸੈਂਕੜੇ ਮੀਲ ਪੈਦਲ ਜਾਂਦੇ ਰਹੇ ਜੋ ਇਸ ਗੱਲ ਨੂੰ ਸਾਬਿਤ ਕਰਦੀ ਹੈ ਕਿ ਸ਼ਹਿਰ ਵਿੱਚ ਆ ਕੇ ਵੀ ਉਹ ਕਿਰਤੀ ਆਪਣੇ ਪੱਕੇ ਘਰ ਨਾ ਬਣਾ ਸਕੇ ਅਤੇ ਉਸ ਤਰ੍ਹਾਂ ਹੀ ਗ਼ਰੀਬੀ ਭੋਗਦੇ ਰਹੇ ਜਿਸ ਤਰ੍ਹਾਂ ਪਿੰਡਾਂ ਵਿੱਚ ਭੋਗਦੇ ਸਨ। ਭਾਰਤ ਵਿੱਚ 4 ਕਰੋੜ ਬੱਚੇ ਬਾਲ ਕਿਰਤ ਕਰਨ ਲਈ ਮਜਬੂਰ ਹਨ ਜਿਸ ਦੀ ਵਜ੍ਹਾ ਨਾਲ ਬਾਲਗਾਂ ਲਈ ਰੁਜ਼ਗਾਰ ਦੇ ਮੌਕਿਆਂ ਦੀ ਘਾਟ ਹੈ ਪਰ ਬੱਚਿਆਂ ਦੀ ਕਿਰਤ ਦੇ ਅਨੇਕ ਮੌਕੇ ਹਨ। ਇਹ ਬੱਚੇ ਜੋ ਕਿਰਤ ਕਰ ਰਹੇ ਹਨ, ਇਨ੍ਹਾਂ ਵਿੱਚ ਜੇ ਸਾਰੇ ਨਹੀਂ ਤਾਂ ਜ਼ਿਆਦਾਤਰ ਪਿੰਡਾਂ ਨਾਲ ਸਬੰਧਤ ਹਨ ਭਾਵੇਂ ਗ਼ਰੀਬੀ ਦੀ ਪਰਿਭਾਸ਼ਾ ਵਿਵਾਦਮਈ ਹੈ। ਦੇਸ਼ ਦੇ 30 ਕਰੋੜ ਤੋਂ ਵੱਧ ਲੋਕ ਗ਼ਰੀਬੀ ਰੇਖਾ ਤੋਂ ਥੱਲੇ ਰਹਿੰਦੇ ਹਨ ਜਿਨ੍ਹਾਂ ਵਿੱਚ ਜ਼ਿਆਦਾ ਗਿਣਤੀ ਪੇਂਡੂ ਲੋਕਾਂ ਦੀ ਹੈ। ਪਿੱਛੇ ਜਿਹੇ ਇੱਕ ਰਿਪੋਰਟ ਆਈ ਸੀ ਕਿ ਉਚੇਰੀ ਸਿੱਖਿਆ ਦੀਆਂ ਸੰਸਥਾਵਾਂ ਵਿੱਚ ਪਿੰਡਾਂ ਦੇ ਸਿਰਫ਼ 4 ਫ਼ੀਸਦੀ ਵਿਦਿਆਰਥੀ ਹਨ ਤੇ 14 ਸਾਲ ਤੱਕ ਭਾਵੇਂ ਵਿੱਦਿਆ ਮੁਫ਼ਤ ਹੈ, ਫਿਰ ਵੀ ਭਾਰਤ ਵਿੱਚ ਪੜ੍ਹੇ-ਲਿਖਿਆਂ ਦੀ ਦਰ ਸਿਰਫ਼ 74 ਫ਼ੀਸਦੀ ਹੈ ਜਾਂ 100 ਵਿੱਚੋਂ 26 ਬੱਚੇ ਅਨਪੜ੍ਹ ਹਨ। ਅੱਠਵੀਂ ਜਮਾਤ ਤੋਂ ਪਹਿਲਾਂ ਸਕੂਲ ਛੱਡਣ ਵਾਲੇ ਬੱਚਿਆਂ ਵਿੱਚ ਜ਼ਿਆਦਾ ਗਿਣਤੀ ਪੇਂਡੂ ਬੱਚਿਆਂ ਦੀ ਹੈ।



ਦਰਅਸਲ, ਭਾਰਤ ਦੀ ਖੇਤੀ ਵਸੋਂ ਦੇ ਭਾਰ ਹੇਠ ਦੱਬੀ ਹੋਈ ਹੈ। ਭਾਰਤ ਵਿੱਚ ਦੁਨੀਆ ਦੀ ਕੁੱਲ ਵਸੋਂ ਦਾ 17.6 ਫ਼ੀਸਦੀ ਰਹਿੰਦਾ ਹੈ ਜਿਸ ਕਰਕੇ ਵਸੋਂ ਦੇ ਹਿਸਾਬ ਨਾਲ ਭਾਰਤ ਦੁਨੀਆ ਦਾ ਪਹਿਲੇ ਨੰਬਰ ਦਾ ਦੇਸ਼ ਹੈ ਪਰ ਖੇਤਰ ਸਿਰਫ਼ 9.4 ਫ਼ੀਸਦੀ ਹੈ ਜਦਕਿ ਪਾਣੀ ਜੋ ਖੇਤੀ ਲਈ ਸਭ ਤੋਂ ਜ਼ਿਆਦਾ ਲੋੜੀਂਦਾ ਹੈ, ਉਸ ਦੇ ਸਾਧਨ ਸਿਰਫ਼ 4 ਫ਼ੀਸਦੀ ਹਨ ਜਿਹੜੇ ਖੇਤੀ ਲੋੜਾਂ ਤੋਂ ਕਿਤੇ ਘੱਟ ਹਨ। ਪੰਜਾਬ, ਹਰਿਆਣਾ ਤੇ ਯੂਪੀ ਜਿੱਥੇ ਹਰਾ ਇਨਕਲਾਬ ਜ਼ਿਆਦਾ ਕਾਮਯਾਬ ਹੋਇਆ ਸੀ ਉੱਥੇ 66 ਫ਼ੀਸਦੀ ਪਾਣੀ ਧਰਤੀ ਦੇ ਹੇਠੋਂ ਟਿਊਬਵੈੱਲਾਂ ਨਾਲ ਕੱਢਿਆ ਜਾ ਰਿਹਾ ਹੈ। ਇਸ ਤਰ੍ਹਾਂ ਵਿਕਸਤ ਦੇਸ਼ਾਂ ਵਿੱਚ ਨਹੀਂ ਹੁੰਦਾ। ਪਾਣੀ ਅਤੇ ਧਰਤੀ ਦੀ ਬਹੁਤਾਤ ਹੈ। ਉਪਜ ਵਧਾਉਣ ਲਈ ਵਿਸ਼ਾਲ ਖੇਤੀ ਅਪਣਾਈ ਜਾ ਸਕਦੀ ਹੈ। ਹੋਰ ਖੇਤਰਾਂ ਨੂੰ ਖੇਤੀ ਅਧੀਨ ਲੈ ਲਾਉਣਾ ਚਾਹੀਦਾ ਹੈ ਪਰ ਭਾਰਤ ਵਿੱਚ ਵਿਸ਼ਾਲ ਖੇਤੀ ਦਾ ਕੋਈ ਮੌਕਾ ਨਹੀਂ। ਹੋਰ ਖਾਦਾਂ, ਰਸਾਇਣਾਂ ਅਤੇ ਮਿਹਨਤ ਨਾਲ ਸੀਮਤ ਭੂਮੀ ਤੋਂ ਜ਼ਿਆਦਾ ਉਪਜ ਲੈਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਜਿਸ ਕਰਕੇ ਜਿੱਥੇ ਉਹ ਰਸਾਇਣ ਹਵਾ, ਪਾਣੀ ਅਤੇ ਧਰਤੀ ਵਿੱਚ ਘੁਲਣ ਤੋਂ ਬਾਅਦ ਖ਼ੁਰਾਕ ਵਿਚ ਘੁਲ ਕੇ ਕਈ ਬਿਮਾਰੀਆਂ ਦਾ ਕਾਰਨ ਬਣ ਗਏ ਹਨ, ਉੱਥੇ ਹੀ ਉਨ੍ਹਾਂ ਦੇਸ਼ਾਂ ਵਿੱਚ ਜ਼ਿਆਦਾ ਰਸਾਇਣਾਂ ਦੀ ਲੋੜ ਨਹੀਂ। ਭਾਰਤ ਵਿਚ 15 ਵੱਖ-ਵੱਖ ਜਲਵਾਯੂ ਆਧਾਰਤ ਖੇਤੀ ਜ਼ੋਨ ਹਨ। ਹਰ ਜ਼ੋਨ ਦਾ ਫ਼ਸਲ ਚੱਕਰ ਵੱਖਰਾ ਹੈ ਪਰ ਭਾਰਤ ਵਿੱਚ ਜਿਨ੍ਹਾਂ ਫ਼ਸਲਾਂ ਲਈ ਯਕੀਨੀ ਮੰਡੀਕਰਨ ਹੈ, ਉਹੋ ਹੀ ਬੀਜੀਆਂ ਜਾਂਦੀਆਂ ਹਨ ਭਾਵੇਂ ਉਹ ਜਲਵਾਯੂ ਜਾਂ ਧਰਤੀ ਨਾਲ ਸਬੰਧਤ ਹਨ ਜਾਂ ਨਹੀਂ।

ਭਾਰਤ ਦੀ ਧਰਤੀ ਰਸਾਇਣਾਂ ਨਾਲ ਹਰ ਸਾਲ ਕਮਜ਼ੋਰ ਹੋ ਰਹੀ ਹੈ ਜੋ ਉਨ੍ਹਾਂ ਵਿਕਸਤ ਦੇਸ਼ਾਂ ਦੀ ਮੁਸ਼ਕਲ ਨਹੀਂ। ਵਿਕਸਤ ਦੇਸ਼ਾਂ ਵਿੱਚ 82 ਫ਼ੀਸਦੀ ਖੇਤੀ ਵਸਤਾਂ ਨੂੰ ਤਿਆਰ ਕਰ ਕੇ ਦੇਸ਼ ਵਿੱਚ ਜਾਂ ਵਿਦੇਸ਼ਾਂ ਵਿੱਚ ਵੇਚਿਆ ਜਾਂਦਾ ਹੈ। ਜਿਹੜੀ ਫ਼ਸਲ ਬੀਜੀ ਜਾਂਦੀ ਹੈ, ਉਸ 'ਤੇ ਆਧਾਰਤ ਉਦਯੋਗਿਕ ਇਕਾਈ ਉਸ ਫਾਰਮ 'ਤੇ ਹੀ ਲਾਈ ਗਈ ਹੈ ਜਿਵੇਂ ਕਿ ਜਿੱਥੇ ਅੰਗੂਰਾਂ ਦੀ ਖੇਤੀ ਕੀਤੀ ਜਾਂਦੀ ਹੈ ਉੱਥੇ ਅੰਗੂਰਾਂ ਤੋਂ ਬਣਨ ਵਾਲੀਆਂ ਵਸਤਾਂ ਜਿਵੇਂ ਗੁਲੂਕੋਜ਼, ਸ਼ਰਾਬ ਆਦਿ ਦੀ ਫੈਕਟਰੀ ਹੈ। ਚੁਕੰਦਰ ਦੇ ਫਾਰਮ 'ਤੇ ਖੰਡ ਮਿੱਲ ਹੈ, ਦਾਲਾਂ ਦੇ ਫਾਰਮ 'ਤੇ ਦਾਲਾਂ ਤਿਆਰ ਕਰਨ ਵਾਲਾ ਪਲਾਂਟ ਹੈ ਆਦਿ। ਪਰ ਭਾਰਤ ਵਿੱਚ ਪਹਿਲਾਂ ਨਾ ਸਿਰਫ਼ 12 ਫ਼ੀਸਦੀ ਵਸਤਾਂ ਹੀ ਤਿਆਰ ਕਰ ਕੇ ਡੱਬਾਬੰਦ ਕੀਤੀਆਂ ਜਾਂਦੀਆਂ ਹਨ, ਫਿਰ ਛੋਟੇ ਕਿਸਾਨ ਹੋਣ ਕਰਕੇ ਉਹ ਉਦਯੋਗਿਕ ਇਕਾਈਆਂ ਉਨ੍ਹਾਂ ਦੇ ਫਾਰਮਾਂ 'ਤੇ ਨਹੀਂ ਸਗੋਂ ਸ਼ਹਿਰਾਂ ਵਿੱਚ ਫਾਰਮਾਂ ਤੋਂ ਦੂਰ ਹਨ ਭਾਵੇਂ ਕੱਚਾ ਮਾਲ ਪਿੰਡਾਂ ਤੋਂ ਹੀ ਲਿਆ ਜਾਂਦਾ ਹੈ। ਖੇਤੀ ਉਪਜ ਵਧਾਉਣ ਲਈ ਸਭ ਤੋਂ ਮਹੱਤਵਪੂਰਨ ਤੱਤ ਭੂਮੀ ਹੈ। ਉਦਯੋਗਾਂ ਵਿੱਚ ਤਾਂ 20 ਮਸ਼ੀਨਾਂ ਦਾ ਬਦਲ ਇੱਕ ਮਸ਼ੀਨ ਵੀ ਹੋ ਸਕਦਾ ਹੈ ਪਰ ਖੇਤੀ ਵਿੱਚ 20 ਏਕੜ ਦਾ ਬਦਲ ਇੱਕ ਏਕੜ ਨਹੀਂ ਹੋ ਸਕਦਾ। ਭਾਰਤ ਦੇ 40 ਫ਼ੀਸਦੀ ਉਹ ਕਿਸਾਨ ਹਨ ਜਿਨ੍ਹਾਂ ਦੀ ਖੇਤੀ ਜੋਤ ਸਿਰਫ਼ 1 ਏਕੜ ਤੋਂ ਵੀ ਘੱਟ ਹੈ। ਉਨ੍ਹਾਂ ਨੂੰ ਸਮਰਥਨ ਕੀਮਤ ਅਤੇ ਯਕੀਨੀ ਮੰਡੀਕਰਨ ਦਾ ਲਾਭ ਵੀ ਨਹੀਂ ਮਿਲ ਸਕਦਾ ਕਿਉਂ ਜੋ ਉਨ੍ਹਾਂ ਨੂੰ ਤਾਂ ਆਪ ਕਣਕ ਅਤੇ ਝੋਨਾ ਖ਼ਰੀਦਣਾ ਪੈਂਦਾ ਹੈ।

ਬਹੁਤ ਸਾਰੇ ਖੇਤੀ ਕਰਨ ਵਾਲੇ ਖੇਤੀ ਵਸਤਾਂ ਵੀ ਬਾਜ਼ਾਰ ਤੋਂ ਖ਼ਰੀਦਣ ਲਈ ਮਜਬੂਰ ਹਨ। ਖੇਤੀ ਅਰਥ-ਸ਼ਾਸਤਰੀਆਂ ਦਾ ਵਿਚਾਰ ਹੈ ਕਿ ਉਹ ਖੇਤੀ ਜੋਤ ਜਿਹੜੀ 15 ਏਕੜ ਤੋਂ ਘੱਟ ਹੈ, ਉਹ ਕਿਸਾਨ ਦੇ ਪਰਿਵਾਰ ਦੀਆਂ ਲੋੜਾਂ ਵੀ ਪੂਰੀਆਂ ਨਹੀਂ ਕਰ ਸਕਦੀ ਪਰ ਭਾਰਤ ਵਿੱਚ ਸਿਰਫ਼ 7 ਫ਼ੀਸਦੀ ਹੀ ਉਹ ਕਿਸਾਨ ਹਨ ਜਿਨ੍ਹਾਂ ਦੀਆਂ ਜੋਤਾਂ 15 ਏਕੜਾਂ ਤੋਂ ਵੱਧ ਹਨ। ਭਾਰਤ ਦੇ 79 ਫ਼ੀਸਦੀ ਕਿਸਾਨ ਕਰਜ਼ਾਈ ਹਨ ਪਰ ਖੇਤੀ ਜੋਤ ਅਤੇ ਕਰਜ਼ੇ ਦਾ ਸਹਿ ਸਬੰਧ ਹੈ ਜਿਸ ਦਾ ਅਰਥ ਹੈ ਕਿ ਜਿਸ ਦੀ ਜੋਤ ਵੱਡੀ ਹੈ, ਉਹ ਜ਼ਿਆਦਾ ਕਰਜ਼ਾਈ ਹੈ ਕਿਉਂ ਜੋ ਉਸ ਦੀ ਕਰਜ਼ਾ ਲੈਣ ਦੀ ਸਮਰੱਥਾ ਜ਼ਿਆਦਾ ਹੈ ਪਰ ਇਸ ਤਰ੍ਹਾਂ ਵਿਕਸਤ ਦੇਸ਼ਾਂ ਵਿਚ ਨਹੀਂ ਹੈ।

ਇਨ੍ਹਾਂ ਹਾਲਤਾਂ 'ਚ ਕਿਸਾਨ ਦੀ ਸਥਿਤੀ ਸੁਧਾਰਨ ਲਈ ਉਹ ਮਾਡਲ ਨਹੀਂ ਅਪਣਾਇਆ ਜਾ ਸਕਦਾ ਹੈ ਜੋ ਵਿਕਸਤ ਦੇਸ਼ਾਂ ਵਿੱਚ ਅਪਣਾਇਆ ਜਾ ਰਿਹਾ ਹੈ। ਭੂਮੀ ਤਾਂ ਵਧਾਈ ਨਹੀਂ ਜਾ ਸਕਦੀ। ਸੰਘਣੀ ਖੇਤੀ ਮਜਬੂਰੀ ਹੈ ਪਰ ਧਰਤੀ ਦੇ ਕਮਜ਼ੋਰ ਹੋਣ ਤੋਂ ਬਚਾਅ ਕਰਨ ਲਈ ਰਸਾਇਣਾਂ ਦੀ ਜਗ੍ਹਾ ਜੈਵਿਕ ਖਾਦਾਂ ਦੀ ਵਰਤੋਂ ਵਧਣੀ ਚਾਹੀਦੀ ਹੈ। ਪ੍ਰਾਂਤ ਦੀਆਂ ਮੁੱਖ ਫ਼ਸਲਾਂ ਲਈ ਪ੍ਰਾਂਤਾਂ ਦੀਆਂ ਸਰਕਾਰਾਂ ਨੂੰ ਕੇਂਦਰ ਸਰਕਾਰ ਨਾਲ ਮਿਲ ਕੇ ਯਕੀਨੀ ਮੰਡੀਕਰਨ ਅਤੇ ਘੱਟੋ-ਘੱਟ ਸਮਰਥਨ ਮੁੱਲ ਦਿੱਤਾ ਜਾਵੇ। ਗ਼ੈਰ-ਖੇਤੀ ਕਾਰੋਬਾਰਾਂ ਨੂੰ ਪਿੰਡਾਂ 'ਚ ਯੋਜਨਾਵਾਂ ਅਨੁਸਾਰ ਲਾਗੂ ਕੀਤਾ ਜਾਵੇ, ਨਹਿਰੀ ਪਾਣੀ ਦੀ ਵਰਤੋਂ ਵਧਾਈ ਜਾਵੇ ਅਤੇ ਸਭ ਤੋਂ ਉੱਪਰ ਉਸ ਖੇਤਰ ਦੀ ਉਪਜ ਅਨੁਸਾਰ, ਸਹਿਕਾਰੀ ਖੇਤਰ ਅਧੀਨ ਉਦਯੋਗਿਕ ਇਕਾਈਆਂ ਚਾਲੂ ਕੀਤੀਆਂ ਜਾਣ ਤਾਂ ਕਿ ਖੇਤੀ ਤੋਂ ਇਲਾਵਾ ਹੋਰ ਪੇਸ਼ਿਆਂ 'ਚ ਕਾਰੋਬਾਰ ਨੂੰ ਹੁਲਾਰਾ ਮਿਲ ਸਕੇ।



# ਕੀ ਹੇਮਕੁੰਟ ਸਿੱਖ ਧਰਮ ਦਾ ਇਤਿਹਾਸਕ ਸਥਾਨ ਹੈ ?



ਭਾਈ ਅਸ਼ੋਕ ਸਿੰਘ ਬਾਗੜੀਆਂ

ਸਿੱਖ ਸਮਾਜ ਨੂੰ ਇਹ ਗੱਲ ਹਮੇਸ਼ਾ ਯਾਦ ਰੱਖਣੀ ਚਾਹੀਦੀ ਹੈ ਕਿ ਸਿੱਖ ਧਰਮ ਇਤਿਹਾਸਕ ਧਰਮ ਹੈ, ਮਿਥਿਹਾਸਕ ਨਹੀਂ। ਗੁਰਦੁਆਰਾ ਹੇਮਕੁੰਟ ਨੂੰ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਦੇ ਮਿਥਿਹਾਸਕ ਚਰਨਛੋਹ ਪ੍ਰਾਪਤ ਵਜੋਂ ਪ੍ਰਚਾਰਿਆ ਪ੍ਰਸਾਰਿਆ ਜਾਣਾ, ਇਤਿਹਾਸਕ ਤੌਰ 'ਤੇ ਗ਼ਲਤ ਹੀ ਨਹੀਂ ਸਗੋਂ ਸਿੱਖ ਸਿਧਾਂਤਾਂ ਦੀ ਹੁਕਮ ਅਦੂਲੀ ਹੈ। ਦਸਮੇਸ਼ ਜੀ ਦੀ ਸੰਸਾਰੀ ਯਾਤਰਾ 1666 ਤੋਂ 1708 ਈਸਵੀ ਤੱਕ ਕਦੇ ਵੀ ਇਨ੍ਹਾਂ ਪਹਾੜਾਂ ਵਿੱਚ ਆਉਣ ਦਾ ਜ਼ਿਕਰ ਨਹੀਂ। ਇਸ ਗੁਰਦੁਆਰੇ ਦੀ ਇਮਾਰਤ ਦਾ ਡਿਜ਼ਾਈਨ ਬਸੰਤ ਸਿੰਘ ਜੋ ਅਣਵੰਡੇ ਪੰਜਾਬ ਵਿੱਚ ਪੀ.ਡਬਲਿਊ.ਡੀ. ਵਿਭਾਗ ਵਿੱਚ ਸੀਨੀਅਰ ਇੰਜਨੀਅਰ ਸਨ, ਦਾ ਤਿਆਰ ਕੀਤਾ ਹੋਇਆ ਹੈ। ਉਨ੍ਹੀਂ ਦਿਨੀਂ, ਜਦੋਂ ਸ਼ਿਮਲਾ ਪੰਜਾਬ ਦੀ ਰਾਜਧਾਨੀ ਸੀ, ਬਸੰਤ ਸਿੰਘ ਸਾਡੇ ਨਜ਼ਦੀਕ ਹੀ ਰਹਿੰਦੇ ਸਨ।

ਇਤਿਹਾਸਕ ਪ੍ਰਸੰਗ ਵਿੱਚ ਦੇਖੀਏ ਤਾਂ ਪਹਿਲੇ ਪੰਜ ਗੁਰੂ ਸਾਹਿਬਾਨ ਵੱਲੋਂ ਆਪਣੇ ਕਾਲ ਵਿੱਚ ਸਿੱਖ ਧਰਮ ਲਈ ਕਈ ਸਿਧਾਂਤ ਉਲੀਕੇ ਗਏ ਜਿਨ੍ਹਾਂ ਦੀ ਅੱਜ ਵੀ ਓਨੀ ਹੀ ਮਾਨਤਾ ਅਤੇ ਮਹੱਤਤਾ ਹੈ। ਮਿਸਾਲ ਵਜੋਂ ਤਿੰਨ ਗੁਰੂ ਸਾਹਿਬਾਨ ਗੁਰੂ ਨਾਨਕ ਦੇਵ ਜੀ ਦੇ ਸਮਕਾਲੀ ਸਨ ਪਰ ਉਨ੍ਹਾਂ ਨੂੰ ਗੁਰੂ ਉਦੋਂ ਤੋਂ ਹੀ ਮੰਨਿਆ ਗਿਆ, ਜਦੋਂ ਉਨ੍ਹਾਂ ਨੂੰ ਗੁਰਗੱਦੀ ਮਿਲੀ; ਭਾਵ, ਗੁਰੂ ਨਾਨਕ ਜੀ ਦਾ 1469-1539 ਦੇ ਸਮੇਂ ਵਿੱਚ ਗੁਰੂ ਅੰਗਦ ਦੇਵ ਜੀ ਦਾ ਜਨਮ 1504 (ਉਮਰ 35 ਸਾਲ), ਗੁਰੂ ਅਮਰਦਾਸ ਜੀ ਦਾ ਜਨਮ 1479 ਈਸਵੀ (ਉਮਰ 60 ਸਾਲ), ਗੁਰੂ ਰਾਮਦਾਸ ਜੀ ਦਾ ਜਨਮ 1534 ਈਸਵੀ (ਉਮਰ 5 ਸਾਲ) ਵਿੱਚ ਹੋਇਆ। ਇਹ ਤਿੰਨੋਂ ਗੁਰੂ ਸਾਹਿਬਾਨ ਕ੍ਰਮਵਾਰ 35, 60 ਅਤੇ 5 ਸਾਲ ਗੁਰੂ ਨਾਨਕ ਦੇਵ ਜੀ ਦੇ ਵੀ ਸਮਕਾਲੀ ਸਨ ਅਤੇ ਇੱਕ ਦੂਜੇ ਗੁਰੂ ਸਾਹਿਬਾਨ ਦੇ ਵੀ ਸਮਕਾਲੀ ਸਨ। ਗੁਰੂ ਅੰਗਦ ਦੇਵ ਜੀ ਦੇ ਪਿਤਾ ਮੰਦਰ ਦੇ ਪੁਜਾਰੀ ਸਨ ਅਤੇ ਗੁਰਗੱਦੀ 'ਤੇ ਬਿਰਾਜਮਾਨ ਹੋਣ ਤੋਂ ਪਹਿਲਾਂ ਆਪ ਦੁਰਗਾ ਦੇ ਭਗਤ ਸਨ। ਗੁਰੂ ਅਮਰਦਾਸ ਜੀ ਨੂੰ ਗੁਰੂ ਗੱਦੀ ਮਿਲਣ ਤੋਂ ਪਹਿਲਾਂ ਹਰ ਸਾਲ ਤੀਰਥਾਂ ਦੀ ਯਾਤਰਾ ਕਰਦੇ ਸਨ ਪਰ ਜਿਸ ਵਕਤ ਗੁਰੂ ਗੱਦੀ ਉਨ੍ਹਾਂ ਨੂੰ ਸੌਂਪੀ ਗਈ ਤਾਂ ਉਨ੍ਹਾਂ ਦੀ ਪਹਿਲੀ ਜ਼ਿੰਦਗੀ ਵਿੱਚ ਕੀ ਘਟਿਆ, ਉਸ ਨੂੰ ਪਿੱਛੇ ਛੱਡ ਦਿੱਤਾ ਗਿਆ ਅਤੇ ਗੁਰੂ ਗੱਦੀ ਮਿਲਣ ਤੋਂ ਬਾਅਦ ਉਨ੍ਹਾਂ ਦੇ ਕੀਤੇ ਕੰਮਾਂ ਨੂੰ ਮਹੱਤਵ ਦਿੱਤਾ ਗਿਆ। ਸਿੱਖ ਧਰਮ ਵਿੱਚ ਕਿਤੇ ਵੀ ਉਨ੍ਹਾਂ ਦੀ ਦੇਵੀ ਪੂਜਣ ਵਾਲੇ ਜਾਂ ਤੀਰਥਾਂ ਦੀ ਯਾਤਰਾ ਕਰਨ ਦੇ ਕੰਮਾਂ ਦਾ ਕੋਈ ਵੀ ਮਹੱਤਵ ਨਾ ਰਿਹਾ।



ਇਸ ਤੋਂ ਦੋ ਗੱਲਾਂ ਭਲੀ-ਭਾਂਤੀ ਸਿੱਧ ਹੁੰਦੀਆਂ ਹਨ; ਪਹਿਲੀ ਤਾਂ ਇਹ ਕਿ ਸਿੱਖ ਧਰਮ ਵਿੱਚ ਦੇਵੀ ਪੂਜਾ ਜਾਂ ਤੀਰਥ ਯਾਤਰਾ, ਬੁੱਤ ਪ੍ਰਸਤੀ, ਤਪ ਆਦਿ ਦਾ ਕੋਈ ਮਹੱਤਵ ਨਹੀਂ; ਦੂਜਾ, ਗੁਰੂ ਪਦਵੀ ਪ੍ਰਾਪਤ ਕਰਨ ਤੋਂ ਪਹਿਲਾਂ ਉਨ੍ਹਾਂ ਦੀ ਧਾਰਮਿਕ ਜ਼ਿੰਦਗੀ ਕਿਹੋ ਜਿਹੀ ਸੀ, ਉਹ ਵੀ ਪਿੱਛੇ ਛੱਡ ਦਿੱਤੀ ਗਈ ਪਰ ਹੇਮਕੁੰਟ ਦਾ ਸਬੰਧ ਗੁਰੂ ਗੋਬਿੰਦ ਸਿੰਘ ਜੀ ਨਾਲ ਜੋੜਨਾ ਅਤੇ ਉਹ ਵੀ ਇਹ ਦਲੀਲ ਦੇ ਕੇ ਕਿ ਉਨ੍ਹਾਂ ਨੇ ਆਪਣੇ ਪਿਛਲੇ ਜਨਮ ਵਿੱਚ ਇੱਥੇ ਭਗਤੀ ਜਾਂ ਤਪ ਕੀਤਾ ਸੀ, ਸਿੱਖ ਪੰਥ ਨੂੰ ਬੜੀ ਹਾਸੋ-ਹੀਣੀ ਸਥਿਤੀ ਵਿੱਚ ਪਾ ਦਿੰਦਾ ਹੈ। ਹੇਮਕੁੰਟ ਨੂੰ ਸਿੱਖਾਂ ਦਾ ਤੀਰਥ ਬਣਾ ਕੇ ਸਿੱਖਾਂ ਨੂੰ ਹਿੰਦੂ ਧਰਮ ਦੀ ਅਮਰਨਾਥ ਤੀਰਥ ਦੀ ਦੁਰਗਮ ਯਾਤਰਾ ਵਰਗਾ ਬਣਾ ਦਿੱਤਾ ਗਿਆ ਹੈ ਜਦਕਿ ਗੁਰਬਾਣੀ ਅਨੁਸਾਰ ਪਿਛਲੇ ਜਨਮ ਦੀ ਬਜਾਏ ਇਸ ਜਨਮ ਦੇ ਕਰਮ ਨੂੰ ਜ਼ਿਆਦਾ ਤਵੱਜੋ ਦਿੱਤੀ ਗਈ ਹੈ।

ਇਸ ਤੋਂ ਪਹਿਲਾਂ ਰਵਾਲਸਰ ਜੋ ਹਿਮਾਚਲ ਪ੍ਰਦੇਸ਼ ਵਿੱਚ ਹੈ, ਨੂੰ ਹੇਮਕੁੰਟ ਵਾਂਗ ਸਿੱਖਾਂ ਵਿੱਚ ਤੀਰਥ ਵਜੋਂ ਹਰਮਨ ਪਿਆਰਾ ਕਰਨ ਦਾ ਯਤਨ ਕੀਤਾ ਗਿਆ ਸੀ। ਉਸ ਗੁਰਦੁਆਰੇ ਦੀ ਉਸਾਰੀ ਉਨ੍ਹੀਂ ਦਿਨੀਂ, ਜਦੋਂ ਜੋਗਿੰਦਰ ਨਗਰ ਦਾ ਹਾਈਡ੍ਰੋ-ਪ੍ਰਾਜੈਕਟ ਤਿਆਰ ਹੋ ਰਿਹਾ ਸੀ, ਠੇਕੇਦਾਰ ਡਾਕਟਰ ਟਹਿਲ ਸਿੰਘ ਦੀ ਹਿੰਮਤ ਨਾਲ ਹੋਈ ਜੋ ਇਸ ਹਾਈਡ੍ਰੋ-ਪ੍ਰਾਜੈਕਟ ਦਾ ਠੇਕੇਦਾਰ ਸੀ। ਉਸ ਨੂੰ ਵੀ ਉਸ ਵਕਤ ਹੇਮਕੁੰਟ ਵਾਲੀ ਸਪਤ-ਸ਼ਿੰਗ ਵਾਲੀ ਥਿਊਰੀ ਨਾਲ ਪ੍ਰਚਾਰਿਆ ਜਾਂਦਾ ਸੀ।




ਸਿੱਖ ਧਰਮ ਜਾਂ ਸਿਧਾਂਤ ਵਿੱਚ ਅਜਿਹੇ ਪਿਛਲੇ ਜਨਮ ਦੇ ਤੀਰਥਾਂ ਜਾਂ ਤਪ ਅਸਥਾਨ ਦੀ ਕੋਈ ਮਾਨਤਾ ਨਹੀਂ। ਸਿੱਖ ਰਹਿਤ ਮਰਿਯਾਦਾ ਕਹਿੰਦੀ ਹੈ ਕਿ ਇਨ੍ਹਾਂ ਮੜ੍ਹੀਆਂ ਮਸਾਣਾਂ ਆਦਿ ਦੀ ਪੂਜਾ ਨਹੀਂ ਕਰਨੀ ਅਤੇ ਕੋਈ ਵੀ ਅੰਗੀਠਾ ਸਾਹਿਬ ਗੁਰਦੁਆਰਾ ਨਹੀਂ ਬਣਾਉ ਪਰ ਅੱਜ ਕੱਲ੍ਹ ਸਿੱਖ ਧਰਮ ਵਿੱਚ ਪਨਪੇ ਡੇਰੇਦਾਰਾਂ ਵਲੋਂ ਇਸ ਤਰ੍ਹਾਂ ਦੇ ਆਲੀਸ਼ਾਨ ਗੁਰਦੁਆਰੇ ਬਣਾ ਕੇ ਸਿੱਖਾਂ ਵਿੱਚ ਤੀਰਥਾਂ ਦੀ ਥਿਊਰੀ ਨੂੰ ਪ੍ਰਚੱਲਤ ਕੀਤਾ ਜਾ ਰਿਹਾ ਹੈ, ਜੋ ਸਿੱਖਾਂ ਦੇ ਅੱਡਰੇਪਨ ਲਈ ਘਾਤਕ ਹੋਵੇਗਾ।

ਸਿੱਖ ਸਮਾਜ ਗੁਰੂ ਸਾਹਿਬਾਨ ਨੂੰ 10 ਨਾਨਕ ਜੋਤਾਂ ਮੰਨਦਾ ਹੈ; ਭਾਵ, ਇੱਕ ਜੋਤ ਦੂਜੀ ਵਿੱਚ ਤਬਦੀਲ ਹੋਈ ਪਰ ਅਗਰ ਹੇਮਕੁੰਟ ਦੀ ਥਿਊਰੀ ਨੂੰ ਸਵੀਕਾਰ ਕੀਤਾ ਜਾਂਦਾ ਹੈ ਤਾਂ ਫਿਰ ਗੁਰੂ ਗੋਬਿੰਦ ਸਿੰਘ ਨਾਨਕ ਦੀ ਦਸਵੀਂ ਜੋਤ ਕਿਵੇਂ ਹੋ ਸਕਦੀ ਹੈ? ਕਿਉਂਕਿ ਹੇਮਕੁੰਟ ਦੀ ਧਾਰਨਾ ਸਿੱਖੀ ਦੇ ਮੁਢਲੇ ਅਸੂਲ ਦੇ ਬਿਲਕੁਲ ਉਲਟ ਹੈ। ਦੂਜਾ, ਜਦੋਂ ਸਰਕਾਰਾਂ ਜਾਂ ਮਨਮਤੀਏ ਧਰਮ ਵਿੱਚ ਇਹੋ ਜਿਹੇ ਵਿਗਾੜ ਪੈਦਾ ਕਰਨ ਵਾਲੇ ਕੰਮਾਂ ਨੂੰ ਉਤਸ਼ਾਹਿਤ ਕਰਦੇ ਹਨ ਤਾਂ ਪੜ੍ਹਿਆ-ਲਿਖਿਆ ਸਿੱਖ ਵਰਗ ਕਿਉਂ ਨਹੀਂ ਬੋਲਦਾ? ਇਸ ਦਾ ਮਤਲਬ ਤਾਂ ਇਹ ਹੋਇਆ ਕਿ ਜਾਂ ਤਾਂ ਉਹ ਸਿੱਖ ਸਿਧਾਂਤਾਂ ਤੋਂ ਬਿਲਕੁਲ ਸੱਖਣੇ ਹਨ, ਜਾਂ ਫਿਰ ਉਨ੍ਹਾਂ ਨੂੰ ਸਿਧਾਂਤਾਂ ਵਿੱਚ ਪਾਏ ਜਾ ਰਹੇ ਇਸ ਵਿਗਾੜ ਨਾਲ ਕੋਈ ਫ਼ਰਕ ਹੀ ਨਹੀਂ ਪੈਂਦਾ।

ਅੰਤ ਵਿੱਚ ਮੈਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਬੇਨਤੀ ਕਰਨੀ ਚਾਹਾਂਗਾ ਕਿ ਉਹ ਐਸੀ ਮਨਮਤ ਦੇ ਪ੍ਰਚਾਰ ਨੂੰ ਪ੍ਰਵਾਨਗੀ ਨਾ ਦੇਣ ਅਤੇ ਅਜਿਹੇ ਪ੍ਰਚਾਰ ਖ਼ਿਲਾਫ਼ ਆਪਣੀ ਆਵਾਜ਼ ਬੁਲੰਦ ਕਰਨ ਤਾਂ ਜੋ ਸਿੱਖ ਧਰਮ ਵਿੱਚ ਹੋਰ ਵਿਗਾੜ ਪੈਣ ਤੋਂ ਰੋਕਿਆ ਜਾ ਸਕੇ। ਇਹੀ ਸਿੱਖ ਧਰਮ ਦੇ ਹਿੱਤ ਵਿੱਚ ਹੋਵੇਗਾ।



# ਸ੍ਰੀ ਗੁਰੂ ਅਰਜਨ ਦੇਵ ਜੀ ਦੀ ਲਾਸਾਨੀ ਸ਼ਹਾਦਤ



ਐਡਵੋਕੇਟ ਹਰਜਿੰਦਰ ਸਿੰਘ ਧਾਮੀ

ਪੰਜਵੇਂ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਮਨੁੱਖਤਾ ਦੇ ਇਤਿਹਾਸ ਅੰਦਰ ਇੱਕ ਇਨਕਲਾਬੀ ਮੋੜ ਸੀ। ਇਸ ਸ਼ਹਾਦਤ ਨੇ ਜਿੱਥੇ ਧਾਰਮਿਕ ਕੱਟੜਤਾ ਦੇ ਨਾਂ 'ਤੇ ਮਨੁੱਖੀ ਅੱਤਿਆਚਾਰ ਦੀ ਪ੍ਰਵਿਰਤੀ ਨੂੰ ਸਿਖਰਲੀ ਚੁਣੌਤੀ ਦਿੱਤੀ, ਉਥੇ ਹੀ ਮਾਨਵਤਾ ਨੂੰ ਜਬਰ ਦੇ ਮੁਕਾਬਲੇ ਲਈ ਭੈਅ ਮੁਕਤ ਵੀ ਕੀਤਾ। ਸਿੱਖ ਇਤਿਹਾਸ ਅੰਦਰ ਪੰਜਵੇਂ ਗੁਰੂ ਦੀ ਸ਼ਹਾਦਤ ਇੱਕ ਕ੍ਰਾਂਤੀਕਾਰੀ ਪੰਨੇ ਵਜੋਂ ਅੰਕਿਤ ਹੈ, ਜਿਸ ਦੀ ਪ੍ਰੇਰਣਾ ਅੱਜ ਵੀ ਹਰ ਸਿੱਖ ਲਈ ਰਾਹ-ਦਸੇਰਾ ਹੈ। ਗੁਰੂ ਸਾਹਿਬ ਦੀ ਇਸ ਸ਼ਹਾਦਤ ਨੇ ਸਿੱਖਾਂ ਨੂੰ ਜ਼ੁਲਮ ਨਾਲ ਟੱਕਰ ਲੈਣ, ਅਕਾਲ ਪੁਰਖ ਦਾ ਭਾਣਾ ਮੰਨਣ ਅਤੇ ਸਬਰ, ਸੰਤੋਖ ਤੇ ਦ੍ਰਿੜ੍ਹਤਾ ਨਾਲ ਆਪਣੇ ਹੱਕਾਂ ਦੀ ਰਾਖੀ ਕਰ ਸਕਣ ਦਾ ਚੱਜ ਸਿਖਾ ਕੇ ਸਿੱਖੀ ਦੇ ਮਹਿਲ ਦੀਆਂ ਨੀਹਾਂ ਇੰਨੀਆਂ ਪੱਕੀਆਂ ਤੇ ਮਜ਼ਬੂਤ ਕਰ ਦਿੱਤੀਆਂ ਕਿ ਜ਼ੁਲਮ ਦੇ ਝੱਖੜ ਇਸ ਦਾ ਕੁਝ ਨਾ ਵਿਗਾੜ ਸਕੇ। ਇਸ ਪਾਵਨ ਸ਼ਹਾਦਤ ਨੇ ਸਿੱਖ ਮਰਜੀਵੜਿਆਂ ਨੂੰ ਹੱਕ-ਸੱਚ ਖ਼ਾਤਰ ਕੁਰਬਾਨ ਹੋਣ ਦੀ ਅਜਿਹੀ ਜਾਚ ਸਿਖਾਈ ਕਿ ਉਨ੍ਹਾਂ ਨੇ ਸ਼ਹਾਦਤਾਂ ਦੀ ਇੱਕ ਲੰਮੀ ਲੜੀ ਸਿਰਜ ਦਿੱਤੀ। ਸ਼ਹਾਦਤਾਂ ਦੀ ਇਹ ਲੜੀ ਸਿੱਖ ਇਤਿਹਾਸ ਦਾ ਹਾਸਲ ਹੈ।

ਸ਼ਹੀਦ ਤੇ ਸ਼ਹਾਦਤ ਅਰਬੀ ਭਾਸ਼ਾ ਦੇ ਸ਼ਬਦ ਹਨ। ਕਿਸੇ ਉਚੇ-ਸੁੱਚੇ ਉਦੇਸ਼ ਲਈ ਨਿਸ਼ਕਾਮ ਰਹਿ ਕੇ ਕੁਰਬਾਨੀ ਦੇਣ ਵਾਲਾ ਸ਼ਹੀਦ ਅਖਵਾਉਂਦਾ ਹੈ। ਸਿੱਖੀ ਅੰਦਰ 'ਸ਼ਹਾਦਤ' ਸ਼ਬਦ ਦੀ ਵਰਤੋਂ ਸੱਚ ਦੀ ਆਵਾਜ਼ ਬੁਲੰਦ ਰੱਖਣ ਲਈ ਦਿੱਤੀ ਗਈ ਕੁਰਬਾਨੀ ਦੀ ਗਵਾਹੀ ਵਜੋਂ ਕੀਤੀ ਜਾਂਦੀ ਹੈ ਅਤੇ ਇਹ ਗਵਾਹੀ ਕੋਈ ਆਮ ਨਹੀਂ, ਸਗੋਂ ਸਮਾਜਕ ਪਰਪੇਖ ਦੇ ਨਾਲ-ਨਾਲ ਰੂਹਾਨੀਅਤ ਨਾਲ ਵੀ ਭਰਪੂਰ ਹੈ। ਸ਼ਹਾਦਤ ਹਮੇਸ਼ਾਂ ਸੱਚ ਵਾਸਤੇ ਹੁੰਦੀ ਹੈ, ਇਸ ਕਰਕੇ ਸੱਚ ਅਤੇ ਸ਼ਹਾਦਤ ਦਾ ਰਿਸ਼ਤਾ ਵੀ ਅਟੁੱਟ ਹੈ। ਸਿੱਖ ਧਰਮ ਵਿੱਚ ਸੱਚ 'ਤੇ ਚੱਲਣ ਅਤੇ ਸੱਚ ਖਾਤਰ ਲੋੜ ਪੈਣ 'ਤੇ ਸ਼ਹਾਦਤ ਦੇਣ ਦਾ ਮਾਰਗ ਪਹਿਲੇ ਪਾਤਸ਼ਾਹ ਗੁਰੂ ਨਾਨਕ ਦੇਵ ਜੀ ਨੇ ਉਜਾਗਰ ਕੀਤਾ ਸੀ। ਉਨ੍ਹਾਂ ਹੁਕਮ ਕੀਤਾ:

ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥
ਸਿਰੁ ਦੀਜੈ ਕਾਣਿ ਨ ਕੀਜੈ ॥

(ਗੁਰੂ ਗ੍ਰੰਥ ਸਾਹਿਬ, ਅੰਗ-1412)

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨੇ ਪਹਿਲੇ ਪਾਤਸ਼ਾਹ ਵੱਲੋਂ ਦਰਸਾਏ ਇਸ ਮਾਰਗ ਨੂੰ ਹੋਰ ਪੱਕਿਆਂ ਕੀਤਾ। ਪੰਜਵੇਂ ਪਾਤਸ਼ਾਹ ਦਾ ਸਾਰਾ ਜੀਵਨ ਪਰਉਪਕਾਰ ਤੇ ਉਚੇ ਆਦਰਸ਼ਾਂ ਲਈ ਬਤੀਤ ਹੋਇਆ।

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਸਿੱਖ ਇਤਿਹਾਸ ਵਿੱਚ ਪਹਿਲੀ ਤੇ ਦੁਨੀਆ ਦੇ ਇਤਿਹਾਸ ਵਿੱਚ ਲਾਸਾਨੀ ਤੇ ਬੇਮਿਸਾਲ ਹੈ। ਉਨ੍ਹਾਂ ਦੀ ਸ਼ਹੀਦੀ ਦੇ ਅਸਲ ਕਾਰਨ ਜਹਾਂਗੀਰ ਬਾਦਸ਼ਾਹ ਦੀ ਧਾਰਮਿਕ ਕੱਟੜਤਾ ਤੇ ਤੰਗਦਿਲੀ ਸੀ। ਪੰਜਵੇਂ ਪਾਤਸ਼ਾਹ ਦੇ ਦਿਨੋਂ-ਦਿਨ ਵਧ ਰਹੇ ਤੇਜ ਪ੍ਰਤਾਪ ਨੂੰ ਬਰਦਾਸ਼ਤ ਕਰਨਾ ਤੁਅੱਸਬੀ ਬਾਦਸ਼ਾਹ ਤੇ ਕੱਟੜਪੰਥੀ ਠੇਕੇਦਾਰਾਂ ਲਈ ਮੁਸ਼ਕਿਲ ਹੋ ਚੁੱਕਾ ਸੀ। ਪੰਜਵੇਂ ਪਾਤਸ਼ਾਹ ਦੇ ਚੜ੍ਹਦੀ ਕਲਾ, ਬੇਬਾਕ ਬਿਆਨ ਤੇ ਨਿਧੜਕ ਐਲਾਨ ਜਿਥੇ ਉਨ੍ਹਾਂ ਦੇ ਧਰਮ-ਕਰਮ ਦੀ ਵਿਲੱਖਣਤਾ, ਆਚਾਰ-ਸਦਾਚਾਰ ਦਾ ਨਿਆਰਾਪਨ, ਕਥਨੀ-ਕਰਨੀ ਦੀ ਸੁਤੰਤਰਤਾ, ਸੁਭਾਅ ਦੀ ਨਿਰਭੈਤਾ ਅਤੇ ਸਿੱਖ ਲਹਿਰ ਦੇ ਅੱਗੇ ਵਧਣ ਦਾ ਸੂਚਕ ਸੀ, ਉਥੇ ਕਰਮਕਾਂਡੀ ਤੁਅੱਸਬੀ ਸ਼ਕਤੀਆਂ ਨੂੰ ਭਾਰੀ ਚੁਣੌਤੀ ਸੀ। ਗੁਰੂ ਘਰ ਪ੍ਰਤੀ ਸੰਗਤ ਵਿੱਚ ਵਧ ਰਹੀ ਸ਼ਰਧਾ ਬਾਰੇ ਸੁਣਨਾ ਹਾਕਮਾਂ ਨੂੰ ਬਿਲਕੁਲ ਵੀ ਪ੍ਰਵਾਨ ਨਹੀਂ ਸੀ। ਅਸਲ ਵਿੱਚ ਜਹਾਂਗੀਰ ਮੌਕੇ ਦੀ ਭਾਲ ਵਿੱਚ ਸੀ ਕਿ ਉਸ ਨੂੰ ਕਦੋਂ ਕੋਈ ਬਹਾਨਾ ਮਿਲੇ ਤੇ ਉਹ ਸਿੱਖ ਲਹਿਰ ਨੂੰ ਖਤਮ ਕਰ ਦੇਵੇ ਤੇ ਸਿੱਖਾਂ ਦੇ ਗੁਰੂ ਅਰਜਨ ਦੇਵ ਜੀ ਨੂੰ ਜਾਂ ਤਾਂ ਮੁਸਲਮਾਨ ਬਣਾ ਦੇਵੇ ਜਾਂ ਸ਼ਹੀਦ ਕਰ ਦੇਵੇ। ਇਸ ਗੱਲ ਦਾ ਜ਼ਿਕਰ ਉਹ ਆਪਣੀ ਸਵੈ-ਜੀਵਨੀ 'ਤੁਜ਼ਕੇ ਜਹਾਂਗੀਰੀ' ਵਿੱਚ ਵੀ ਕਰਦਾ ਹੈ। ਉਸ ਨੂੰ ਬਹਾਨੇ ਦੀ ਤਲਾਸ਼ ਸੀ ਜੋ ਉਸ ਨੂੰ ਖੁਸਰੋ ਦੀ ਬਗਾਵਤ 'ਚੋਂ ਮਿਲਿਆ। ਇਸ ਤੋਂ ਇਲਾਵਾ ਹੋਰ ਵੀ ਕਈ ਕਾਰਨ ਸਹਾਇਕ ਬਣੇ।

ਜਹਾਂਗੀਰ ਨੇ ਗੁਰੂ ਸਾਹਿਬ ਨੂੰ ਯਾਸਾ-ਏ-ਸਿਆਸਤ ਅਧੀਨ ਸਜ਼ਾ ਦਿੱਤੀ. ਜਿਸ ਤੋਂ ਭਾਵ ਹੈ ਤਸੀਹੇ ਦੇ ਕੇ ਮਾਰਨਾ। ਇਸ ਤਰ੍ਹਾਂ ਜਹਾਂਗੀਰ ਦੇ ਹੁਕਮ ਅਨੁਸਾਰ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕੀਤਾ ਗਿਆ। ਗੁਰੂ ਸਾਹਿਬ ਨੂੰ ਸ਼ਹੀਦ ਕਰਨ ਸਮੇਂ ਕਈ ਤਰ੍ਹਾਂ ਦੇ ਅਕਹਿ ਤੇ ਅਸਹਿ ਤਸੀਹੇ ਦਿੱਤੇ ਗਏ। ਜ਼ਾਲਿਮਾਂ ਵੱਲੋਂ ਭਰ ਗਰਮੀ ਦੇ ਮੌਸਮ ਵਿੱਚ ਗੁਰੂ ਸਾਹਿਬ ਨੂੰ ਉਬਲਦੀ ਦੇਗ ਵਿੱਚ ਬਿਠਾਇਆ ਗਿਆ, ਤੱਤੀ ਤਵੀ 'ਤੇ ਚੌਂਕੜਾ ਲਵਾਇਆ ਗਿਆ ਅਤੇ ਪਾਵਨ ਸੀਸ 'ਤੇ ਸੜਦੀ-ਬਲ਼ਦੀ ਰੇਤਾ ਪਾਈ ਗਈ। ਸਭ ਸਰੀਰਕ ਕਸ਼ਟਾਂ ਨੂੰ ਬੜੇ ਸਹਿਜ ਵਿੱਚ ਸਹਾਰਦਿਆਂ ਇਸ ਨੂੰ ਕਰਤਾਰ ਦਾ ਭਾਣਾ ਸਮਝ ਕੇ ਗੁਰੂ ਸਾਹਿਬ ਅਡੋਲ ਰਹੇ। ਇਸ ਤਰ੍ਹਾਂ ਅਨੇਕਾਂ ਤਸੀਹੇ ਦੇ ਕੇ ਸੰਨ 1606 ਈ: ਵਿੱਚ ਗੁਰੂ ਸਾਹਿਬ ਨੂੰ ਸ਼ਹੀਦ ਕਰ ਦਿੱਤਾ ਗਿਆ। ਇਸ ਸ਼ਹਾਦਤ ਵਾਲੇ ਸਥਾਨ 'ਤੇ ਰਾਵੀ ਕੰਢੇ ਲਾਹੌਰ ਵਿੱਚ ਗੁਰਦੁਆਰਾ ਡੇਰਾ ਸਾਹਿਬ ਸਥਿਤ ਹੈ।

ਇਸ ਸ਼ਹਾਦਤ ਨੇ ਸਿੱਖ ਕੌਮ ਵਿੱਚ ਜਬਰ ਵਿਰੁੱਧ ਬਗਾਵਤ ਦਾ ਜੋਸ਼ ਭਰ ਦਿੱਤਾ। ਪੰਜਵੇਂ ਪਾਤਸ਼ਾਹ ਦੀ ਸ਼ਹਾਦਤ ਤੋਂ ਬਾਅਦ ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਨੇ ਮੀਰੀ ਪੀਰੀ ਦੀਆਂ ਦੋ ਕਿਰਪਾਨਾਂ ਧਾਰਨ ਕੀਤੀਆਂ ਅਤੇ 'ਅਕਾਲ ਤਖ਼ਤ' ਰਚਿਆ। ਛੇਵੇਂ ਪਾਤਸ਼ਾਹ ਵੱਲੋਂ ਮੀਰੀ ਪੀਰੀ ਦੀਆਂ ਤਲਵਾਰਾਂ ਪਹਿਨਣਾ, ਸ਼ਸਤਰ ਇਕੱਠੇ ਕਰਨਾ, ਕਿਲ੍ਹੇ ਬਣਵਾਉਣਾ, ਸ਼ਾਹੀ ਫ਼ੌਜ ਦਾ ਡੱਟ ਕੇ ਟਾਕਰਾ ਕਰਨਾ, ਉਨ੍ਹਾਂ ਨੂੰ ਕਰਾਰੀ ਹਾਰ ਦੇਣਾ, ਸੰਤ ਸਿਪਾਹੀ ਬਣਾਉਣਾ, ਇਸ ਸ਼ਹਾਦਤ ਦੇ ਫਲਸਰੂਪ ਹੀ ਅਮਲ ਵਿੱਚ ਆਏ ਸਨ। ਇਸ ਤਰ੍ਹਾਂ ਗੁਰੂ ਸਾਹਿਬ ਦੀ ਸ਼ਹਾਦਤ ਸਾਡੇ ਲਈ ਰਾਹ ਦਸੇਰਾ ਹੈ, ਜਿਸ 'ਤੇ ਚੱਲ ਕੇ ਧਰਮ ਦੇ ਸੁਨਹਿਰੀ ਅਸੂਲਾਂ ਦੀ ਖ਼ਾਤਰ ਜਬਰ-ਜ਼ੁਲਮ ਦੇ ਟਾਕਰੇ ਲਈ ਸਦਾ ਤਿਆਰ ਰਹਿਣਾ ਹੈ। ਸੱਚ ਦੀ ਖ਼ਾਤਰ ਸੰਘਰਸ਼ਸ਼ੀਲ ਰਹਿਣਾ ਹੈ ਅਤੇ ਝੂਠ, ਅਨਿਆਂ ਆਦਿ ਦੀ ਜੜ੍ਹ ਪੁੱਟਣ ਲਈ ਕਦੇ ਵੀ ਪਿੱਛੇ ਨਹੀਂ ਹਟਣਾ।

* ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ



# ਗੁਰੂ ਅਰਜਨੁ ਵਿਟਹੁ ਕੁਰਬਾਣੀ . . .



ਜਸਵਿੰਦਰ ਸਿੰਘ ਰੁਪਾਲ

ਗੁਰੂ ਅਰਜਨ ਦੇਵ ਜੀ ਦਾ ਜਨਮ ਗੋਇੰਦਵਾਲ ਸਾਹਿਬ ਵਿਖੇ ਪਿਤਾ ਗੁਰੂ ਰਾਮਦਾਸ ਜੀ ਦੇ ਘਰ ਮਾਤਾ ਭਾਨੀ ਜੀ ਦੀ ਕੁੱਖੋਂ 15 ਅਪ੍ਰੈਲ 1563 ਨੂੰ ਹੋਇਆ ।ਆਪ ਜੀ ਨੇ ਬਚਪਨ ਦੇ 11 ਸਾਲ ਆਪਣੇ ਨਾਨੇ ਗੁਰੂ ਅਮਰਦਾਸ ਜੀ ਦੀ ਸੰਗਤ ਵਿਚ ਬਿਤਾਏ । ਉਹਨਾਂ ਕੋਲੋਂ ਹੀ ਆਪ ਜੀ ਨੇ ਗੁਰਮੁਖੀ ਅਤੇ ਗੁਰਮਤਿ ਸਿੱਖੀ। ਪੰਡਿਤ ਬੇਣੀ ਜੀ ਤੋਂ ਸੰਸਕ੍ਰਿਤ ,ਮਾਮਾ ਮੋਹਰੀ ਤੋਂ ਗਣਿਤ, ਮਾਮਾ ਮੋਹਨ ਜੀਂ ਤੋਂ ਧਿਆਨ ਲਗਾਉਣਾ ਸਿੱਖਿਆ। ਘਰ ਦਾ ਗੁਰਮਤਿ ਵਾਲਾ ਵਾਤਾਵਰਣ ਆਪ ਜੀ ਦੀ ਸਖਸ਼ੀਅਤ ਦੀ ਘਾੜਤ ਵਿੱਚ ਬਹੁਤ ਸਹਾਈ ਹੋਇਆ। ਨਿਮਰਤਾ,

ਬਾਣੀ ਦਾ ਪਿਆਰ, ਵੱਡਿਆਂ ਦਾ ਸਤਿਕਾਰ ਅਤੇ ਸਮਦ੍ਰਿਸ਼ਟੀ ਵਰਗੀਆਂ ਭਾਵਨਾਵਾਂ ਸ਼ੁਰੂ ਤੋਂ ਹੀ ਪੱਕਦੀਆਂ ਗਈਆਂ।

1574 ਈਸਵੀ ਵਿੱਚ ਗੁਰਗੱਦੀ ਮਿਲਣ ਤੇ ਪਿਤਾ ਗੁਰੂ ਰਾਮਦਾਸ ਜੀ ਆਪਣੀ ਪਤਨੀ ਮਾਤਾ ਭਾਨੀ ਜੀ ਅਤੇ ਤਿੰਨੇ ਪੁੱਤਰਾਂ ਪ੍ਰਿਥੀ ਚੰਦ, ਮਹਾਦੇਵ ਅਤੇ ਅਰਜਨ ਨੂੰ ਨਾਲ ਲੈ ਕੇ ਗੁਰੂ ਕੇ ਚੱਕ ਵਿਖੇ ਆ ਗਏ। 16 ਸਾਲ ਦੀ ਉਮਰ ਵਿੱਚ ਤਹਿਸੀਲ ਫਿਲੌਰ ਦੇ ਪਿੰਡ ਮੌ ਵਿਖੇ ਗੰਗਾ ਜੀ ਨਾਲ ਆਪ ਜੀ ਦਾ ਵਿਆਹ ਹੋਇਆ। 1-9-1581 ਨੂੰ ਗੁਰੂ ਰਾਮਦਾਸ ਜੀ ਨੇ ਆਪ ਜੀ ਨੂੰ ਹਰ ਪਾਸਿਓਂ ਯੋਗ ਜਾਣ ਕੇ ਗੁਰਗੱਦੀ ਦੀ ਵੱਡੀ ਜਿੰਮੇਵਾਰੀ ਸੌਂਪ ਦਿੱਤੀ।

ਗੁਰੂ ਬਣਨ ਤੋਂ ਬਾਅਦ ਦੇ ਕਾਰਜ :-

1.ਬਾਣੀ ਦੀ ਸੰਭਾਲ ਅਤੇ ਖੁਦ ਬਾਣੀ ਲਿਖਣਾ :- ਆਪ ਜੀ ਦੀ ਬਾਣੀ ਮੌਜੂਦਾ ਗੁਰੂ ਗ੍ਰੰਥ ਸਾਹਿਬ ਜੀ ਦੇ 31 ਰਾਗਾਂ ਵਿਚੋਂ ਸਿਰਫ ਇੱਕ ਰਾਗ - ਜੈਜਵੰਤੀ ਨੂੰ ਛੱਡ ਕੇ ਬਾਕੀ 30 ਰਾਗਾਂ ਵਿੱਚ ਲਿਖੀ ਹੋਈ ਹੈ। ਆਪ ਜੀ ਦੁਆਰਾ ਰਚੀ ਗਈ ਬਾਣੀ ਵਿਚੋਂ ਸੁਖਮਨੀ ਸਾਹਿਬ ਜੀ ਨੂੰ ਆਪ ਜੀ ਦੀ ਸ਼ਾਹਕਾਰ ਰਚਨਾ ਆਖਿਆ ਜਾ ਸਕਦਾ ਹੈ। ਇਸ ਤੋਂ ਬਿਨਾਂ ਰਾਗਮਈ ਸ਼ਬਦ, ਬਾਰਹ ਮਾਹਾ, ਬਾਵਨ ਅੱਖਰੀ, ਵਾਰਾਂ, ਗੁਣਵੰਤੀ, ਅੰਜਲੀ, ਪਹਿਰੇ, ਦਿਨ ਰੈਣ, ਗਾਥਾ, ਫੁਨਹੇ, ਚਉਬੋਲੇ, ਸਲੋਕ ਸਹਸਕ੍ਰਿਤੀ, ਮੁੰਦਾਵਣੀ ਅਤੇ ਸਲੋਕ ਮਹਲਾ 5 ਆਦਿ ਹਨ।

2.ਆਦਿ ਗ੍ਰੰਥ ਦਾ ਸੰਕਲਨ ਅਤੇ ਪ੍ਰਕਾਸ਼ :- ਆਪ ਜੀ ਨੇ ਭਾਈ ਗੁਰਦਾਸ ਜੀ ਦੀ ਮਦਦ ਨਾਲ ਸਾਰੀ ਬਾਣੀ ਨੂੰ ਬਾਕਾਇਦਾ ਇੱਕ ਤਰਕੀਬ ਅਤੇ ਨਿਯਮ ਬੱਧ ਕੀਤਾ । ਸੰਪਾਦਨਾ ਦਾ ਇਹ ਕਾਰਜ ਇੰਨੀ ਬਾਰੀਕੀ ਨਾਲ ਅਤੇ ਮਿਹਨਤ ਨਾਲ ਕੀਤਾ ਗਿਆ ਹੈ ਕਿ ਹੁਣ ਇਸ ਵਿੱਚ ਮਿਲਾਵਟ ਦੀ ਕੋਈ ਗੁੰਜਾਇਸ਼ ਹੀ ਨਹੀਂ ਰਹੀ।

3 .ਸ਼ਬਦ ਬਾਣੀ ਦਾ ਪ੍ਰਵਾਹ ਅਤੇ ਕੀਰਤਨ :- ਗੁਰੂ ਅਰਜਨ ਦੇਵ ਜੀ ਨੇ ਸ਼ਬਦ ਬਾਣੀ ਦਾ ਅਟੁੱਟ ਪ੍ਰਵਾਹ ਚਲਾਇਆ। ਉਨ੍ਹਾਂ ਆਪ ਕੀਰਤਨ ਕੀਤਾ ਵੀ ਅਤੇ ਗੁਰਸਿੱਖਾਂ ਨੂੰ ਖੁਦ ਕੀਰਤਨ ਕਰਨ ਲਈ ਕਿਹਾ ਵੀ। ਹਰਿਮੰਦਰ ਸਾਹਿਬ ਵਿੱਚ ਲਗਾਤਾਰ ਕੀਰਤਨ, ਚੌਂਕੀਆਂ ਆਦਿ ਗੁਰੂ ਅਰਜਨ ਜੀ ਦੀ ਦੇਣ ਹੈ। ਸਾਰੰਦਾ ਸਾਜ ਗੁਰੂ ਜੀ ਨੇ ਆਪ ਬਣਵਾਇਆ ਅਤੇ ਸਿੱਖਾਂ ਨੂੰ ਸਿਖਾਇਆ।

4. ਹਰਿਮੰਦਰ ਸਾਹਿਬ ਦੀ ਉਸਾਰੀ :- ਇਸ ਮਹਾਨ ਉਸਾਰੀ ਦੀ ਪੂਰੀ ਅਗਵਾਈ ਅਤੇ ਦੇਖ ਰੇਖ ਗੁਰੂ ਜੀ ਨੇ ਆਪ ਪੂਰੀ ਤਨਦੇਹੀ ਨਾਲ ਕੀਤੀ।

ਭਾਈ ਗੁਰਦਾਸ ਜੀ, ਬਾਬਾ ਬੁੱਢਾ ਜੀ, ਭਾਈ ਸਾਲੋ ਜੀ ਅਤੇ ਹੋਰ ਅਨੇਕਾਂ ਹੀ ਗੁਰਸਿੱਖਾਂ ਨੇ ਆਪ ਕਾਰ ਸੇਵਾ ਵਿੱਚ ਹਿੱਸਾ ਲਿਆ। ਦਰਬਾਰ ਸਾਹਿਬ ਇਮਾਰਤਸਾਜ਼ੀ ਦਾ ਇੱਕ ਬਹੁਤ ਵਿਲੱਖਣ ਨਮੂਨਾ ਹੈ। ਇਸ ਦੇ ਚਾਰ ਦਰਵਾਜੇ ਚਾਰੇ ਵਰਣਾਂ ਲਈ ਸਾਂਝੇ ਹੋਣ ਦਾ ਪ੍ਰਤੀਕ ਹਨ ਅਤੇ ਗੁਰੂ ਅਰਜਨ ਜੀ ਨੇ ਪ੍ਰਸਿੱਧ ਸੂਫ਼ੀ ਫਕੀਰ ਸਾਈਂ ਮੀਆਂ ਮੀਰ ਜੀ ਤੋਂ ਇਸ ਦੀ ਨੀਂਹ 3-1-1588 ਨੂੰ ਰਖਵਾ ਕੇ ਧਾਰਮਿਕ ਏਕਤਾ ਦੇ ਮੁਦਈ ਹੋਣ ਦਾ ਸਬੂਤ ਦਿੱਤਾ।

5..ਹੋਰ ਗੁਰਦੁਆਰਿਆਂ ਦਾ ਨਿਰਮਾਣ:- ਹਰਿਮੰਦਰ ਸਾਹਿਬ ਤੋਂ ਬਿਨਾਂ ਆਪ ਜੀ ਨੇ 1590 ਵਿੱਚ ਤਰਨਤਾਰਨ ਸਾਹਿਬ ਅਤੇ 1593 ਵਿੱਚ ਕਰਤਾਰਪੁਰ ਸਾਹਿਬ (ਜਿਲਾ ਜਲੰਧਰ) ਦਾ ਵੀ ਨਿਰਮਾਣ ਕਰਵਾਇਆ।

ਇਸੇ ਤਰ੍ਹਾਂ ਗੁਰੂ ਕੀ ਵਡਾਲੀ ਦਾ ਵੀ ਨਿਰਮਾਣ ਕਰਵਾਇਆ। ਆਪ ਜੀ ਨੇ ਸਰੋਵਰ ਅਤੇ ਖੂਹ ਬਣਵਾਉਣ ਵੱਲ ਵਿਸ਼ੇਸ਼ ਧਿਆਨ ਦਿੱਤਾ ਤਾਂ ਕਿ ਪਾਣੀ ਦੀ ਘਾਟ ਪੂਰੀ ਕੀਤੀ ਜਾ ਸਕੇ। ਆਪਣੇ ਸਾਹਿਬਜ਼ਾਦੇ ਹਰਗੋਬਿੰਦ ਦੇ ਜਨਮ ਦੀ ਖੁਸ਼ੀ ਵੀ ਖੂਹ ਲਗਵਾ ਕੇ ਹੀ ਮਨਾਈ ਸੀ । ਇਹਨਾਂ ਸਭ ਥਾਵਾਂ 'ਤੇ ਗੁਰਮਤਿ ਸਿਧਾਂਤਾਂ ਅਨੁਸਾਰ ਪੰਗਤ ਅਤੇ ਸੰਗਤ ਦਾ ਪ੍ਰਵਾਹ ਚਲਣਾ ਜਾਰੀ ਕੀਤਾ।

ਗੁਰੂ ਜੀ ਦੀ ਸ਼ਹਾਦਤ (ਕਿਉਂ ਅਤੇ ਕਿਵੇਂ ਦਾ ਸੱਚ):- ਗੁਰੂ ਸਾਹਿਬ ਦੀ ਸ਼ਹੀਦੀ ਦੇ ਕਿਉਂ ਅਤੇ ਕਿਵੇਂ ਬਾਰੇ ਕੁਝ ਭੁਲੇਖੇ ਜ਼ਰੂਰ ਅਜੇ ਵੀ ਚੱਲ ਰਹੇ ਹਨ। ਸ਼ਹੀਦੀ ਦੇ ਕਾਰਨਾਂ ਵਿਚੋਂ ਮੁੱਖ ਕਾਰਨ ਜਹਾਂਗੀਰ ਦੀ ਧਾਰਮਿਕ ਕੱਟੜਤਾ ਸੀ। ਸਖੀ ਸਰਵਰੀਏ ਅਤੇ ਅਹਿਮਦੀਏ ਜਮਾਤ ਦੇ ਲੋਕ ਗੁਰਮਤਿ ਸਿਧਾਂਤਾਂ ਤੋਂ ਵਾਹਵਾ ਔਖੇ ਸਨ । ਕਿਹਾ ਜਾਂਦਾ ਹੈ ਕਿ ਚੰਦੂ ਦੀ ਬੇਟੀ ਦਾ ਸਾਕ ਹਰਗੋਬਿੰਦ ਜੀ ਲਈ ਪ੍ਰਵਾਨ ਨਾ ਕਰਨ 'ਤੇ ਉਹ ਬਹੁਤ ਨਾਰਾਜ਼ ਸੀ। ਆਦਿ ਗ੍ਰੰਥ ਦੀ ਸੰਪਾਦਨਾ ਵਿੱਚ ਵੱਖ-ਵੱਖ ਸੰਤ ਕਵੀਆਂ ਦੀ ਰਚਨਾ ਸ਼ਾਮਲ ਕੀਤੀ ਜਾਣੀ ਅਤੇ ਜਹਾਂਗੀਰ ਦੇ ਕਹਿਣ 'ਤੇ ਵੀ ਗੁਰੂ ਸਾਹਿਬ ਵਲੋਂ ਉਸ ਵਿੱਚ ਕੋਈ ਤਬਦੀਲੀ ਨਾ ਕਰਨਾ , ਸ਼ਾਹੀ ਤਖਤ ਅਤੇ ਗੁਰੂ ਘਰ ਵਿੱਚ ਦੂਰੀ ਹੋਰ ਵਧਾਉਂਦਾ ਹੈ। ਪਰ ਇਹ ਵੀ ਸ਼ਹੀਦੀ ਦੇ ਮੁੱਖ ਕਾਰਨ ਵਿੱਚ ਨਹੀਂ ਕਹਿ ਸਕਦੇ। ਖੁਸਰੋ ਦੀ ਬਗਾਵਤ ਅਤੇ ਖੁਸਰੋ ਦੇ ਗੁਰੂ ਦਰਬਾਰ ਵਿੱਚ ਆਉਣ ਤੇ ਗੁਰੂ ਸਾਹਿਬ ਵੱਲੋਂ ਉਸਨੂੰ ਪਿਆਰ

ਸਤਿਕਾਰ ਦੇਣਾ ਸ਼ਹੀਦੀ ਦਾ ਤਤਕਾਲੀ ਅਤੇ ਮੁੱਖ ਕਾਰਨ ਬਣਦਾ ਹੈ। ਜਹਾਂਗੀਰ ਦੀ ਆਪਣੀ ਲਿਖਤ, ਜੋ ਉਹ ਤੁਜਕੇ-ਜਹਾਂਗੀਰੀ ਵਿੱਚ ਲਿਖਦਾ ਹੈ, ਉਸ ਨੂੰ ਅਸੀਂ ਵੱਡਾ ਅਤੇ ਵਧੀਆ ਸਬੂਤ ਮੰਨ ਸਕਦੇ ਹਾਂ। ਜਹਾਂਗੀਰ ਦੇ ਆਪਣੇ ਸ਼ਬਦ ਧਿਆਨ ਦੇਣ ਯੋਗ ਹਨ ਜਿਨ੍ਹਾਂ ਵਿੱਚ ਉਹ ਖੁਦ ਗੁਰੂ ਅਰਜਨ ਜੀ ਨੂੰ ਝੂਠ ਦੀ ਦੁਕਾਨ ਚਲਾਉਣ ਵਾਲਾ ਲਿਖਦਾ ਹੈ ਅਤੇ ਇਹ ਵੀ ਕਿ ਉਹ ਕਾਫੀ ਦੇਰ ਤੋਂ ਇਸਨੂੰ ਬੰਦ ਕਰਵਾਉਣ ਦੀ ਸੋਚ ਰਿਹਾ ਸੀ।

ਜਹਾਂਗੀਰ ਦੇ ਲਿਖੇ ਇਹ ਸ਼ਬਦ ਮਹੱਤਵਪੂਰਨ ਹਨ। ਇਹ ਤਾਂ ਹੋ ਸਕਦਾ ਏ ਕਿ ਉਸਨੂੰ ਖਬਰ ਦੇਣ ਵਾਲਿਆਂ ਨੇ ਟਿੱਕਾ ਲਗਾਉਣ ਵਰਗੀ ਗੱਲ ਵਧਾ ਚੜ੍ਹਾ ਕੇ ਕਹਿ ਦਿੱਤੀ ਹੋਵੇ । ਪਰ ਮੁੱਖ ਕਾਰਨ ਅਤੇ ਜਹਾਂਗੀਰ ਵੱਲੋਂ ਮਾਰੇ ਜਾਣ ਦਾ ਹੁਕਮ ਦਿੱਤੇ ਜਾਣਾ ਸਪਸ਼ਟ ਹੁੰਦਾ ਹੈ। ਉਪਰੋਕਤ ਹੁਕਮ ਅਨੁਸਾਰ ਮੁਰਤਜ਼ਾ ਖਾਂ ਨੇ 24 ਮਈ ਨੂੰ ਗੁਰੂ ਜੀ ਨੂੰ ਗ੍ਰਿਫਤਾਰ ਕਰ ਲਿਆ ਅਤੇ ਰਾਜੇ ਕੋਲ ਪੇਸ਼ ਕਰ ਦਿੱਤਾ। ਸਜਾ ਦਿੱਤੇ ਜਾਣ ਦੀ ਚੰਦੂ ਦੀ ਡਿਊਟੀ ਲਗਾਈ ਦੱਸੀ ਜਾਂਦੀ ਹੈ, ਜਿਸ ਨੇ ਰਿਸ਼ਤਾ ਠੁਕਰਾਏ ਜਾਣ ਵਾਲੀ ਗੱਲ ਦਾ ਬਦਲਾ ਲੈਣ ਲਈ ਵਧੇਰੇ ਜ਼ੁਲਮ ਕੀਤੇ ਜਾਣ ਦੀ ਸੰਭਾਵਨਾ ਸਹੀ ਸਾਬਤ ਹੁੰਦੀ ਹੈ।

ਯਾਸਾ ਸਜਾ ਉਹ ਹੁੰਦੀ ਹੈ ਜਿਸ ਵਿੱਚ ਮੁਲਾਜਮ ਨੂੰ ਤਸੀਹੇ ਦੇ ਕੇ ਇਸ ਤਰਾਂ ਮਾਰਿਆ ਜਾਂਦਾ ਏ ਜਿਸ ਨਾਲ ਉਸਦੇ ਖੂਨ ਦੀ ਇੱਕ ਵੀ ਤਿੱਪ ਧਰਤ 'ਤੇ ਨਾ ਡੁੱਲੇ। ਪ੍ਰਚੱਲਿਤ ਕਥਾਵਾਂ ਅਨੁਸਾਰ ਅਸੀਂ ਇਹ ਹੀ ਪੜ੍ਹਦੇ ਸੁਣਦੇ ਆਏ ਹਾਂ ਕਿ ਗੁਰੂ ਜੀ ਨੂੰ ਤੱਤੀ ਤਵੀ 'ਤੇ ਬਿਠਾ ਕੇ ਹੇਠਾਂ ਅੱਗ ਬਾਲੀ ਗਈ ਅਤੇ ਉਪਰੋਂ ਤੱਤਾ ਰੇਤਾ ਪਾਇਆ ਗਿਆ। ਇਸ ਦਾ ਮੁੱਖ ਸਰੋਤ ਗਿਆਨੀ ਸੰਤੋਖ ਸਿੰਘ ਜੀ ਰਚਿਤ ਸੂਰਜ ਪ੍ਰਕਾਸ਼ ਹੈ।

ਪ੍ਰਸਿੱਧ ਇਤਿਹਾਸਕਾਰ ਅਤੇ ਖੋਜੀ ਡਾਕਟਰ ਹਰਜਿੰਦਰ ਸਿੰਘ ਦਿਲਗੀਰ ਜੀ ਅਨੁਸਾਰ ਪਹਿਲਾਂ ਗੁਰੂ ਜੀ ਨੂੰ ਦੇਗ ਵਿੱਚ ਉਬਾਲਿਆ ਗਿਆ ਅਤੇ ਇਸ ਮਗਰੋਂ ਉਨ੍ਹਾਂ ਦੇ ਹੱਥ ਪੈਰ ਬੰਨ੍ਹ ਕੇ ਤਪਦੀ ਰੇਤ ਵਿੱਚ ਸੁੱਟਿਆ ਗਿਆ। ਜੇਠ ਦੇ ਮਹੀਨੇ ਵਿੱਚ ਰੇਤ ਅੱਗ ਵਾਂਗ ਤਪ ਰਹੀ ਸੀ। ਉਹ ਕੇਸਰ ਸਿੰਘ ਛਿੱਬਰ ਦੇ ਹਵਾਲੇ ਨਾਲ ਲਿਖਦੇ ਹਨ

ਚਾਰ ਦਿਨ ਉਨ੍ਹਾਂ ਨੂੰ ਰਾਵੀ ਦੇ ਕੰਢੇ ਤੱਤੀ ਤਵੀ ਵਾਂਗ ਤਪਦੀ ਹੋਈ ਰੇਤ ਵਿੱਚ ਤਰ੍ਹਾਂ ਤਰ੍ਹਾਂ ਦੇ ਤਸੀਹੇ ਦਿੱਤੇ ਗਏ। ਇਸ ਸਮੇ ਉਥੋਂ ਲੰਘਦੇ ਮੁਸਲਮਾਨ ਉਨ੍ਹਾਂ 'ਤੇ ਪੱਥਰ ਮਾਰਦੇ ਗਏ ਤੇ ਇਨ੍ਹਾਂ ਵਿਚੋਂ ਇੱਕ ਪੱਥਰ ਜਾਨ-ਲੇਵਾ ਸਾਬਤ ਹੋਇਆ। ਮਗਰੋਂ ਉਨ੍ਹਾਂ ਦੇ ਜਿਸਮ ਨੂੰ ਪੱਥਰਾਂ ਨਾਲ ਬੰਨ੍ਹ ਕੇ ਰਾਵੀ ਦਰਿਆ ਵਿੱਚ ਰੋੜ੍ਹ ਦਿੱਤਾ ਗਿਆ। (ਕੇਸਰ ਸਿੰਘ ਛਿੱਬਰ,ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ, ਚੈਪਟਰ 5, ਬੰਦ 137-39)

ਦਬਿਸਤਾਨ-ਇ-ਮਜਾਹਿਬ ਦੇ ਲੇਖਕ ਮੁਤਾਬਿਕ ਵੀ ਗੁਰੂ ਜੀ ਨੂੰ ਤਪਦੀ ਰੇਤ ਵਿੱਚ ਬਿਠਾ ਕੇ ਉਨ੍ਹਾਂ ਦੇ ਨੰਗੇ ਜਿਸਮ 'ਤੇ ਤੱਤੀ ਰੇਤ ਪਾਈ ਗਈ ਸੀ ਤੇ

ਨਾਲ ਹੀ ਹੋਰ ਵੀ ਤਸ਼ੱਦਦ ਕੀਤਾ ਗਿਆ ਸੀ ਜਿਸ ਨਾਲ ਉਨ੍ਹਾਂ ਦਾ ਜਿਸਮ ਛਾਲੇ ਪੈਣ ਮਗਰੋਂ ਸੜ-ਗਲ ਗਿਆ ਤੇ ਅਖੀਰ ਉਨ੍ਹਾਂ ਨੂੰ ਰੱਸਿਆਂ ਨਾਲ

ਬੰਨ੍ਹ ਕੇ ਦਰਿਆ ਵਿੱਚ ਰੋੜ੍ਹ ਦਿੱਤਾ ਗਿਆ। ..(ਮਊਬਾਦ ਜ਼ੁਲਫਿਕਾਰ ਅਰਦਸਤਾਨੀ)

ਡਾਕਟਰ ਦਿਲਗੀਰ ਅਨੁਸਾਰ ਰਾਵੀ ਦੇ ਕੰਢੇ ਤਪਦੀ ਰੇਤ ਨੂੰ ਤੱਤੀ ਤਵੀ(ਤਵੀ ਵੀ ਤਪੀ ਤੋਂ ਬਣਿਆ ਹੈ) ਨਾਲ ਤਸ਼ਬੀਹ ਦਿੱਤੀ ਜਾਂਦੀ

ਸੀ। ਇਹੋ ਜਿਹੀ ਤਵੀ ਲਾਹੌਰ ਹੀ ਨਹੀਂ, ਜੰਮੂ ਵਿੱਚ ਵੀ ਝਨਾਂ ਦੀ ਸਹਾਇਕ ਨਦੀ ਦੇ ਕੰਢੇ ਨੂੰ ਵੀ ਤਵੀ ਕਹਿੰਦੇ ਸਨ । ਅੱਜ ਵੀ ਜੰਮੂ ਦਾ ਉਹ ਇਲਾਕਾ ਜੰਮੂ ਤਵੀ ਅਖਵਾਉਂਦਾ ਹੈ।

ਇਹ ਗੱਲ ਸਪਸ਼ਟ ਹੈ ਕਿ ਗੁਰੂ ਜੀ ਨੂੰ ਬਹੁਤ ਜਿਆਦਾ ਤਸੀਹੇ ਦਿੱਤੇ ਗਏ ਸਨ। ਸਿੱਖ ਇਤਿਹਾਸ ਵਿੱਚ ਸ਼ਹੀਦੀ ਦਾ ਮੁੱਢ ਬੰਨ੍ਹਿਆ ਗਿਆ ਸੀ ਅਤੇ ਇਸੇ ਹੀ ਪ੍ਰੇਰਨਾ ਸਦਕਾ ਹੋਰ ਕਿੰਨੀਆਂ ਹੀ ਸ਼ਹੀਦੀਆਂ ਇਤਿਹਾਸ ਨੇ ਦਰਜ ਕੀਤੀਆਂ ਹਨ। ਇਹ ਵੀ ਜ਼ਿਕਰ ਆਉਂਦਾ ਹੈ ਕਿ ਆਪਣੀ ਗ੍ਰਿਫਤਾਰੀ ਤੋਂ ਪਹਿਲਾਂ ਹਰਗੋਬਿੰਦ ਜੀ ਨੂੰ ਗੁਰਗੱਦੀ ਦੇਣ ਸਮੇਂ ਆਪ ਜੀ ਨੇ ਉਨ੍ਹਾਂ ਨੂੰ ਸ਼ਕਤੀ ਧਾਰਨ ਕਰਨ ਬਾਬਤ ਵੀ ਇਸ਼ਾਰਾ ਕਰ ਦਿੱਤਾ ਸੀ। ਜਿਸ 'ਤੇ ਅਮਲ ਕਰਦਿਆਂ ਹੀ ਗੁਰੂ ਹਰਗੋਬਿੰਦ ਜੀ ਨੇ ਭਗਤੀ ਅਤੇ ਸ਼ਕਤੀ ਦਾ ਸੰਕਲਪ ਸਾਹਮਣੇ ਲਿਆਂਦਾ ਸੀ।

# ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਅਤੇ ਚੰਗੇਜ਼ੀ ਕਾਨੂੰਨ ਯਾਸਾ



ਡਾ. ਪਰਮਵੀਰ ਸਿੰਘ
ਸਿੱਖ ਵਿਸ਼ਵਕੋਸ਼ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਇੱਕ ਅਜਿਹੀ ਮਹੱਤਵਪੂਰਨ ਘਟਨਾ ਹੈ ਜਿਸ ਨੇ ਸਿੱਖ ਧਰਮ ਅਤੇ ਇਤਿਹਾਸ ਨੂੰ ਇੱਕ ਨਵੀਂ ਦਿਸ਼ਾ ਪ੍ਰਦਾਨ ਕਰ ਦਿੱਤੀ ਸੀ। ਇਹਨਾਂ ਦੀ ਸ਼ਹਾਦਤ ਨੇ ਧਰਮ ਦੇ ਮਾਰਗ 'ਤੇ ਚੱਲਦੇ ਹੋਏ ਸ਼ਾਂਤੀ ਅਤੇ ਸੰਜਮ ਨੂੰ ਜੀਵਨ ਵਿਚ ਧਾਰਨ ਕਰਨ ਦੀ ਵਿਲੱਖਣ ਮਿਸਾਲ ਕਾਇਮ ਕੀਤੀ ਸੀ। ਇਹ ਸਮਝਿਆ ਜਾ ਰਿਹਾ ਸੀ ਕਿ ਗੁਰੂ ਜੀ ਨੂੰ ਸ਼ਹੀਦ ਕਰਕੇ ਸਿੱਖ ਧਰਮ ਨੂੰ ਖ਼ਤਮ ਕੀਤਾ ਜਾ ਸਕਦਾ ਹੈ ਪਰ ਹਾਕਮਾਂ ਦਾ ਇਹ ਅਨੁਮਾਨ ਉਸ ਸਮੇਂ ਗਲਤ ਸਾਬਤ ਹੋਇਆ ਜਦੋਂ ਪੰਚਮ ਪਾਤਸ਼ਾਹ ਦੇ ਉੱਤਰਾਧਿਕਾਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਮੀਰੀ ਅਤੇ ਪੀਰੀ ਦੀਆਂ ਦੋ ਕ੍ਰਿਪਾਨਾਂ ਧਾਰਨ ਕਰਕੇ ਇਹ ਸੰਦੇਸ਼ ਦੇ ਦਿੱਤਾ ਸੀ ਕਿ ਸ਼ਾਂਤੀ ਦੀ ਭਾਵਨਾ ਹਰ ਸਮੇਂ ਅਤੇ ਸਥਾਨ ਵਿੱਚ ਇਕੋ ਜਿਹੀ ਨਹੀਂ ਰਹਿੰਦੀ, ਇਸ ਦੇ ਰੂਪ ਬਦਲਦੇ ਰਹਿੰਦੇ ਹਨ। ਕਈ ਵਾਰੀ ਸ਼ਾਂਤੀ ਸਥਾਪਿਤ ਕਰਨ ਲਈ ਸੰਘਰਸ਼ਮਈ ਸੂਰਬੀਰਤਾ ਨੂੰ ਧਾਰਨ ਕਰਨਾ ਜਰੂਰੀ ਹੋ ਜਾਂਦਾ ਹੈ। ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਬਾਅਦ ਗੁਰੂ ਹਰਿਗੋਬਿੰਦ ਸਾਹਿਬ ਵੱਲੋਂ ਕਾਇਮ ਕੀਤੀ ਗਈ ਪਰੰਪਰਾ ਨੇ ਸਿੱਖ ਧਰਮ ਦੇ ਨਾਲ-ਨਾਲ ਇਸ ਖਿੱਤੇ ਦੀ ਦਿਸ਼ਾ ਅਤੇ ਦਸ਼ਾ ਨੂੰ ਬਦਲਣ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ।

ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕਰਨ ਦਾ ਪ੍ਰਮੁੱਖ ਕਾਰਜ ਉਹਨਾਂ ਦੇ ਸਮੇਂ ਦੂਰ-ਦੁਰਾਡੇ ਇਲਾਕਿਆਂ ਤੱਕ ਸਿੱਖੀ ਦਾ ਪ੍ਰਚਾਰ ਅਤੇ ਪ੍ਰਸਾਰ ਹੋਣਾ ਮੰਨਿਆ ਜਾਂਦਾ ਹੈ ਜਿਸ ਦਾ ਤੁਅੱਸਬੀ ਨੀਤੀ 'ਤੇ ਚੱਲਣ ਵਾਲੇ ਵਿਰੋਧ ਕਰ ਰਹੇ ਸਨ। ਮੋਹਸਿਨ ਫਾਨੀ ਵਰਗੇ ਸਮਕਾਲੀ ਇਤਿਹਾਸਕਾਰ ਇਹ ਲਿਖਣ ਲੱਗੇ ਸਨ ਕਿ ਗੁਰੂ ਅਰਜਨ ਦੇਵ ਜੀ ਦੇ ਸਮੇਂ ਸਿੱਖਾਂ ਦੀ ਗਿਣਤੀ ਇੰਨੀ ਵੱਧ ਚੁੱਕੀ ਸੀ ਕਿ ਮੁਲਕ ਵਿੱਚ ਕੋਈ ਵੀ ਵੱਡਾ ਨਗਰ ਅਜਿਹਾ ਨਹੀਂ ਸੀ ਜਿੱਥੇ ਕੁੱਝ ਸਿੱਖ ਨਾ ਵੱਸਦੇ ਹੋਣ। ਇਹਨਾਂ ਦੇ ਸਮੇਂ ਮਸੰਦ ਅਤੇ ਦਸਵੰਧ ਦੀ ਪ੍ਰਥਾ ਅਰੰਭ ਹੋਣ ਨਾਲ ਨਿਰਧਾਰਿਤ ਰੂਪ ਵਿੱਚ ਮਾਇਆ ਗੁਰੂ ਘਰ ਆਉਣ ਲੱਗੀ ਸੀ ਜਿਸ ਨਾਲ ਸਿੱਖੀ ਪ੍ਰਚਾਰ ਦੇ ਕਾਰਜਾਂ ਨੂੰ ਬਲ ਮਿਲਿਆ ਸੀ। ਗੁਰੂ ਸਾਹਿਬ ਦੇ ਸਮੇਂ ਦੋ ਅਜਿਹੇ ਵੱਡੇ ਕਾਰਜ ਸਾਹਮਣੇ ਆਏ ਜਿਨ੍ਹਾਂ ਨੇ ਸਿੱਖ ਧਰਮ ਦੀਆਂ ਨੀਹਾਂ ਮਜ਼ਬੂਤ ਕਰਨ ਅਤੇ ਇਸ ਨੂੰ ਦੂਰ-ਦੁਰਾਡੇ ਇਲਾਕਿਆਂ ਤੱਕ ਲਿਜਾਣ ਦਾ ਕਾਰਜ ਕੀਤਾ ਸੀ :

1. ਸ੍ਰੀ ਹਰਿਮੰਦਰ ਸਾਹਿਬ ਦੀ ਸਥਾਪਨਾ
2. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ

ਇਹਨਾਂ ਮਹੱਤਵਪਰਨ ਕਾਰਜਾਂ ਨੇ ਸਿੱਖੀ ਦੀਆਂ ਜੜ੍ਹਾਂ ਨੂੰ ਮਜ਼ਬੂਤ ਕਰਨ ਦਾ ਕਾਰਜ ਕੀਤਾ ਸੀ ਜਿਸ ਨਾਲ ਇੱਕ ਵੱਡਾ ਰੁੱਖ ਪ੍ਰਗਟ ਹੋਣ ਦੇ ਚਿੰਨ੍ਹ ਦਿਖਾਈ ਦੇਣ ਲੱਗੇ ਸਨ ਜਿਹੜੇ ਕਿ ਤੁਅੱਸਬ ਦੀ ਨੀਤੀ ਧਾਰਨ ਕਰਨ ਵਾਲਿਆਂ ਨੂੰ ਰੜਕਣ ਲੱਗੇ ਸਨ। ਗੁਰੂ ਸਾਹਿਬ ਦੀ ਸ਼ਹਾਦਤ ਦਾ ਤਤਕਾਲੀ ਕਾਰਨ ਭਾਵੇਂ ਕੋਈ ਵੀ ਹੋਵੇ ਪਰ ਬਾਦਸ਼ਾਹ ਜਹਾਂਗੀਰ ਦੀ ਆਪਣੀ ਟਿੱਪਣੀ ਇਸ ਪ੍ਰਸੰਗ ਵਿੱਚ ਸਭ ਤੋਂ ਮਹੱਤਵਪੂਰਨ ਮੰਨੀ ਜਾਂਦੀ ਹੈ ਜਿਸ ਵਿੱਚ ਉਹ ਕਹਿੰਦਾ ਹੈ ਕਿ ਬਹੁਤ ਸਾਰੇ ਹਿੰਦੂ ਅਤੇ ਬੇਸਮਝ ਮੁਸਲਮਾਨ ਉਸ ਦੀ ਰਹੁ-ਰੀਤੀ ਨੂੰ ਧਾਰਨ ਕਰ ਰਹੇ ਹਨ ਅਤੇ ਮੇਰੇ ਮਨ ਵਿੱਚ ਇਹ ਖ਼ਿਆਲ ਆ ਰਿਹਾ ਹੈ ਕਿ ਝੂਠ ਦੀ ਇਸ ਦੁਕਾਨ ਨੂੰ ਬੰਦ ਕਰ ਦਿੱਤਾ ਜਾਵੇ ਅਤੇ ਉਸ ਨੂੰ ਮੁਸਲਮਾਨ ਬਣਾ ਕੇ ਇਸਲਾਮ ਦੇ ਘੇਰੇ ਵਿੱਚ ਲਿਆਂਦਾ ਜਾਵੇ। ਕਿਸੇ ਵੀ ਗੈਰ-ਮੁਸਲਮਾਨ ਨੂੰ ਇਸਲਾਮ ਦੇ ਘੇਰੇ ਵਿੱਚ ਲਿਆਉਣਾ ਉਸ ਸਮੇਂ ਸਭ ਤੋਂ ਵੱਡਾ ਧਾਰਮਿਕ ਫ਼ਰਜ਼ ਸਮਝਿਆ ਜਾਂਦਾ ਸੀ ਜਿਸ ਨੂੰ ਬਾਦਸ਼ਾਹ ਜਹਾਂਗੀਰ ਪੂਰਨ ਕਰਨ ਦਾ ਇਛੁੱਕ ਸੀ।

ਇਸ ਕਾਰਜ ਲਈ ਬਾਦਸ਼ਾਹ ਜਹਾਂਗੀਰ ਦੇ ਪੁੱਤਰ ਖ਼ੁਸਰੋ ਵੱਲੋਂ ਕੀਤੀ ਗਈ ਬਗ਼ਾਵਤ ਨੂੰ ਅਧਾਰ ਬਣਾ ਕੇ ਇਹ ਪ੍ਰਚਾਰਿਆ ਗਿਆ ਕਿ ਗੁਰੂ ਸਾਹਿਬ ਨੇ ਸ਼ਹਿਜ਼ਾਦੇ ਨੂੰ ਅਸ਼ੀਰਵਾਦ ਪ੍ਰਦਾਨ ਕਰਨ ਦੇ ਨਾਲ-ਨਾਲ ਉਸ ਦੀ ਸਹਾਇਤਾ ਕੀਤੀ ਹੈ। ਭਾਵੇਂ ਕਿ ਬਾਦਸ਼ਾਹ ਦੀ ਆਪਣੀ ਨੀਤੀ ਵੀ ਪੱਖਪਾਤ ਵਾਲੀ ਸੀ ਪਰ ਗੁਰੂ ਘਰ ਦੇ ਵਿਰੋਧੀ ਵੀ ਗੁਰੂ ਸਾਹਿਬ ਵਿਰੁੱਧ ਸਾਜਿਸ਼ਾਂ ਕਰ ਰਹੇ ਸਨ। ਜਦੋਂ ਬਾਦਸ਼ਾਹ ਦੀ ਗੱਦੀ ਡਾਵਾਂਡੋਲ ਹੋਵੇ ਤਾਂ ਉਹ ਆਪਣੇ ਵਿਰੋਧੀਆਂ ਨੂੰ ਖ਼ਤਮ ਕਰਨ ਲਈ ਕਿਸੇ ਵੀ ਹੱਦ ਤੱਕ ਜਾ ਸਕਦਾ ਹੈ। ਅਜਿਹੇ ਸਮੇਂ ਬਾਦਸ਼ਾਹ ਦੇ ਕੰਨ ਭਰਨੇ ਕੋਈ ਵੱਡੀ ਗੱਲ ਨਹੀਂ ਜਾਪਦੀ। ਬਾਦਸ਼ਾਹ ਦੇ ਹੁਕਮ ਅਨੁਸਾਰ ਗੁਰੂ ਸਾਹਿਬ ਨੂੰ ਗ੍ਰਿਫ਼ਤਾਰ ਕਰਕੇ ਲਾਹੌਰ ਲਿਆਂਦਾ ਗਿਆ ਅਤੇ ਯਾਸਾ ਦੇ ਕਾਨੂੰਨ ਅਨੁਸਾਰ ਸ਼ਹੀਦ ਕਰ ਦੇਣ ਦਾ ਆਦੇਸ਼ ਜਾਰੀ ਕਰ ਦਿੱਤਾ।

ਯਾਸਾ ਮੰਗੋਲ ਭਾਸ਼ਾ ਦਾ ਸ਼ਬਦ ਹੈ ਅਤੇ ਇਸ ਨੂੰ ਮੰਗੋਲ ਬਾਦਸ਼ਾਹ ਚੰਗੇਜ਼ ਖ਼ਾਨ (1162-1227) ਨੇ 1206 ਵਿੱਚ ਬਣਾਏ ਗਏ ਆਪਣੇ ਕਾਨੂੰਨ ਵਿੱਚ ਸ਼ਾਮਲ ਕੀਤਾ ਸੀ। ਭਾਵੇਂ ਕਿ ਹੌਲੀ-ਹੌਲੀ ਮੰਗੋਲਾਂ ਨੇ ਇਸਲਾਮ ਧਾਰਨ ਕਰ ਲਿਆ ਸੀ ਪਰ ਚੰਗੇਜ਼ ਖ਼ਾਨ ਦੁਆਰਾ ਬਣਾਏ ਗਏ ਕਾਨੂੰਨ ਇਹਨਾਂ ਦੇ ਨਾਲ ਹੀ ਚੱਲਦੇ ਗਏ। ਮੰਗੋਲਾਂ ਦੁਆਰਾ ਬਣਾਏ ਗਏ ਕਾਨੂੰਨ ਦਾ ਲਿਖਤ ਹਵਾਲਾ ਚੀਨ ਦੇ ਇਤਿਹਾਸ ਵਿੱਚ ਚੰਗੇਜ਼ ਖ਼ਾਨ ਦੀ ਮੌਤ ਤੋਂ 2 ਸਾਲ ਪਿਛੋਂ ਭਾਵ 1229 ਵਿੱਚ ਮਿਲਦਾ ਹੈ। ਇਸ ਕਾਨੂੰਨ ਵਿੱਚ ਤਿੰਨ ਗੱਲਾਂ ਦਾ ਵਧੇਰੇ ਪ੍ਰਭਾਵ ਮਿਲਦਾ ਹੈ:

1. ਚੰਗੇਜ਼ ਖ਼ਾਨ ਦੀ ਅਧੀਨਗੀ
2. ਕਬੀਲਿਆਂ ਨੂੰ ਇਕੱਠੇ ਰੱਖਣਾ
3. ਗਲਤ ਕੰਮ ਲਈ ਕਠੋਰ ਦੰਡ

ਮੰਗੋਲਾਂ ਦੇ ਵਿਭਿੰਨ ਕਬੀਲਿਆਂ ਨੂੰ ਕਾਬੂ ਕਰਨ ਲਈ ਚੰਗੇਜ਼ ਖ਼ਾਨ ਨੇ ਜਿਹੜਾ ਕਾਨੂੰਨ ਬਣਾਇਆ ਸੀ ਉਸ ਦਾ ਪਹਿਲਾ ਨਿਯਮ ਇੱਕ ਪਰਮਾਤਮਾ ਦੀ ਹੋਂਦ ਵਿੱਚ ਵਿਸ਼ਵਾਸ ਰੱਖਣ ਦੀ ਤਾਕੀਦ ਕਰਦਾ ਹੈ। ਇਹ ਕਾਨੂੰਨ ਇੰਨਾ ਸਖ਼ਤ ਸੀ ਜਿਸ ਵਿੱਚ ਚੋਰੀ ਜਾਂ ਵਿਭਚਾਰੀ ਲਈ ਮੌਤ ਦੀ ਸਜ਼ਾ ਦਾ ਵਿਧਾਨ ਸੀ। ਸ਼ਰਾਬ ਪੀਣ ਨੂੰ ਆਮ ਤੌਰ 'ਤੇ ਨਿਰਉਤਸ਼ਾਹਿਤ ਕੀਤਾ ਜਾਂਦਾ ਸੀ।

ਇਸ ਕਾਨੂੰਨ ਦਾ ਇੱਕ ਮਹੱਤਵਪੂਰਨ ਪਹਿਲੂ ਇਹ ਸੀ ਕਿ ਇਸ ਕਬੀਲੇ ਦੇ ਲੋਕ ਦੈਵੀ ਸ਼ਕਤੀ ਵਿੱਚ ਵਿਸ਼ਵਾਸ ਰੱਖਦੇ ਸਨ, ਇਹ ਮੰਨਦੇ ਸਨ ਕਿ ਆਫਤ ਅਸਮਾਨ ਤੋਂ ਆਉਂਦੀ ਹੈ ਅਤੇ ਉਸ ਤੋਂ ਬਚਣ ਲਈ ਇਹ ਆਤਮਾਵਾਂ, ਰੁੱਖਾਂ ਅਤੇ ਅਸਮਾਨ ਦੀ ਪੂਜਾ ਕਰਦੇ ਸਨ। ਇਹਨਾਂ ਦੇ ਪੁਜਾਰੀਆਂ ਨੂੰ ਬਿਕੀ ਕਿਹਾ ਜਾਂਦਾ ਸੀ। ਕਾਨੂੰਨ ਦੀ ਅਵੱਗਿਆ ਕਰਕੇ ਜਦੋਂ ਕਿਸੇ ਬਿਕੀ ਨੂੰ ਸਜ਼ਾ ਦੇਣੀ ਪਵੇ ਤਾਂ ਉਸ ਦਾ ਖ਼ੂਨ ਦੈਵੀ ਕਰੋਪੀ ਦਾ ਕਾਰਨ ਬਣ ਜਾਣ ਦਾ ਵਿਸ਼ਵਾਸ ਇਹਨਾਂ ਵਿੱਚ ਪ੍ਰਚੱਲਿਤ ਸੀ। ਇਸ ਦਾ ਭਾਵ ਹੈ ਕਿ ਇਹ ਬਿਕੀ ਦੀ ਧਾਰਮਿਕ ਸ਼ਕਤੀ ਵਿੱਚ ਵਿਸ਼ਵਾਸ ਰੱਖਦੇ ਸਨ ਅਤੇ ਜੇਕਰ ਕਿਸੇ ਕਾਰਨ ਵੱਸ ਕਿਸੇ ਬਿਕੀ ਨੂੰ ਮਾਰਿਆ ਜਾਣਾ ਜਰੂਰੀ ਹੋ ਜਾਂਦਾ ਤਾਂ ਉਸ ਨੂੰ ਉਬਲਦੇ ਪਾਣੀ ਵਿੱਚ ਜਾਂ ਦਰਿਆਵਾਂ ਵਿੱਚ ਪੱਥਰ ਬੰਨ ਕੇ ਸੁੱਟ ਦਿਤਾ ਜਾਂਦਾ ਸੀ।

ਬਾਬਰ ਚੰਗੇਜ਼ ਖ਼ਾਨ ਦੇ ਕਬੀਲੇ ਵਿਚੋਂ ਸੀ। ਭਾਵੇਂ ਕਿ ਇਸ ਦੇ ਪੂਰਵਜਾਂ ਨੇ ਇਸਲਾਮ ਧਰਮ ਧਾਰਨ ਕਰ ਲਿਆ ਸੀ ਪਰ ਬਾਬਰ ਦੇ ਮਨ 'ਤੇ ਚੰਗੇਜ਼ ਖ਼ਾਨ ਦੇ ਬਣਾਏ ਕਾਨੂੰਨ ਦਾ ਸਕਾਰਾਤਮਕ ਪ੍ਰਭਾਵ ਸੀ ਜਿਸ ਦਾ ਪ੍ਰਗਟਾਵਾ ਕਰਦਾ ਹੋਇਆ ਉਹ ਕਹਿੰਦਾ ਹੈ, ਮੇਰੇ ਪੂਰਵਜ ਅਤੇ ਪਰਿਵਾਰ ਦੇ ਮੈਂਬਰ ਚੰਗੇਜ਼ ਖ਼ਾਨ ਦੇ ਕਾਨੂੰਨ ਦੀ ਸਨਮਾਨ ਪੂਰਵਕ ਪਾਲਣਾ ਕਰਦੇ ਰਹੇ ਹਨ। ਮਹਿਫ਼ਲਾਂ, ਅਦਾਲਤਾਂ, ਤਿਉਹਾਰਾਂ, ਮਨੋਰੰਜਨ ਦੇ ਸਾਧਨਾਂ, ਬੈਠਣ ਅਤੇ ਉੱਠ ਕੇ ਖੜੇ ਹੋਣ ਸਮੇਂ ਉਹਨਾਂ ਨੇ ਕਦੇ ਵੀ ਚੰਗੇਜ਼ ਖ਼ਾਨ ਦੁਆਰਾ ਬਣਾਏ ਕਾਨੂੰਨਾਂ ਦੀ ਉਲੰਘਣਾ ਨਹੀਂ ਕੀਤੀ।

ਜਦੋਂ ਇਸ ਦੁਆਰਾ ਸਥਾਪਿਤ ਕੀਤੇ ਦਿੱਲੀ ਦੇ ਤਖ਼ਤ 'ਤੇ ਇਸ ਦਾ ਵੰਸ਼ਜ਼ ਜਹਾਂਗੀਰ ਬਾਦਸ਼ਾਹ ਬਣਿਆ ਤਾਂ ਉਸ ਦੇ ਮਨ 'ਤੇ ਵੀ ਇਸ ਕਾਨੂੰਨ ਦਾ ਬਹੁਤ ਪ੍ਰਭਾਵ ਸੀ। ਆਪਣੀ ਰਚਨਾ ਤੁਜ਼ਕ-ਏ-ਜਹਾਂਗੀਰੀ ਵਿੱਚ ਜਦੋਂ ਇਹ ਗੁਰੂ ਅਰਜਨ ਦੇਵ ਜੀ ਪ੍ਰਤੀ ਆਪਣੇ ਮਨ ਦਾ ਭਾਵ ਪ੍ਰਗਟ ਕਰਦਾ ਹੈ ਤਾਂ ਕਹਿੰਦਾ ਹੈ ਕਿ ਬਹੁਤ ਸਾਰੇ ਹਿੰਦੂ ਅਤੇ ਮੁਸਲਮਾਨ ਇਸ ਦੇ ਪ੍ਰਭਾਵ ਅਧੀਨ ਆ ਗਏ ਹਨ। ਇਸ ਦੁਆਰਾ ਵਰਤੇ ਅਜਿਹੇ ਸ਼ਬਦ ਇਹ ਦੱਸਦੇ ਹਨ ਕਿ ਇਹ ਗੁਰੂ ਸਾਹਿਬ ਨੂੰ ਧਾਰਮਿਕ ਸ਼ਖ਼ਸੀਅਤ ਪ੍ਰਵਾਨ ਕਰਦਾ ਹੈ ਅਤੇ ਜਦੋਂ ਇਸ ਦੇ ਮਨ ਵਿੱਚ ਇਹਨਾਂ ਨੂੰ ਸ਼ਹੀਦ ਕਰਨ ਦਾ ਵਿਚਾਰ ਆਉਂਦਾ ਹੈ ਤਾਂ ਆਪਣੇ ਪੂਰਵਜਾਂ ਦੁਆਰਾ ਬਣਾਏ ਗਏ ਕਾਨੂੰਨ ਵੀ ਚੇਤੇ ਆ ਜਾਂਦੇ ਹਨ ਜਿਨ੍ਹਾਂ ਵਿੱਚ ਇਹ ਸਪਸ਼ਟ ਕੀਤਾ ਗਿਆ ਸੀ ਕਿ ਜਦੋਂ ਕਿਸੇ ਧਾਰਮਿਕ ਸ਼ਖ਼ਸ ਦਾ ਖ਼ੂਨ ਧਰਤੀ 'ਤੇ ਡੁੱਲ੍ਹਦਾ ਹੈ ਤਾਂ ਆਫ਼ਤ ਆਉਂਦੀ ਹੈ। ਇਸ ਲਈ ਗੁਰੂ ਸਾਹਿਬ ਨੂੰ ਸ਼ਹੀਦ ਕਰਨ ਲਈ ਇਹ ਆਪਣੇ ਪੂਰਵਜਾਂ ਵੱਲੋਂ ਬਣਾਏ ਗਏ ਵਿਧੀ-ਵਿਧਾਨ ਨੂੰ ਹੀ ਪ੍ਰਵਾਨ ਕਰਦਾ ਹੈ ਜਿਸ ਵਿੱਚ ਉਹਨਾਂ ਨੂੰ ਅਜਿਹੇ ਢੰਗ ਨਾਲ ਸ਼ਹੀਦ ਕੀਤਾ ਜਾਂਦਾ ਹੈ ਕਿ ਉਹਨਾਂ ਦੇ ਖ਼ੂਨ ਦਾ ਕਤਰਾ ਵੀ ਧਰਤੀ 'ਤੇ ਨਾ ਡਿੱਗੇ।

ਗੁਰੂ ਅਰਜਨ ਦੇਵ ਜੀ ਦੀ ਧਾਰਮਿਕ ਸ਼ਖ਼ਸੀਅਤ ਅਤੇ ਸ਼ਹਾਦਤ ਦਾ ਵਰਨਨ ਕਰਦੇ ਹੋਏ ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਉਹ ਅਧਿਆਤਮਿਕਤਾ ਦੇ ਸਮੁੰਦਰ ਸਨ। ਜਦੋਂ ਉਹਨਾਂ ਨੂੰ ਸ਼ਹੀਦ ਕੀਤਾ ਗਿਆ ਤਾਂ ਉਹ ਪੂਰਨ ਤੌਰ 'ਤੇ ਸਹਿਜ ਅਵਸਥਾ ਵਿੱਚ ਸਨ ਅਤੇ ਉਹਨਾਂ ਦੀ ਸੁਰਤੀ ਪਰਮਾਤਮਾ ਨਾਲ ਲੱਗੀ ਹੋਈ ਸੀ :

ਰਹਿੰਦੇ ਗੁਰੁ ਦਰੀਆਉ ਵਿਚਿ ਮੀਨ ਕੁਲੀਨ ਹੇਤੁ ਨਿਰਬਾਣੀ।
ਦਰਸਨੁ ਦੇਖਿ ਪਤੰਗ ਜਿਉ ਜੋਤੀ ਅੰਦਰਿ ਜੋਤਿ ਸਮਾਣੀ। ਵਾਰ 24, ਪਉੜੀ 23.




# ਜੰਗ ਸਰਹਿੰਦ

## ਸਰਹਿੰਦ ਫ਼ਤਹਿ ਦਿਵਸ ’ਤੇ ਵਿਸ਼ੇਸ਼

ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377



ਸਿੱਖ ਧਰਮ ਦੀ ਨੀਂਹ ਸਤ ਤੇ ਰੱਖੀ ਗਈ ਹੈ। ਜਿਸ ਵਿੱਚ ਮਨੁੱਖਤਾ ਦੀ ਬਰਾਬਰੀ ਦਾ ਸੰਦੇਸ਼ ਹੈ। ਸਾਵੀ -ਪੱਧਰੀ ਜੀਵਨ ਜਾਚ ਵਿੱਚ ਕ੍ਰਿਤ ਕਰੋ, ਨਾਮ ਜਪੋ ਤੇ ਵੰਡ ਕੇ ਛਕੋ ਦਾ ਸਿਧਾਂਤ ਹੈ। ਸਿੱਖ ਗੁਰੂਆਂ ਦੇ ਸੱਚੇ ਉਪਦੇਸ਼ ਸਰਵਣ ਕਰਕੇ, ਦੂਸਰੇ ਧਰਮਾਂ ਦੇ ਲੋਕ ਸਵੈ ਇੱਛਿਆ ਨਾਲ ਸਿੱਖ ਧਰਮ ਨਾਲ ਜੁੜਦੇ ਗਏ। ਸੰਗਤ ਪੰਗਤ ਵਿੱਚ ਬੈਠ ਕੇ ਸਾਂਝੇ ਲੰਗਰ ਛੱਕਣਾ ਬਰਾਬਰਤਾ, ਸਮਾਜਿਕ ਅਤੇ ਧਾਰਮਿਕ ਇਨਕਲਾਬ ਸੀ। ਜਿਸ ਵਿੱਚ ਪ੍ਰਚਲਤ ਝੂਠੇ ਕਰਮਕਾਂਡਾ ਬੋਲੌੜੇ ਰੀਤੀ ਰਿਵਾਜਾਂ ਦਾ ਖੰਡਨ ਕਰਕੇ ਸਮਾਜ ਨੂੰ ਇਕ ਸੱਚੇ ਮਾਰਚ ਵਿੱਚ ਪਰਮਾਤਮਾ ਵੱਲ ਤੋਰਿਆ। ਮਨੁੱਖ ਨੂੰ ਨਿਰਭਊ ਨਿਰਵੈਰ ਬਣਾ ਕੇ ਸੱਚ ਲਈ ਜੂਝ ਮਰਨ ਲਈ ਤਿਆਰ ਕਰਨਾ ਸੀ। ਧਰਮ ਤੇ ਰਾਜਨੀਤੀ ਨੂੰ ਇਕ ਕਰ ਜੋੜਿਆ। ਸਮਾਜਿਕ ਰਾਜਨੀਤਕ ਅਤੇ ਧਾਰਮਿਕ ਚੇਤਨਾ ਵਿਚੋਂ ਨਰੋਆ ਸਮਾਜ ਉਸਾਰਨਾ ਸੀ। ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ 1699 ਦੀ ਵਿਸਾਖੀ ’ਤੇ ਖਾਲਸਾ ਸਾਜ਼ ਕੇ ਭਾਈਚਾਰੇ ਨੂੰ ਜਥੇਬੰਦ ਕੀਤਾ। ਸਵੈ ਮਾਣ ਤੇ ਸਵੈ ਰਖਿਆ ਦਾ ਐਲਾਨ ਕੀਤਾ। ਗੁਰੂ ਸਾਹਿਬ ਜੀ ਨੇ ਜੁਲਮ ਵਿਰੁੱਧ ਡੱਟਣ ਲਈ ਫੌਜੀ ਖ਼ਾਲਸਾ ਤਿਆਰ ਕੀਤਾ। ਮੁਗ਼ਲ ਸਾਮਰਾਜ ਦੇ ਜੁਲਮਾਂ ਦਾ ਟਾਕਰਾ ਕਰਦਿਆਂ ਬੇਸ਼ੁਮਾਰ ਲਾਸਾਨੀ ਸ਼ਹੀਦੀਆਂ ਹੋਈਆਂ। ਇੱਥੋਂ ਤਕ ਕਿ ਗੁਰੂ ਸਾਹਿਬ ਜੀ ਨੇ ਆਪਣਾ ਸਾਰਾ ਸਰਬੰਸ ਖਾਲਸਾ ਪੰਥ ਲਈ ਵਾਰ ਦਿਤਾ। ਗੁਰੂ ਸਾਹਿਬ ਜੀ ਨੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਬਾਬਾ ਬੰਦਾ ਸਿੰਘ ਬਹਾਦਰ ਨੂੰ ਪੰਥ ਦੀ ਅਗਵਾਈ ਕਰਨ ਲਈ ਨਿਯੁਕਤ ਕਰ ਲਿਆ ਸੀ। ਬਾਬਾ ਬੰਦਾ ਸਿੰਘ ਬਹਾਦਰ ਸਿੱਖ ਪੰਥ ਦੇ ਇਤਿਹਾਸ ਵਿੱਚ ਇਕ ਜਾਂਬਾਜ਼ ਯੋਧਾ ਹੋਇਆ ਹੈ। ਉਸਨੇ ਫਿਰ ਤੋਂ ਖਾਲਸਾ ਫ਼ੌਜ ਨੂੰ ਬਕਾਇਦਾ ਜੁਝਾਰੂ ਰੂਪ ਦਿਤਾ। ਉਹਨਾਂ ਦੀ ਅਗਵਾਈ ਹੇਠ ਇਕ ਬਹਾਦਰ ਸਿੱਖ ਕੌਮ ਉਭਰ ਕੇ ਆਈ। ਮੁਗ਼ਲਾਂ ਵਿਰੁੱਧ ਹਥਿਆਰ ਚੁੱਕਣ ਵਾਲੇ ਇਸ ਜਾਂਬਾਜ ਜਰਨੈਲ ਦਾ ਜਨਮ 16 ਅਕਤੂਬਰ 1670 ਨੂੰ ਜੰਮੂ ਕਸ਼ਮੀਰ ਦੇ ਪੁਣਛ ਜ਼ਿਲ੍ਹੇ ਦੇ ਪਿੰਡ ਰਜ਼ੌਰੀ ਵਿਖੇ ਕਿਸਾਨ ਰਾਮਦੇਵ ਜੀ ਦੇ ਘਰ ਹੋਇਆ। ਬਚਪਣ ਦਾ ਨਾਉਂ ਲਛਮਣ ਦਾਸ ਸੀ। ਉਹਨਾਂ ਕੋਲ ਦੁਨਿਆਵੀ ਹਿੰਸਾਝੀ ਵਿਦਿਆ ਨਹੀਂ ਸੀ। ਉਸ ਸਮੇਂ ਦੇ ਨੌਜਵਾਨਾਂ ਵਿੱਚ ਸ਼ਿਕਾਰ ਖੇਡਣ ਅਤੇ ਸ਼ਸ਼ਤਰ ਵਿਦਿਆ ਸਿੱਖਣ ਦਾ ਰੁਝਾਨ ਸੀ। ਇਸੇ ਅਭਿਆਸ ਵਿੱਚ ਲਛਮਣ ਦਾਸ ਵੀ ਇਕ ਚੰਗਾ ਸ਼ਿਕਾਰੀ, ਨਿਸ਼ਾਨੇਬਾਜ਼ , ਘੋੜ ਸਵਾਰ ਬਣ ਗਿਆ। ਛੇਤੀ ਹੀ ਉਸ ਨੂੰ ਬੈਰਾਗ ਦੀ ਲਗਨ ਲੱਗੀ ਤੇ 15 ਸਾਲ ਦੀ ਉਮਰ ਵਿੱਚ ਬੈਰਾਗੀ ਹੋ ਗਿਆ। ਉਸਨੇ ਜਾਨਕੀ ਪ੍ਰਸ਼ਾਦ ਨੂੰ ਆਪਣਾ ਗੁਰੂ ਧਾਰਨ ਕੀਤਾ। ਜਿਹਨਾਂ ਨੇ ਉਹਨਾਂ ਨੂੰ ਮਾਧੋਦਾਸ ਦਾ ਨਾਉਂ ਦਿਤਾ। ਉਹ ਸਾਧੂ ਮੰਡਲੀਆਂ ਵਿੱਚ ਘੁੰਮਦਾ ਨਾਸਕ ਪੁਜਾ ਤੇ ਜੋਗੀ ਔਘੜ ਨਾਥ ਦਾ ਚੇਲਾ ਬਣ ਗਿਆ, ਜਿਥੇ ਉਸਨੇ ਹਠ, ਯੋਗ ਤੇ ਤਾਂਤਰਿਕ ਵਿਦਿਆ ਤੇ ਕਰਾਮਾਂਤਾ ਦੇ ਸਾਧਨ ਕਮਾਏ। ਯੋਗੀ ਔਘੜ ਨਾਥ ਦੇ ਮਰਨ ਤੋਂ ਬਾਅਦ ਉਸਨੇ ਨੰਦੇੜ ਵਿਖੇ ਆਪਣਾ ਰਮਣੀਕ ਸੁੰਦਰ ਟਿਕਾਣਾ ਬਣਾ ਲਿਆ। ਆਪਣੀ ਯੋਗ ਵਿਦਿਆ ਨਾਲ ਉਹ ਲੋਕਾਂ ਨੂੰ ਭਰਮਾਉਣ ਲੱਗਾ ਤੇ ਉਹਨਾਂ ਦਾ ਮਖੌਲ ਉਡਾਉਂਦਾ। ਮਾਧੋਦਾਸ ਦੀਆਂ ਚਲਾਕੀਆਂ ਦੀ ਖਬਰ ਗੁਰੂ ਸਾਹਿਬ ਜੀ ਨੂੰ ਮਿਲ ਚੁੱਕੀ ਸੀ। ਸਤੰਬਰ 3, 1708 ਨੂੰ ਗੁਰੂ ਸਾਹਿਬ ਜੀ ਮਾਧੋਦਾਸ ਨੂੰ ਉਸਦੇ ਡੇਰੇ ਜਾ ਮਿਲੇ। ਗੁਰੂ ਸਾਹਿਬ ਜੀ ਨੂੰ ਖ਼ਾਲਸਾ ਪੰਥ ਦੀ ਅਗਵਾਈ ਸੌਂਪਣ ਲਈ ਇੱਕ ਬੰਦੇ ਦੀ ਤਲਾਸ਼ ਸੀ। ਗੁਰੂ ਸਾਹਿਬ ਜੀ ਨੇ ਜਾਣ ਲਿਆ ਸੀ ਕਿ ਉਹਨਾਂ ਨੂੰ ਬੰਦਾ ਲੱਭ ਗਿਆ ਹੈ।

ਗੁਰੂ ਸਾਹਿਬ ਜੀ ਨੇ ਮਾਧੋ ਦਾਸ ਨੂੰ ਖੰਡੇ ਦਾ ਅੰਮ੍ਰਿਤ ਛਕਾਇਆ ਤੇ ਉਸਦਾ ਨਾਉਂ ਬੰਦਾ ਸਿੰਘ ਰਖਿਆ ਜੋ ਆਪਣੀ ਬਹਾਦਰੀ ਸਦਕਾ ਇਤਿਹਾਸ ਵਿੱਚ ਬੰਦਾ ਸਿੰਘ ਬਹਾਦਰ ਵਜੋਂ ਪ੍ਰਸਿੱਧ ਹੋਇਆ। ਬਾਬਾ ਜੀ ਦੀ ਉਮਰ 38 ਸਾਲ ਸੀ। ਉਹਨਾਂ ਦੇ ਚਿਹਰੇ ’ਤੇ ਗੰਭੀਰਤਾ ਵਾਲਾ ਜਲਾਲ ਸੀ। ਸਰੀਰਕ ਪੱਖੋਂ ਭਾਵੇਂ ਸਾਂਵੇ ਸਨ ਪਰ ਅੰਤਾਂ ਦੇ ਫੁਰਤੀਲੇ ਸਨ। ਇਹੀ ਉਹਨਾਂ ਦੀ ਬਹਾਦਰੀ ਦਾ ਕਰਤੱਬ ਸੀ। ਉਹਨਾਂ ਦਾ ਗੁਰੂ ਪ੍ਰਤੀ ਨਿਸ਼ਠਾ ਗੰਭੀਰ ਤੇ ਪ੍ਰਪੱਕ ਸੀ। ਜਿਸਦੀ ਸ਼ਕਤੀ ਨਾਲ ਜੰਗਾਂ ਵਿੱਚ ਕਮਾਲ ਕਰ ਵਿਖਾਈ। ਉਹਨਾਂ ਨੇ ਜੀਅ ਜਾਨ ਨਾਲ ਖਾਲਸਾ ਪੰਥ ਦੀ ਵਾਗਡੋਰ ਸੰਭਾਲੀ ਅਤੇ ਸਿੱਖ ਪੰਥ ਦੀ ਸੇਵਾ ਦਾ ਸੁਭਾਗ ਪ੍ਰਾਪਤ ਕੀਤਾ। ਗੁਰੂ ਸਾਹਿਬ ਨੇ ਉਹਨਾਂ ਨੂੰ ਸਿੱਖੀ ਦੇ ਜੰਗੀ ਇਤਿਹਾਸ ਅਤੇ ਸੰਘਰਸ਼ ਤੋਂ ਜਾਣੂ ਕਰਵਾਇਆ। ਉਹ ਮਾਨਸਿਕ ਤੌਰ ’ਤੇ ਆਪਣੇ ਕੌਮੀ ਫਰਜ਼ ਲਈ ਤਿਆਰ ਹੋ ਗਏ। ਗੁਰੂ ਸਾਹਿਬ ਜੀ ਨੇ ਉਪਦੇਸ਼ ਦਿਤਾ ਕਿ ਸਿੱਖ ਪੰਥ ਦੀ ਸੇਵਾ ਹੀ ਇਸ ਵੇਲੇ ਪੰਥ ਵਾਸਤੇ ਉੱਤਮ ਕਾਰਜ਼ ਹੈ। ਮੁਗਲ ਸਾਮਰਾਜ ਦੇ ਜੁਲਮਾਂ ਵਿਰੁੱਧ ਮਨੁੱਖਤਾ ਦੀ ਭਲਾਈ ਲਈ ਜੁਲਮ ਦਾ ਨਾਸ ਕਰਨਾ ਹੈ। ਗੁਰੂ ਸਾਹਿਬ ਜੀ ਨੇ ਉਹਨਾਂ ਨੂੰ ਜਥੇਦਾਰ ਬਣਾ ਕੇ ਪੰਜਾਬ ਵੱਲ ਤੋਰਿਆ। ਉਹਨਾਂ ਨੂੰ ਸੰਗਤਾਂ ਲਈ ਹੁਕਮਨਾਮੇ ਲਿਖ ਕੇ ਦਿਤੇ ਕਿ ਸੰਗਤਾਂ ਮੁਗ਼ਲਾਂ ਵਿਰੁੱਧ ਜੰਗਾਂ ਵਿੱਚ ਬਾਬਾ ਜੀ ਦਾ ਸਾਥ ਦੇਣ। ਉਹਨਾਂ ਨੂੰ ਪੰਜ ਤੀਰ, ਦੋਧਾਰੀ ਖੰਡਾ, ਨਿਸ਼ਾਨ(ਝੰਡਾ), ਨਗਾਰਾ ਅਤੇ ਸਲਾਹਕਾਰ ਵਜੋਂ ਸਿੰਘ ਭੇਜੇ। ਜਿੰਨਾਂ ਵਿੱਚ ਭਾਈ ਦਯਾ ਸਿੰਘ, ਭਾਈ ਬਿਨੋਦ ਸਿੰਘ, ਭਾਈ ਕਾਹਨ ਸਿੰਘ, ਬਾਬਾ ਬਾਜ਼ ਸਿੰਘ ਤੇ ਭਾਈ ਰਣ ਸਿੰਘ ਸ਼ਾਮਲ ਸਨ। ਨਾਲ ਹੀ 25 ਸਿੰਘਾਂ ਦਾ ਜਥਾ ਵੀ ਤੋਰਿਆ।

26 ਨਵੰਬਰ 1708 ਨੂੰ ਜੰਗੀ ਮੁਹਿੰਮ ਦੀ ਸ਼ੁਰੂਆਤ ਕਰਦਿਆਂ ਸੋਨੀਪਤ, ਸਮਾਣਾ, ਸ਼ਾਹਬਾਦ, ਮੁਸਤਫਾਬਾਦ, ਕਪੂਰੀ ਅਤੇ ਬਨੂੜ ਨੂੰ ਆਪਣੇ ਅਧੀਨ ਕਰਨ ਤੋਂ ਬਾਅਦ ਉਹਨਾਂ ਨੇ ਆਪਣੇ ਅਸਲੀ ਨਿਸ਼ਾਨੇ ਵੱਲ ਵਧਦਿਆਂ ਵਜ਼ੀਰ ਖਾਨ ਉਤੇ ਹਮਲਾ ਕਰਨ ਲਈ ਖ਼ਾਲਸਾ ਫ਼ੌਜ ਦੀ ਅਗਵਾਈ ਕੀਤੀ। ਮਾਝੇ ਤੇ ਦੁਆਬੇ ਦੇ ਸਿੰਘਾਂ ਨੂੰ ਹੁਕਮ ਭੇਜਿਆ ਕਿ ਉਹ ਸਰਹਿੰਦ ਵੱਲ ਕੂਚ ਕਰਨ। ਸਿਦਕੀ ਹੁੰਮ ਹੁੰਮਾ ਦੇ ਅਨੰਦਪੁਰ ਤੇ ਕੀਰਤਪੁਰ ਇੱਕਠੇ ਹੋਣ ਲੱਗੇ। ਬਾਬਾ ਜੀ ਸਢੌਰਾ ਤੇ ਮੁਖਲਿਸ ਨੂੰ ਫਤਹਿ ਕਰਕੇ ਸਰਹਿੰਦ ਵੱਲ ਵਧੇ ਤਾਂ ਮਾਝੇ ਤੇ ਦੁਆਬੇ ਦੇ ਸਿੰਘਾਂ ਦਾ ਜਥਾ ਵੀ ਕੀਰਤਪੁਰ ਤੋਂ ਤੁਰ ਪਿਆ। ਵਜ਼ੀਰ ਖਾਂ ਨੇ ਮਲੇਰਕੋਟਲੇ ਦੇ ਨਵਾਬ ਨੂੰ ਭਿੜਨ ਲਈ ਕਿਹਾ। ਰੋਪੜ ਦੇ ਕੋਲ ਸਿੰਘਾਂ ਦੀ ਪਠਾਣਾ ਨਾਲ ਦੋ ਦਿਨ ਝੜਪ ਹੋਈ। ਸਿੰਘ ਗਿਣਤੀ ਵਿੱਚ ਥੋੜੇ ਸਨ ਪਰ ਫਿਰ ਵੀ ਮੈਦਾਨ ਮਾਰ ਲਿਆ। ਅੱਗੇ ਸੰਘੋਲ ਜਿੱਤ ਕੇ ਖ਼ਾਲਸਾ ਦਲ ਖਰੜ ਵੱਲ ਵਧਿਆ। ਬਾਬਾ ਜੀ ਵੀ ਬਨੂੜ ਜਿੱਤ ਕੇ ਖਰੜ ਵੱਲ ਆ ਰਹੇ ਸਨ। ਖ਼ਾਲਸੇ ਦੀ ਵੱਧਦੀ ਹੋਈ ਤਾਕਤ ਸਰਹਿੰਦ ਵੱਲ ਵੱਧ ਗਈ।

ਵਜ਼ੀਰ ਖਾਂ ਨੇ ਜੰਗ ਨੂੰ ਹੈਦਰੀ ਝੰਡੇ ਹੇਠ ਜਹਾਦ ਦਾ ਧਾਰਮਿਕ ਰੂਪ ਦੇ ਦਿੱਤਾ। ਉਸਨੇ ਸਿੱਖ ਕਾਫ਼ਰਾਂ ਵਿਰੁੱਧ ਇਸਲਾਮ ਨੂੰ ਸਹਾਇਤਾ ਲਈ ਵੰਗਾਰਿਆ। ਉਸਨੇ ਪੰਜਾਬ ਭਰ ਵਿਚੋਂ ਮੁਸਲਮਾਨੀ ਫ਼ੌਜ ਮੰਗਵਾਈ। ਪੰਜਾਬ ਭਰ ਦੇ ਪਠਾਣ, ਸੱਯਦ ਰੰਗੜ ਤੇ ਮੁਸਲਮਾਨ ਵੱਡੀ ਗਿਣਤੀ ਵਿੱਚ ਸ਼ਾਮਲ ਹੋ ਗਏ। ਸੁੱਚਾ ਨੰਦ ਦਾ ਗਦਾਰ ਭਤੀਜਾ ਖ਼ਾਲਸਾ ਫ਼ੌਜ ਵਿੱਚ ਭੇਜਾ ਦਿਤਾ ਕਿ ਜਦ ਜੰਗ ਸਿਖਰ ’ਤੇ ਪੁਜੇ ਤਾਂ ਉਹ ਮੁਗਲ ਫ਼ੌਜ ਵਿੱਚ ਪਰਤ ਆਵੇ। ਇਸ ਤਰਾਂ ਖ਼ਾਲਸਾ ਭਾਜੜ ਵਿੱਚ ਪੈ ਜਾਵੇਗਾ। ਉਹ ਇਕ ਹਜ਼ਾਰ ਦੀ ਫ਼ੌਜ ਨਾਲ ਖ਼ਾਲਸਾ ਫ਼ੌਜ ਵਿੱਚ ਜਾ ਘੁਸਿਆ। ਜੇ ਦਾਉ ਲੱਗੇ ਤਾਂ ਬਾਬਾ ਜੀ ਨੂੰ ਵੀ ਮਾਰ ਮੁਕਾਏ ਪਰ ਬਾਬਾ ਜੀ ਤਾਂ ਕੌਤਕ ਵੇਖ ਰਹੇ ਸਨ, ਉਸਦੀ ਮਾੜੀ ਨੀਯਤ ਨੂੰ ਤਾੜ ਗਏ ਅਤੇ ਵਿਸਾਹ ਨਾ ਖਾਧਾ। ਦੋਵੇਂ ਫ਼ੌਜਾਂ ਟਾਕਰੇ ਲਈ ਅਗਾਂਹ ਵਧੀਆਂ। ਮੁਗ਼ਲ ਫ਼ੌਜ ਵੱਡੀ ਗਿਣਤੀ ਵਿੱਚ ਤੇ ਵੱਡੀਆਂ ਤੋਪਾਂ (ਜੰਬੂਰੇ), ਹਾਥੀ, ਘੋੜੇ ਅਤੇ ਹਰ ਪ੍ਰਕਾਰ ਦਾ ਜੰਗੀ ਅਸਲਾ ਸੀ। ਦੂਸਰੇ ਪਾਸੇ ਖ਼ਾਲਸੇ ਕੋਲ ਨਾ ਤੋਪਾਂ, ਨਾ ਹਾਥੀ ਅਤੇ ਨਾ ਹੀ ਬਹੁਤ ਜੰਗੀ ਸਮਾਨ ਸੀ। ਸਰਹਿੰਦ ਤੋਂ 10-12 ਕੋਹ ਦੀ ਵਿੱਥ ’ਤੇ ਚਪੜਚਿੜੀ ਵਿੱਚ 12 ਮਈ 1710 ਨੂੰ ਬੜੀ ਸਖਤ ਜੰਗੀ ਹੋਈ। ਮੁੱਖ ਜੰਗ ਚੱਪੜਚਿੜੀ ਦੇ ਮੈਦਾਨ ਵਿੱਚ ਲੜੀ ਗਈ ਜੋ ਬਨੂੜ ਖਰੜ ਸੜਕ ’ਤੇ ਖਰੜ ਤਹਿਸੀਲ ਵਿੱਚ ਹੈ। ਬਾਬਾ ਜੀ ਵਾਸਤੇ ਸਰਹਿੰਦ ਨਾਲ ਭਿੜਨਾ ਸੌਖਾ ਕੰਮ ਨਹੀਂ ਸੀ। ਇਹ ਸੂਬਾਈ ਰਾਜਧਾਨੀ ਸੀ। ਨਵਾਬ ਵਜ਼ੀਰ ਖਾਂ ਮੁਗ਼ਲ ਸਾਮਰਾਜ ਦਾ ਸ਼ਕਤੀਸ਼ਾਲੀ ਨਵਾਬ ਸੀ, ਜਿਸ ਕੋਲ ਬਹੁਤ ਵੱਡੀ ਫ਼ੌਜ ਸੀ। ਉਹ ਕਈ ਸਾਲਾਂ ਤੋਂ ਸੱਤਾ ’ਤੇ ਕਾਬਜ ਸੀ। ਉਸ ਕੋਲ ਕਾਫੀ ਧੰਨ ਅਤੇ ਉਚੀ ਪਦਵੀ ਸੀ। ਉਸਨੇ ਬੜੀ ਤਿਆਰੀ ਕਰ ਰਖੀ ਸੀ।

ਬਾਬਾ ਜੀ ਨੇ ਆਪਣੀ ਫ਼ੌਜ ਨੂੰ ਸੰਗਠਿਤ ਕੀਤਾ। ਬਾਬਾ ਜੀ ਕੋਲ ਨਾ ਤੋਪਖਾਨਾ ਸੀ, ਨਾ ਕੋਈ ਹਾਥੀ, ਘੋੜੇ। ਖ਼ਾਲਸਾ ਫ਼ੌਜ ਕੋਲ ਲੰਬੇ ਬਰਛੇ, ਤੀਰ ਅਤੇ ਤਲਵਾਰਾਂ ਹੀ ਸਨ। ਬਾਬਾ ਜੀ ਨੇ ਆਪਣੀ ਫ਼ੌਜ ਨੂੰ ਦੋ ਦਲਾਂ ਵਿੱਚ ਵੰਡਿਆ। ਪਹਿਲੇ ਜੱਥੇ ਵਿੱਚ ਮਾਲਵੇ ਤੋਂ ਫਤਹਿ ਸਿੰਘ, ਕਰਮ ਸਿੰਘ, ਧਰਮ ਸਿੰਘ ਅਤੇ ਅਲੀ ਸਿੰਘ ਨੇ ਅਗਵਾਈ ਕੀਤੀ। ਮਝੈਲ ਸਿੰਘਾਂ ਵਿੱਚ ਬਾਬਾ ਬਿਨੋਦ ਸਿੰਘ, ਭਾਈ ਬਾਜ਼ ਸਿੰਘ, ਰਣ ਸਿੰਘ ਅਤੇ ਸ਼ਾਮ ਸਿੰਘ ਸਨ, ਜਿਹਨਾਂ ਦਾ ਦੂਸਰਾ ਜਥਾ ਸੀ। ਬਾਬਾ ਜੀ ਆਪ ਜੰਗ ਨਿਗਰਾਨੀ ਲਈ ਇੱਕ ਟਿੱਲੇ ’ਤੇ ਬੈਠ ਗਏ। ਜੰਗ ਦੀ ਪਹਿਲੀ ਮਾਰ ਹੇਠ ਹੀ ਖ਼ਾਲਸੇ ਦੇ ਉਹ ਸਾਥੀ ਭੱਜ ਗਏ ਜੋ ਸਿਰਫ਼ ਲੁੱਟ ਮਾਰ ਲਈ ਹੀ ਆਣ ਰਲੇ ਸਨ। ਉਸ ਵੇਲੇ ਸੁੱਚਾ ਨੰਦ ਦਾ ਭਤੀਜਾ ਵੀ ਸਾਥੀਆਂ ਸਮੇਤ ਭੱਜ ਗਿਆ। ਸਿੰਘਾਂ ਨੇ ਛੇਤੀ ਹੀ ਉਸ ਨੂੰ ਘੇਰ ਕੇ ਸਾਥੀਆਂ ਸਮੇਤ ਮਾਰ ਮੁਕਾਇਆ।

ਤੁਰਕਾਂ ਦਾ ਜ਼ੋਰ ਪੈਂਦਾ ਵੇਖ ਕੇ ਬਾਬਾ ਜੀ ਨੇ ਤਲਵਾਰ ਧੂ ਲਈ। ਬਾਬਾ ਜੀ ਦੀ ਅਗਵਾਈ ਹੇਠ ਤੁਰਕਾਂ ਦੇ ਆਹੂ ਲੱਥੇ। ਸਿੰਘ ਵੀ ਬਹੁਤ ਸ਼ਹੀਦ ਹੋਏ। ਤੁਰਕੀ ਸੈਨਾ ਦਾ ਵੱਡਾ ਨੁਕਸਾਨ ਹੋਇਆ। ਵਜ਼ੀਰ ਖਾਂ ਨੇ ਬਾਬਾ ਬਾਜ਼ ਸਿੰਘ ਤੇ ਹਮਲਾ ਕੀਤਾ। ਬਾਬਾ ਬਾਜ਼ ਸਿੰਘ ਨੇ ਵਜ਼ੀਰ ਖਾਂ ਦਾ ਨੇਜਾ ਖੋਹ ਕੇ ਉਸਦੇ ਘੋੜੇ ਨੂੰ ਜ਼ਖ਼ਮੀ ਕਰ ਦਿਤਾ। ਵਜ਼ੀਰ ਖਾਂ ਨੇ ਤੀਰ ਬਾਬਾ ਬਾਜ਼ ਸਿੰਘ ਦੀ ਬਾਂਹ ਵਿੱਚ ਖੋੜ ਦਿਤਾ। ਉਹ ਤਲਵਾਰ ਨਾਲ ਅੱਗੇ ਵਧਿਆ । ਭਾਈ ਫਤਹਿ ਸਿੰਘ ਕੋਲ ਖੜਾਂ ਸੀ। ਉਸਨੇ ਤਲਵਾਰ ਦਾ ਅਜਿਹਾ ਵਾਰ ਕੀਤਾ ਕਿ ਮੌਢਾ ਚੀਰ ਕੇ ਕਮਰ ਤਕ ਜਾ ਵਢਿਆ। ਉਹ ਉਥੇ ਹੀ ਡਿੱਗ ਪਿਆ। ਤੁਰਕੀ ਸੈਨਾ ਵਿੱਚ ਭਾਜੜ ਪੈ ਗਈ ਤੇ ਭੱਜ ਗਈ। ਘੋੜ ਸਵਾਰ ਅਤੇ ਪੈਦਲ ਬਹੁਤ ਸਾਰੇ ਲੋਕ ਖ਼ਾਲਸੇ ਦੀ ਤਲਵਾਰ ਹੇਠ ਆ ਗਏ। ਖ਼ਾਲਸੇ ਨੇ ਸਰਹਿੰਦ ਤੀਕ ਪਿੱਛਾ ਕੀਤਾ।

ਚੱਪੜਚਿੜੀ ਦੀ ਜਿੱਤ ਤੋਂ ਬਾਅਦ ਖ਼ਾਲਸਾ ਸਰਹਿੰਦ ਵੱਲ ਵਧਿਆ। ਬਾਬਾ ਜੀ ਨੇ 14 ਮਈ 1710 ਨੂੰ ਰਸਮੀ ਤੌਰ ’ਤੇ ਸਰਹਿੰਦ ਇਲਾਕੇ ਦੇ ਨਿਯੰਤਰਣ ਲੈ ਲਿਆ। ਉਸ ਸਮੇਂ ਹੋਈਆਂ ਵਾਰਦਾਤਾਂ ਵਿੱਚ ਸ਼ਹਿਰ ਨੂੰ ਲੁਟਿਆ ਗਿਆ। ਹਕੂਮਤ ਦੇ ਸਿੰਘਾਂ ਵਿਰੁੱਧ ਵੈਰੀਆਂ ਨੂੰ ਵਢਿਆ ਗਿਆ। ਪਾਪੀ ਸੁੱਚਾ ਨੰਦ ਨੂੰ ਕਤਲ ਕੀਤਾ ਗਿਆ। ਬਹੁਤ ਸਾਰਿਆਂ ਨੂੰ ਸਜ਼ਾਵਾਂ ਦਿਤੀਆਂ ਗਈਆਂ ਪਰ ਆਮ ਜਨ ਜੀਵਨ ਨੂੰ ਪ੍ਰਭਾਵਿਤ ਨਹੀਂ ਕੀਤਾ। ਸਰਹਿੰਦ ਦੀ ਇੱਟ ਨਾਲ ਇੱਟ ਖੜਕਾਈ ਗਈ। ਅਟਾਰੀਆਂ ਅਤੇ ਸ਼ਾਹੀ ਮਹੱਲ ਢਾਹੇ ਗਏ। ਸੁੱਚਾ ਨੰਦ ਦੀ ਹਵੇਲੀ ਦਾ ਸਫਾਇਆ ਕੀਤਾ। ਉਹਨਾਂ ਕੰਧਾਂ ਨੂੰ ਵੀ ਤਹਿ ਕੀਤਾ ਜਿਹਨਾਂ ਵਿੱਚ ਛੋਟੇ ਦੋ ਸਾਹਿਬਜ਼ਾਦੇ ਚਿਣੇ ਗਏ ਸਨ। ਸਿੰਘਾਂ ਨੇ ਅਜਿਹੇ ਸੰਜਮ ਦਾ ਸਬੂਤ ਦਿਤਾ ਕਿ ਸ਼ੇਖ ਅਹਿਮਦ ਮੁਜੱਦਦ ਅਲਫ ਸਾਨੀ ਦੇ ਮਜਾਰ ਅਤੇ ਹੋਰ ਯਾਦਗਾਰਾਂ ਨੂੰ ਛੇੜਿਆ ਨਾ ਗਿਆ। ਇਹ ਸਿੱਖਾਂ ਦੀ ਪਹਿਲੀ ਖੇਤਰਗੀ ਜਿੱਤ ਸੀ। ਜਿਸਨੇ ਉਹਨਾਂ ਨੂੰ ਸਤਲੁਜ ਦੇ ਦੱਖਣ ਵਿੱਚ ਪੂਰੇ ਦੇਸ਼ ਦਾ ਕਬਜ਼ਾ ਦਿੱਲੀ ਦੇ ਨੇੜੇ ਤਕ ਦਿਤਾ। ਮਈ 24,1710 ਨੂੰ ਬਾਬਾ ਜੀ ਨੇ ਪਟਿਆਲੇ ਨੂੰ ਇੱਕ ਸੁਤੰਤਰ ਰਾਜ ਦਾ ਪਹਿਲਾ ਕੇਂਦਰ ਬਣਾਇਆ। ਮਈ 27, 1710 ਨੂੰ ਸਰਹਿੰਦ ਸ਼ਹਿਰ ਵਿੱਚ ਇਕ ਵਿਸ਼ਾਲ ਇਕੱਤਰਤਾ ਵਿੱਚ ਬਾਬਾ ਜੀ ਨੇ ਸਰਹਿੰਦ ਸ਼ਹਿਰ ਵਿੱਚ ਸਿੱਖ ਰਾਜ ਸਥਾਪਤ ਕਰਨ ਅਤੇ ਮੁਗ਼ਲਾਂ ਦੇ ਸ਼ਾਸ਼ਨ ਨੂੰ ਖਤਮ ਕਰਨ ਦਾ ਐਲਾਨ ਕੀਤਾ। ਜਿਸ ਨੇ ਇਲਾਕੇ ਵਿੱਚ ਆਪਣੇ ਜੁਲਮਾਂ ਨਾਲ ਦਹਿਸ਼ਤ ਫੈਲਾਈ ਹੋਈ ਸੀ। ਬਾਬਾ ਜੀ ਨੇ ਮੁਖਲਿਸਪੁਰ ਦੇ ਪੁਰਾਣੇ ਸ਼ਾਹੀ ਕਿਲੇ ਦੀ ਮੁਰੰਮਤ ਕੀਤੀ, ਇਸ ਨੂੰ ਲੋਹਗੜ੍ਹ ਦਾ ਨਾਉਂ ਦਿਤਾ। ਉਥੇ ਆਪਣੀ ਰਾਜਧਾਨੀ ਸਥਾਪਤ ਕੀਤੀ। ਬਾਬਾ ਬਾਜ਼ ਸਿੰਘ ਨੂੰ ਸਰਹਿੰਦ ਦਾ ਸੂਬਾ ਅਤੇ ਅਲੀ ਸਿੰਘ ਸਲੌਦੀ ਨੂੰ ਸਹਾਇਕ ਨਿਯੁਕਤ ਕੀਤਾ। ਭਾਈ ਫਤਹਿ ਸਿੰਘ ਨੂੰ ਸਮਾਣਾ ਸੌਂਪਿਆ। ਥਾਨੇਸਰ ਦਾ ਪ੍ਰਬੰਧ ਬਾਬਾ ਬਾਜ਼ ਸਿੰਘ ਦੇ ਭਰਾ ਰਾਮ ਸਿੰਘ ਅਤੇ ਬਾਬਾ ਬਿਨੋਦ ਸਿੰਘ ਨੂੰ ਦਿਤਾ। ਇਲਾਕੇ ਦੇ ਪ੍ਰਗਨਿਆਂ ਨੇ ਬਾਬਾ ਜੀ ਦੀ ਅਧੀਨਗੀ ਪ੍ਰਵਾਨ ਕਰ ਲਈ। ਕਰਨਾਲ ਤੋਂ ਲੁਧਿਆਣਾ ਤੀਕ ਸਾਰਾ ਇਲਾਕਾ ਸਿੱਖਾਂ ਦੇ ਕਬਜ਼ੇ ਵਿੱਚ ਸੀ। ਇਸਦੀ ਆਮਦਨ 36 ਲੱਖ ਰੁਪਏ ਸਾਲਾਨਾ ਸੀ। ਸਰਹਿੰਦ ਦੀ ਜਿੱਤ ਦੀ ਯਾਦ ਵਿੱਚ ਫਤਹਿ ਬੁਰਜ ਚੱਪੜਚਿੜੀ ਦੇ ਸਥਾਨ ’ਤੇ ਸਥਾਪਤ ਹੈ।






# ਬੱਚਿਆਂ ਨੂੰ ਨਿੱਕੇ-ਨਿੱਕੇ ਕੰਮਾਂ ਲਈ ਦਿਉ ਵੱਡੀ ਸ਼ਾਬਾਸ਼



ਬਚਪਨ ਜਜ਼ਬਾਤੀ ਹੁੰਦਾ ਹੈ, ਇਸ ਲਈ ਬੱਚਿਆਂ ਦੀਆਂ ਮਲੂਕ ਭਾਵਨਾਵਾਂ ਦੀ ਕਦਰ ਕਰੋ। ਬੱਚਿਆਂ ਨੂੰ ਪੜ੍ਹਾਈ ਹਊਆ ਨਹੀਂ ਸਗੋਂ ਜੀਵਨ ਖ਼ੁਸ਼ੀਆਂ ਦਾ ਸਾਧਨ ਹੋਣ ਬਾਰੇ ਦੱਸੋ। ਡਰ ਪਾਉਣ ਨਾਲ ਬੱਚੇ ਦੱਬੂ ਬਣ ਜਾਂਦੇ ਹਨ ਅਤੇ ਸਾਰੀ ਉਮਰ ਅਧੂਰੇ ਹੀ ਰਹਿੰਦੇ ਹਨ। ਡਰ ਬੱਚੇ ਨੂੰ ਮਾਨਸਿਕ ਅਪਾਹਜ ਬਣਾ ਦਿੰਦਾ ਹੈ।

ਬੱਚੇ ਡਿਜੀਟਲ ਸਾਧਨਾਂ ਰਾਹੀਂ ਇੰਨਾ ਕੁ ਸਿੱਖ ਰਹੇ ਹਨ ਕਿ ਉਹ ਸਮੇਂ ਤੋਂ ਪਹਿਲਾਂ ਬਾਲਗ ਬਣ ਰਹੇ ਹਨ। ਇਸ ਗਿਆਨ ਨੂੰ ਲੜੀਵਾਰ ਕਰਨ ਲਈ ਮਾਤਾ-ਪਿਤਾ ਦੀ ਭੂਮਿਕਾ ਬਹੁਤ ਅਹਿਮ ਹੈ। ਅਜੋਕੇ ਸਮੇਂ ਬੱਚਿਆਂ ਦੇ ਪਾਲਣ-ਪੋਸ਼ਣ ਲਈ ਲਚਕਦਾਰ ਪਹੁੰਚ ਬਹੁਤ ਲਾਭਕਾਰੀ ਹੈ। ਮਾਪਿਆਂ ਦੇ ਸਖ਼ਤ ਵਿਹਾਰ ਨਾਲ ਬੱਚਿਆਂ ਦੇ ਸੁਭਾਅ 'ਚ ਵਿਗਾੜ ਆ ਜਾਂਦੇ ਹਨ ਅਤੇ ਘਰ ਦੇ ਡਰੋਂ ਨਿਆਣੇ ਚੋਰੀ ਅਜਿਹੇ ਕੰਮ ਕਰਨ ਲੱਗ ਜਾਂਦੇ ਹਨ, ਜਿਨ੍ਹਾਂ ਨਾਲ ਉਨ੍ਹਾਂ ਵਿਚ ਅਨੈਤਿਕ ਤੇ ਅਪਰਾਧੀ ਰੁਚੀਆਂ ਦਾ ਵਿਕਾਸ ਹੁੰਦਾ ਹੈ। ਚਾਨਣ ਵੱਲ ਜਾਣ ਦੀ ਥਾਂ ਉਹ ਹਨੇਰਿਆਂ ਵੱਲ ਹੋ ਤੁਰਦੇ ਹਨ। ਜੇ ਅਸੀਂ ਬੱਚਿਆਂ ਨੂੰ ਸ਼ੁਰੂ ਤੋਂ ਹੀ ਇਹ ਸਿਖਾਈਏ ਕਿ ਜ਼ਿੰਦਗੀ 'ਚ ਹਰ ਕੰਮ ਚਾਹੇ ਉਹ ਛੋਟਾ ਹੀ ਕਿਉਂ ਨਾ ਹੋਵੇ, ਮਹੱਤਵਪੂਰਨ ਹੈ ਤਾਂ ਉਹ ਜ਼ਿੰਦਗੀ 'ਚ ਹਰ ਕੰਮ ਦੀ ਕਦਰ ਕਰਦੇ ਹਨ। ਇਸ ਤਰ੍ਹਾਂ ਉਹ ਬਿਹਤਰ ਇਨਸਾਨ ਬਣਦੇ ਹਨ, ਜੋ ਸਿਰਫ਼ ਆਪਣੇ ਲਈ ਹੀ ਨਹੀਂ ਸਗੋਂ ਹੋਰਾਂ ਲਈ ਵੀ ਸੋਚਦੇ ਹਨ। ਇਸ ਤਰ੍ਹਾਂ ਕਰਨ ਨਾਲ ਉਨ੍ਹਾਂ ਦਾ ਆਤਮ-ਵਿਸ਼ਵਾਸ ਵੀ ਵਧਦਾ ਹੈ।

ਜਦੋਂ ਮਾਪੇ ਬੱਚਿਆਂ ਦੇ ਦੋਸਤ ਹੁੰਦੇ ਹਨ ਤਾਂ ਉਨ੍ਹਾਂ ਅੰਦਰ ਉਸਾਰੂ ਰੁਚੀਆਂ ਦਾ ਵਿਕਾਸ ਹੁੰਦਾ ਹੈ ਅਤੇ ਉਹ ਅੰਦਰੋਂ ਮਜ਼ਬੂਤ ਤੇ ਜੁੜੇ ਹੋਏ ਮਹਿਸੂਸ ਕਰਦੇ ਹਨ। ਬੱਚਿਆਂ ਨੂੰ ਸਖ਼ਤ ਹੁਕਮ ਜਾਂ ਨਿਰਦੇਸ਼ ਦੇਣ ਦੀ ਬਜਾਏ ਸਿਹਤਮੰਦ ਹੱਦਬੰਦੀ ਤੈਅ ਕਰਨ ਨਾਲ ਬੱਚੇ ਦਾਇਰੇ 'ਚ ਰਹਿੰਦੇ ਹੋਏ ਸਿੱਖਣ ਦੇ ਨਾਲ-ਨਾਲ ਨਿੱਕੀਆਂ-ਨਿੱਕੀਆਂ ਖ਼ੁਸ਼ੀਆਂ ਮਾਣਦੇ ਰਹਿੰਦੇ ਹਨ। ਬੱਚਿਆਂ ਦੀਆਂ ਗ਼ਲਤੀਆਂ 'ਤੇ ਝਿੜਕਣ ਨਾਲ ਮਸਲੇ ਹੋਰ ਵਿਗੜ ਜਾਂਦੇ ਹਨ। ਉਨ੍ਹਾਂ ਨਾਲ ਆਹਮੋ-ਸਾਹਮਣੇ ਬੈਠ ਕੇ ਗੱਲਬਾਤ ਕਰੋ ਤੇ ਗ਼ਲਤੀਆਂ ਤੋਂ ਸਬਕ ਸਿੱਖਣ ਤੇ ਉਹੀ ਗ਼ਲਤੀ ਦੁਬਾਰਾ ਨਾ ਕਰਨ ਲਈ ਪ੍ਰੇਰਿਤ ਕਰੋ।

ਕੋਈ ਵੀ ਸਰਬ ਕਲਾ ਸਮਰੱਥ ਨਹੀਂ ਹੁੰਦਾ। ਪਹਿਲੀ ਵਾਰ ਕੋਈ ਵੀ ਕੰਮ ਠੀਕ ਨਹੀਂ ਹੁੰਦਾ। ਗ਼ਲਤੀਆਂ ਸੁਭਾਵਿਕ ਹਨ, ਕੇਵਲ ਬੱਚੇ ਹੀ ਨਹੀਂ, ਅਸੀਂ ਵੀ ਕਰਦੇ ਹਾਂ। ਜੇ ਬੱਚਾ ਆਪਣਾ ਪੱਖ ਰੱਖਦਾ ਹੈ ਤਾਂ ਇਹ ਨਾ ਕਹੋ ਕਿ ਤੂੰ ਝੂਠ ਬੋਲ ਰਿਹਾ ਹੈ, ਮਾਪਿਆਂ ਦੀਆਂ ਅਜਿਹੀਆਂ ਟਿੱਪਣੀਆਂ ਨਾਲ ਆਪਸੀ ਸਬੰਧਾਂ ਦੇ ਵਿਸ਼ਵਾਸ ਵਾਲਾ ਧਾਗਾ ਕਮਜ਼ੋਰ ਹੋ ਜਾਂਦਾ ਹੈ।

ਗ਼ਲਤ ਕੰਮ ਬੱਚੇ ਸਿਰ ਨਾ ਮੜ੍ਹੋ ਸਗੋਂ ਠੀਕ ਕਰਨ ਲਈ ਬੱਚਿਆਂ ਦੇ ਸਹਿਯੋਗੀ ਬਣੋ। ਬੱਚਿਆਂ ਵੱਲੋਂ ਕੀਤੇ ਨਿੱਕੇ-ਨਿੱਕੇ ਕੰਮਾਂ ਲਈ ਵੱਡੀ ਸ਼ਾਬਾਸ਼ ਦਿਉ। ਸੰਪਰਕ ਸਾਂਝ ਦੀ ਨੀਂਹ ਹੈ। ਸੰਚਾਰ ਨਾ ਟੁੱਟਣ ਦਿਉ। ਨਜ਼ਦੀਕੀਆਂ ਦੀ ਕਦਰ ਨਾ ਕਰਨ ਨਾਲ ਦੂਰੀਆਂ ਵੱਧ ਜਾਂਦੀਆਂ ਹਨ। ਰਾਬਤਾ ਟੁੱਟਣ ਨਾਲ ਅਨੇਕਾਂ ਗ਼ਲਤ ਫ਼ਹਿਮੀਆਂ ਪੈਦਾ ਹੋ ਜਾਂਦੀਆਂ ਹਨ ਅਤੇ ਅੱਗੇ ਵਧਣ ਵਾਲੇ ਰਸਤਿਆਂ 'ਤੇ ਗੁੱਸੇ ਤੇ ਨਫ਼ਰਤਾਂ ਦਾ ਘਾਹ ਉੱਗ ਆਉਂਦਾ ਹੈ। ਜਿਨ੍ਹਾਂ ਘਰਾਂ 'ਚ ਗੱਲ ਕਹਿਣ ਤੇ ਸੁਣਨ ਵਾਲਾ ਮਾਹੌਲ ਹੁੰਦਾ ਹੈ, ਉੱਥੋਂ ਬਹੁਤ ਵੱਡੇ ਮਨੁੱਖ ਪੈਦਾ ਹੁੰਦੇ ਹਨ। ਗੱਲਬਾਤਾਂ ਦੇ ਸਿਲਸਿਲੇ ਨਾਲ ਆਪਸੀ ਪਿਆਰ ਤੇ ਵਿਸ਼ਵਾਸ ਵੱਧਦਾ ਹੈ। ਬੱਚੇ ਨੂੰ ਬਲਾਉਣ ਲਈ



ਪਹਿਲ ਕਰੋ। ਨਿੱਕੇ-ਨਿੱਕੇ ਮਜ਼ਾਕ ਕਰਨ ਨਾਲ ਬੱਚੇ ਖ਼ੁਸ਼ ਰਹਿੰਦੇ ਹਨ ਤੇ ਉਹ ਵੱਡੇ ਹੋ ਕੇ ਸਭ ਨੂੰ ਖ਼ੁਸ਼ ਕਰਨ ਵਾਲੇ ਵਿਅਕਤੀ ਬਣਦੇ ਹਨ। ਸਰਲ ਮਾਤਾ-ਪਿਤਾ ਹੋਣਾ ਇਕ ਕਲਾ ਹੈ। ਮਾਪਿਆਂ ਦੇ ਸ਼ਬਦਾਂ ਦਾ ਬੱਚਿਆਂ ਲਈ ਵਿਸ਼ੇਸ਼ ਮਹੱਤਵ ਹੁੰਦਾ ਹੈ, ਇਸ ਲਈ ਕਦੇ ਵੀ ਬੱਚਿਆਂ ਦਾ ਦਿਲ ਨਾ ਤੋੜੋ ਸਗੋਂ ਉਨ੍ਹਾਂ ਨੂੰ ਅੱਗੇ ਵਧਣ ਲਈ ਉਤਸ਼ਾਹਿਤ ਕਰਦੇ ਰਹੋ। ਘਰੋਂ ਮਿਲੀ ਹੱਲਾਸ਼ੇਰੀ ਬੱਚਿਆਂ ਲਈ ਰਾਮਬਾਣ ਦਾ ਕੰਮ ਕਰਦੀ ਹੈ।

ਬਚਪਨ ਜਜ਼ਬਾਤੀ ਹੁੰਦਾ ਹੈ, ਇਸ ਲਈ ਬੱਚਿਆਂ ਦੀਆਂ ਮਲੂਕ ਭਾਵਨਾਵਾਂ ਦੀ ਕਦਰ ਕਰੋ। ਬੱਚਿਆਂ ਨੂੰ ਪੜ੍ਹਾਈ ਹਊਆ ਨਹੀਂ ਸਗੋਂ ਜੀਵਨ ਖ਼ੁਸ਼ੀਆਂ ਦਾ ਸਾਧਨ ਹੋਣ ਬਾਰੇ ਦੱਸੋ। ਡਰ ਪਾਉਣ ਨਾਲ ਬੱਚੇ ਦੱਬੂ ਬਣ ਜਾਂਦੇ ਹਨ ਅਤੇ ਸਾਰੀ ਉਮਰ ਅਧੂਰੇ ਹੀ ਰਹਿੰਦੇ ਹਨ। ਡਰ ਬੱਚੇ ਨੂੰ ਮਾਨਸਿਕ ਅਪਾਹਜ ਬਣਾ ਦਿੰਦਾ ਹੈ। ਆਪਣੀ ਔਲਾਦ ਦੀ ਉਸ ਦੇ ਸਾਥੀਆਂ ਜਾਂ ਹੁਸ਼ਿਆਰ ਜਮਾਤੀਆਂ ਨਾਲ ਤੁਲਨਾ ਕਰਨੀ ਮਾੜਾ ਰੁਝਾਨ ਹੈ, ਇਸ ਨਾ ਬੱਚੇ ਅੰਦਰ ਹੀਣਭਾਵਨਾ ਵੱਧਦੀ ਹੈ। ਜਿਵੇਂ ਪੰਜੇ ਉਂਗਲਾਂ ਬਰਾਬਰ ਨਹੀਂਆਂ, ਉਸੇ ਤਰ੍ਹਾਂ ਕੁਦਰਤ ਨੇ ਹਰ ਸ਼ਖ਼ਸ ਨੂੰ ਵੱਖੋ-ਵੱਖਰੀ ਕਲਾ ਦਿੱਤੀ ਹੈ, ਆਪਣੇ ਬੱਚੇ ਦੇ ਗੁਣਾਂ ਦੀ ਰੱਜ ਕੇ ਤਾਰੀਫ਼ ਕਰੋ। ਨਰਿੰਦਰ ਸਿੰਘ ਕਪੂਰ ਦਾ ਕਥਨ ਹੈ ਕਿ ਆਦਮੀ ਓਨਾ ਹੀ ਬਹਾਦਰ ਹੁੰਦਾ ਹੈ, ਜਿੰਨਾ ਉਸ ਦੀ ਪਤਨੀ ਸਮਝਦੀ ਹੈ ਤੇ ਔਰਤ ਓਨੀ ਸਮਝਦਾਰ ਹੁੰਦੀ ਹੈ, ਜਿੰਨੀ ਉਸ ਦਾ ਪਤੀ ਸਮਝਦਾ ਹੈ। ਬਿਲਕੁਲ ਇਸੇ ਤਰ੍ਹਾਂ ਬੱਚੇ ਵੀ ਓਨੇ ਹੀ ਲਾਇਕ ਤੇ ਕਾਬਿਲ ਹੁੰਦੇ ਹਨ, ਜਿੰਨੇ ਉਨ੍ਹਾਂ ਦੇ ਮਾਪੇ ਸਮਝਦੇ ਹਨ, ਇਸ ਲਈ ਬੱਚਿਆਂ ਦੇ ਹਰ ਕੰਮ ਨੂੰ ਮਾਨਤਾ ਦਿਉ। ਬੱਚੇ ਲਈ ਲਕੀਰ ਖਿੱਚ ਕੇ ਕਦੇ ਵੀ ਕੋਈ ਗੱਲ ਨਾ ਕਰੋ ਸਗੋਂ ਲਚਕਦਾਰ ਪਹੁੰਚ ਰੱਖੋ।

ਕਈ ਵਾਰ ਮਾਪੇ ਬੱਚੇ ਨੂੰ ਕਹਿੰਦੇ ਹਨ ਕਿ ਅਸੀਂ ਤੈਨੂੰ ਕਦੇ ਵੀ ਮਾਫ਼ ਨਹੀਂ ਕਰਾਂਗੇ, ਇਹ ਟਿੱਪਣੀ ਬੱਚਿਆਂ ਦੀ ਮਾਪਿਆਂ ਨਾਲ ਜਜ਼ਬਾਤੀ ਸਾਂਝ ਸਦਾ ਲਈ ਖ਼ਤਮ ਕਰ ਦਿੰਦੀ ਹੈ। ਇਸ ਲਈ ਬੱਚਿਆਂ ਨੂੰ ਉਡਾਰੀਆਂ ਮਾਰਨ ਲਈ ਖੁੱਲ੍ਹਾ ਅੰਬਰ ਦਿਉ। ਇਹ ਵੀ ਮਾੜਾ ਰੁਝਾਨ ਹੈ ਕਿ ਜੋ ਪ੍ਰਾਪਤੀਆਂ ਮਾਪੇ ਖ਼ੁਦ ਨਹੀਂ ਕਰ ਸਕੇ ਹੁੰਦੇ, ਉਹ ਆਪਣੇ ਬੱਚਿਆਂ ਰਾਹੀਂ ਸਾਕਾਰ ਕਰਨਾ ਲੋਚਦੇ ਹਨ, ਜਦੋਂਕਿ ਬੱਚਿਆਂ ਨੂੰ ਉਨ੍ਹਾਂ ਦੀਆਂ ਰੁਚੀਆਂ ਅਨੁਸਾਰ ਅੱਗੇ ਵਧਣ ਲਈ ਮਾਹੌਲ ਤਿਆਰ ਕਰਨਾ ਹੁੰਦਾ ਹੈ। ਘੁਟਣ ਨਾਲ ਬੱਚੇ ਲੜਾਕੂ ਹੋ ਜਾਂਦੇ ਹਨ ਅਤੇ ਉਹ ਨਿੱਕੀਆਂ-ਨਿੱਕੀਆਂ ਗੱਲਾਂ 'ਤੇ ਬਹਿਸਣ ਲੱਗ ਜਾਂਦੇ ਹਨ। ਹਿੰਸਾ-ਮੁਕਤ ਖ਼ੁਸ਼ਹਾਲ ਸਮਾਜ ਉਸਾਰਨ ਲਈ ਮਾਪਿਆਂ ਨੂੰ ਉਕਤ ਗੱਲਾਂ ਉੱਤੇ ਧਿਆਨ ਦੇਣਾ ਅਤਿ ਜ਼ਰੂਰੀ ਹੈ।

ਰਜੀਵ ਕੁਮਾਰ ਸ਼ਰਮਾ



# ਬੱਚਿਆਂ ਨੂੰ ਮੋਬਾਇਲ ਦੀ ਦੁਨੀਆ 'ਚੋਂ ਕੱਢੀਏ ਬਾਹਰ

ਅੰਕੜੇ ਦੱਸਦੇ ਹਨ ਕਿ ਕਰੋਨਾ ਕਾਲ ਦੌਰਾਨ ਇੰਟਰਨੈੱਟ ਦੀ ਵਰਤੋਂ ਪਹਿਲਾਂ ਨਾਲੋਂ ਕਈ ਗੁਣਾਂ ਵੱਧ ਹੋਈ ਕਿਉਂਕਿ ਸਕੂਲ-ਕਾਲਜ ਬੰਦ ਹੋ ਜਾਣ ਕਾਰਨ ਬੱਚਿਆਂ ਲਈ ਆਨਲਾਈਨ ਪੜ੍ਹਾਈ ਦਾ ਪ੍ਰਬੰਧ ਜ਼ਰੂਰੀ ਸੀ। ਉਸ ਵੇਲੇ ਇਹ ਸਮੇਂ ਦੀ ਮੰਗ ਵੀ ਸੀ ਤੇ ਮਜਬੂਰੀ ਵੀ। ਇਹ ਠੀਕ ਹੈ ਕਿ ਅੱਜ ਮੁਕਾਬਲੇ ਦੇ ਦੌਰ ਵਿਚ ਇੰਟਰਨੈੱਟ ਬਹੁਤ ਜ਼ਰੂਰੀ ਹੈ। ਹਰ ਸੰਸਥਾ, ਸਕੂਲ, ਕਾਲਜ ਵਾਈ-ਫਾਈ ਇੰਟਰਨੈੱਟ ਨਾਲ ਲੈਸ ਹੈ ਕਿਉਂਕਿ ਇਸ ਤੋਂ ਬਿਨਾਂ ਅਜੋਕੇ ਯੁੱਗ ਦੀ ਕਲਪਨਾ ਨਹੀਂ ਵੀ ਕੀਤੀ ਜਾ ਸਕਦੀ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਇੰਟਰਨੈੱਟ ਤੇ ਮੋਬਾਇਲ ਤੋਂ ਬਿਨਾਂ ਨੌਕਰੀ ਤੇ ਵਪਾਰ ਵਿੱਚ ਵਿਸਥਾਰ ਕਰਨਾ ਮੁਸ਼ਕਲ ਹੈ ਪਰ ਲੋੜ ਤੋਂ ਵੱਧ ਵਰਤੋਂ ਤੁਹਾਡੇ ਬੱਚੇ ਨੂੰ ਇਸ ਦਾ ਆਦੀ ਬਣਾ ਦੇਵੇਗੀ, ਜਿਸ ਨਾਲ ਸਮੇਂ ਦੀ ਬਰਬਾਦੀ ਤਾਂ ਹੋਵੇਗੀ ਨਾਲ ਹੀ ਹੋਰ ਕਈ ਪੱਖਾਂ ਤੋਂ ਪੱਛੜ ਜਾਓਗੇ। ਜੇ ਤੁਸੀਂ ਵੀ ਚਾਹੁੰਦੇ ਹੋ ਕਿ ਤੁਹਾਡਾ ਬੱਚਾ ਮੋਬਾਇਲ ਦੀ ਘੱਟ ਤੇ ਸਾਰਥਿਕ ਵਰਤੋਂ ਕਰੇ ਤਾਂ ਆਓ ਕੁਝ ਨੁਕਤੇ ਜ਼ਰੂਰ ਅਪਣਾਈਏ।

**ਪਹਿਲਾਂ ਖ਼ੁਦ ਬਣੋ ਉਦਾਹਰਨ**

ਜੇ ਤੁਸੀਂ ਸਾਰਾ-ਸਾਰਾ ਦਿਨ ਮੋਬਾਇਲ ਦੀ ਵਰਤੋਂ ਕਰਦੇ ਰਹੋਗੇ ਤਾਂ ਬੱਚਾ ਵੀ ਉਸੇ ਤਰ੍ਹਾਂ ਹੀ ਕਰੇਗਾ ਕਿਉਂਕਿ ਬੱਚੇ ਬਹੁਤ ਜਲਦੀ ਸਿੱਖਦੇ ਹਨ ਅਤੇ ਵੱਡਿਆਂ ਨੂੰ ਵੇਖ ਕੇ ਹੀ ਸਿੱਖਦੇ ਹਨ। ਸੋ ਇਹ ਬਹੁਤ ਹੀ ਜ਼ਰੂਰੀ ਹੈ ਕਿ ਅਸੀਂ ਲੋੜ ਮੁਤਾਬਿਕ ਹੀ ਫੋਨ ਦੀ ਵਰਤੋਂ ਕਰੀਏ ਤੇ ਉਹਨਾਂ ਦੇ ਪ੍ਰੇਰਨਾਸ੍ਰੋਤ ਬਣੀਏ। ਜਿੰਨਾ ਹੋ ਸਕੇ, ਸੋਸ਼ਲ ਮੀਡੀਆ ਦੀ ਵਰਤੋਂ ਨਾ ਕਰੀਏ।

**ਰੋਜ਼ ਇੱਕ ਘੰਟਾ ਆਊਟਡੋਰ ਖੇਡਾਂ ਲਈ ਕੱਢੀਏ**

ਅਸੀਂ ਆਪਣੇ ਆਸ-ਪਾਸ ਦੇਖਦੇ ਹਾਂ ਕਿ ਕਈ ਵਾਰ ਬੱਚੇ ਪੜ੍ਹਨ ਵਿੱਚ ਤਾਂ ਹੁਸ਼ਿਆਰ ਹੁੰਦੇ ਹਨ ਪਰ ਸਰੀਰਕ ਪੱਖੋਂ ਪੱਛੜ ਜਾਂਦੇ ਹਨ। ਬਹੁਤ ਜ਼ਿਆਦਾ ਪੜ੍ਹ ਲੈਣ ਤੋਂ ਬਾਅਦ ਜੇ ਬੱਚਿਆਂ ਨੂੰ ਥੋੜ੍ਹੀ ਦੇਰ ਆਰਾਮ ਲਈ ਕਿਹਾ ਜਾਵੇ ਤਾਂ ਉਹ ਝੱਟ ਮੋਬਾਇਲ ਫੜ ਲੈਂਦੇ ਹਨ। ਜਦੋਂਕਿ ਇਸ ਨਾਲੋਂ ਚੰਗਾ ਹੈ ਕਿ ਸਰੀਰਕ ਕਿਰਿਆਵਾਂ ਸਹਿਤ ਕੋਈ ਚੰਗੀ ਖੇਡ ਖੇਡੀ ਜਾਵੇ, ਜਿਸ ਨਾਲ ਮਨ ਦੇ ਨਾਲ-ਨਾਲ ਸਰੀਰ ਵੀ ਤਰੋਤਾਜ਼ਾ ਹੋ ਜਾਵੇ। ਆਪਣੇ ਬੱਚੇ ਨੂੰ ਹਰ ਰੋਜ਼ ਘੱਟ ਤੋਂ ਘੱਟ ਇਕ ਘੰਟਾ ਕੋਈ ਖੇਡ ਖੇਡਣ ਦੀ ਆਦਤ ਜ਼ਰੂਰ ਪਾਓ। ਹੋ ਸਕੇ ਤਾਂ ਖ਼ੁਦ ਵੀ ਬੱਚੇ ਦੇ ਨਾਲ ਕੋਈ ਖੇਡ ਖੇਡੋ।

**ਅੱਖਾਂ ਤੇ ਦਿਮਾਗ 'ਤੇ ਪੈਣ ਵਾਲੇ ਪ੍ਰਭਾਵ ਬਾਰੇ ਦੱਸੋ**



ਬਿਨਾਂ ਸ਼ੱਕ ਜੇ ਬੱਚੇ ਨੂੰ ਵਧੇਰੇ ਮੋਬਾਇਲ ਫੋਨ ਦੀ ਵਰਤੋਂ ਕਾਰਨ ਅੱਖਾਂ ਤੇ ਦਿਮਾਗ ਉੱਤੇ ਹੋਣ ਵਾਲੇ ਮਾੜੇ ਪ੍ਰਭਾਵਾਂ ਬਾਰੇ ਦੱਸਿਆ ਜਾਂਦਾ ਰਹੇ ਤਾਂ ਬੱਚੇ ਦੀ ਇਸ ਆਦਤ ਨੂੰ ਅਸੀਂ ਕਾਫ਼ੀ ਹੱਦ ਤਕ ਸੁਧਾਰ ਸਕਦੇ ਹਾਂ।

**ਅਧਿਆਪਕਾਂ ਨਾਲ ਕਰਦੇ ਰਹੋ ਗੱਲਬਾਤ**

ਸਮੇਂ-ਸਮੇਂ ਬੱਚੇ ਦੇ ਅਧਿਆਪਕਾਂ ਨਾਲ ਗੱਲ ਕਰਦੇ ਰਹੋ। ਬੱਚੇ ਕਈ ਵਾਰ ਆਪਣੇ ਮਾਪਿਆਂ ਦੀ ਗੱਲ ਨਹੀਂ ਮੰਨਦੇ ਪਰ ਅਧਿਆਪਕਾਂ ਦੀ ਗੱਲ ਜਲਦੀ ਮੰਨਦੇ ਹਨ ਅਤੇ ਉਨ੍ਹਾਂ ਦਾ ਡਰ ਵੀ ਰੱਖਦੇ ਹਨ। ਜੇ ਵਾਰ-ਵਾਰ ਰੋਕਣ 'ਤੇ ਬੱਚਾ ਮੋਬਾਇਲ ਦੀ ਵਰਤੋਂ ਘੱਟ ਨਹੀਂ ਕਰ ਰਿਹਾ ਤਾਂ ਤੁਸੀਂ ਬੱਚੇ ਦੇ ਅਧਿਆਪਕਾਂ ਨਾਲ ਗੱਲ ਕਰ ਕੇ ਉਨ੍ਹਾਂ ਨੂੰ ਪਿਆਰ ਨਾਲ ਸਮਝਾਉਣ ਲਈ ਕਹਿ ਸਕਦੇ ਹੋ। ਬਹੁਤ ਸਾਰੇ ਮਾਪੇ ਸਿਰਫ਼ ਪੀ.ਟੀ.ਐੱਮ. ਹੋਣ 'ਤੇ ਹੀ ਸਕੂਲ ਜਾਂਦੇ ਹਨ ਪਰ ਸਾਨੂੰ ਲੋੜ ਮੁਤਾਬਿਕ ਬੱਚੇ ਦੇ ਅਧਿਆਪਕਾਂ ਨਾਲ ਜ਼ਰੂਰ ਗੱਲ ਕਰਦੇ ਰਹਿਣਾ ਚਾਹੀਦਾ ਹੈ।

**ਸਹਿ-ਵਿੱਦਿਅਕ ਗਤੀਵਿਧਿਆਂ ਨਾਲ ਜੋੜੋ**

ਸਿੱਖਿਆ ਦਾ ਮੰਤਵ ਹੀ ਸਰਬਪੱਖੀ ਵਿਕਾਸ ਹੁੰਦਾ ਹੈ। ਇਸ ਲਈ ਬਹੁਤ ਜ਼ਰੂਰੀ ਹੈ ਕਿ ਪੜ੍ਹਾਈ ਦੇ ਨਾਲ-ਨਾਲ ਸਹਿ-ਵਿੱਦਿਅਕ ਕਿਰਿਆਵਾਂ ਵੀ ਹਰ ਬੱਚਾ ਜ਼ਰੂਰ ਕਰੇ। ਪਰਮਾਤਮਾ ਨੇ ਹਰ ਬੱਚੇ ਵਿਚ ਕੋਈ ਨਾ ਕੋਈ ਗੁਣ ਜ਼ਰੂਰ ਭਰਿਆ ਹੁੰਦਾ ਹੈ, ਜਿਵੇਂ ਕਈ ਬੱਚੇ ਚੰਗੇ ਗਾਇਕ ਬਣਦੇ ਹਨ, ਚਿੱਤਰਕਾਰ, ਨ੍ਰਿਤਕ ਤੇ ਕਈ ਚੰਗੇ ਖਿਡਾਰੀ। ਉਪਰੋਕਤ ਵਿੱਚੋਂ ਜੇ ਕੋਈ ਵੀ ਗੁਣ ਤੁਹਾਡੇ ਬੱਚੇ ਵਿਚ ਹੋਵੇ ਤਾਂ ਅਧਿਆਪਕਾਂ ਨਾਲ ਗੱਲਬਾਤ ਕਰ ਕੇ ਕਿਸੇ ਨਾ ਕਿਸੇ ਗਤੀਵਿਧੀ ਵਿਚ ਜ਼ਰੂਰ ਸ਼ਾਮਿਲ ਕਰਨ ਲਈ ਬੇਨਤੀ ਕਰੋ।

**ਵੱਧ ਤੋਂ ਵੱਧ ਰੁੱਝੇ ਰੱਖੋ**

ਆਪਣੇ ਬੱਚੇ ਨੂੰ ਜਿੰਨਾ ਹੋ ਸਕੇ, ਰੁੱਝੇ ਰੱਖੋ ਕਿਉਂਕਿ ਵਿਹਲਾ ਮਨ ਸ਼ੈਤਾਨ ਦਾ ਘਰ ਹੁੰਦਾ ਹੈ। ਰੋਜ਼ਾਨਾ ਛੋਟੇ-ਛੋਟੇ ਕੰਮ ਦੇ ਕੇ ਬੱਚੇ ਨੂੰ ਕਰਨ ਲਈ ਕਹੋ। ਹੋ ਸਕੇ ਤਾਂ ਬਾਜ਼ਾਰ ਜਾਂਦੇ ਹੋਏ ਬੱਚੇ ਨੂੰ ਵੀ ਨਾਲ ਲੈ ਕੇ ਜਾਓ। ਉਸ ਨੂੰ ਖ਼ਰੀਦਦਾਰੀ ਕਰਨੀ ਸਿਖਾਓ। ਤੁਹਾਡਾ ਬੱਚਾ ਜਿੰਨਾ ਵਿਅਸਤ ਰਹੇਗਾ, ਓਨਾ ਹੀ ਚੰਗਾ ਹੋਵੇਗਾ। ਜਿੰਨੀ ਵਿਹਲ ਮਿਲੇਗੀ, ਓਨਾ ਹੀ ਬੱਚਾ ਮੋਬਾਇਲ ਦੀ ਵਰਤੋਂ ਵਧੇਰੇ ਕਰੇਗਾ ਉਪਰੋਕਤ ਨੁਕਤਿਆਂ ਤੋਂ ਇਲਾਵਾ ਤੁਸੀਂ ਹੋਰ ਕਈ ਤਰੀਕੇ ਵੀ ਅਪਣਾ ਸਕਦੇ ਹੋ, ਬਸ ਲੋੜ ਹੈ ਬੱਚੇ ਦੇ ਮਨੋਵਿਗਿਆਨ ਨੂੰ ਸਮਝਣ ਦੀ। ਤੁਸੀਂ ਆਪਣੀ ਸਮਝ ਅਤੇ ਲੋੜ ਮੁਤਾਬਿਕ ਹੋਰ ਵੀ ਯਤਨ ਕਰ ਸਕਦੇ ਹੋ, ਜਿਸ ਨਾਲ ਬੱਚੇ ਨੂੰ ਮੋਬਾਇਲ ਦੀ ਦੁਨੀਆ ਤੋਂ ਦੂਰ ਘਰ, ਪਰਿਵਾਰ ਅਤੇ ਸਮਾਜ ਵਿਚ ਬਹੁਤ ਕੁਝ ਸਿੱਖਣ ਲਈ ਹੈ, ਦੱਸ ਕੇ ਸਾਰਥਿਕ ਨਤੀਜਿਆਂ 'ਤੇ ਪਹੁੰਚ ਸਕਦੇ ਹੋ। ਇਸ ਲਈ ਲੋੜ ਹੈ ਕਿ ਵੱਧ ਤੋਂ ਵੱਧ ਬੱਚੇ ਦੇ ਮਨੋਵਿਗਿਆਨ ਨੂੰ ਸਮਝੀਏ। ਸਿਰਫ਼ ਝਿੜਕ ਕੇ ਹੀ ਨਹੀਂ, ਪਿਆਰ ਤੇ ਦੁਲਾਰ ਦੀ ਵਰਤੋਂ ਵੀ ਵਧੇਰੇ ਕਰੀਏ ਕਿਉਂਕਿ ਬਹੁਤੀ ਵਾਰ ਮਾਪੇ ਸਿਰਫ਼ ਝਿੜਕ ਦਾ ਆਸਰਾ ਲੈ ਕੇ ਹੀ ਬੱਚੇ ਨੂੰ ਸੁਧਾਰਨ ਦੀ ਕੋਸ਼ਿਸ਼ ਕਰਦੇ ਹਨ। ਅਜਿਹਾ ਕਰਨਾ ਗ਼ਲਤ ਸਿੱਧ ਹੋ ਸਕਦਾ ਹੈ।

# TRANS-ALLIANCE

TOGETHER WE SAVE

## FUEL DISCOUNTS

UPTO 80 CENTS PER GALLON DISCOUNT
MAJOR NETWORK OF TRUCK STOPS

TA PETRO TA EXPRESS AMBEST Love's

## FUEL CARDS

NO CREDIT - NO PROBLEM
BEST CUSTOMER SERVICE

QUIKQ WEX




FLEET ONE FACTORING

WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

## YOU BREAK DOWN

WE SHOW UP
24-HOUR ROADSIDE ASSISTANCE

ROAD SQUAD connect

## TRUCK REPAIR & TIRE DISCOUNTS

GET NATIONAL ACCOUNT
NEARLY 3,000 HIGHLY SKILLED TECHNICIANS COAST TO COAST

TA TRUCK SERVICE

## FUEL MANAGEMENT

DAILY FUEL RATES IN PHONE APP

CALL FOR MORE INFO

(855)641-6955, (888)795-7035

ਕਹਾਣੀ

ਤਰਸੇਮ ਸਿੰਘ ਭੰਗੂ

# ਝਾਵਾਂ



ਉਸ ਦਾ ਨਾਮ ਮਾਪਿਆਂ ਨੇ ਸਤਨਾਮ ਸਿੰਘ ਸ਼ਾਇਦ ਇਸ ਲਈ ਰੱਖਿਆ ਹੋਵੇਗਾ ਕਿ ਉਸ ਨੂੰ ਬੁਲਾਉਣ ਬਹਾਨੇ ਵੀ ਮੂੰਹੋਂ ਰੱਬ ਦਾ ਨਾਂ ਯਾਨੀ ਸਤਿਨਾਮ ਬੋਲਿਆ ਜਾਵੇਗਾ। ਉਹ ਕਣਕਵੰਨੇ ਰੰਗ ਨਾਲ ਤਿੱਖੇ ਨੈਣ ਨਕਸ਼ਾਂ ਵਾਲਾ ਬਣਦਾ ਤਣਦਾ ਗੱਭਰੂ ਸੀ। ਹਰੇਕ ਉਸ ਨੂੰ ਝਾਵਾਂ ਹੀ ਕਹਿ ਕੇ ਬੁਲਾਉਂਦਾ ਸੀ। ਉਸ ਦਾ ਨਾਂ ਕਈ ਦਿਨਾਂ ਬਾਅਦ ਉਸ ਨੂੰ ਪੁੱਛਣ 'ਤੇ ਪਤਾ ਲੱਗਾ ਸੀ।

ਗੁਰਮੁਖ ਸਿੰਘ ਆਪਣੇ ਬੇਟੇ ਦੇ ਨਵੇਂ ਘਰ ਦੀ ਉਸਾਰੀ ਕਰਵਾ ਰਿਹਾ ਸੀ। ਸ਼ਹਿਰ ਵਿੱਚ ਘਰ ਬਣਾਉਣ ਦਾ ਕੰਮ ਜ਼ਿਆਦਾਤਰ ਠੇਕੇ ਉੱਤੇ ਹੀ ਹੁੰਦਾ ਹੈ। ਦਿਹਾੜੀਦਾਰ ਮਿਸਤਰੀ ਅਤੇ ਮਜ਼ਦੂਰ ਡੱਕਾ ਨਹੀਂ ਤੋੜਦੇ। ਸਾਢੇ ਨੌਂ ਵਜੇ ਲੱਗ ਕੇ ਸਾਢੇ ਚਾਰ ਵਜੇ ਹੀ ਹੱਥ ਧੋਣ ਲੱਗ ਪੈਣਗੇ। ਠੇਕੇਦਾਰ ਮਜ਼ਦੂਰਾਂ ਦਾ ਲਹੂ ਕੱਢਣ ਤੱਕ ਜਾਂਦੇ ਹਨ। ਫਿਰ ਵੀ ਉਨ੍ਹਾਂ ਅੱਗੇ ਚੂੰ ਨਹੀਂ ਕਰਦੇ। ਬੇਟੇ ਦੇ ਘਰ ਠੇਕੇਦਾਰ ਨਾਲ ਕੰਮ ਕਰਦੇ ਮਿਸਤਰੀਆਂ ਅਤੇ ਮਜ਼ਦੂਰਾਂ ਵਿੱਚ ਤੀਹ ਕੁ ਸਾਲ ਦਾ ਇੱਕ ਮੁੰਡਾ ਵੀ ਕੰਮ 'ਤੇ ਆਉਂਦਾ ਸੀ। ਬਜ਼ੁਰਗ ਗੁਰਮੁਖ ਸਿੰਘ ਨੇ ਨੋਟ ਕੀਤਾ ਕਿ ਉਹ ਮੁੰਡਾ ਹਰੇਕ ਕੰਮ ਬੜੀ ਇਮਾਨਦਾਰੀ ਨਾਲ ਕਰਦਾ। ਸਾਰਿਆਂ ਵਿੱਚੋਂ ਉਸ ਨੂੰ ਕੋਈ ਵੀ ਆਵਾਜ਼ ਮਾਰਦਾ ਤਾਂ ਉਹ ਆਗਿਆਕਾਰ ਵਾਂਗ ਹਥਲਾ ਕੰਮ ਛੱਡ ਕੇ ਉਸ ਦੀ ਮੰਗ ਪੂਰੀ ਕਰਦਾ। ਸਾਰੇ ਹੀ ਉਸ ਨੂੰ ਝਾਵਾਂ ਕਹਿ ਕੇ ਬੁਲਾਉਂਦੇ। "ਝਾਵਿਆਂ ਆਹ ਲਿਆ, ਝਾਵਿਆਂ ਔਹ ਲਿਆਵੀਂ, ਓਏ ਝਾਵੇਂ ਇੱਟਾਂ ਤਰ ਕਰਦੇ, ਰੇਤ ਛਾਣ ਦੇ, ਕਾਂਡੀ ਫੜਾਈਂ" ਆਦਿ। ਇੰਝ ਲੱਗਦਾ ਜਿਵੇਂ ਠੇਕੇਦਾਰ ਦੇ ਸਾਰੇ ਕੰਮ ਦਾ ਜ਼ਿੰਮੇਵਾਰ ਝਾਵਾਂ ਹੀ ਹੋਵੇ। ਉਸ ਦੇ ਵਿਆਹ ਬਾਰੇ ਫਬਤੀਆਂ ਕੱਸਦੇ ਉਸ ਨੂੰ ਭਾਬੀਆਂ ਜੋਗਾ ਆਖਦੇ ਉਸ ਦਾ ਮਖੌਲ ਉਡਾਉਂਦੇ, "ਓ ਹੁਣ ਇਹਨੂੰ ਕੁੜੀ ਕੀਹਨੇ ਦੇਣੀ ਆ, ਵਿਆਹ ਦੀ ਉਮਰ ਤਾਂ ਲੰਘ ਗਈ। ਹੋਰ ਸਾਲ ਖੰਡ ਨੂੰ ਲੋਕਾਂ ਨੇ ਛੜਾ ਆਖਣ ਲੱਗ ਜਾਣਾ ਆ। ਇਹਨੂੰ ਕੁੜੀ ਦੇਣ ਨਾਲੋਂ ਤਾਂ 'ਕਿਰਨ ਨਾਲ਼ੇ' 'ਚ ਡੋਬਣੀ ਚੰਗੀ।"

ਝਾਵਾਂ ਕਿਸੇ ਦੀ ਗੱਲ ਦਾ ਨਾ ਤਾਂ ਗੁੱਸਾ ਕਰਦਾ ਤੇ ਨਾ ਕੋਈ ਪ੍ਰਤੀਕਰਮ ਦਿੰਦਾ ਸਗੋਂ ਮੁਸਕਰਾ ਛੱਡਦਾ ਅਤੇ ਆਪਣੇ ਧਿਆਨ ਕੰਮ ਲੱਗਾ ਰਹਿੰਦਾ। ਗੁਰਮੁਖ ਸਿੰਘ ਦੀ ਘਰਵਾਲੀ ਹੀ ਮਾਣ ਨਹੀਂ ਸੀ। ਉਹ ਵੀ ਘਰ ਦੇ ਕਿਸੇ ਵਾਧੂ ਕੰਮ ਵਾਸਤੇ ਆ ਕੇ ਆਖ ਦਿੰਦੀ, "ਝਾਵੇਂ ਨੂੰ ਆਖਣਾ ਘਰੋਂ ਹੋ ਕੇ ਜਾਵੇ।" ਗੁਰਮੁਖ ਸਿੰਘ ਮਹਿਸੂਸ ਕਰਦਾ ਕਿ ਬੰਦਾ ਏਨਾ ਵੀ ਭਲਾਮਾਣਸ ਨਹੀਂ ਹੋਣਾ ਚਾਹੀਦਾ। ਝਾਵਾਂ ਗੁਰਮੁਖ ਸਿੰਘ ਨੂੰ ਛੋਟੇ ਹੁੰਦਿਆਂ ਪਿੰਡ ਰਹਿੰਦਿਆਂ ਸ਼ਰੀਫ ਜਿਹੇ ਗੋਰੇ ਬਲਦ ਵਰਗਾ ਲੱਗਦਾ ਜਿਹਨੂੰ ਹਰੇਕ ਹੀ ਫੜ ਕੇ ਜੋਅ ਲੈਂਦਾ ਸੀ। ਨਿੱਕੇ ਨਿਆਣੇ ਗੋਰੇ ਦੇ ਉੱਪਰ ਖੇਡਦੇ ਰਹਿੰਦੇ ਤੇ ਉਹ ਵਿਚਾਰਾ ਕੰਨ ਤੱਕ ਨਾ ਹਿਲਾਉਂਦਾ।ਬਾਪੂ ਕਈ ਵਾਰ ਖਿੱਝਦਾ ਆਖਦਾ, "ਓਏ..., ਖਾ ਲੈਣ ਦਿਓ ਗਰੀਬ ਨੂੰ ਪੱਠੇ।"

ਠੇਕੇਦਾਰ ਨੇ ਪੁੱਛਣ 'ਤੇ ਦੱਸਿਆ, "ਝਾਵਾਂ ਜੱਟਾਂ ਦਾ ਪੁੱਤ ਹੈ ਪਰ ਜੱਟਾਂ ਵਾਲੀ ਮੜਕ ਵਿਚਾਰੇ ਵਿੱਚ ਬਿਲਕੁਲ ਹੀ ਨਹੀਂ। ਨਹੀਂ ਤਾਂ ਏਨਾ ਕੁਝ ਸੁਣ ਕੇ ਹੁਣ ਤੱਕ ਕਿਸੇ ਦਾ ਸਿਰ ਪਾੜਿਆ ਹੋਣਾ ਸੀ। ਇਸ ਦੇ ਵਡੇਰੇ ਵਿਰਾਸਤੀ ਜ਼ਮੀਨ ਦੇ ਮਾਲਕ ਸਨ। ਪੀੜ੍ਹੀ ਦਰ ਪੀੜ੍ਹੀ ਵੰਡੀਦੀ ਜ਼ਮੀਨ ਕਨਾਲਾਂ ਵਿੱਚ ਰਹਿ ਗਈ। ਚਾਰ ਭਾਈਆਂ 'ਚੋਂ ਦੋ ਕਿਸੇ ਤਰ੍ਹਾਂ ਪਹਾੜਾਂ ਵਿੱਚ ਲੋੜਵੰਦ ਘਰੀਂ ਵਿਆਹੇ ਵੀ ਗਏ। ਤੁਹਾਨੂੰ ਪਤੈ ਇੱਥੇ ਤਾਂ ਮਿਹਨਤੀ ਬੰਦੇ ਨੂੰ ਕੋਈ ਨਹੀਂ ਪੁੱਛਦਾ। ਜ਼ਮੀਨਾਂ ਵਾਲੇ ਨਸ਼ੇੜੀ ਵੀ ਵਿਆਹੇ ਜਾਂਦੇ ਹਨ। ਝਾਵਾਂ ਰਿਸ਼ਤਾ ਹੋਣ ਦੀ ਝਾਕ ਕਰਕੇ ਹੀ ਦੋਵਾਂ ਭਾਬੀਆਂ ਦਾ ਜੀ ਹਜ਼ੂਰ ਦਿਓਰ ਹੈ, ਪਰ ਭਾਬੀਆਂ ਝਾਵੇਂ ਨੂੰ ਵਿਆਹ ਕੇ ਰੋਜ਼ ਸੋਨੇ ਦਾ ਆਂਡਾ ਦੇਣ ਵਾਲੀ ਕੁਕੜੀ ਹੱਥੋਂ ਕਿਉਂ ਗਵਾਉਣਗੀਆਂ ਭਲਾ! ਲਾਰੇ-ਲੱਪਿਆਂ ਨਾਲ ਹੀ ਪਰਚਾ ਛੱਡਦੀਆਂ ਨੇ। ਟੱਬਰ ਦੀਆਂ ਅੱਧਿਓਂ ਵੱਧ ਲੋੜਾਂ ਇਹੋ ਪੂਰੀਆਂ ਕਰਦਾ ਹੈ। ਭਰਾ ਵੀ ਮੀਣੇ ਬਣੇ ਹੋਏ ਹਨ। ਇੱਕ ਨਵੇਂ ਪੈਸੇ ਦਾ ਐਬ ਨਹੀਂ ਇਸ ਬੰਦੇ ਨੂੰ। ਬਹੁਤ ਚਿਰ ਤੋਂ ਮੇਰੇ ਨਾਲ ਪੱਕਾ ਹੀ ਕੰਮ ਕਰਦਾ ਹੈ। ਬੇਸ਼ੱਕ, ਘਰ ਦੀਆਂ ਬਹੁਤ ਸਾਰੀਆਂ ਬੁੱਤੀਆਂ ਇਹੋ ਹੀ ਸਾਰਦਾ ਹੈ, ਪਰ ਮੈਂ ਇਸ ਨੂੰ ਪਰੇਰ ਕੇ ਬੈਂਕ ਖਾਤਾ ਖੋਲ੍ਹਣ ਲਈ ਮਨਾ ਲਿਆ ਸੀ ਤਾਂ ਕਿ ਔਖੇ ਵੇਲੇ ਪੈਸੇ ਇਸ ਦੇ ਕੰਮ ਆਉਣਗੇ। ਬੁੱਢਾ ਬੌਲਦ ਕੋਈ ਨਹੀਂ ਸਾਂਭਦਾ ਹੁੰਦਾ। ਜੇ ਕਿਤੇ ਵਿਆਹ ਹੋ ਗਿਆ ਤਾਂ ਵੀ ਸੌਖਾ ਰਹੇਗਾ।" ਠੇਕੇਦਾਰ ਨੇ ਵਿਸਥਾਰ ਨਾਲ ਝਾਵੇਂ ਬਾਰੇ ਗੁਰਮੁਖ ਸਿੰਘ ਨੂੰ ਜਾਣਕਾਰੀ ਦਿੱਤੀ।

ਗੁਰਮੁਖ ਸਿੰਘ ਨੂੰ ਝਾਵੇਂ 'ਤੇ ਤਰਸ ਜਿਹਾ ਵੀ ਆਉਂਦਾ। ਇੱਕ ਦਿਨ ਸਵੇਰੇ-ਸਵੇਰੇ ਕੰਮ 'ਤੇ ਪਹੁੰਚੇ ਮਜ਼ਦੂਰਾਂ ਵਿੱਚੋਂ ਇੱਕ ਨੇ ਗੁਰਮੁਖ ਸਿੰਘ ਨੂੰ ਸੰਬੋਧਨ ਹੁੰਦਿਆਂ ਕਿਹਾ, "ਅੰਕਲ ਜੀ, ਝਾਵੇਂ ਨੂੰ ਵਧਾਈ ਦਿਓ, ਇਹਦਾ ਸਾਕ ਹੋ ਗਿਆ ਜੇ। ਇੱਕ ਦੋ ਦਿਨਾਂ ਤੱਕ ਵੇਖ-ਵਖਾਲਾ ਵੀ ਹੋਣ ਵਾਲਾ ਆ।" ਗੁਰਮੁਖ ਸਿੰਘ ਨੇ ਮੁਸਕਰਾਉਂਦੇ ਹੋਏ ਸੋਚਿਆ ਕਿ ਅੱਜ ਆਉਂਦੇ ਹੀ ਵਿਚਾਰੇ ਦੇ ਦੁਆਲ਼ੇ ਹੋ ਗਏ ਨੇ। ਜਦੋਂ ਉਸ ਨੇ ਝਾਵੇਂ ਨੂੰ ਇਸ ਸਬੰਧੀ ਪੁੱਛਿਆ ਤਾਂ ਉਹ ਸ਼ਰਮਾਉਂਦਾ ਹੋਇਆ ਬੋਲਿਆ, "ਹਾਂ ਜੀ ਅੰਕਲ, ਮਾਸੀ ਕਰਾ ਰਹੀ ਆ।"

ਇਹ ਸੁਣ ਕੇ ਗੁਰਮੁਖ ਸਿੰਘ ਨੂੰ ਦਿਲੀ ਖ਼ੁਸ਼ੀ ਹੋਈ ਤੇ ਉਸ ਨੇ ਉਸੇ ਵੇਲੇ ਜੇਬ ਵਿੱਚੋਂ ਸੌ ਦਾ ਨੋਟ ਕੱਢ ਕੇ ਝਾਵੇਂ ਨੂੰ ਫੜਾਉਂਦਿਆਂ ਕਿਹਾ, "ਜਾ ਪੁੱਤਰ, ਸਾਰਿਆਂ ਨੂੰ ਬੇਸਣ ਲਿਆ ਕੇ ਖੁਆ ਤੇ ਇਨ੍ਹਾਂ ਨੂੰ ਆਖ, ਹੁਣ ਤੈਨੂੰ ਝਾਵਾਂ ਨਾ ਆਖਿਆ ਕਰਨ।" ਉਸ ਵੇਲੇ ਝਾਵੇਂ ਦੇ ਚਿਹਰੇ 'ਤੇ ਖ਼ੁਸ਼ੀ ਵੇਖਣ ਵਾਲੀ ਸੀ ਜਿਵੇਂ ਵਿਆਹਿਆ ਹੀ ਗਿਆ ਹੋਵੇ।

ਉਸ ਦਿਨ ਸ਼ਾਮ ਨੂੰ ਕੰਮ ਤੋਂ ਛੁੱਟੀ ਮਗਰੋਂ ਝਾਵਾਂ ਜਾਣ ਤੋਂ ਪਹਿਲਾਂ ਗੁਰਮੁਖ ਸਿੰਘ ਨੂੰ ਬੋਲਿਆ, "ਅੰਕਲ ਜੀ, ਘਰ ਕੋਈ ਕੰਮ ਤਾਂ ਨਹੀਂ ਕਰਨ ਵਾਲਾ?"

ਉਹਦੇ ਚਿਹਰੇ 'ਤੇ ਲਿਖੀ ਉਸ ਦੇ ਦਿਲ ਦੀ ਇਬਾਰਤ ਕਹਿ ਰਹੀ ਸੀ ਕਿ ਉਹ ਸਵੇਰੇ ਬੇਸਣ ਵਾਸਤੇ ਦਿੱਤੇ ਪੈਸਿਆਂ ਬਦਲੇ ਕੁਝ ਨਾ ਕੁਝ ਕਰਨਾ ਚਾਹੁੰਦਾ ਹੈ। ਗੁਰਮੁਖ ਸਿੰਘ ਨੇ ਉਸ ਦਾ ਮੋਢਾ ਥਾਪੜਦੇ ਹੋਏ ਨੇ ਕਿਹਾ, "ਪੁੱਤਰ, ਤੈਨੂੰ ਥਕੇਵਾਂ ਨਹੀਂ ਹੁੰਦਾ!"

"ਅੰਕਲ ਜੀ, ਇਸ ਮਿੱਟੀ ਤੋਂ ਜਿੰਨਾ ਕੰਮ ਲੈ ਲਿਆ ਜਾਵੇ ਓਨਾ ਚੰਗਾ।" ਗੁਰਮੁਖ ਸਿੰਘ ਨੂੰ ਉਸ ਨਾਲ ਦਿਲੋਂ ਹਮਦਰਦੀ ਪੈਦਾ ਹੋ ਰਹੀ ਸੀ।

ਕੰਮ ਚਲਦਾ ਰਿਹਾ ਸੀ। ਮਿਸਤਰੀਆਂ ਅਤੇ ਮਜ਼ਦੂਰਾਂ ਦੇ ਹਾਸੇ ਠੱਠੇ ਵਿੱਚ ਦਿਨ ਕਦੋਂ ਬੀਤ ਜਾਂਦਾ, ਪਤਾ ਹੀ ਨਾ ਲਗਦਾ। ਦੋ ਵੇਲੇ ਚਾਹ ਅਤੇ ਦੁਪਹਿਰ ਦੀ ਰੋਟੀ ਖਾਂਦੇ ਇੱਕ ਦੂਜੇ ਨੂੰ ਮਖੌਲ ਕਰਦੇ, ਪਰ ਜ਼ਿਆਦਾ ਕੇਂਦਰ ਬਿੰਦੂ ਝਾਵਾਂ ਹੀ ਹੁੰਦਾ। ਗੁਰਮੁਖ ਸਿੰਘ ਵੀ ਮੁਸਕਰਾ ਛੱਡਦਾ, ਪਰ ਝਾਵਾਂ ਕਹਿਣਾ ਉਸ ਨੂੰ ਚੰਗਾ ਨਾ ਲਗਦਾ। ਇੱਕ ਦਿਨ ਗੁਰਮੁਖ ਸਿੰਘ ਨੇ ਉਸ ਨੂੰ ਪੁੱਛਿਆ, "ਪੁੱਤਰ, ਤੇਰੇ ਰਿਸ਼ਤੇ ਦਾ ਕੀ ਬਣਿਆ?" ਉਹ ਮਾਯੂਸ ਜਿਹੀ ਆਵਾਜ਼ ਵਿੱਚ ਬੋਲਿਆ, "ਅੰਕਲ ਜੀ, ਗੱਲ ਨਹੀਂ ਬਣੀ। ਭਾਨੀ ਮਾਰ ਦਿੱਤੀ ਕਿਸੇ ਨੇ। ਅਖੇ, ਜ਼ਮੀਨ ਨਹੀਂ।"

ਗੁਰਮੁਖ ਸਿੰਘ ਨੂੰ ਸੁਣ ਕੇ ਬਹੁਤ ਦੁੱਖ ਲੱਗਾ। ਇੱਥੇ ਮਿਹਨਤੀ ਨਹੀਂ ਸਗੋਂ ਉੱਚੀ ਜਾਤ ਦੇ ਨਾਲ ਜਾਇਦਾਦ ਦਾ ਮਾਲਕ ਹੋਣਾ ਜ਼ਿਆਦਾ ਮਾਅਨੇ ਰੱਖਦਾ ਹੈ। ਗੁਰਮੁਖ ਸਿੰਘ ਸਿਵਾਏ ਉਸ ਦੇ ਮਿਹਨਤਾਨੇ ਦੇ ਹੋਰ ਕੀ ਦੇ ਸਕਦਾ ਸੀ, ਪਰ ਇਹ ਜ਼ਰੂਰ ਚਾਹੁੰਦਾ ਸੀ ਕਿ ਉਸ ਨੂੰ ਕੋਈ ਝਾਵਾਂ ਨਾ ਆਖੇ।

"ਪੁੱਤਰ, ਤੇਰਾ ਨਾਮ ਕੀ ਹੈ, ਨਾਲ ਦਿਆਂ ਨੂੰ ਆਖ ਕਿ ਤੇਰਾ ਨਾਂ ਲੈ ਕੇ ਬੁਲਾਇਆ ਕਰਨ। ਤੂੰ ਝਾਵੇਂ ਦਾ ਮਤਲਬ ਸਮਝਦਾ ਏਂ?" ਗੁਰਮੁਖ ਸਿੰਘ ਨੇ ਉਸ ਨੂੰ ਕਈ ਸਵਾਲ ਕਰ ਦਿੱਤੇ। "ਅੰਕਲ ਜੀ, ਨਾਂ ਤਾਂ ਮੇਰਾ ਸਤਨਾਮ ਸਿੰਘ ਹੈ। ਝਾਵਾਂ ਭਾਬੀ ਨੇ ਇੱਕ ਵਾਰ ਵਾਹਵਾ ਚਿਰ ਪਹਿਲਾਂ ਸ਼ਹਿਰੋਂ ਹੀ ਮੰਗਵਾਇਆ ਸੀ।" ਉਹ ਗੁਰਮੁਖ ਸਿੰਘ ਦੇ ਇਨ੍ਹਾਂ ਸੁਆਲਾਂ 'ਤੇ ਹੈਰਾਨ ਹੋਇਆ ਸੀ।

"ਇੰਝ ਕਰੀਂ, ਅੱਜ ਘਰ ਜਾ ਕੇ ਖੁਰੇ ਵਿੱਚ ਝਾਤੀ ਮਾਰੀਂ। ਵੇਖੀਂ ਝਾਵਾਂ ਓਡਾ ਈ ਆ, ਜਿੱਡਾ ਸ਼ਹਿਰੋਂ ਲੈ ਕੇ ਗਿਆ ਸੀ! ਫਿਰ ਸਵੇਰੇ ਮੈਂ ਉਸ ਦਾ ਮਤਲਬ ਦੱਸਾਂਗਾ।" ਗੁਰਮੁਖ ਸਿੰਘ ਸਤਨਾਮ ਸਿੰਘ ਨੂੰ ਆਪਣੇ ਢੰਗ ਨਾਲ ਸਮਝਾਉਣਾ ਚਾਹੁੰਦਾ ਸੀ।

ਠੀਕ ਹੀ ਸਵੇਰੇ ਸਤਨਾਮ ਸਭ ਤੋਂ ਪਹਿਲਾਂ ਹੀ ਆ ਗਿਆ ਜਿਵੇਂ ਮਤਲਬ ਸਮਝਣ ਲਈ ਸਾਰੀ ਰਾਤ ਸੋਚਦਾ ਰਿਹਾ ਹੋਵੇ।

"ਵੇਖਿਆ ਸੀ ਫਿਰ ਝਾਵਾਂ?" ਗੁਰਮੁਖ ਸਿੰਘ ਨੇ ਚਿਣਾਈ ਕੀਤੀਆਂ ਕੰਧਾਂ ਨੂੰ ਪਾਣੀ ਲਾ ਰਹੇ ਸਤਨਾਮ ਨੂੰ ਪੁੱਛਿਆ। "ਹਾਂ ਜੀ ਅੰਕਲ ਜੀ, ਜਦੋਂ ਲਿਆਂਦਾ ਸੀ ਉਦੋਂ ਤਾਂ ਵਾਹਵਾ ਸੀ ਪਰ ਹੁਣ ਘਸ-ਘਸ ਕੇ ਚਿੱਪਰ ਜਿਹੀ ਹੀ ਰਹਿ ਗਿਆ।" ਉਹਦੇ ਚਿਹਰੇ 'ਤੇ ਹੈਰਾਨੀ ਭਾਵ ਸਨ।

"ਕੁਝ ਸਮਝਿਆ ਫਿਰ?" ਗੁਰਮੁਖ ਸਿੰਘ ਨੇ ਫਿਰ ਕਿਹਾ।

ਸਤਨਾਮ ਸੁਆਲੀਆ ਝਾਕਦਾ ਚੁੱਪ ਸੀ। ਗੁਰਮੁਖ ਸਿੰਘ ਸੋਚਦਾ ਸੀ ਕਿ ਉਹ ਆਪਣੇ-ਆਪ ਸਮਝੇ, ਪਰ ਉਹ ਬਹੁਤਾ ਹੀ ਸਾਧੂ ਸੁਭਾਅ ਸੀ। ਏਨਾ ਭੋਲ਼ਾ ਕਿ ਤੀਹਵੇਂ ਸਾਲ ਤੱਕ ਵੀ ਕੋਈ ਚਲਾਕੀ ਨਹੀਂ ਆਈ ਲਗਦੀ ਸੀ।

"ਓਏ ਭੋਲਿਆ, ਸਾਰੇ ਟੱਬਰ ਦੇ ਪੈਰ ਕੂਚਦਾ ਝਾਵਾਂ ਚਿੱਪਰ ਰਹਿ ਗਿਆ। ਤੇਰਾ ਹਾਲ ਵੀ ਝਾਵੇਂ ਵਾਂਗਰ ਹੋਊ, ਹਾਲੇ ਵੀ ਮੌਕਾ ਸੰਭਾਲ ਲੈ।" ਗੁਰਮੁਖ ਸਿੰਘ ਨੇ ਸਤਨਾਮ ਦੇ ਮੋਢੇ 'ਤੇ ਹੱਥ ਰੱਖ ਕੇ ਬਹੁਤ ਹੀ ਗੰਭੀਰ ਹੁੰਦਿਆਂ ਕਿਹਾ। ਉਸ ਦਿਨ ਸਤਨਾਮ ਨੇ ਪਹਿਲੀ ਵਾਰ ਸਾਥੀਆਂ ਨੂੰ ਝਾਵਾਂ ਕਹਿਣ ਤੋਂ ਵਰਜਿਆ। ਝਾਵਾਂ ਕਹਿਣ ਤੋਂ ਪਹਿਲੀ ਵਾਰ ਉਸ ਨੂੰ ਗੁੱਸਾ ਜ਼ਾਹਰ ਕਰਦਿਆਂ ਵੇਖਿਆ। ਗੁਰਮੁਖ ਸਿੰਘ ਦੇ ਸਮਝਾਉਣ 'ਤੇ ਉਹ ਪੈਸੇ ਵੱਧ ਸੰਭਾਲਣ ਲੱਗ ਪਿਆ। ਭਾਈਆਂ ਤੇ ਭਾਬੀਆਂ ਬਥੇਰਾ ਪੁਚਕਾਰ ਕੇ ਲਾਰੇ ਲਾਏ, ਪਰ ਸਤਨਾਮ ਸਿੰਘ ਦੁਨੀਆਦਾਰੀ ਸਮਝਣ ਲੱਗ ਪਿਆ ਸੀ। ਸਾਲ ਕੁ ਬਾਅਦ ਹੀ ਇੱਕ ਦਿਨ ਸਤਨਾਮ ਸਿੰਘ ਉਰਫ਼ ਝਾਵਾਂ ਗੁਰਮੁਖ ਸਿੰਘ ਨੂੰ ਉਚੇਚਾ ਘਰ ਮਿਲਣ ਆਇਆ। ਉਸ ਦੇ ਹੱਥ ਵਿੱਚ ਮਠਿਆਈ ਦਾ ਡੱਬਾ ਵੇਖ ਕੇ ਉਸ ਨੇ ਸਮਝਿਆ ਕਿ ਸ਼ਾਇਦ ਉਸ ਦੀ ਸ਼ਾਦੀ ਹੋ ਗਈ ਹੋਵੇਗੀ। ਪਰ ਸਤਨਾਮ ਨੇ ਦੱਸਿਆ ਕਿ ਅਗਲੇ ਦਿਨ ਉਹ ਠੇਕੇਦਾਰ ਦੇ ਨਾਲ ਵਰਕ ਪਰਮਿਟ 'ਤੇ ਵਿਦੇਸ਼ ਜਾ ਰਿਹਾ ਹੈ।

"ਅੰਕਲ ਜੀ, ਤੁਸੀਂ ਮੇਰੀਆਂ ਅੱਖਾਂ ਨਾ ਖੋਲ੍ਹਦੇ ਤਾਂ ਮੈਂ ਸਾਰੀ ਉਮਰ ਸੱਚ-ਮੁੱਚ ਝਾਵਾਂ ਹੀ ਬਣਿਆ ਰਹਿਣਾ ਸੀ।"

ਸਤਨਾਮ ਸਵੈ-ਭਰੋਸੇ ਨਾਲ ਤਣਿਆ ਖੜ੍ਹਾ ਸੀ।

ਗੁਰਮੁਖ ਸਿੰਘ ਨੇ ਹੱਸਦਿਆਂ ਸਤਨਾਮ ਨੂੰ ਕਲ਼ਾਵੇ ਵਿੱਚ ਲੈਂਦਿਆਂ ਕਿਹਾ, "ਬਾਹਰ ਜਾ ਕੇ ਝਾਵਾਂ ਹੀ ਨਾ ਬਣਿਆ ਰਹੀਂ। ਜਲਦੀ ਵਿਆਹ ਕਰਵਾ ਲਵੀਂ। ਕਿਤੇ ਉੱਥੇ ਵੀ ਨਾਲ ਦੇ ਝਾਵਾਂ ਹੀ ਆਖਣ ਲੱਗ ਜਾਣ।"

## ਮਿੰਨੀ ਕਹਾਣੀ




"ਬੁੱਲ੍ਹਿਆ, ਕੀ ਜਾਣਾ ਮੈਂ ਕੌਣ?" ਕਈ ਵਾਰ ਮੈਂ ਉਸ ਨੂੰ ਅਜਿਹਾ ਕਹਿੰਦੇ ਸੁਣਿਆ ਸੀ। ਮੈਨੂੰ ਵੀ ਸਵਾਲ ਕਰਦਾ, "ਤੂੰ ਆਪਣੇ ਆਪ ਨੂੰ ਜਾਣਦਾ ਏਂ? ਤੇਰੀ ਹੋਂਦ" ਮੇਰੇ ਮਨ 'ਤੇ ਉਸ ਦੇ ਸਵਾਲ ਹਮੇਸ਼ਾ ਖੜ੍ਹੇ ਰਹਿੰਦੇ।

ਮੇਰੀ ਤੇ ਉਸ ਦੀ ਜ਼ਿੰਦਗੀ ਦਾ ਸਾਂਝਾ ਸਫ਼ਰ ਕੁਝ ਵਰ੍ਹਿਆਂ ਦਾ ਹੀ ਸੀ। ਦੋ ਤਿੰਨ ਮਹੀਨਿਆਂ ਪਿੱਛੋਂ ਉਹ ਮੇਰੇ ਕੋਲ ਆਉਂਦਾ। "ਚੱਲ, ਯੂਨੀਵਰਸਿਟੀ ਚੱਲੀਏ। ਕਿਤਾਬਾਂ ਲਿਆਵਾਂਗੇ। ਘੁੰਮ ਫਿਰ ਆਵਾਂਗੇ। ਘਰੋਂ ਬਾਹਰ ਵੀ ਨਿਕਲਣਾ ਚਾਹੀਦੈ।" ਜੀਵਨ ਸਫ਼ਰ ਦੀਆਂ ਜ਼ਿੰਮੇਵਾਰੀਆਂ ਨੂੰ ਆਪਣੇ ਮੋਢਿਆਂ 'ਤੇ ਚੁੱਕਦਿਆਂ ਤੇ ਨਿਭਾਉਂਦਿਆਂ ਉਸ ਨੇ ਕਦੇ ਆਪਣੀ ਹਿੰਮਤ ਨੂੰ ਟੁੱਟਣ ਨਹੀਂ ਸੀ ਦਿੱਤਾ। ਉਸ ਦੀਆਂ ਅੱਖਾਂ ਨੂੰ ਸਦਾ ਕੁਝ ਨਵਾਂ ਭਾਲਣ ਤੇ ਕਰਨ ਦਾ ਚਾਅ ਸੀ। ਨਵੀਆਂ ਖਰੀਦੀਆਂ ਕਿਤਾਬਾਂ ਦਾ ਬੰਡਲ ਝੋਲੇ 'ਚ ਪਾ ਕੇ ਹੌਲੀ ਹੌਲੀ ਤੁਰਦਾ। "ਥੱਕ ਗਿਆ?" "ਨਹੀਂ, ਦੂਰ ਜਾਣਾ ਹੋਵੇ ਤਾਂ ਹੌਲ਼ੀ ਹੌਲੀ ਤੁਰਨਾ ਚਾਹੀਦੈ।" ਨਾਂਹ ਸੁਣਦੇ ਵੀ ਮੈਂ ਉਸ ਦੇ ਹੱਥੋਂ ਝੋਲਾ ਫੜ ਲੈਂਦਾ। "ਇੰਨੀਆਂ ਕਿਤਾਬਾਂ ਦਾ ਕੀ ਕਰਨਾ ਹੈ? ਪੜ੍ਹੀਆਂ ਜਾਣਗੀਆਂ?" ਮੈਂ ਪੁੱਛਦਾ। "ਉਮੀਦਾਂ ਵੱਡੀਆਂ ਹੋਣੀਆਂ ਚਾਹੀਦੀਆਂ ਨੇ। ਸਭ ਕੁਝ ਹੋ ਸਕਦੈ ਜੇ ਸੁਫ਼ਨੇ ਤੇ ਸਮਝਦਾਰੀਆਂ ਹੋਣ। ਆ ਜਾਈਂ ਅੱਜ ਘਰੇ। ਬੜਾ ਚਿਰ ਹੋ ਗਿਆ 'ਕੱਠੇ ਬੈਠਿਆਂ।" ਖੁੱਲ੍ਹੀ ਵਗਦੀ ਹਵਾ 'ਚ ਦੋ ਕੁਰਸੀਆਂ ਉਸ ਨੇ ਛੱਤ 'ਤੇ ਰੱਖੀਆਂ ਹੁੰਦੀਆਂ। ਵਿਚਾਲੇ ਲੱਕੜ ਦਾ ਮੇਜ਼ ਹੁੰਦਾ। ਦੋ ਤਿੰਨ ਕਿਤਾਬਾਂ ਧਰੀਆਂ ਹੁੰਦੀਆਂ ਤੇ ਦੋ ਤਿੰਨ ਅਖ਼ਬਾਰ। ਉਰਲੀਆਂ ਪਰਲੀਆਂ ਗੱਲਾਂ ਦੀ ਆਦਤ ਨਾ ਉਸ ਨੂੰ ਸੀ, ਨਾ ਮੈਨੂੰ। "ਹੁਣ ਕਦ ਆਏਂਗਾ?" ਜਾਣ ਲੱਗਦਾ ਤਾਂ ਬਾਹਰ ਸੜਕ ਤੱਕ ਛੱਡਣ ਆਉਂਦਾ।"ਹਫ਼ਤੇ 'ਚ ਇੱਕ ਵਾਰ ਤਾਂ ਆ ਜਾਇਆ ਕਰ.. ਮਿਲਣਾ ਗਿਲਣਾ ਹਾਸੇ ਦਿੰਦੈ।" ਚਿਹਰੇ 'ਤੇ ਝਲਕਦੀ ਖ਼ੁਸ਼ੀ ਉਸ ਦੇ ਅੰਦਰੋਂ ਉੱਠਦੀ ਮਹਿਸੂਸ ਹੁੰਦੀ।

"ਸਾਰਾ ਸਾਰਾ ਦਿਨ ਆਹ ਮੂਰਤੀਆਂ ਜਹੀਆਂ ਬਣਾਈ ਜਾਂਦੇ ਨੇ। ਪਤਾ ਨਹੀਂ ਇਨ੍ਹਾਂ ਤੋਂ ਕੀ ਲੈਣਾ।" ਕਦੇ ਕਦੇ ਉਸ ਦੇ ਪਰਿਵਾਰ ਤੋਂ ਸੁਣਦਾ। "ਹਰ ਬੰਦੇ ਦਾ ਆਪੋ ਆਪਣਾ ਸ਼ੌਕ ਹੁੰਦੈ। ਵਿਹਲੇ ਜਾਂ ਫਜ਼ੂਲ ਘੁੰਮਣ ਨਾਲੋਂ ਤਾਂ ਚੰਗਾੲ।" ਮੈਂ ਆਪਣੀ ਦਲੀਲ ਦਿੰਦਾ। ਰੇਤ, ਬਜਰੀ, ਸੀਮੇਂਟ, ਲੋਹੇ ਦੇ ਛੋਟੇ ਛੋਟੇ ਟੁਕੜਿਆਂ ਦੀਆਂ ਢੇਰੀਆਂ ਕੰਧ ਦੀ ਓਟ 'ਚ ਢੰਗ ਨਾਲ ਪਈਆਂ ਹੁੰਦੀਆਂ। ਚਾਟੀ-ਮਧਾਣੀ, ਪੰਛੀ-ਜਨੌਰ, ਮੇਲਾ ਮਾਣਦੇ ਗੱਭਰੂ-ਮੁਟਿਆਰਾਂ ਤੇ ਹੋਰ ਕਈ ਤਰ੍ਹਾਂ ਦੀਆਂ ਮੂਰਤੀਆਂ ਛੱਤ 'ਤੇ ਪਈਆਂ ਸਨ। ਕਮਾਲ ਦੀ ਕਲਾ ਇਨ੍ਹਾਂ ਬਣਾਈਆਂ ਮੂਰਤੀਆਂ 'ਚੋਂ ਡੁੱਲ੍ਹ ਡੁੱਲ੍ਹ ਪੈਂਦੀ। "ਪਿੱਛੋਂ ਕੋਈ ਇਨ੍ਹਾਂ ਨੂੰ ਦੇਖ ਦੇਖ ਯਾਦ ਤਾਂ ਕਰੂ। ਊਂ ਤਾਂ ਕੌਣ ਕਿਸੇ ਨੂੰ ਆਪਣੇ ਚੇਤਿਆਂ 'ਚ ਰੱਖਦੈ। ਨਾਂ ਤਾਂ ਕਮਾਉਣਾ ਪੈਂਦੈ। ਬੰਦੇ ਦੀ ਪਛਾਣ ਫਿਰ ਦੂਰ ਦੂਰ ਜਾਂਦੀ ਐ।" ਹਾਸੇ ਹਾਸੇ 'ਚ ਗੱਲ ਕਰਦੇ ਉਸ ਨੇ ਕਿਹਾ।

"ਮਾਣੋ! ਮਾਣੋ!" ਦੋ ਬਿੱਲੀਆਂ ਉਸ ਦੀ ਆਵਾਜ਼ ਸੁਣਦਿਆਂ ਹੀ ਆਪੋ ਆਪਣੇ ਬਲੂੰਗੜਿਆਂ ਨਾਲ ਪਤਾ ਨਹੀਂ ਕਿਧਰੋਂ ਆ ਜਾਂਦੀਆਂ, ਮੈਨੂੰ ਪਤਾ ਹੀ ਨਾ ਲੱਗਦਾ। ਕਟੋਰੀਆਂ 'ਚ ਰੱਖਿਆ ਦੁੱਧ ਪੀਂਦੀਆਂ, ਬੈਠਦੀਆਂ ਤੇ ਅੰਗੜਾਈ ਜਿਹੀ ਲੈਂਦਿਆਂ ਚਲੇ ਜਾਂਦੀਆਂ। ਹੁਣ ਤਾਂ ਇਹ ਬਿੱਲੀਆਂ ਬਲੂੰਗੜੇ ਮੇਰੇ ਕੋਲੋਂ ਵੀ ਡਰਦੇ ਨਹੀਂ ਸਨ ਤੇ ਹੌਲੀ ਹੌਲੀ ਮੈਂ ਇਨ੍ਹਾਂ ਦੇ ਸਿਰ ਵੀ ਪਲੋਸਣ ਲੱਗ ਪਿਆ ਸਾਂ।

ਇੱਕ ਵਾਰ ਉਹ ਮੇਰੇ ਨਾਲ ਰੇਲਵੇ ਪਲੈਟਫਾਰਮ 'ਤੇ ਜਾ ਰਿਹਾ ਸੀ। ਆਸੇ-ਪਾਸੇ ਕੁਝ ਝੁੱਗੀਆਂ ਸਨ। ਇੱਕ ਝੁੱਗੀ ਦੇ ਬਾਹਰ ਉਹ ਖੜ੍ਹ ਗਿਆ। "ਅੰਦਰ ਹੈ ਕੋਈ?" ਉਸ ਨੇ ਕਿਹਾ। ਮੈਨੂੰ ਇਹ ਗੱਲ ਬੜੀ ਅਜੀਬ ਜਿਹੀ ਲੱਗ ਰਹੀ ਸੀ। "ਲੈ, ਬਿਸਕੁਟ ਲੈ ਕੇ ਆਇਆਂ।" ਝੁੱਗੀ 'ਚੋਂ ਬਾਹਰ ਆਏ ਮਾਸੂਮ ਬੱਚੇ ਨੂੰ ਦੋ ਤਿੰਨ ਪੈਕਟ ਦਿੰਦੇ ਉਸ ਨੇ ਕਿਹਾ। "ਇਹ ਕੀ?" ਆਉਂਦੇ ਹੋਏ ਮੈਂ ਉਸ ਨੂੰ ਪੁੱਛਿਆ। "ਕਦੇ ਕਦੇ ਇਓਂ ਹੀ ਕਰਦਾ ਹਾਂ। ਰੂਹ ਦੀਆਂ ਗੱਲਾਂ ਖੇੜਾ ਦਿੰਦੀਆਂ ਨੇ।" ਸਿਰ ਤੋਂ ਪੈਰਾਂ ਤੱਕ ਮੈਂ ਉਸ ਨੂੰ ਦੇਖਿਆ। ਜਗਿਆਸੂ ਤੇ ਰੱਜੀ ਰੂਹ ਵਾਲਾ ਸੰਵੇਦਨਸ਼ੀਲ ਮਨ ਮੈਨੂੰ ਉਸ 'ਚੋਂ ਨਜ਼ਰ ਆਇਆ। ਉਸ ਦੇ ਹੱਥਾਂ ਨੂੰ ਮੈਂ ਆਪਣੇ ਹੱਥਾਂ 'ਚ ਲਿਆ ਤੇ ਨਾਲ ਨਾਲ ਤੁਰਨ ਲੱਗਾ।

ਉਂਝ ਤਾਂ ਸਾਨੂੰ ਮਿਲਿਆਂ ਦੋ ਦੋ ਮਹੀਨੇ ਲੰਘ ਹੀ ਜਾਂਦੇ ਸਨ, ਪਰ ਸ਼ਾਇਦ ਇਹ ਪਹਿਲੀ ਵਾਰ ਸੀ ਕਿ ਇਹ ਸਮਾਂ ਚਾਰ ਮਹੀਨਿਆਂ ਤੋਂ ਵੀ ਟੱਪ ਗਿਆ ਸੀ। "ਮਿਲ ਜਾ ਆ ਕੇ। ਮੇਰੀਆਂ ਲੱਤਾਂ ਤਾਂ ਤੁਰਨੋਂ ਰਹਿਗੀਆਂ। ਪਾਸਾ ਵੀ ਨਹੀਂ ਪਰਤਿਆ ਜਾਂਦਾ ਹੁਣ। ਸਰੀਰ ਦਰਦਾਂ ਨੇ ਭੰਨ੍ਹਿਆ ਪਿਐ।" ਸੁਣਦੇ ਹੀ ਮੈਂ ਕਾਹਲੀ ਕਾਹਲੀ ਗਿਆ। ਮੈਨੂੰ ਦੇਖਦਿਆਂ ਉਸ ਦੇ ਹਾਸੇ ਜਿਵੇਂ ਫਿਰ ਤੋਂ ਉਸ ਵੱਲ ਪਰਤ ਆਏ ਹੋਣ। ਹਫ਼ਤਾ ਕੁ ਮੈਂ ਉਸ ਕੋਲ ਆਉਂਦਾ ਜਾਂਦਾ ਰਿਹਾ ਪਰ ਉਸ ਦੇ ਸਾਹ ਉਸ ਤੋਂ ਦੂਰ ਹੋਣ ਲੱਗੇ ਸਨ ਤੇ ਫੇਰ ਇਹ ਦੂਰੀਆਂ ਗਿਣਨ ਮਿਣਨ ਜੋਗੀਆਂ ਵੀ ਨਾ ਰਹੀਆਂ। ਜ਼ਿੰਦਗੀ 'ਚ ਕੀ ਕੁਝ ਕਦੋਂ ਅਚਾਨਕ ਹੀ ਹੋ ਜਾਵੇ, ਪਤਾ ਨਹੀਂ ਲਗਦਾ। ਉਹ ਕੰਧ 'ਤੇ ਟੰਗੀ ਤਸਵੀਰ ਹੋ ਗਿਆ ਸੀ। ਮੈਂ ਉਸ ਦੇ ਕਮਰੇ ਨੂੰ ਦੇਖਿਆ, ਕਿਧਰੇ ਨਵੇਂ ਪੁਰਾਣੇ ਸਿੱਕੇ ਤੇ ਨਾਪ ਤੋਲ ਦੇ ਪੁਰਾਤਨ ਵੱਟੇ ਸਨ, ਕਿਧਰੇ ਬਿਜੜੇ ਦੇ ਆਲ੍ਹਣੇ ਤੇ ਕਿਧਰੇ ਕੰਧ 'ਤੇ ਟੰਗਿਆ ਸ਼ੀਸ਼ਾ। ਅਲਮਾਰੀ 'ਚ ਸਜੀਆਂ ਕਿਤਾਬਾਂ ਸਨ, ਡਾਇਰੀਆਂ ਵੀ ਜਿਨ੍ਹਾਂ ਦੇ ਕੁਝ ਪੰਨੇ ਲਿਖੇ ਹੋਏ ਤੇ ਕੁਝ ਖ਼ਾਲੀ ਸਨ। ਕਮਰੇ ਅੰਦਰ ਭਾਵੇਂ ਹਨੇਰਾ ਸੀ ਪਰ ਮੈਨੂੰ ਹਰ ਕੋਨਾ ਉਸ ਵਿਰਾਸਤੀ ਚਾਨਣ ਨਾਲ ਭਰਿਆ ਲੱਗ ਰਿਹਾ ਸੀ ਜੋ ਉਹ ਆਪਣੇ ਪਿੱਛੇ ਛੱਡ ਗਿਆ ਸੀ।

ਕਮਰੇ ਦੇ ਬਾਹਰ ਬੈਠੇ ਬਲੂੰਗੜੇ ਦੀਆਂ ਉਦਾਸ ਅੱਖਾਂ 'ਚ ਲਟਕੀ ਉਡੀਕ ਨੂੰ ਭਰਨ ਦੀ ਕੋਸ਼ਿਸ਼ ਕਰਦਾ ਮੈਂ ਉਸ ਦੇ ਸਵਾਲਾਂ ਬਾਰੇ ਸੋਚ ਰਿਹਾ ਸੀ ਜੋ ਮੈਨੂੰ ਸੋਚਾਂ 'ਚ ਸਦਾ ਪਾਉਂਦੇ ਸਨ। ਹੁਣ ਵੀ ਉਸ ਦਾ ਇਹ ਸਵਾਲ ਮੇਰੇ ਸਾਹਮਣੇ ਸੀ, "ਜੀਵਨ ਜੀਣਾ ਤੇ ਜੀਵਨ ਜਾਣਨਾ ਸਮਝਣਾ ਦੋ ਵੱਖ ਵੱਖ ਚੀਜ਼ਾਂ ਹਨ...... ਪਤੈ ਤੈਨੂੰ?"




## ਪਿਆਰ ਦੀਆਂ ਤੰਦਾਂ
ਅਜੀਤ ਖੰਨਾ

ਕੀ ਨੇ ਸਰਹੱਦਾਂ
ਤੇ ਕਿਉਂ ਨਹੀਂ ਖੁੱਲ੍ਹਾ ਛੱਡਦੇ
ਕੁਦਰਤ ਦੀ ਕਾਇਨਾਤ ਨੂੰ
ਕਿਉਂ ਲਕੀਰ ਮਾਰ ਸਰਹੱਦਾਂ 'ਚ ਕੈਦ ਕਰੀ ਬੈਠੇ ਹਾਂ
ਕੁਦਰਤ ਦੀ ਬਖ਼ਸ਼ੀ ਦਾਤ ਨੂੰ
ਧਰਮ, ਜਾਤ, ਕੌਮ
ਸਭ ਕੀ ਹੈ?
ਕਿਉਂ ਲੜਦਾ ਹੈ
ਮਜ਼ਹਬ ਦੇ ਨਾਂ 'ਤੇ ਇਨਸਾਨ
ਆਓ! ਪੰਛੀਆਂ ਵਾਂਗ
ਖੁੱਲ੍ਹੇ ਅਸਮਾਨ ਉਡਾਰੀ ਮਾਰੀਏ
ਨਾ ਸਰਹੱਦ ਹੋਵੇ
ਨਾ ਆਰ ਪਾਰ ਦਾ ਡਰ
ਪਿਆਰ ਦੀਆਂ ਤੰਦਾਂ ਬੁਣ
ਇਨਸਾਨ ਬਣੀਏ
ਨਾ ਪਰਮਾਣੂ ਵੱਲ ਵਧ ਹੈਵਾਨ
ਆਓ! ਭੁੱਖਮਰੀ, ਗ਼ਰੀਬੀ
ਤੇ ਜਾਨ ਦਾ ਖੌਅ ਬਣੀਆਂ
ਲਾਇਲਾਜ ਬਿਮਾਰੀਆਂ ਵਿਰੁੱਧ
ਇੱਕਜੁਟ ਹੋ ਕੇ ਜੰਗ ਵਿੱਢੀਏ
ਇਹੋ ਇਨਸਾਨ ਦਾ ਸੱਚਾ
ਖੰਨੇ ਧਰਮ, ਕਰਮ ਤੇ ਫ਼ਰਜ਼ ਹੈ।

## ਨਾ ਵੇ ਰੱਬਾ ਜੰਗ ਨਾ ਲੱਗੇ
ਕੁਲਵੰਤ ਕੁਠਾਲਾ

ਕਿੱਥੋਂ ਲਿਆਵਾਂਗੇ ਖਾਣ ਨੂੰ ਦਾਣੇ,
ਜਦ ਰੋਵਣਗੇ ਘਰੇ ਨਿਆਣੇ।
ਫ਼ਰਿਆਦ ਕਿਸ ਦੇ ਕਰਾਂਗੇ ਅੱਗੇ,
ਨਾ ਵੇ ਰੱਬਾ ਜੰਗ ਨਾ ਲੱਗੇ।
ਤੋਪਾਂ ਕਿੱਥੋਂ ਲੱਗਦੀਆਂ ਚੰਗੀਆਂ,
ਇਹ ਤਾਂ ਕਰਦੀਆਂ ਸਿਰ ਤੋਂ ਨੰਗੀਆਂ।
ਫ਼ਿਰ ਮਰਨ ਲਈ ਕੋਈ ਥਾਂ ਨਾ ਲੱਭੇ,
ਨਾ ਵੇ ਰੱਬਾ ਜੰਗ ਨਾ ਲੱਗੇ।
ਲਾਲ ਗੁਲਾਬੀ ਚਿਹਰੇ ਰਕਾਨਾਂ,
ਨਹੀਂ ਸਾਨੀ ਕੋਈ ਏਥੇ ਦਿਆਂ ਜਵਾਨਾਂ।
ਫ਼ਿਕਰਾਂ ਵਿੱਚ ਨਾ ਹੋਵਣ ਬੱਗੇ,
ਨਾ ਵੇ ਰੱਬਾ ਜੰਗ ਨਾ ਲੱਗੇ।
ਜ਼ਮੀਨ ਦੇਸ ਦੀ ਉਪਜਾਊ ਬੜੀ ਏ,
ਸੋਨਾ ਉਗਾਊਂ ਜ਼ਿੱਦ 'ਤੇ ਅੜੀ ਏ।
ਬੰਜਰਾਂ ਵਾਲੀ ਕੋਈ 'ਵਾ ਨਾ ਵੱਗੇ,
ਨਾ ਵੇ ਰੱਬਾ ਜੰਗ ਨਾ ਲੱਗੇ।
ਪਿਆਰ ਪਾਓ ਸਾਂਝ ਵਧਾਓ,
ਦੇਸ 'ਚ ਏਕੇ ਦੇ ਫੁੱਲ ਲਗਾਓ।
ਵੰਡੀਆਂ ਪਾ ਕੇ ਨਾ ਜਾਇਓ ਠੱਗੇ,
ਨਾ ਵੇ ਰੱਬਾ ਜੰਗ ਨਾ ਲੱਗੇ।

## ਕੁੱਖ 'ਚ ਨਾ ਮਾਰ ਮਾਏ
ਸੁੱਚਾ ਸਿੰਘ ਪਸਨਾਵਾਲ

ਮੈਨੂੰ ਕੁੱਖ 'ਚ ਨਾ ਮਾਰ ਮਾਏ।
ਐਸਾ ਨਾ ਕਹਿਰ ਗੁਜ਼ਾਰ ਮਾਏ।
ਮੈਨੂੰ ਸੁਹਣੇ ਜੱਗ 'ਤੇ ਆਵਣ ਦੇ
ਪੈਰ ਧਰਤੀ 'ਤੇ ਪਾਵਣ ਦੇ,
ਮੈਂ ਚੰਗਾ ਨਾਮ ਕਮਾਵਾਂਗੀ
ਜੀਵਨ ਦਾ ਬਣੂੰ ਸ਼ਿੰਗਾਰ ਮਾਏ
ਮੈਨੂੰ ਕੁੱਖ 'ਚ ਨਾ ਮਾਰ ਮਾਏ।
ਐਸਾ ਨਾ ਕਹਿਰ ਗੁਜ਼ਾਰ ਮਾਏਂ।
ਮੈਂ ਤੇਰੇ ਹਾੜੇ ਕੱਢਦੀ ਹਾਂ,
ਤੇਰੇ ਅੱਗੇ ਝੋਲੀ ਅੱਡਦੀ ਹਾਂ
ਮੈਂ ਤੇਰਾ ਨਾਂ ਚਮਕਾਵਾਂਗੀ
ਪੂਰੇ ਵਿੱਚ ਸੰਸਾਰ ਮਾਏ
ਮੈਨੂੰ ਕੁੱਖ 'ਚ ਨਾ ਮਾਰ ਮਾਏ।
ਐਸਾ ਨਾ ਕਹਿਰ ਗੁਜ਼ਾਰ ਮਾਏ।
ਮੈਂ ਸੱਸੀ ਹੀਰ ਨਹੀਂ ਬਣਦੀ
ਸਾਹਿਬਾਂ ਦੇ ਤੀਰ ਨਹੀਂ ਬਣਦੀ।
ਕਲਪਨਾ ਚਾਵਲਾ ਦੇ ਵਾਂਗੂੰ
ਅਰਸ਼ਾਂ ਵਿੱਚ ਹੋਵਾਂਗੀ ਉਡਾਰ ਮਾਏ।
ਮੈਨੂੰ ਕੁੱਖ 'ਚ ਨਾ ਮਾਰ ਮਾਏ।
ਐਸਾ ਨਾ ਕਹਿਰ ਗੁਜ਼ਾਰ ਮਾਏ।
ਮੈਂ ਬਾਬਲ ਦੀ ਸ਼ਾਨ ਵਧਾਵਾਂਗੀ
ਕਦੇ ਪੱਗ ਨੂੰ ਦਾਗ ਨਾ ਲਾਵਾਂਗੀ।
ਪਸਨਾਵਾਲੀਆ ਗੀਤ ਲਿਖੇ,
ਉਸ ਦੀ ਵੀ ਸੁਣ ਪੁਕਾਰ ਮਾਏ
ਮੈਨੂੰ ਕੁੱਖ 'ਚ ਨਾ ਮਾਰ ਮਾਏ।
ਐਸਾ ਨਾ ਕਹਿਰ ਗੁਜ਼ਾਰ ਮਾਏ।



## ਪਿੰਡ ਦੀ ਸੱਥ
ਅਮਰਜੀਤ ਸਿੰਘ ਫ਼ੌਜੀ



ਕਈ ਅੱਧਖੜ ਤੇ ਬੁੱਢੇ ਠੇਰੇ
ਪਿੰਡ ਦੀ ਸੱਥ ਵਿੱਚ ਬੰਦੇ ਬੈਠੇ
ਦਾਣਾ ਫੱਕਾ ਸਾਂਭ ਕੇ ਤੂੜੀ
ਮੁਕਾ ਕੇ ਸਭ ਕੰਮ ਧੰਦੇ ਬੈਠੇ
ਹੋ ਗਏ ਛਾਵੇਂ ਧੁੱਪ ਤੋਂ ਡਰਦੇ
ਇੱਕ ਦੂਜੇ ਨਾਲ ਗੱਲਾਂ ਕਰਦੇ
ਪਾਣੀ ਬਹੁਤ ਹੀ ਡੂੰਘੇ ਹੋ ਗਏ
ਹੁਣ ਕੀ ਕਰੀਏ ਹਾਉਕੇ ਭਰਦੇ!
ਬੋਲ ਪਿਆ ਬਲਜੀਤ ਕਾ ਘੋਨਾ
ਹੁਣ ਨਹੀਂ ਲੱਗਣਾ ਪੁਸਾ ਝੋਨਾ
ਉਹਨੂੰ ਕਹਿੰਦਾ ਰਾਜਾ ਸ਼ਰਮਾ
ਛੱਡ ਝੋਨਾ ਬੀਜੋ ਮੱਕੀ ਨਰਮਾ
ਮੇਜਰ ਕਹਿੰਦਾ ਸੁਣ ਉਏ ਸੱਜਣਾ
ਗੱਲ ਤਾਂ ਤੇਰੀ ਬਹੁਤ ਸਿਆਣੀ
ਬੋਰ ਵੀ ਡੂੰਘਾ ਕਰਨਾ ਪੈਣੈ
ਮੋਟਰ ਵੀ ਹੁਣ ਛੱਡ ਗਈ ਪਾਣੀ
ਕੰਨ ਜਿਹੇ ਸਿੱਟ ਕੇ ਕਹਿੰਦਾ ਕਾਲਾ
ਸੁਣ ਲੈ ਗੱਲ ਮੇਰੀ ਸ਼ਰਮੇ ਤਾਊ
ਨਰਮਾ ਆਪਾਂ ਬੀਜ ਲਵਾਂਗੇ
ਚੁਗਣ ਲਈ ਲੇਬਰ ਕਿੱਥੋਂ ਆਊ?
ਡੇਅਰੀ ਵਾਲਾ ਬਿੰਦਰ ਕਹਿੰਦਾ
ਲੇਬਰ ਤੋਂ ਕਿਉਂ ਆਪਾਂ ਡਰੀਏ
ਢੰਗ ਅਪਣਾ ਕੇ ਪਹਿਲਾਂ ਵਾਲਾ
ਇੱਕ ਦੂਜੇ ਨਾਲ ਵੀੜ੍ਹੀ ਕਰੀਏ!
ਥੋੜ੍ਹਾ ਚਿਰ ਚੁੱਪ ਰਹਿਣ ਤੋਂ ਪਿੱਛੋਂ
ਕਰਨੈਲ ਤੇ ਮੱਘਰ 'ਕੱਠੇ ਬੋਲੇ
ਖੇਤੀ ਕਰਮਾਂ ਸੇਤੀ ਹੋ ਗਈ
ਦਿਲ ਦੇ ਦੁੱਖੜੇ ਬਹੁਤ ਫ਼ਰੋਲੇ!
ਬਾਗ ਵਾਲਾ ਜਰਨੈਲ ਬੋਲਿਆ
ਥੋਨੂੰ ਦੱਸਾਂ ਗੱਲ ਪੁਰਾਣੀ
ਉੱਤਮ ਖੇਤੀ ਕਹਿੰਦੇ ਹੁੰਦੇ ਸੀ
ਜੋ ਸੀ ਮੇਰੇ ਬਾਪ ਦੇ ਹਾਣੀ
ਭੋਲੇ ਦੇ ਬੋਲਣ ਤੋਂ ਪਹਿਲਾਂ
ਬੋਲ ਪਿਆ ਸੀ ਚੰਦ ਕਾ ਫ਼ੱਬਾ
ਆਥਣ ਹੋ ਗਿਆ ਚੱਲ ਉਏ ਜੱਗੀ
ਠੇਕੇ ਤੋਂ ਚੱਕ ਲਿਆਈਏ ਡੱਬਾ!
ਏਨੇ ਨੂੰ ਮੇਰੀ ਖੁੱਲ੍ਹ ਗਈ ਅੱਖ
ਸੁਪਨੇ ਦੇ ਵਿੱਚ ਜੁੜੀ ਸੀ ਸੱਥ
ਚੱਲ 'ਫ਼ੌਜੀਆ' ਕੰਮ 'ਤੇ ਚੱਲੀਏ
ਰਾਹ ਕਿਰਤ ਦਾ ਆਪਾਂ ਮੱਲੀਏ।

## ਪਿਆਰੀ ਦਾਦੀ ਮਾਂ
ਗੁਰਭਿੰਦਰ ਗੁਰੀ

ਬੁੱਕਲ ਤੇਰੀ ਦਾ ਨਿੱਘ ਦਾਦੀ,
ਮਿਲਣਾ ਫ਼ੇਰ ਦੁਬਾਰਾ ਨਹੀਂ ਮੈਨੂੰ।
ਬਚਪਨ ਵਾਲੀ ਤੇਰੀ ਲੋਰੀ,
ਸੁਣਾਉਂਦਾ ਕਿਉਂ ਕੋਈ ਤਾਰਾ ਨਹੀਂ ਮੈਨੂੰ
ਵਿਹੜੇ ਦੇ ਵਿੱਚ ਰੁੱਖ ਵਰਗੀ ਮਾਂ,
ਠੰਢੀ ਮਿੱਠੀ ਛਾਂ ਸੀ ਤੇਰੀ।
ਮਮਤਾ ਤੇਰੀ ਸਮੁੰਦਰ ਗਹਿਰਾ,
ਪਿਆਰੀ ਦਾਦੀ ਮਾਂ ਸੀ ਮੇਰੀ।
ਕੁੱਟ ਕੁੱਟ ਚੂਰੀ ਦੇਸੀ ਘਿਉ ਦੀ,
ਹੱਥਾਂ ਨਾਲ ਖੁਆਉਂਦੀ ਸੀ ਮੈਨੂੰ।
ਤੇਰੇ ਲਈ ਸੀ ਅੱਜ ਵੀ ਛੋਟਾ,
ਝਿੜਕ ਕੇ ਕੋਲ ਬਿਠਾਉਂਦੀ ਸੀ ਮੈਨੂੰ।
ਹੁਣ ਤਾਂ ਕੋਲ 'ਕੱਲੀਆਂ ਯਾਦਾਂ,
ਗੁਰਭਿੰਦਰ ਗੁਰੀ ਦੇ ਰਹਿ ਗਈਆਂ।
ਤੈਨੂੰ ਯਾਦਾਂ ਦੇ ਵਿੱਚ ਜਿਉਂਦੀ ਰੱਖੂ
ਭਾਵੇਂ ਸਦੀਵੀ ਦੂਰੀਆਂ ਪੈ ਗਈਆਂ।



## ਰੱਬਾ
ਗੁਰਤੇਜ ਸਿੰਘ ਖੁਡਾਲ

ਕਦੇ ਖ਼ੁਦ ਤੂੰ, ਆ ਕੇ ਵੇਖ ਰੱਬਾ,
ਤੇਰੇ ਬੰਦੇ ਕੀ ਕੀ ਕਰਦੇ ਨੇ।
ਜਿਨ੍ਹਾਂ ਕੰਮਾਂ ਤੋਂ ਤੂੰ ਰੋਕਿਆ ਸੀ,
ਸਾਰੇ ਕੰਮ ਇਹ ਉਹੀ ਕਰਦੇ ਨੇ।
ਤੇਰੇ ਨਾਮ 'ਤੇ ਲੁੱਟਦੇ ਲੋਕਾਂ ਨੂੰ,
ਤੇਰੇ ਨਾਮ 'ਤੇ ਖੋਲ੍ਹੀਆਂ ਹੱਟਾਂ ਨੇ।
ਇਨ੍ਹਾਂ ਕਾਮ, ਕ੍ਰੋਧ ਅਤੇ ਲੋਭ ਦੀਆਂ,
ਸਾਰੀਆਂ ਹੀ ਟੱਪੀਆਂ ਹੱਦਾਂ ਨੇ।
ਤੂੰ ਹੈਂ ਵੀ ਹੈਂ, ਜਾਂ ਨਹੀਂ ਹੈਂ ਰੱਬਾ,
ਹੁਣ ਇਹ ਵੀ ਲੱਗੀਆਂ ਸ਼ਰਤਾਂ ਨੇ।
ਰੱਬਾ ਝੂਠੇ, ਚੋਰਾਂ, ਪਖੰਡੀਆਂ ਨੇ,
ਲੁੱਟੇ ਲੋਕੀਂ, ਮਾਰੀਆਂ ਠੱਗੀਆਂ ਨੇ।
ਲੋਕਾਂ ਛੱਡ 'ਖੁਡਾਲ' ਓਏ ਰਾਹ ਸੱਚ ਦਾ
ਪਾਈਆਂ ਧਰਮਾਂ ਦੇ ਨਾਮ 'ਤੇ ਵੰਡੀਆਂ ਨੇ।

## ਜੀਭ ਦੇ ਸੁਆਦ
ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ.
07748772308



ਮਿਰਚ ਮਸਾਲਾ ਪੂਰਾ ਬਹੁਤ ਜ਼ਰੂਰੀ ਹੈ,
ਨਹੀਂ ਤਾਂ ਰੋਟੀ ਫ਼ਿੱਕੀ ਅਤੇ ਅਧੂਰੀ ਹੈ।
ਸਵਾਦਾਂ ਨੇ ਹੈ ਪੱਟੀ ਦੁਨੀਆ ਰੱਜ ਰੱਜ ਕੇ,
ਹਰੇਕ ਤੋਂ ਅੱਗੇ ਹੁੰਦੇ ਲੋਕੀਂ ਭੱਜ ਭੱਜ ਕੇ।
ਕੋਈ ਕਹਿੰਦਾ ਮੇਰੀ ਵਧੀਆ ਤਰਕਾਰੀ ਹੈ,
ਤੇ ਦੂਜਾ ਕਹਿੰਦਾ ਮੇਰੀ ਇਸ 'ਤੇ ਸਰਦਾਰੀ ਹੈ।
ਘੁਮਿਆਰੀ ਭਾਂਡਾ ਅਪਣਾ ਸਦਾ ਸਲਾਹੁੰਦੀ ਹੈ,
ਦੂਜੇ ਦੀ ਭੰਡੀ ਕਰਕੇ ਰੋਅਬ ਜਮਾਉਂਦੀ ਹੈ।
ਉਹ ਵੀ ਮੌਕਾ ਸੀ ਰੁੱਖੀ ਹੀ ਮਿਲਦੀ ਸੀ,
ਲੂਣ ਦੀ ਚੁਟਕੀ ਨਾਲ ਤਬੀਅਤ ਖਿਲਦੀ ਸੀ।
ਗੰਢੇ ਅਤੇ ਅਚਾਰ ਹੀ ਬੜੀ ਨਿਆਮਤ ਸਨ,
ਗੁੜ ਦੀ ਰੋੜੀ ਖਾ ਕੇ ਹੋ ਜਾਂਦੇ ਸੀ ਪਰਸੰਨ।
ਬਰਗਰ, ਪੀਜ਼ੇ, ਨੂਡਲ, ਸਾਨੂੰ ਪੱਟ ਗਏ,
ਚਲਾਕ ਚਲਾਕੀ ਕਰਕੇ ਖੱਟੀ ਖੱਟ ਗਏ।
ਪਤਾ ਨੀਂ ਚੱਲਿਆ ਜੀਭ ਨੇ ਧੋਖਾ ਕਦ ਦਿੱਤਾ,
ਕਿਸ ਦੇ ਪਿੱਛੇ ਲੱਗ ਕੇ ਭੁੱਗਾ ਪੱਟ ਦਿੱਤਾ।
ਸਿਹਤਾਂ ਵਿਗੜੀਆਂ ਢੇਰ ਬਿਮਾਰੀਆਂ ਲੱਗ ਗਈਆਂ,
ਉਲਟੀਆਂ ਪੁਲਟੀਆਂ ਆਦਤਾਂ ਹਰ ਘਰ ਵੜ ਗਈਆਂ।
ਵਫ਼ਾਦਾਰੀ ਨਿਭਾਉਂਦੇ ਸਭ ਅੰਗ ਨਿਢਾਲ ਹੋਏ,
ਬੇਵਫ਼ਾਈ ਜੀਭ ਦੀ ਸਹਿੰਦੇ ਹਾਲੋਂ ਬੇਹਾਲ ਹੋਏ।
ਮੋੜ ਮੁੜ ਗਏ ਹਾਂ ਬਹੁਤ ਹੁਣ ਮੋੜਾ ਨਹੀਂ ਪੈਣਾ,
ਖੁਸ ਗਿਆ ਹੈ ਸਿਹਤ ਦਾ ਅਤਿ ਸੁੰਦਰ ਗਹਿਣਾ।

## ਗ਼ਜ਼ਲ
ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ

ਗੋਲੀ ਛੱਡ ਤੇ ਗੱਲ ਕਰ ਤੂੰ
ਅੱਜ ਨਹੀਂ ਤੇ ਕੱਲ੍ਹ ਕਰ ਤੂੰ।
ਜੰਗ ਤਾਂ ਮੌਤ ਹੀ ਵੰਡਦੀ ਏ
ਐਵੇਂ ਨਾ, ਇਹ ਝੱਲ ਕਰ ਤੂੰ।
ਵੈਰੀ ਮਾਰੇਂ, ਵੈਰ ਨਾ ਮਿਟਣਾ
ਵੈਰੀ ਆਪਣੇ ਵੱਲ ਕਰ ਤੂੰ।
ਜੰਗ ਦੇ ਨਾਲੋਂ ਜੋ ਨੇ ਵੱਡੇ
ਪਹਿਲਾਂ ਮਸਲੇ ਹੱਲ ਕਰ ਤੂੰ।
ਦਿਲਬਰ ਤੂੰ ਨਾ ਵਕਤ ਲੰਘਾ
ਪਹਿਲ ਜੇ ਕਰਨੀ, ਚੱਲ ਕਰ ਤੂੰ।




ਕੱਢੇ ਬੱਸ ਵਿੱਚੋਂ
ਡਰੈਵਰਾਂ ਨੂੰ
ਕੱਢ ਲਏ
ਤੇ ਭੁੰਨ ਦਿੱਤੇ।
ਕੱਟਲੀਓ!
ਬੋਲੋ, ਜੈ ਸ਼੍ਰੀ ਰਾਮ
ਨਹੀਂ ਬੋਲੇ
ਵੱਢ ਦਿੱਤੇ ਗਏ।
ਪੜ੍ਹੋ ਆਇਤਾਂ
ਨਹੀਂ ਪੜ੍ਹ ਸਕੇ
ਭੁੰਨ ਦਿੱਤੇ ਗਏ।
ਭੁੰਨ ਦਿੱਤੇ
ਵੱਢ ਦਿੱਤੇ
ਅੱਡ-ਅੱਡ
ਧਰਮਾਂ ਦੇ
ਵੱਖੋ-ਵੱਖਰੇ ਸਮਿਆਂ
ਵੱਖੋ-ਵੱਖਰੀਆਂ ਥਾਵਾਂ ਉੱਤੇ।
ਭੁੰਨਣ ਵਾਲੇ
ਵੱਢਣ ਵਾਲੇ
ਪਰ ਇੱਕ ਹੀ ਸਨ
ਇੱਕ ਹੀ ਜਾਤ ਦੇ
ਇੱਕ ਹੀ ਧਰਮ ਦੇ
ਅਤਿਵਾਦੀ!

# ਨਿਊਜ਼ੀਲੈਂਡ ਦੀ ਖਿਡਾਰਨ ਹੇਲੀ ਜੇਨਸਨ ਵੱਲੋਂ ਅੰਤਰਰਾਸ਼ਟਰੀ ਕ੍ਰਿਕਟ ਤੋਂ ਸੰਨਿਆਸ




ਨਿਊਜ਼ੀਲੈਂਡ ਦੀ ਆਲਰਾਊਂਡਰ ਹੇਲੀ ਜੇਨਸਨ ਨੇ ਅੰਤਰਰਾਸ਼ਟਰੀ ਕ੍ਰਿਕਟ ਤੋਂ ਸੰਨਿਆਸ ਲੈਣ ਦਾ ਐਲਾਨ ਕਰ ਦਿੱਤਾ ਹੈ। ਇਸ ਦੇ ਨਾਲ ਹੀ ਉਨ੍ਹਾਂ ਦੇ 11 ਸਾਲ ਲੰਬੇ ਕੈਰੀਅਰ ਦਾ ਅੰਤ ਹੋ ਗਿਆ ਹੈ। ਜੇਨਸਨ ਨੇ 2014 'ਚ ਵੈਸਟ ਇੰਡੀਜ਼ ਵਿਰੁੱਧ ਵਾਈਟ-ਬਾਲ ਫਾਰਮੈਟ ਵਿੱਚ ਵ੍ਹਾਈਟ ਫਰਨਜ਼ ਲਈ ਆਪਣਾ ਡੈਬਿਊ ਕੀਤਾ ਸੀ। 2018 ਦੇ ਆਈਸੀਸੀ ਟੀ-20 ਵਿਸ਼ਵ ਕੱਪ ਲਈ ਚੁਣੇ ਜਾਣ ਤੋਂ ਬਾਅਦ ਉਹ ਟੀਮ ਦਾ ਨਿਯਮਤ ਹਿੱਸਾ ਬਣ ਗਈ।ਉਸਨੇ 35 ਵਨਡੇ ਅਤੇ 53 ਟੀ-20 ਮੈਚਾਂ 'ਚ 88 ਮੌਕਿਆਂ 'ਤੇ ਨਿਊਜ਼ੀਲੈਂਡ ਦੀ ਨੁਮਾਇੰਦਗੀ ਕੀਤੀ। ਇਸ ਸਮੇਂ ਦੌਰਾਨ ਉਸਨੇ 1,988 ਦੌੜਾਂ ਬਣਾਈਆਂ ਅਤੇ 76 ਵਿਕਟਾਂ ਲਈਆਂ। ਜੇਨਸਨ ਨੇ ਕਿਹਾ ਕਿ ਉਨ੍ਹਾਂ ਨੂੰ ਲੱਗਦਾ ਹੈ ਕਿ ਅੰਤਰਰਾਸ਼ਟਰੀ ਕ੍ਰਿਕਟ ਤੋਂ ਦੂਰੀ ਬਣਾਉਣ ਦਾ ਇਹ ਸਹੀ ਸਮਾਂ ਹੈ। ਉਸਨੇ ਕਿਹਾ ਕਿ 'ਜਦੋਂ ਤੋਂ ਮੈਂ 10 ਸਾਲ ਦੀ ਸੀ, ਮੈਂ ਆਪਣੇ ਪਹਿਲੇ ਕ੍ਰਿਕਟ ਟੂਰਨਾਮੈਂਟ ਤੋਂ ਘਰ ਆਈ ਅਤੇ ਜਾਣਦੀ ਸੀ ਕਿ ਮੈਂ ਇੱਕ ਵ੍ਹਾਈਟ ਫਰਨ ਬਣਨਾ ਚਾਹੁੰਦੀ ਹਾਂ।' ਉਸ ਸੁਪਨੇ ਨੂੰ ਜੀਉਣ ਦਾ ਮੌਕਾ ਮਿਲਣਾ ਇੱਕ ਅਜਿਹੀ ਚੀਜ਼ ਹੈ ਜਿਸਨੂੰ ਮੈਂ ਹਮੇਸ਼ਾ ਯਾਦ ਰੱਖਾਂਗਾ।

ਉਸਨੇ ਕਿਹਾ ਕਿ 'ਇਹ ਇੱਕ ਸ਼ਾਨਦਾਰ ਯਾਤਰਾ ਰਹੀ ਹੈ ਚੁਣੌਤੀਆਂ, ਵਿਕਾਸ, ਅਭੁੱਲ ਅਨੁਭਵਾਂ ਅਤੇ ਲੋਕਾਂ ਦੇ ਸਭ ਤੋਂ ਵਧੀਆ ਸਮੂਹ ਨਾਲ ਭਰੀ ਹੋਈ ਹੈ, ਜਿਨ੍ਹਾਂ ਨਾਲ ਮੈਂ ਇਸਨੂੰ ਸਾਂਝਾ ਕਰਨ ਦੀ ਉਮੀਦ ਕਰ ਸਕਦੀ ਸੀ'। ਕਿਸੇ ਬਹੁਤ ਮਾਇਨੇ ਵਾਲੀ ਚੀਜ਼ ਤੋਂ ਅੱਗੇ ਵਧਣਾ ਕਦੇ ਵੀ ਆਸਾਨ ਨਹੀਂ ਹੁੰਦਾ ਪਰ ਮੈਂ ਆਪਣੇ ਦਿਲ ਵਿੱਚ ਜਾਣਦਾ ਹਾਂ ਕਿ ਇਹ ਸਮਾਂ ਹੈ।

ਉਸਨੇ ਇੱਕ ਬਿਆਨ ਵਿੱਚ ਕਿਹਾ ਕਿ 'ਮੈਨੂੰ ਉਸ 'ਤੇ ਬਹੁਤ ਮਾਣ ਹੈ ਜੋ ਅਸੀਂ ਇਕੱਠੇ ਪ੍ਰਾਪਤ ਕੀਤਾ ਹੈ ਅਤੇ ਵ੍ਹਾਈਟ ਫਰਨ ਮਾਹੌਲ ਦਾ ਹਿੱਸਾ ਬਣਨ 'ਤੇ ਹੋਰ ਵੀ ਮਾਣ ਹੈ।' 32 ਸਾਲਾ ਇਹ ਖਿਡਾਰਨ 2022 ਦੇ ਆਈ.ਸੀ.ਸੀ. ਮਹਿਲਾ ਕ੍ਰਿਕਟ ਵਿਸ਼ਵ ਕੱਪ ਲਈ ਟੀਮ ਦਾ ਹਿੱਸਾ ਸੀ ਅਤੇ ਚਾਰ ਆਈ.ਸੀ.ਸੀ. ਮਹਿਲਾ ਟੀ-20 ਵਿਸ਼ਵ ਕੱਪ (2014, 2018, 2020 ਅਤੇ 2023) ਦਾ ਹਿੱਸਾ ਰਹੀ ਹੈ, 2020 ਦੇ ਐਡੀਸ਼ਨ ਵਿੱਚ ਗੇਂਦ ਨਾਲ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਉਸਨੇ ਸ਼੍ਰੀਲੰਕਾ ਵਿਰੁੱਧ ਸ਼ੁਰੂਆਤੀ ਮੈਚ ਵਿੱਚ 3-16 ਦੇ ਅੰਕੜਿਆਂ ਨਾਲ ਪਲੇਅਰ ਆਫ ਦਿ ਮੈਚ ਦਾ ਪੁਰਸਕਾਰ ਜਿੱਤਿਆ।

ਉਹ ਬਰਮਿੰਘਮ ਵਿੱਚ ਰਾਸ਼ਟਰਮੰਡਲ ਖੇਡਾਂ ਵਿੱਚ ਕਾਂਸੀ ਦਾ ਤਗਮਾ ਜਿੱਤਣ ਵਾਲੀ ਟੀਮ ਦੀ ਇੱਕ ਮੁੱਖ ਮੈਂਬਰ ਵੀ ਸੀ, ਜਿਸਨੇ ਇੰਗਲੈਂਡ ਵਿਰੁੱਧ ਕਾਂਸੀ ਦਾ ਤਗਮਾ ਮੈਚ ਵਿੱਚ 3-24 ਨਾਲ ਜਿੱਤ ਪ੍ਰਾਪਤ ਕੀਤੀ। ਮੁੱਖ ਕੋਚ ਬੇਨ ਸੌਅਰ ਨੇ ਜੇਨਸਨ ਦਾ ਟੀਮ ਵਿੱਚ ਯੋਗਦਾਨ ਲਈ ਧੰਨਵਾਦ ਕੀਤਾ। ਸੌਅਰ ਨੇ ਕਿਹਾ, 'ਮੈਂ ਹੇਲੀ ਨੂੰ ਇੱਕ ਸ਼ਾਨਦਾਰ ਅੰਤਰਰਾਸ਼ਟਰੀ ਕੈਰੀਅਰ ਲਈ ਵਧਾਈ ਦੇਣਾ ਚਾਹੁੰਦਾ ਹਾਂ ਅਤੇ ਵ੍ਹਾਈਟ ਫਰਨਜ਼ ਵਾਤਾਵਰਣ ਵਿੱਚ ਉਸਦੇ ਯੋਗਦਾਨ ਲਈ ਉਸਦਾ ਧੰਨਵਾਦ ਕਰਨਾ ਚਾਹੁੰਦਾ ਹਾਂ।' ਉਹਨਾਂ ਕਿਹਾ ਕਿ ਹੇਲੀ ਨੇ ਮੈਦਾਨ 'ਤੇ ਬੱਲੇ ਅਤੇ ਗੇਂਦ ਦੋਵਾਂ ਨਾਲ ਟੀਮ ਲਈ ਮਹੱਤਵਪੂਰਨ ਯੋਗਦਾਨ ਪਾਇਆ ਹੈ ਅਤੇ ਹਮੇਸ਼ਾ ਖੇਡ ਪ੍ਰਤੀ ਸੱਚਾ ਜਨੂੰਨ ਅਤੇ ਪਿਆਰ ਦਿਖਾਇਆ ਹੈ। ਅਸੀਂ ਉਸਨੂੰ ਭਵਿੱਖ ਲਈ ਸ਼ੁਭਕਾਮਨਾਵਾਂ ਦਿੰਦੇ ਹਾਂ।

# ਲਾਅਨ ਟੈਨਿਸ ਦੀ ਮਲਿਕਾ ਸਟੈਫ਼ੀ ਗ੍ਰਾਫ਼



ਪ੍ਰਿੰ. ਸਰਵਣ ਸਿੰਘ
+1-905-779-1661



ਜਰਮਨੀ ਦੀ ਜੰਮਪਲ ਸਟੈਫੀ ਗ੍ਰਾਫ ਟੈਨਿਸ ਦੀ ਮਲਿਕਾ ਮੰਨੀ ਜਾਂਦੀ ਰਹੀ ਹੈ। ਟੈਨਿਸ ਦੇ ਅੰਬਰ ਵਿੱਚ ਉਹਦਾ ਨਾਂ ਧਰੂ ਤਾਰੇ ਵਾਂਗ ਲਿਸ਼ਕਦਾ ਰਹੇਗਾ। ਉਸ ਨੇ ਟੈਨਿਸ ਦੇ ਸਾਰੇ ਗਰੈਂਡ ਸਲਾਮ ਟੂਰਨਾਮੈਂਟ ਜਿੱਤੇ ਤੇ ਦੋ ਉਲੰਪਿਕ ਖੇਡਾਂ 'ਚੋਂ ਸੋਨੇ, ਚਾਂਦੀ ਤੇ ਕਾਂਸੀ ਦੇ ਤਿੰਨ ਮੈਡਲ ਹਾਸਲ ਕੀਤੇ। ਉਸ ਦੀ ਇਨਾਮੀ ਰਾਸ਼ੀ 2 ਕਰੋੜ ਡਾਲਰਾਂ ਤੋਂ ਟੱਪ ਗਈ ਸੀ ਅਤੇ ਮਾਨ ਸਨਮਾਨਾਂ ਦਾ ਕੋਈ ਅੰਤ ਨਹੀਂ ਰਿਹਾ। ਉਸ ਨੂੰ ਗੁੜ੍ਹਤੀ ਹੀ ਟੈਨਿਸ ਦੀ ਮਿਲੀ ਸੀ। ਉਸ ਦਾ ਪਿਤਾ ਪੀਟਰ ਗ੍ਰਾਫ ਖ਼ੁਦ ਟੈਨਿਸ ਦਾ ਤਕੜਾ ਖਿਡਾਰੀ ਸੀ ਤੇ ਉਹੀ ਆਪਣੀ ਧੀ ਦਾ ਪਹਿਲਾ ਕੋਚ ਬਣਿਆ।

ਸਟੈਫੀ ਨੇ ਤਿੰਨ ਸਾਲ ਦੀ ਉਮਰੇ ਰੈਕੇਟ ਫੜਨਾ ਸਿੱਖ ਲਿਆ ਸੀ ਤੇ ਚੌਥੇ ਸਾਲ ਟੈਨਿਸ ਖੇਡਣ ਲੱਗ ਪਈ ਸੀ। ਫਿਰ ਉਸ ਨੇ ਏਨੀ ਮਿਹਨਤ ਕੀਤੀ, ਐਨਾ ਮੁੜਕਾ ਵਹਾਇਆ, ਏਨਾ ਸਿਦਕ ਤੇ ਸਿਰੜ ਪਾਲਿਆ ਕਿ 13 ਸਾਲ ਦੀ ਅੱਲ੍ਹੜ ਉਮਰ ਤੋਂ ਹੀ ਟੈਨਿਸ ਦੇ ਟੂਰਨਾਮੈਂਟ ਜਿੱਤਦੀ ਵੀਹਵੀਂ ਸਦੀ ਦੀ ਸਭ ਤੋਂ ਤਕੜੀ ਟੈਨਿਸ ਖਿਡਾਰਨ ਐਲਾਨੀ ਗਈ। ਉਸ ਨੂੰ ਵਿਸ਼ਵ ਪੱਧਰ ਦਾ ਹਰ ਮਾਨ ਸਨਮਾਨ ਮਿਲਿਆ। ਉਸ ਦਾ ਖੇਡ ਕੈਰੀਅਰ ਨਵੇਂ ਖਿਡਾਰੀਆਂ ਲਈ ਰਾਹ ਦਸੇਰਾ ਤੇ ਖੇਡਾਂ ਦੀ ਦੁਨੀਆ ਲਈ ਚਾਨਣ ਮੁਨਾਰਾ ਹੈ।

ਖੇਡ ਪ੍ਰਤਿਭਾ ਨਾਲ ਰੱਬ ਨੇ ਉਸ ਨੂੰ ਰੰਗ ਰੂਪ ਵੀ ਰੱਜ ਕੇ ਦਿੱਤਾ। ਉਸ ਦਾ ਕੱਦ 5 ਫੁੱਟ 9 ਇੰਚ ਹੈ। ਨੱਕ ਤਿੱਖਾ, ਧੌਣ ਲੰਮੀ, ਅੱਖਾਂ ਬਿੱਲੀਆਂ, ਵਾਲ ਭੂਰੇ ਤੇ ਜੁੱਸਾ ਸਡੌਲ ਹੈ। ਸਰਗਰਮ ਖੇਡ ਤੋਂ ਰਿਟਾਇਰ ਹੋਣ ਪਿੱਛੋਂ ਉਹ ਆਪਣੀ ਮਾਂ, ਭਰਾ, ਪਤੀ, ਪੁੱਤਰ ਤੇ ਧੀ ਨਾਲ ਅਮਰੀਕਾ ਦੇ ਸ਼ਹਿਰ ਲਾਸ ਵੇਗਾਸ ਵਿੱਚ ਪੂਰੇ ਪਰਿਵਾਰ ਨਾਲ ਸੁਖੀ ਵਸਦੀ ਹੈ। ਉਸ ਦਾ ਪਤੀ ਆਂਦਰੇ ਅਗਾਸੀ ਵੀ ਟੈਨਿਸ ਦਾ ਸਟਾਰ ਖਿਡਾਰੀ ਰਿਹਾ ਹੈ। ਸਟੈਫੀ ਦਾ ਪੂਰਾ ਨਾਂ ਸਟੈਫਾਨੀ ਮਾਰੀਆ ਗ੍ਰਾਫ ਹੈ। ਉਸ ਦਾ ਜਨਮ 14 ਜੂਨ 1969 ਨੂੰ ਪੱਛਮੀ ਜਰਮਨੀ ਦੇ ਸ਼ਹਿਰ ਮਨਹਾਈਮ ਨੇੜੇ ਬਰੂਹਲ ਵਿੱਚ ਟੈਨਿਸ ਖਿਡਾਰੀ ਪੀਟਰ ਗ੍ਰਾਫ ਦੇ ਘਰ ਹੋਇਆ ਸੀ। ਉਹਦਾ ਪਿਤਾ ਖ਼ੁਦ ਖਿਡਾਰੀ ਰਿਹਾ ਸੀ ਤੇ ਫਿਰ ਸਟੈਫੀ ਦੇ ਚੰਗੇ ਭਾਗਾਂ ਨੂੰ ਟੈਨਿਸ ਦਾ ਕੋਚ ਬਣ ਗਿਆ ਸੀ। ਉਸ ਨੇ ਆਪਣੀ ਧੀ ਨੂੰ ਟੈਨਿਸ ਦੀ ਖਿਡਾਰਨ ਬਣਾਉਣ ਵਿੱਚ ਸਭ ਤੋਂ ਵੱਧ ਯੋਗਦਾਨ ਪਾਇਆ। ਸਟੈਫੀ ਨੂੰ ਗੇਂਦ ਤੇ ਛੋਟਾ ਰੈਕੇਟ ਪਹਿਲੇ ਖਿਡਾਉਣੇ ਦੇ ਰੂਪ ਵਿੱਚ ਮਿਲੇ ਸਨ। ਸਟੈਫੀ ਸਿਰਫ਼ ਚਾਰ ਸਾਲ ਦੀ ਹੋਈ ਸੀ ਕਿ ਪਿਤਾ ਨਾਲ ਟੈਨਿਸ ਖੇਡਣ ਲੱਗ ਪਈ ਸੀ। 13 ਸਾਲ ਦੀ ਹੋਈ ਤਾਂ ਪੇਸ਼ੇਵਰ ਖਿਡਾਰਨ ਵਜੋਂ ਟੈਨਿਸ ਦੇ ਟੂਰਨਾਮੈਂਟਾਂ ਵਿੱਚ ਭਾਗ ਲੈਣ ਲੱਗ ਪਈ। ਉਸ ਨੇ ਪਹਿਲਾ ਪੇਸ਼ੇਵਰਾਨਾ ਮੈਚ 1982 ਵਿੱਚ ਖੇਡਿਆ। ਉਦੋਂ ਤੋਂ ਉਹਦੀਆਂ ਜਿੱਤਾਂ ਦਾ ਐਸਾ ਦੌਰ ਸ਼ੁਰੂ ਹੋਇਆ ਕਿ ਉਹ 1987 ਵਿੱਚ ਫਰੈਂਚ ਓਪਨ ਦਾ ਪਹਿਲਾ ਗ੍ਰੈਂਡ ਸਲੈਮ ਖ਼ਿਤਾਬ ਜਿੱਤ ਗਈ। ਉਸੇ ਸਾਲ ਉਹ ਵਿਸ਼ਵ ਦੀ ਸਰਬੋਤਮ ਟੈਨਿਸ ਖਿਡਾਰਨ ਐਲਾਨੀ ਗਈ। ਫਿਰ ਤਾਂ ਐਸੀ ਚੱਲ ਸੋ ਚੱਲ ਹੋਈ ਕਿ ਆਏ ਦਿਨ ਉਸ ਨੂੰ ਜਿੱਤਾਂ 'ਤੇ ਜਿੱਤਾਂ ਨਸੀਬ ਹੋਣ ਲੱਗੀਆਂ। ਉਹ ਵਿਸ਼ਵ ਦੀ ਟੈਨਿਸ ਮਲਿਕਾ ਕਹੀ ਜਾਣ ਲੱਗੀ। ਜਿੱਧਰ ਵੀ ਜਾਂਦੀ ਹੱਥੀਂ ਛਾਵਾਂ ਹੁੰਦੀਆਂ। ਫਰੈਂਚ ਓਪਨ ਦਾ ਗ੍ਰੈਂਡ ਸਲੈਮ ਖ਼ਿਤਾਬ ਜਿੱਤਣ ਪਿੱਛੋਂ ਉਹ ਵਿਸ਼ਵ ਦੀ ਨੰਬਰ 1 ਖਿਡਾਰਨ ਬਣਨ ਦਾ ਖ਼ਿਤਾਬ ਵੀ ਹਾਸਲ ਕਰ ਗਈ। 1988 ਵਿੱਚ ਸਟੈਫੀ ਗ੍ਰਾਫ ਨੇ ਉਹ ਮਾਅਰਕਾ ਮਾਰਿਆ ਜੋ ਉਸ ਤੋਂ ਪਹਿਲਾਂ ਕਿਸੇ ਤੋਂ ਨਹੀਂ ਸੀ ਵੱਜਾ। ਉਸ ਨੂੰ ਕਹਿੰਦੇ ਹਨ: ਕੈਲੰਡਰ ਗ੍ਰੈਂਡ ਸਲੈਮ। ਉਸ ਵਿੱਚ ਵਿਸ਼ਵ ਭਰ ਦੇ ਵੱਡੇ ਟੈਨਿਸ ਟੂਰਨਾਮੈਂਟ ਆਸਟਰੇਲੀਅਨ ਓਪਨ, ਫ੍ਰੈਂਚ ਓਪਨ, ਵਿੰਬਲਡਨ ਤੇ ਯੂ ਐੱਸ ਓਪਨ ਆਦਿ, ਉਹ ਸਾਰੇ ਗਰੈਂਡ ਸਲੈਮ ਉਸ ਨੇ ਜਿੱਤੇ। ਨਾਲ ਲੋਹੜਾ ਇਹ ਮਾਰਿਆ ਕਿ 1988 ਦੀਆਂ ਉਲੰਪਿਕ ਖੇਡਾਂ 'ਚੋਂ ਇੱਕ ਗੋਲਡ ਤੇ ਇੱਕ ਕਾਂਸੀ ਦਾ ਮੈਡਲ ਵੀ ਜਿੱਤੇ। ਇਹ ਇੱਕ ਸਾਧਾਰਨ ਪਰਿਵਾਰ ਵਿੱਚ ਜੰਮੀ ਪਲੀ ਲੜਕੀ ਦੀ ਪ੍ਰਾਪਤੀ ਸੀ ਨਾ ਕਿ ਸੋਨੇ ਦੇ ਚਮਚੇ ਨਾਲ ਗੁੜਤੀ ਲੈ ਕੇ ਜੰਮੀ ਕਿਸੇ ਅਮੀਰਜ਼ਾਦੀ ਦੀ। ਆਲੇ ਭੋਲੇ ਬਚਪਨ ਤੋਂ ਲੈ ਕੇ ਉਸ ਨੇ ਟੈਨਿਸ ਦੀ ਲੰਮੀ, ਥਕਾਉਣ ਵਾਲੀ ਪਰ ਉਤਸ਼ਾਹ ਭਰੀ ਜੰਗ ਲੜੀ ਸੀ। ਉਹ ਘਰੋਂ ਸਿੱਧੀ ਹਵਾਈ ਅੱਡਿਆਂ 'ਤੇ ਜਾਂਦੀ, ਜਹਾਜ਼ਾਂ 'ਤੇ ਚੜ੍ਹਦੀ ਉਤਰਦੀ, ਸਿੱਧੀ ਟੈਨਿਸ ਦੇ ਮੈਦਾਨਾਂ 'ਚ ਪਹੁੰਚਦੀ ਤੇ ਪ੍ਰੈਕਟਿਸ ਕਰ ਕੇ ਜਾਂ ਟੂਰਨਾਮੈਂਟ ਖੇਡ ਕੇ ਸਿੱਧੀ ਘਰ ਮੁੜਦੀ। ਉਸ ਕੋਲ ਕੋਈ ਵਕਤ ਨਹੀਂ ਜੋ ਫ਼ਜ਼ੂਲ ਗੱਲਾਂ 'ਚ ਗੁਆਇਆ ਜਾਵੇ।

(ਬਾਕੀ ਸਫ਼ਾ 31 'ਤੇ)

# ਰੁਸਤਮ-ਏ-ਹਿੰਦ ਪਹਿਲਵਾਨ ਗਾਮਾ

ਕੁਲਦੀਪ ਸਿੰਘ ਸਾਹਿਲ



ਅੱਜ ਅਸੀਂ ਇਕ ਅਜਿਹੇ ਪਹਿਲਵਾਨ ਦੀ ਗੱਲ ਕਰਨ ਜਾ ਰਹੇ ਹਾਂ ਜਿਸ ਬਾਰੇ ਕਿਹਾ ਜਾਂਦਾ ਹੈ ਕਿ ਉਸ ਨੂੰ ਕੁਸ਼ਤੀ ਦੇ ਅਖਾੜੇ ਵਿੱਚ ਪੂਰੀ ਦੁਨੀਆ 'ਚ ਕੋਈ ਵੀ ਹਰਾ ਨਹੀਂ ਸੀ ਸਕਿਆ। ਆਪਣੇ 50 ਸਾਲਾਂ ਦੇ ਪਹਿਲਵਾਨੀ ਦੇ ਸਫ਼ਰ ਵਿੱਚ ਉਹ ਹਮੇਸ਼ਾ ਹੀ ਅਜਿੱਤ ਰਿਹਾ।

ਪੂਰੀ ਦੁਨੀਆ 'ਚ ਪਹਿਲਵਾਨੀ ਦੇ ਖੇਤਰ ਵਿੱਚ ਆਪਣਾ ਲੋਹਾ ਮਨਵਾਉਣ ਵਾਲੇ ਇਸ ਗਾਮਾ ਪਹਿਲਵਾਨ ਨੂੰ ਬੇਸ਼ੱਕ ਭਾਰਤ ਤੇ ਪਾਕਿਸਤਾਨ ਦੇ ਜ਼ਿਆਦਾਤਰ ਲੋਕ ਭੁੱਲ ਚੁੱਕੇ ਸਨ ਪਰ 62 ਸਾਲਾਂ ਬਾਅਦ 22 ਮਈ 2022 ਨੂੰ ਗੂਗਲ ਦੇ ਸਰਚ ਇੰਜਨ ਨੇ ਡੂਡਲ ਬਣਾ ਕੇ ਭਾਰਤ ਦੇ ਇਸ ਪਹਿਲਵਾਨ 'ਦਿ ਗ੍ਰੇਟ ਗਾਮਾ' ਨੂੰ ਸਨਮਾਨਤ ਕਰ ਕੇ ਦੁਨੀਆ ਭਰ ਵਿੱਚ ਉਸ ਦੇ ਜ਼ੋਰ ਦੀਆਂ ਯਾਦਾਂ ਤਾਜ਼ਾ ਕਰਵਾ ਦਿੱਤੀਆਂ ਸਨ।

ਦਰਅਸਲ, ਉਸ ਦਿਨ ਗਾਮਾ ਪਹਿਲਵਾਨ ਦਾ 144ਵਾਂ ਜਨਮ ਦਿਨ ਵੀ ਸੀ ਜਿਉਂ ਹੀ ਗੂਗਲ ਨੇ ਉਸ ਬਾਰੇ ਜਾਣਕਾਰੀ ਸਾਂਝੀ ਕੀਤੀ ਤਾਂ ਹਰ ਕੋਈ ਉਸ ਦੇ ਬਾਰੇ ਜਾਣਨ ਲਈ ਉਤਸੁਕ ਸੀ ਕਿ ਕਿਸੇ ਵੇਲੇ ਕੁਸ਼ਤੀ ਦੀ ਦੁਨੀਆ 'ਚ ਗਾਮਾ ਪਹਿਲਵਾਨ ਦਾ ਕੀ ਦਬਦਬਾ ਰਿਹਾ ਹੈ।

ਗ਼ੁਲਾਮ ਮੁਹੰਮਦ ਉਰਫ਼ ਗਾਮਾ ਪਹਿਲਵਾਨ ਦਾ ਜਨਮ 22 ਮਈ 1878 ਨੂੰ ਅੰਮ੍ਰਿਤਸਰ ਵਿਖੇ ਇੱਕ ਕਸ਼ਮੀਰੀ ਬੱਟ ਪਰਿਵਾਰ ਵਿੱਚ ਪਿਤਾ ਮੁਹੰਮਦ ਅਜ਼ੀਜ਼ ਬਖ਼ਸ਼ ਦੇ ਘਰ ਹੋਇਆ ਸੀ। ਸਦਾ ਜੇਤੂ ਰਹਿਣ ਵਾਲਾ ਗਾਮਾ ਪਹਿਲਵਾਨ ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਦਾ ਦਾਦਾ ਸਹੁਰਾ, ਭਾਵ ਕੁਲਸੂਮ ਨਵਾਜ਼ ਸ਼ਰੀਫ ਦਾ ਦਾਦਾ ਸੀ।


ਸ਼ੁਰੂ ਵਿੱਚ ਗਾਮੇ ਪਹਿਲਵਾਨ ਨੂੰ ਦੱਤੀਆ ਦੇ ਮਹਾਰਾਜੇ ਨੇ ਆਪਣੀ ਰਿਆਸਤ ਵਿੱਚ ਕੁਸ਼ਤੀ ਦੀ ਸਿਖਲਾਈ ਦੇਣ ਦਾ ਪ੍ਰਬੰਧ ਕੀਤਾ ਸੀ। ਮਹਿਜ਼ 10 ਸਾਲ ਦੀ ਉਮਰ ਵਿੱਚ ਉਸ ਨੇ ਜੋਧਪੁਰ ਵਿਖੇ ਹੋਏ ਇੱਕ ਮੁਕਾਬਲੇ 'ਚ ਦੇਸ਼ ਦੇ ਨਾਮੀ ਪਹਿਲਵਾਨਾਂ ਨਾਲ ਆਪਣੇ ਖੇਡ ਹੁਨਰ ਦਾ ਪ੍ਰਦਰਸ਼ਨ ਕੀਤਾ।

ਰਹੀਮ ਬਖ਼ਸ਼ ਨਾਲ ਬਰਾਬਰੀ 'ਤੇ ਰਹੇ ਤਿੰਨ ਮੁਕਾਬਲਿਆਂ ਤੋਂ ਬਾਅਦ ਗਾਮੇ ਨੇ ਇਸ ਰੁਸਤਮ ਨੂੰ ਵੀ ਹਰਾ ਦਿੱਤਾ ਅਤੇ ਸੰਨ 1910 ਤੱਕ ਉਸ ਨੇ ਭਾਰਤ ਦੇ ਲਗਪਗ ਸਾਰੇ ਨਾਮੀ ਪਹਿਲਵਾਨਾਂ ਨੂੰ ਹਰਾਉਣ ਦਾ ਵੱਡਾ ਕਾਰਨਾਮਾ ਕੀਤਾ। ਇਸੇ ਵਰ੍ਹੇ ਉਸ ਨੇ ਇੰਗਲੈਂਡ ਵਿਖੇ ਹੋਏ ਕੁਸ਼ਤੀ ਮੁਕਾਬਲੇ ਵਿੱਚ ਸਮੁੱਚੇ ਭਾਰ ਵਰਗਾਂ ਦੇ ਪਹਿਲਵਾਨਾਂ ਨੂੰ ਮੁਕਾਬਲੇ ਲਈ ਖੁੱਲ੍ਹੀ ਚੁਣੌਤੀ ਦਿੱਤੀ। ਪਹਿਲਾਂ ਤਾਂ ਸਾਰੇ ਪਹਿਲਵਾਨਾਂ ਨੇ ਇਸ ਨੂੰ ਇੱਕ ਮਜ਼ਾਕ ਸਮਝਿਆ ਪਰ ਗਾਮੇ ਵੱਲੋਂ ਦੁਬਾਰਾ ਐਲਾਨ ਕੀਤੇ ਜਾਣ 'ਤੇ ਅਮਰੀਕੀ ਪਹਿਲਵਾਨ ਬੈਂਜਾਮਿਨ ਰੋਲਰ ਨੇ ਉਸ ਦੀ ਚੁਣੌਤੀ ਸਵੀਕਾਰ ਕੀਤੀ।

ਬੈਂਜਾਮਿਨ ਇਹ ਕੁਸ਼ਤੀ ਹਾਰ ਗਿਆ ਤੇ ਗਾਮੇ ਨੂੰ ਮੁਕਾਬਲੇ ਦੇ ਅਗਲੇ ਪੜਾਅ 'ਚ ਦਾਖ਼ਲਾ ਮਿਲ ਗਿਆ। ਇਸ ਪੜਾਅ ਵਿੱਚ ਉਸ ਦਾ ਮੁਕਾਬਲਾ ਵਿਸ਼ਵ ਚੈਂਪੀਅਨ ਸਟੈਨਿਸਲਸ ਜਬਿਸਕੋ ਨਾਲ ਹੋਇਆ ਤੇ ਤਿੰਨ ਘੰਟੇ ਦੇ ਸਖ਼ਤ ਮੁਕਾਬਲੇ ਤੋਂ ਬਾਅਦ ਜਬਿਸਕੋ ਹਾਰ ਗਿਆ।

ਇਸ ਵੱਡੀ ਜਿੱਤ ਤੋਂ ਬਾਅਦ ਜਦੋਂ ਗਾਮਾ ਭਾਰਤ ਪਰਤਿਆ ਤਾਂ ਇਲਾਹਾਬਾਦ ਵਿਖੇ ਇੱਕ ਵਾਰ ਫਿਰ ਉਸ ਦਾ ਮੁਕਾਬਲਾ ਰਹੀਮ ਬਖ਼ਸ਼ ਸੁਲਤਾਨੀ ਵਾਲੇ ਨਾਲ ਹੋਇਆ ਅਤੇ ਰਹੀਮ ਬਖ਼ਸ਼ ਨੂੰ ਹਰਾ ਕੇ ਗਾਮਾ 'ਰੁਸਤਮ-ਏ-ਹਿੰਦ' ਬਣ ਗਿਆ। ਸੰਨ 1928 ਵਿੱਚ ਜਬਿਸਕੋ ਮੁੜ ਪਟਿਆਲਾ ਆਇਆ ਅਤੇ ਉਸ ਨੂੰ ਇੱਕ ਵਾਰ ਫਿਰ ਗਾਮੇ ਪਾਸੋਂ ਹਾਰ ਦਾ ਸਾਹਮਣਾ ਕਰਨਾ ਪਿਆ। ਦੱਸਿਆ ਜਾਂਦਾ ਹੈ ਕਿ ਗਾਮਾ ਪਹਿਲਵਾਨ ਇੱਕ ਦਿਨ ਵਿੱਚ 6 ਦੇਸੀ ਮੁਰਗੇ, 10 ਲੀਟਰ ਦੁੱਧ, ਅੱਧਾ ਕਿੱਲੋ ਘਿਓ, ਬਦਾਮ ਦਾ ਸ਼ਰਬਤ ਤੇ ਕੁਝ ਰੋਟੀਆਂ ਖਾਂਦਾ ਸੀ।

ਦੇਸ਼ ਦੀ ਵੰਡ ਤੋਂ ਕੁਝ ਸਮਾਂ ਪਹਿਲਾਂ ਗਾਮਾ ਮੋਹਿਨੀ ਰੋਡ, ਲਾਹੌਰ ਵਿਖੇ ਜਾ ਵਸਿਆ। ਇਹ ਇਲਾਕਾ ਹਿੰਦੂ ਬਹੁ-ਗਿਣਤੀ ਵਸਨੀਕਾਂ ਦਾ ਸੀ। ਹੱਲਿਆਂ ਵੇਲੇ ਜਦ ਹਿੰਦੂ ਪਰਿਵਾਰਾਂ ਨੂੰ ਲੁੱਟਣ ਲਈ ਦੰਗਾਕਾਰੀ ਆਏ ਤਾਂ ਗਾਮਾ ਸਾਰਿਆਂ ਤੋਂ ਅੱਗੇ ਜਾ ਖਲੋਇਆ ਅਤੇ ਉਸ ਨੇ ਬਹੁਤ ਸਾਰੇ ਨਿਰਦੋਸ਼ ਲੋਕਾਂ ਦੀ ਜਾਨ ਬਚਾਈ। ਦੱਸਦੇ ਹਨ ਕਿ ਉਸ ਨੇ ਹਿੰਸਾ ਕਰਨ ਵਾਲੇ ਮੁਖੀ ਦੀ ਚੰਗੀ ਕੁਟਾਈ ਕੀਤੀ ਜਿਸ ਨੂੰ ਵੇਖ ਕੇ ਬਾਕੀ ਦੰਗਾਕਾਰੀ ਉੱਥੋਂ ਦੌੜ ਗਏ।



ਵਿਗੜਦੇ ਹੋਏ ਹਾਲਾਤ ਦੇ ਮੱਦੇਨਜ਼ਰ ਗਾਮੇ ਪਹਿਲਵਾਨ ਨੇ ਮਹਿਸੂਸ ਕੀਤਾ ਕਿ ਉਹ ਜ਼ਿਆਦਾ ਲੰਬੇ ਸਮੇਂ ਤੱਕ ਹਿੰਦੂ ਪਰਿਵਾਰਾਂ ਦੀ ਸੁਰੱਖਿਆ ਨਹੀਂ ਕਰ ਸਕੇਗਾ ਤਾਂ ਉਹ ਇਲਾਕੇ ਦੇ ਲੋਕਾਂ ਲਈ ਇੱਕ ਹਫ਼ਤੇ ਦੇ ਰਾਸ਼ਨ ਤੇ ਹੋਰ ਜ਼ਰੂਰੀ ਵਸਤਾਂ ਦਾ ਪ੍ਰਬੰਧ ਕਰ ਕੇ ਖ਼ੁਦ ਉਨ੍ਹਾਂ ਨੂੰ ਸਰਹੱਦ ਤੱਕ ਛੱਡਣ ਆਇਆ।

ਦੇਸ਼ ਦੀ ਵੰਡ ਦੇ ਦਰਦਨਾਕ ਹਾਲਾਤ ਤੇ ਦੋਹਾਂ ਪਾਸਿਆਂ ਦੀ ਹਿਜ਼ਰਤ ਨੇ ਗਾਮੇ ਨੂੰ ਬੁਰੀ ਤਰ੍ਹਾਂ ਤੋੜ ਦਿੱਤਾ ਤੇ ਜ਼ਿੰਦਗੀ 'ਚ ਇਹ ਪਹਿਲਾ ਮੌਕਾ ਸੀ ਜਦੋਂ ਲੋਕਾਂ ਨੇ ਇਸ ਸ਼ੇਰਦਿਲ ਇਨਸਾਨ ਨੂੰ ਬੱਚਿਆਂ ਵਾਂਗ ਰੋਂਦਿਆਂ ਤੱਕਿਆ ਸੀ। ਆਪਣੇ ਅੰਤਲੇ ਦਿਨਾਂ 'ਚ ਗਾਮਾ ਕਾਫ਼ੀ ਬਿਮਾਰ ਰਹਿਣ ਲੱਗਾ ਸੀ।

ਉਸ ਦੀ ਬਿਮਾਰੀ ਦੌਰਾਨ ਕੁਸ਼ਤੀ ਨੂੰ ਪਿਆਰ ਕਰਨ ਵਾਲੇ ਭਾਰਤ ਦੇ ਨਾਮਵਰ ਸਨਅਤਕਾਰ ਜੀਡੀ ਬਿਰਲਾ ਨੇ ਗਾਮੇ ਨੂੰ ਇਲਾਜ ਲਈ ਦੋ ਹਜ਼ਾਰ ਰੁਪਏ ਤੇ 300 ਰੁਪਏ ਮਹੀਨਾਵਾਰ ਪੈਨਸ਼ਨ ਦੇਣੀ ਸ਼ੁਰੂ ਕੀਤੀ। ਕਾਫ਼ੀ ਸਮਾਂ ਬਿਮਾਰ ਰਹਿਣ ਮਗਰੋਂ ਗਾਮਾ 23 ਮਈ 1960 ਨੂੰ ਲਾਹੌਰ ਵਿਖੇ ਮੌਤ ਨਾਲ ਹੋਈ ਆਖ਼ਰੀ ਕੁਸ਼ਤੀ ਹਾਰ ਗਿਆ।



## ਹਰ ਹਾਲ 'ਚ ਖ਼ੁਸ਼ ਰਹਿਣਾ ਜਾਣਦੀ ਹੈ

# ਯਾਮੀ ਗੌਤਮ

ਨੋਨਿਕਾ ਸਿੰਘ

ਵਿਆਹ, ਮਾਂ ਬਣਨਾ ਅਤੇ ਸ਼ਾਨਦਾਰ ਕੈਰੀਅਰ....... ਖ਼ੂਬਸੂਰਤ ਅਤੇ ਪ੍ਰਤਿਭਾਸ਼ਾਲੀ ਅਭਿਨੇਤਰੀ ਯਾਮੀ ਗੌਤਮ ਧਰ ਕੋਲ ਖ਼ੁਸ਼ ਹੋਣ ਦਾ ਹਰ ਕਾਰਨ ਹੈ। ਆਪਣੀਆਂ ਪੇਸ਼ੇਵਰ ਪ੍ਰਾਪਤੀਆਂ ਤੋਂ ਕਿਧਰੇ ਜ਼ਿਆਦਾ, ਉਹ ਨਿੱਜੀ ਤੌਰ 'ਤੇ ਖ਼ੁਸ਼ੀ ਨੂੰ ਮਾਪਦੀ ਹੈ। ਜੇਕਰ ਮਾਂ ਬਣਨ ਨੇ ਉਸ ਨੂੰ ਇੱਕ ਹੋਰ ਤਰ੍ਹਾਂ ਦੀ ਯਾਮੀ ਵਿੱਚ ਬਦਲ ਦਿੱਤਾ ਹੈ, ਤਾਂ ਵਿਆਹ ਇੱਕ ਹੋਰ ਸੰਤੁਸ਼ਟੀਜਨਕ ਸਫ਼ਰ ਰਿਹਾ ਹੈ।

ਚਾਰ ਸਾਲ ਪਹਿਲਾਂ ਉਸ ਦਾ ਵਿਆਹ ਮਸ਼ਹੂਰ ਫ਼ਿਲਮ ਨਿਰਮਾਤਾ ਆਦਿੱਤਿਆ ਧਰ ਨਾਲ ਹੋਇਆ, ਜਿਸ ਦੀ ਉਹ ਬਹੁਤ ਪ੍ਰਸ਼ੰਸਾ ਕਰਦੀ ਹੋਈ ਕਹਿੰਦੀ ਹੈ ਕਿ ਉਨ੍ਹਾਂ ਦੋਵਾਂ ਵਿੱਚ ਕਈ ਸਮਾਨਤਾਵਾਂ ਹਨ, ਜਿਸ ਵਿੱਚ ਘਰ ਦਾ ਬਣਿਆ ਹੋਇਆ ਖਾਣਾ ਪਸੰਦ ਕਰਨਾ ਵੀ ਸ਼ਾਮਲ ਹੈ। ਉਹ ਹਲਕੇ-ਫੁਲਕੇ ਅੰਦਾਜ਼ ਵਿੱਚ ਕਹਿੰਦੀ ਹੈ, "ਜ਼ਿਆਦਾਤਰ ਖਾਣਾ ਆਦਿੱਤਿਆ ਹੀ ਬਣਾਉਂਦਾ ਹੈ, ਪਰ ਮੈਂ ਵੀ ਆਪਣੇ ਖਾਣਾ ਬਣਾਉਣ ਦੇ ਹੁਨਰ ਨੂੰ ਸੁਧਾਰਿਆ ਹੈ।"

ਜਿੱਥੋਂ ਤੱਕ ਅਦਾਕਾਰੀ ਦੀ ਗੱਲ ਹੈ, 'ਉਰੀ' ਫ਼ਿਲਮ ਦੇ ਨਿਰਦੇਸ਼ਕ ਆਦਿੱਤਿਆ ਨੇ ਨਾ ਸਿਰਫ਼ ਸਿਨੇਮਾ, ਸਗੋਂ ਅਦਾਕਾਰੀ ਬਾਰੇ ਵੀ ਉਸ ਦਾ ਨਜ਼ਰੀਆ ਬਦਲ ਦਿੱਤਾ ਹੈ। 'ਬ੍ਰੇਕ ਦਿ ਪੈਟਰਨ' ਇੱਕ ਅਜਿਹਾ ਵਾਕੰਸ਼ ਹੈ ਜੋ ਉਹ ਵਾਰ-ਵਾਰ ਦੁਹਰਾਉਂਦੀ ਹੈ ਅਤੇ ਅਸਲ ਵਿੱਚ ਉਸ ਨੇ ਇਹ ਆਦਿੱਤਿਆ ਤੋਂ ਹੀ ਲਿਆ ਹੈ। ਸ਼ੂਜੀਤ ਸਰਕਾਰ (ਵਿੱਕੀ ਡੋਨਰ) ਤੋਂ ਲੈ ਕੇ ਸ੍ਰੀਰਾਮ ਰਾਘਵਨ (ਬਦਲਾਪੁਰ) ਅਤੇ ਹੁਣ ਸੁਪਰਨ ਵਰਮਾ (ਸ਼ਾਹ ਬਾਨੋ 'ਤੇ ਬਣੀ ਫ਼ਿਲਮ) ਤੱਕ ਦੇਸ਼ ਦੇ ਕੁੱਝ ਬਿਹਤਰੀਨ ਨਿਰਦੇਸ਼ਕਾਂ ਨਾਲ ਕੰਮ ਕਰਨ ਤੋਂ ਬਾਅਦ, ਉਹ ਮੰਨਦੀ ਹੈ, "ਨਿਰਦੇਸ਼ਕ ਤੁਹਾਡੀ ਕਲਾ ਨੂੰ ਆਕਾਰ ਦਿੰਦੇ ਹਨ ਅਤੇ ਇੱਕ ਚੰਗਾ ਨਿਰਦੇਸ਼ਕ ਹਮੇਸ਼ਾਂ ਤੁਹਾਨੂੰ ਅੱਗੇ ਵਧਾਉਂਦਾ ਹੈ। ਸਿਨੇਮਾ ਅਸਲ ਵਿੱਚ ਨਿਰਦੇਸ਼ਕ ਦਾ ਮਾਧਿਅਮ ਹੈ।" ਇਸ ਲਈ ਸਕ੍ਰਿਪਟ ਚੁਣਦੇ ਸਮੇਂ ਉਹ ਉਨ੍ਹਾਂ ਦੇ ਏਜੰਡੇ ਵਿੱਚ ਸਭ ਤੋਂ ਉੱਪਰ ਹੁੰਦੇ ਹਨ।

ਹਾਲਾਂਕਿ, ਉਹ ਸ਼ਾਹ ਬਾਨੋ 'ਤੇ ਬਣੀ ਆਪਣੀ ਫ਼ਿਲਮ ਬਾਰੇ ਚੁੱਪ ਹੈ ਕਿਉਂਕਿ ਉਸ ਦੀ ਪੇਸ਼ੇਵਰ ਨੀਤੀ ਹਮੇਸ਼ਾਂ ਇਹ ਰਹੀ ਹੈ ਕਿ ਉਹ ਜਲਦਬਾਜ਼ੀ ਵਿੱਚ ਕੋਈ ਫ਼ੈਸਲਾ ਨਾ ਲਵੇ ਅਤੇ ਪ੍ਰਾਜੈਕਟ ਨੂੰ ਪੇਸ਼ ਕਰਨਾ ਨਿਰਮਾਤਾਵਾਂ ਦਾ ਵਿਸ਼ੇਸ਼ ਅਧਿਕਾਰ ਬਣਿਆ ਰਹੇ। ਇਸ ਲਈ, ਉਹ ਇਸ ਗੱਲ 'ਤੇ ਵਚਨਬੱਧਤਾ ਨਹੀਂ ਪ੍ਰਗਟਾਉਂਦੀ ਕਿ ਕੀ ਸ਼ਾਹਬਾਨੋ ਦਾ ਕਿਰਦਾਰ ਨਿਭਾਉਣਾ, ਉਸ ਦਾ ਸਭ ਤੋਂ ਚੁਣੌਤੀਪੂਰਨ ਕਿਰਦਾਰ ਹੈ ਜਾਂ ਨਹੀਂ। ਸ਼ਾਹਬਾਨੋ ਉਹ ਔਰਤ ਹੈ ਜਿਸ ਦੇ ਮੁਕੱਦਮੇ ਨੇ ਮੁਸਲਿਮ ਔਰਤਾਂ ਦੇ ਗੁਜ਼ਾਰਾ ਭੱਤਾ ਮੰਗਣ ਦੇ ਅਧਿਕਾਰ ਨੂੰ ਮੁੜ ਪਰਿਭਾਸ਼ਿਤ ਕੀਤਾ ਹੈ। ਕਹਾਣੀ ਅਸਲੀ ਹੋਵੇ ਜਾਂ ਕਾਲਪਨਿਕ, ਉਸ ਦਾ ਕਹਿਣਾ ਹੈ ਕਿ ਕਿਸੇ ਵੀ ਫ਼ਿਲਮ ਜਾਂ ਕਿਰਦਾਰ ਦੀ ਖ਼ੂਬਸੂਰਤੀ ਉਸ ਦੀ ਸਕ੍ਰਿਪਟ ਵਿੱਚ ਮੌਜੂਦ ਵਿਸਥਾਰਤ ਜਾਣਕਾਰੀ ਅਤੇ ਗਹਿਰਾਈ ਵਿੱਚ ਮੌਜੂਦ ਹੁੰਦੀ ਹੈ। ਬੇਸ਼ੱਕ, ਜਦੋਂ ਨਿਰਮਾਤਾ ਇਹ ਦਾਅਵਾ ਕਰਦੇ ਹਨ ਕਿ ਫ਼ਿਲਮ ਸੱਚੀ ਘਟਨਾ 'ਤੇ ਆਧਾਰਿਤ ਹੈ ਤਾਂ ਦਰਸ਼ਕਾਂ ਦੀ ਕਲਪਨਾ ਹਲੂਣੀ ਜਾਂਦੀ ਹੈ, ਪਰ ਜਦੋਂ ਕੋਈ ਕਾਲਪਨਿਕ ਕਿਰਦਾਰ ਹੁੰਦਾ ਹੈ, ਤਾਂ ਵੀ ਮਿਹਨਤ ਘੱਟ ਨਹੀਂ ਹੁੰਦੀ। ਜਿੱਥੋਂ ਤੱਕ 'ਆਰਟੀਕਲ 370' ਵਿੱਚ ਉਸ ਦੀ ਸ਼ਾਨਦਾਰ ਭੂਮਿਕਾ ਦੀ ਗੱਲ ਹੈ, ਜਿਸ ਲਈ ਉਸ ਨੂੰ ਬਹੁਤ ਪ੍ਰਸ਼ੰਸਾ ਮਿਲੀ, ਤਾਂ ਉਹ ਸਾਨੂੰ ਦੱਸਦੀ ਹੈ ਕਿ ਜ਼ੂਨੀ ਹਕਸਰ ਦਾ ਕਿਰਦਾਰ ਇੱਕ ਨਹੀਂ ਬਲਕਿ ਦੋ ਖ਼ੁਫ਼ੀਆ ਅਧਿਕਾਰੀਆਂ ਦੇ ਕਾਰਨਾਮਿਆਂ 'ਤੇ ਆਧਾਰਿਤ ਸੀ।

ਕਿਉਂਕਿ ਉਸ ਨੂੰ 'ਆਰਟੀਕਲ 370' ਲਈ ਲਗਾਤਾਰ ਪਿਆਰ ਮਿਲ ਰਿਹਾ ਹੈ, ਇਸ ਲਈ ਉਨ੍ਹਾਂ ਆਲੋਚਕਾਂ ਪ੍ਰਤੀ ਉਸ ਦੀ ਪ੍ਰਤੀਕਿਰਿਆ ਕਾਫ਼ੀ ਤਿੱਖੀ ਹੈ ਜਿਨ੍ਹਾਂ ਨੇ ਇਸ ਨੂੰ ਇੱਕ ਪ੍ਰਾਪੇਗੰਡਾ ਫ਼ਿਲਮ ਕਿਹਾ ਸੀ। ਉਹ ਗੁੱਸੇ ਨਾਲ ਕਹਿੰਦੀ ਹੈ, "ਜੇ ਦੇਸ਼ ਭਗਤੀ ਕਿਸੇ ਲਈ ਪ੍ਰਚਾਰ ਹੈ, ਤਾਂ ਤੁਸੀਂ ਇਸ 'ਤੇ ਚਰਚਾ ਕਿਵੇਂ ਕਰ ਸਕਦੇ ਹੋ। ਕੀ ਚੰਗਾ ਹੈ ਜਾਂ ਮਾੜਾ, ਇਹ ਵਿਅਕਤੀਗਤ ਮੁੱਦਾ ਹੈ।" ਪਰ ਉਸ ਦੀ ਸ਼ਿਕਾਇਤ ਹੈ, "ਕੀ ਉਹ ਸੱਚਮੁੱਚ ਨਿਰਪੱਖ ਹਨ, ਕਿਉਂਕਿ ਉਹ ਕਿਸੇ ਅਜਿਹੀ ਚੀਜ਼ ਦੀ ਹਮਾਇਤ ਕਰਦੇ ਹਨ ਜੋ ਬਹੁਤ ਔਸਤ ਹੈ।"

ਆਲੋਚਨਾ ਅਤੇ ਆਲੋਚਨਾਤਮਕ ਮੁਲਾਂਕਣ ਵਿਚਲੇ ਮੁੱਖ ਅੰਤਰ ਨੂੰ ਸਮਝਦੇ ਹੋਏ, ਉਸ ਲਈ ਦਰਸ਼ਕ ਹੀ ਮਾਅਨੇ ਰੱਖਦੇ ਹਨ। ਇਹੀ ਮੰਤਰ ਉਸ ਦੇ ਜੀਵਨ ਸਾਥੀ ਦਾ ਵੀ ਹੈ, ਜਿਸ ਬਾਰੇ ਉਸ ਦਾ ਮੰਨਣਾ ਹੈ ਕਿ ਉਹ ਵਰਗਾਂ ਅਤੇ ਜਨਤਾ ਵਿਚਕਾਰ ਪਾੜੇ ਨੂੰ ਆਸਾਨੀ ਨਾਲ ਪੂਰਾ ਕਰ ਦਿੰਦੇ ਹਨ। ਹਾਲਾਂਕਿ, ਉਹ ਆਪਣੀ ਆਉਣ ਵਾਲੀ ਫ਼ਿਲਮ ਬਾਰੇ ਜ਼ਿਆਦਾ ਕੁੱਝ ਨਹੀਂ ਕਹਿੰਦੀ, ਪਰ ਉਹ ਆਦਿੱਤਿਆ ਦੀ ਅਗਲੀ ਫ਼ਿਲਮ 'ਧੁਰੰਦਰ' ਬਾਰੇ ਬਹੁਤ ਉਤਸ਼ਾਹਿਤ ਹੈ ਜੋ ਕਿ ਇੱਕ ਜਾਸੂਸੀ ਐਕਸ਼ਨ ਥ੍ਰਿਲਰ ਹੈ, ਜਿਸ ਦੀਆਂ ਕੁੱਝ ਝਲਕਾਂ ਉਸ ਨੂੰ ਦੇਖਣ ਨੂੰ ਮਿਲੀਆਂ ਹਨ।

ਇਸ ਤੋਂ ਇਲਾਵਾ, ਉਹ ਕਹਿੰਦੀ ਹੈ, "ਇੰਡਸਟਰੀ ਜਿਸ ਔਖੇ ਸਮੇਂ ਵਿੱਚੋਂ ਗੁਜ਼ਰ ਰਹੀ ਹੈ, ਉਸ ਸਥਿਤੀ ਵਿੱਚ ਜਿਸ ਕਿਸੇ ਨੂੰ ਵੀ ਫ਼ਿਲਮ ਬਣਾਉਣ ਦਾ ਮੌਕਾ ਮਿਲ ਰਿਹਾ ਹੈ, ਉਹ ਖ਼ੁਸ਼ਕਿਸਮਤ ਹੈ ਅਤੇ ਉਸ ਨੂੰ ਬਹੁਤ ਜ਼ਿੰਮੇਵਾਰ ਵੀ ਹੋਣਾ ਚਾਹੀਦਾ ਹੈ। ਮੌਜੂਦਾ ਸਥਿਤੀ ਵਿੱਚ ਦਰਸ਼ਕਾਂ ਨੂੰ ਥੀਏਟਰਾਂ ਵੱਲ ਖਿੱਚਣਾ ਕੋਈ ਔਖਾ ਕੰਮ ਨਹੀਂ ਹੈ।" ਦਰਅਸਲ, ਉਸ ਨੇ ਅਸੰਭਵ ਨੂੰ ਸੰਭਵ ਕਰ ਦਿਖਾਇਆ ਹੈ ਅਤੇ 'ਬਾਲਾ', 'ਉਰੀ', 'ਓਹ ਮਾਈ ਗੌਡ 2' ਅਤੇ 'ਆਰਟੀਕਲ 370' ਵਰਗੀਆਂ ਹਿੱਟ ਫ਼ਿਲਮਾਂ ਦਾ ਹਿੱਸਾ ਰਹੀ ਹੈ ਅਤੇ 'ਏ ਥਰਸਡੇ' ਵਰਗੀਆਂ ਫ਼ਿਲਮਾਂ ਨਾਲ ਓਟੀਟੀ 'ਤੇ ਵੀ ਕਾਫ਼ੀ ਚੰਗਾ ਪ੍ਰਦਰਸ਼ਨ ਕੀਤਾ ਹੈ।

ਅਸੀਂ ਜਾਣਨਾ ਚਾਹੁੰਦੇ ਹਾਂ ਕਿ ਕੀ ਸਫ਼ਲਤਾ ਨੇ ਉਸ ਨੂੰ ਬਦਲ ਦਿੱਤਾ ਹੈ? "ਬਿਲਕੁਲ ਵੀ ਨਹੀਂ। ਫ਼ਿਰ ਵੀ, (ਬਾਕੀ ਸਫ਼ਾ 31 'ਤੇ)

## ਸਰਗੁਣ ਮਹਿਤਾ ਲਈ ਔਖਾ ਸੀ 'ਸੌਂਕਣ ਸੌਂਕਣੇ 2' 'ਚ ਡਬਲ ਰੋਲ ਨਿਭਾਉਣਾ



ਪੰਜਾਬੀ ਫ਼ਿਲਮ 'ਸੌਂਕਣ ਸੌਂਕਣੇ 2' ਦੁਨੀਆ ਭਰ 'ਚ 30 ਮਈ, 2025 ਨੂੰ ਰਿਲੀਜ਼ ਹੋਣ ਜਾ ਰਹੀ ਹੈ। ਇਸ ਫ਼ਿਲਮ 'ਚ ਐਮੀ ਵਿਰਕ, ਸਰਗੁਣ ਮਹਿਤਾ ਤੇ ਨਿਮਰਤ ਖਹਿਰਾ ਮੁੱਖ ਭੂਮਿਕਾ ਨਿਭਾਅ ਰਹੇ ਹਨ। ਫ਼ਿਲਮ ਨੂੰ ਸਮੀਪ ਕੰਗ ਨੇ ਡਾਇਰੈਕਟ ਕੀਤਾ ਹੈ, ਜਿਸ ਦੀ ਕਹਾਣੀ ਅੰਬਰਦੀਪ ਸਿੰਘ ਵੱਲੋਂ ਲਿਖੀ ਗਈ ਹੈ।

ਫ਼ਿਲਮ ਨੂੰ ਲੈ ਕੇ ਮੁੱਖ ਅਭਿਨੇਤਰੀਆਂ ਸਰਗੁਣ ਮਹਿਤਾ ਤੇ ਨਿਮਰਤ ਖਹਿਰਾ ਨੇ ਕੁਝ ਮਜ਼ੇਦਾਰ ਗੱਲਾਂ ਸਾਂਝੀਆਂ ਕੀਤੀਆਂ ਹਨ। ਸਰਗੁਣ ਮਹਿਤਾ ਨੇ ਕਿਹਾ ਕਿ ਉਨ੍ਹਾਂ ਨੇ ਇਸ ਫ਼ਿਲਮ 'ਚ ਡਬਲ ਰੋਲ ਨਿਭਾਇਆ ਹੈ, ਜੋ ਉਨ੍ਹਾਂ ਲਈ ਮੁਸ਼ਕਿਲ ਰਿਹਾ। ਉਨ੍ਹਾਂ ਲਈ ਨਸੀਬ ਕੌਰ ਦਾ ਕਿਰਦਾਰ ਨਿਭਾਉਣਾ ਹੀ ਮੁਸ਼ਕਿਲ ਸੀ ਕਿਉਂਕਿ ਉਹ ਇੱਕ ਢੇਠ ਪੰਜਾਬਣ ਹੈ, ਜਿਸ ਨੂੰ ਉਨ੍ਹਾਂ ਨੇ ਕਦੇ ਜ਼ਿੰਦਗੀ 'ਚ ਐਕਸਪੀਰੀਅੰਸ ਨਹੀਂ ਕੀਤਾ ਸੀ। ਦੂਜੇ ਪਾਸੇ ਮੋਨਿਕਾ ਦਾ ਕਿਰਦਾਰ ਪੂਰਾ ਫਿਕਸ਼ਨਲ ਹੈ, ਜੋ ਇੱਕ ਇਟਾਲੀਅਨ ਕੁੜੀ ਹੈ ਤੇ ਉਹ ਅੰਗਰੇਜ਼ੀ, ਇਟਾਲੀਅਨ ਤੇ ਪੰਜਾਬੀ ਤਿੰਨੇ ਭਾਸ਼ਾਵਾਂ ਬੋਲਦੀ ਹੈ। ਮੇਰੇ ਲਈ ਇਨ੍ਹਾਂ ਦੋਵੇਂ ਕਿਰਦਾਰਾਂ ਨੂੰ ਪਰਦੇ 'ਤੇ ਅਲੱਗ-ਅਲੱਗ ਦਿਖਾਉਣਾ ਤੇ ਮਹਿਸੂਸ ਕਰਵਾਉਣਾ ਮੁਸ਼ਕਿਲ ਰਿਹਾ ਹੈ।

ਦੂਜੇ ਪਾਸੇ ਨਿਮਰਤ ਖਹਿਰਾ ਦਾ ਕਹਿਣਾ ਹੈ ਕਿ ਭਾਵੇਂ ਕੋਈ ਕਲਾਕਾਰ 100 ਫ਼ਿਲਮਾਂ ਵੀ ਕਰ ਲਵੇ ਤਾਂ ਵੀ ਉਸ ਨੂੰ ਇਹੀ ਹੁੰਦਾ ਹੈ ਕਿ ਨਹੀਂ ਅਜੇ ਹੋਰ ਕੰਮ ਕਰਨਾ ਹੈ ਕਿਉਂਕਿ ਕ੍ਰਿਏਟਿਵ ਲੈਵਲ 'ਤੇ ਇੱਕ ਕਲਾਕਾਰ ਦੀ ਕਦੇ ਵੀ ਸੰਤੁਸ਼ਟੀ ਨਹੀਂ ਹੁੰਦੀ। ਨਿਮਰਤ ਨੇ ਕਿਹਾ ਕਿ ਅਜੇ ਉਸ ਨੇ ਬਹੁਤ ਕੁਝ ਕਰਨਾ ਹੈ ਕਿਉਂਕਿ ਉਸ ਨੇ ਕੁਝ ਹੀ ਫ਼ਿਲਮਾਂ ਕੀਤੀਆਂ ਹਨ। ਫ਼ਿਲਮ ਦੇ ਟ੍ਰੇਲਰ ਦੀ ਗੱਲ ਕਰੀਏ ਤਾਂ ਟ੍ਰੇਲਰ ਸ਼ੁਰੂ ਤੋਂ ਲੈ ਕੇ ਅਖੀਰ ਤੱਕ ਹਾਸਿਆਂ ਨਾਲ ਭਰਿਆ ਹੋਇਆ ਹੈ, ਜਿਸ 'ਚ ਬੇਹੱਦ ਮਜ਼ੇਦਾਰ ਤੇ ਢਿੱਡੀਂ ਪੀੜਾਂ ਪਾਉਣ ਵਾਲੇ ਡਾਇਲਾਗਸ ਸੁਣਨ ਨੂੰ ਮਿਲ ਰਹੇ ਹਨ। ਦੱਸ ਦੇਈਏ ਕਿ ਫ਼ਿਲਮ ਨੂੰ ਜਤਿਨ ਸੇਠੀ, ਸਰਗੁਣ ਮਹਿਤਾ ਤੇ ਰਵੀ ਦੂਬੇ ਵੱਲੋਂ ਪ੍ਰੋਡਿਊਸ ਕੀਤਾ ਗਿਆ ਹੈ। ਇਹ ਫ਼ਿਲਮ ਨਾਦਸ ਸਟੂਡੀਓਜ਼ ਤੇ ਡ੍ਰੀਮਯਾਤਾ ਐਂਟਰਟੇਨਮੈਂਟ ਦੀ ਸਾਂਝੀ ਪੇਸ਼ਕਸ਼ ਹੈ, ਜਿਸ 'ਚ ਪਾਗਲਪੰਤੀ, ਕਨਫਿਊਜ਼ਨ ਤੇ ਹਾਸੇ ਦੇ ਨਾਲ ਸਰਪ੍ਰਾਈਜ਼ ਵੀ ਮਿਲਣ ਵਾਲਾ ਹੈ।

## ਪਿਤਾ ਬਲਕੌਰ ਸਿੰਘ ਨੇ ਯਾਦ ਕੀਤਾ ਪੁੱਤਰ ਸਿੱਧੂ ਮੂਸੇਵਾਲਾ ਨੂੰ



ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਸਿੱਧੂ ਨੇ ਆਪਣੀ ਪੁੱਤ ਦੀ ਯਾਦ ਵਿੱਚ ਭਾਵੁਕ ਪੋਸਟ ਸਾਂਝੀ ਕੀਤੀ ਹੈ। ਇਸ ਪੋਸਟ ਨਾਲ ਉਨ੍ਹਾਂ ਨੇ ਆਪਣੇ ਨਾਲ ਛੋਟੇ ਸਿੱਧੂ ਦੀ ਤਸਵੀਰ ਵੀ ਸਾਂਝੀ ਕੀਤੀ ਹੈ, ਜਿਸ ਵਿੱਚ ਦੋਵੇਂ ਪਿਓ-ਪੁੱਤ ਇਕੋ ਰੰਗ ਦੀ ਦਸਤਾਰ ਸਜਾਏ ਨਜ਼ਰ ਆ ਰਹੇ ਹਨ।

ਸਿੱਧੂ ਮੂਸੇਵਾਲਾ ਨੂੰ ਯਾਦ ਕਰਦਿਆਂ ਬਲਕੌਰ ਸਿੰਘ ਨੇ ਕੈਪਸ਼ਨ ਵਿੱਚ ਲਿਖਿਆ, ਮੇਰੇ ਵਿੱਚ ਬੇਹੱਦ ਬਦਲਾਅ ਆਇਆ, 3 ਸਾਲਾਂ ਵਿੱਚ ਮੈਂ ਮੇਰੇ ਤੇ ਮੇਰੇ ਪਰਿਵਾਰ ਦੇ ਕੁਝ ਉਨ੍ਹਾਂ ਲੋਕਾਂ ਨੂੰ ਜਿਨ੍ਹਾਂ ਨੂੰ ਮੈਂ ਆਪਣਾ ਕਿਹਾ ਉਨ੍ਹਾਂ ਨੂੰ ਖ਼ਿਲਾਫ਼ ਦੇਖਿਆ, ਇੱਕ ਵਾਰ ਨਹੀਂ ਹਰ ਵਾਰ ਹੀ ਚਿਹਰਾ ਹੈਰਾਨ ਹੋਇਆ, ਜਦੋਂ ਵੀ ਮੇਰਾ ਕੋਈ ਖ਼ਾਸ ਬੇਨਕਾਬ ਹੋਇਆ। ਮੇਰੇ ਨਰਮ ਸੁਭਾਅ ਵਿੱਚ ਕਠੋਰਤਾ ਆਈ, ਮੇਰੀ ਸਹਿਜਤਾ ਵਿੱਚ, ਪਰਖ ਆ ਗਈ ਤੇ ਮੈਂ ਬਦਲ ਗਿਆ ਅਤੇ ਬਦਲਣਾ ਜਾਇਜ਼ ਵੀ ਸੀ, ਕਿਉਂਕਿ ਹਰ ਵਾਰ ਜਦੋਂ ਵੀ ਨਰਮ ਦਿਲੀ ਵਰਤੀ ਤਾਂ ਮੇਰੇ ਸਾਹਮਣੇ ਮੇਰੇ ਕਾਲੇ ਦਿਨਾਂ ਦਾ ਕੌੜਾ ਸੱਚ ਮੂਹਰੇ ਆ ਜਾਂਦਾ ਸੀ, ਅਤੇ ਉਹ ਚੀਕ ਚੀਕ ਕਹਿੰਦਾ ਸੀ ਕਿ ਨਹੀਂ! ਹੁਣ ਤੂੰ ਪਹਿਲਾਂ ਜਿਆ ਨਹੀਂ ਰਹਿ ਸਕਦਾ ਸ਼ੁੱਭ ਮੈਂ ਹੁਣ ਜ਼ਿਆਦਾ ਨਹੀਂ ਬੋਲਦਾ ਜ਼ਿਆਦਾ ਨਹੀਂ ਹੱਸਦਾ ਇੱਕਲਾ ਤੁਰਨਾ ਜਾਂ ਇਕਲੇ ਹੀ ਸੋਚਣਾ ਮੈਨੂੰ ਚੰਗਾ ਲੱਗਦਾ ਏ ਪਰ ਅੱਜ ਇਹ ਗੱਲਾਂ ਕਰਨ ਨੂੰ ਜੀ ਕੀਤਾ, ਕਿਉਂਕਿ ਤੇਰੇ ਮਗਰੋਂ ਹੁਣ ਵੀ ਜੀ ਜਿਹਾ ਨਹੀਂ ਲੱਗ ਰਿਹਾ। ਤੇਰੀਆਂ ਯਾਦਾਂ ਦੇ ਖਿਆਲਾਂ ਵਿੱਚ ਤੇਰਾ ਬਾਪੂ।

## ਆਸਾ ਸਿੰਘ ਮਸਤਾਨਾ ਨੂੰ ਯਾਦ ਕਰਦਿਆਂ...

ਹਰਮੀਤ ਸਿਵੀਆਂ, ਬਠਿੰਡਾ

ਆਸਾ ਸਿੰਘ ਮਸਤਾਨਾ ਦਾ ਜ਼ਿਕਰ ਛਿੜਦਿਆਂ ਹੀ ਸਾਡੇ ਕੰਨਾਂ 'ਚ 'ਕਾਲੀ ਤੇਰੀ ਗੁੱਤ ਤੇ ਪਰਾਂਦਾ ਤੇਰਾ ਲਾਲ ਨੀਂ', 'ਮੈਨੂੰ ਤੇਰਾ ਸ਼ਬਾਬ ਲੈ ਬੈਠਾ, ਰੰਗ ਗੋਰਾ ਗੁਲਾਬ ਲੈ ਬੈਠਾ', 'ਜਦੋਂ ਮੇਰੀ ਅਰਥੀ ਉਠਾ ਕੇ ਚੱਲਣਗੇ' ਜਾਂ 'ਪੇਕੇ ਜਾਣ ਵਾਲੀਏ' ਵਰਗੇ ਸਦਾਬਹਾਰ ਗੀਤ ਗੂੰਜਣ ਲੱਗ ਪੈਂਦੇ ਹਨ ਕਿਉਂਕਿ ਮਸਤਾਨਾ ਜੀ ਸਿਰਫ਼ ਇੱਕ ਪੰਜਾਬੀ ਗਾਇਕ ਹੀ ਨਹੀਂ ਬਲਕਿ ਪੰਜਾਬੀ ਲੋਕ ਗਾਇਕੀ ਦਾ ਇੱਕ ਯੁੱਗ ਸੀ। ਉਨ੍ਹਾਂ ਦੀ ਗਾਇਕੀ ਵਿੱਚ ਸ਼ਹਿਦ ਦੀ ਮਿਠਾਸ ਵਰਗਾ ਸੁਆਦ, ਗੁਲਾਬ ਦੇ ਫੁੱਲ ਵਰਗੀ ਮਹਿਕ, ਅੱਲ੍ਹੜ ਕੁੜੀ ਦੇ ਹਾਸੇ ਵਰਗਾ ਅੰਦਾਜ਼ ਤੇ ਨਿਰੰਤਰ ਚੱਲ ਰਹੇ ਪਾਣੀ ਵਰਗਾ ਵਹਾਅ ਸੀ। ਦੋਗਾਣਾ ਗਾਇਕੀ ਦੇ ਦੌਰ 'ਚ ਵੀ ਉਨ੍ਹਾਂ ਨੇ ਆਪਣੇ ਸੋਲੋ ਸਾਹਿਤਕ ਗੀਤਾਂ ਰਾਹੀਂ ਮਕਬੂਲੀਅਤ ਹਾਸਲ ਕੀਤੀ।

ਜਿਵੇਂ ਕਿ ਉਨ੍ਹਾਂ ਦੀ ਆਵਾਜ਼ ਵਿੱਚ ਸ਼ਿਵ ਕੁਮਾਰ ਬਟਾਲਵੀ ਦਾ ਗੀਤ 'ਮੈਨੂੰ ਤੇਰਾ ਸ਼ਬਾਬ ਲੈ ਬੈਠਾ' ਤੇ ਨੰਦ ਲਾਲ ਨੂਰਪੁਰੀ ਦਾ ਗੀਤ 'ਬੱਲੇ ਨੀਂ ਪੰਜਾਬ ਦੀਏ ਸ਼ੇਰ ਬੱਚੀਏ' ਕਾਫ਼ੀ ਚਰਚਿਤ ਰਹੇ ਤੇ ਅੱਜ ਵੀ ਰੇਡੀਓ 'ਤੇ ਚਿੱਠੀਆਂ ਰਾਹੀਂ ਜਾਂ ਫੋਨਾਂ ਰਾਹੀਂ ਲੋਕ ਇਨ੍ਹਾਂ ਗੀਤਾਂ ਦੀ ਵਾਰ-ਵਾਰ ਫਰਮਾਇਸ਼ ਕਰਦੇ ਹਨ। ਉਹ ਆਪਣੀ ਗਾਇਕੀ ਰਾਹੀਂ ਕਾਮੇਡੀ ਭਰਪੂਰ ਗੀਤਾਂ ਦੀ ਪੇਸ਼ਕਾਰੀ ਵੀ ਕਰਦੇ ਸਨ ਜਿਵੇਂ ਕਿ ਉਨ੍ਹਾਂ ਦਾ ਇੱਕ ਗੀਤ 'ਮੈਨੂੰ ਲੋਕਾਂ ਦਿੱਤੀ ਵਧਾਈ ਕਾਕਾ ਜੰਮ ਪਿਆ' ਬਹੁਤ ਮਕਬੂਲ ਹੋਇਆ। ਇਸ ਤਰ੍ਹਾਂ ਉਨ੍ਹਾਂ ਦੀ ਗਾਇਕੀ ਵਿੱਚ ਮਿਆਰ ਤੇ ਸਾਦਗੀ ਝਲਕਦੀ ਹੈ। ਅਸਲ ਜ਼ਿੰਦਗੀ ਵਿੱਚ ਵੀ ਉਹ ਸਾਦਗੀ ਪਸੰਦ ਇਨਸਾਨ ਸਨ। ਆਸਾ ਸਿੰਘ ਮਸਤਾਨਾ ਦਾ ਜਨਮ 22 ਅਗਸਤ 1927 ਨੂੰ ਸ਼ੇਖਪੁਰਾ ਪਾਕਿਸਤਾਨ ਵਿਖੇ ਪਿਤਾ ਪ੍ਰੀਤਮ ਸਿੰਘ ਅਤੇ ਮਾਤਾ ਅੰਮ੍ਰਿਤ ਕੌਰ ਦੇ ਘਰ ਹੋਇਆ ਸੀ। ਗਾਉਣ ਦਾ ਸ਼ੌਕ ਉਨ੍ਹਾਂ ਨੂੰ ਬਚਪਨ ਤੋਂ ਹੀ ਸੀ। ਉਨ੍ਹਾਂ ਨੇ ਸੰਗੀਤ ਦੀ ਮੁੱਢਲੀ ਸਿੱਖਿਆ ਪੰਡਿਤ ਦੁਰਗਾ ਪ੍ਰਸ਼ਾਦ ਤੋਂ ਪ੍ਰਾਪਤ ਕੀਤੀ ਸੀ। ਵੈਸੇ ਆਵਾਜ਼ ਵਿਚਲੀ ਮਿਠਾਸ ਉਨ੍ਹਾਂ ਨੂੰ ਕੁਦਰਤੀ ਦੇਣ ਸੀ ਅਤੇ ਚੰਗੀ ਸ਼ਾਇਰੀ ਦੀ ਚੋਣ ਉਨ੍ਹਾਂ ਦੀ ਆਪਣੀ ਤੀਖਣ ਬੁੱਧੀ ਅਤੇ ਵਧੀਆ ਰੁਚੀਆਂ ਕਾਰਨ ਸੀ।

ਦੇਸ਼ ਦੀ ਵੰਡ ਤੋਂ ਬਾਅਦ ਉਹ ਦਿੱਲੀ ਆ ਵਸੇ। ਰੇਡੀਓ ਤੋਂ ਉਨ੍ਹਾਂ ਦਾ ਪਹਿਲਾ ਗੀਤ 1949 ਵਿੱਚ ਪ੍ਰਸਾਰਿਤ ਹੋਇਆ ਜਿਸ ਦੇ ਬੋਲ ਸਨ 'ਠੰਡੀਏ ਹਵਾਏ ਕਿਹੜੇ ਪਾਸਿਓਂ ਤੂੰ ਆਈ ਏਂ।' ਇਸ ਤੋਂ ਬਾਅਦ ਉਨ੍ਹਾਂ ਦੇ ਗੀਤਾਂ ਦੀ ਅਮੁੱਕ ਲੜੀ ਬਣਦੀ ਗਈ। ਆਸਾ ਸਿੰਘ ਮਸਤਾਨਾ ਪੰਜਾਬੀ ਦੇ ਅਜਿਹੇ ਗਾਇਕ ਸਨ, ਜਿਨ੍ਹਾਂ ਨੂੰ ਪਦਮਸ੍ਰੀ ਵਰਗੇ ਕੌਮੀ ਐਵਾਰਡ ਨਾਲ 1985 ਵਿੱਚ ਸਨਮਾਨਤ ਕੀਤਾ ਗਿਆ। ਇਸ ਤੋਂ ਇਲਾਵਾ ਉਨ੍ਹਾਂ ਨੂੰ ਮਿਲੇ ਅਣਗਿਣਤ ਸਨਮਾਨਾਂ ਦੀ ਸੂਚੀ 'ਚ 'ਗੀਤ ਨਾਟਿਆ ਅਕੈਡਮੀ' ਵੱਲੋਂ 1986 ਵਿੱਚ ਸਨਮਾਨਤ ਕੀਤਾ ਜਾਣਾ ਵੀ ਘੱਟ ਫ਼ਖ਼ਰ ਵਾਲੀ ਗੱਲ ਨਹੀਂ ਸੀ। ਉਨ੍ਹਾਂ ਨੇ ਭਾਵੇਂ ਦੋਗਾਣੇ ਵੀ ਬਹੁਤ ਗਾਏ ਅਤੇ ਮਕਬੂਲ ਹੋਏ ਪਰ ਆਪਣੇ ਗੀਤਾਂ ਵਿੱਚ ਉਨ੍ਹਾਂ ਨੇ ਕਦੇ ਲੱਚਰਤਾ ਨੂੰ ਨੇੜੇ ਨਹੀਂ ਢੁੱਕਣ ਦਿੱਤਾ। ਉਨ੍ਹਾਂ ਨੇ ਸਭ ਤੋਂ ਵੱਧ ਦੋਗਾਣੇ ਪੰਜਾਬ ਦੀ ਕੋਇਲ ਵਜੋਂ ਜਾਣੀ ਜਾਂਦੀ ਸੁਰਿੰਦਰ ਕੌਰ ਨਾਲ ਗਾਏ। ਉਂਝ ਉਨ੍ਹਾਂ ਪੁਸ਼ਪਾ ਹੰਸ ਅਤੇ ਪ੍ਰਕਾਸ਼ ਕੌਰ ਨਾਲ ਵੀ ਕਾਫ਼ੀ ਗਾਇਆ। ਆਸਾ ਸਿੰਘ ਮਸਤਾਨਾ ਨੇ ਬਹੁਤ ਸਾਰੇ ਦੇਸ਼ਾਂ 'ਚ ਆਪਣੀ ਗਾਇਕੀ ਦੀ ਮਹਿਕ ਖਿਲਾਰਦਿਆਂ ਇੱਕ ਵਿਸ਼ਾਲ ਪ੍ਰਸ਼ੰਸਕ ਵਰਗ ਉਸਾਰ ਲਿਆ ਸੀ। ਮਸਤਾਨਾ ਜੀ ਆਪਣੀ ਬੈਂਕ ਦੀ ਨੌਕਰੀ ਤੋਂ ਸੇਵਾ-ਮੁਕਤ ਹੋਣ ਤੋਂ ਬਾਅਦ ਵੀ ਦਿੱਲੀ ਵਿੱਚ ਹੀ ਰਹੇ। ਉਨ੍ਹਾਂ ਦੀ ਪਤਨੀ ਸ਼ੀਲਾ ਦੇਵੀ ਕਾਫ਼ੀ ਸਮਾਂ ਪਹਿਲਾਂ ਹੀ ਅਕਾਲ ਚਲਾਣਾ ਕਰ ਗਏ ਸਨ। ਮਸਤਾਨਾ ਜੀ ਦੇ ਦੋ ਬੱਚੇ ਹਨ। ਆਸਾ ਸਿੰਘ ਮਸਤਾਨਾ ਨੂੰ ਮਿਆਰੀ ਸ਼ਾਇਰੀ ਵਾਲੀ ਗਾਇਕੀ, ਸਾਦਾ ਅੰਦਾਜ਼ ਤੇ ਵਿਲੱਖਣ ਗਾਇਕੀ ਦੇ ਰੰਗ ਕਰ ਕੇ ਰਹਿੰਦੀ ਦੁਨੀਆ ਤੱਕ ਯਾਦ ਕੀਤਾ ਜਾਂਦਾ ਰਹੇਗਾ।



## ਅਗਨੀਵੀਰ ਕਿਉਂ ਬਣਨ ਬਲੀ ਦੇ ਬੱਕਰੇ,

ਅਜਿਹੇ ਮਾਮਲੇ ਸਾਹਮਣੇ ਆਉਂਦੇ ਰਹਿੰਦੇ ਹਨ। ਅਕਾਸ਼ਦੀਪ ਦੀ ਸ਼ਹਾਦਤ ਨੇ ਇਹ ਸਵਾਲ ਉਠਾਇਆ ਹੈ ਕਿ ਸਰਕਾਰ ਅਗਨੀਵੀਰਾਂ ਨੂੰ ਰੈਗੂਲਰ ਫ਼ੌਜੀਆਂ ਵਰਗੀਆਂ ਸਹੂਲਤਾਂ ਜਿਵੇਂ ਪੈਨਸ਼ਨ, ਪਰਿਵਾਰਕ ਸਹਾਇਤਾ, ਅਤੇ ਸ਼ਹੀਦ ਦਾ ਦਰਜਾ ਕਿਉਂ ਨਹੀਂ ਦਿੰਦੀ। ਕਈ ਲੋਕ ਇਸ ਨੂੰ 'ਬਲੀ ਦੇ ਬਕਰੇ' ਵਜੋਂ ਵੇਖਦੇ ਹਨ, ਕਿਉਂਕਿ ਅਗਨੀਵੀਰਾਂ ਨੂੰ ਅਸਥਾਈ ਸੇਵਾ ਦੇ ਬਾਵਜੂਦ ਉਹੀ ਜੋਖਮ ਝੱਲਣੇ ਪੈਂਦੇ ਹਨ ਜੋ ਰੈਗੂਲਰ ਫ਼ੌਜੀ ਝੱਲਦੇ ਹਨ।ਕੇਂਦਰ ਸਰਕਾਰ ਦੀ ਅਗਨੀਵੀਰ ਯੋਜਨਾ ਅਧੀਨ ਸ਼ਹੀਦ ਹੋਣ ਵਾਲੇ ਜਵਾਨਾਂ ਦੇ ਪਰਿਵਾਰਾਂ ਨੂੰ ਮੁਆਵਜ਼ਾ ਅਤੇ ਹੋਰ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ, ਪਰ ਇਹ ਸਹੂਲਤਾਂ ਰੈਗੂਲਰ ਫ਼ੌਜੀਆਂ ਦੀ ਤੁਲਨਾ ਵਿੱਚ ਸੀਮਤ ਹਨ। ਪੰਜਾਬ ਸਰਕਾਰ ਨੇ ਅਗਨੀਵੀਰਾਂ ਲਈ ਵਿਸ਼ੇਸ਼ ਸਹੂਲਤਾਂ ਦਾ ਐਲਾਨ ਨਹੀਂ ਕੀਤਾ, ਜਿਸ ਕਾਰਨ ਰੋਸ ਵਧ ਰਿਹਾ ਹੈ। ਮੁੱਖ ਮੰਤਰੀ ਭਗਵੰਤ ਮਾਨ ਨੂੰ ਸੋਸ਼ਲ ਮੀਡੀਆ 'ਤੇ ਅਕਾਸ਼ਦੀਪ ਦੇ ਪਰਿਵਾਰ ਦੀ ਮਦਦ ਲਈ ਅਪੀਲਾਂ ਕੀਤੀਆਂ ਜਾ ਰਹੀਆਂ ਹਨ, ਪਰ ਹਾਲੇ ਤੱਕ ਕੋਈ ਠੋਸ ਕਦਮ ਨਹੀਂ ਉਠਾਇਆ ਗਿਆ। ਅਗਨੀਵੀਰਾਂ ਜਾਂ ਉਨ੍ਹਾਂ ਦੇ ਪਰਿਵਾਰਾਂ ਲਈ ਵਿਸ਼ੇਸ਼ ਸਕੀਮਾਂ ਦੀ ਘਾਟ ਨੇ ਨੌਜਵਾਨਾਂ ਵਿੱਚ ਨਿਰਾਸ਼ਾ ਪੈਦਾ ਕੀਤੀ ਹੈ।

ਪੰਜਾਬ ਦੀਆਂ ਸਿਆਸੀ ਪਾਰਟੀਆਂ, ਜਿਵੇਂ ਕਿ ਸ਼੍ਰੋਮਣੀ ਅਕਾਲੀ ਦਲ, ਕਾਂਗਰਸ ਅਤੇ ਆਮ ਆਦਮੀ ਪਾਰਟੀ, ਨੇ ਅਗਨੀਵੀਰ ਯੋਜਨਾ ਦੀਆਂ ਖਾਮੀਆਂ ਅਤੇ ਸ਼ਹੀਦ ਅਗਨੀਵੀਰਾਂ ਦੇ ਮੁੱਦੇ 'ਤੇ ਸਿਆਸੀ ਤੌਰ 'ਤੇ ਸਪੱਸ਼ਟ ਅਵਾਜ਼ ਨਹੀਂ ਉਠਾਈ। ਸ਼੍ਰੋਮਣੀ ਅਕਾਲੀ ਦਲ ਦੇ ਨੇਤਾ ਬਿਕਰਮ ਸਿੰਘ ਮਜੀਠੀਆ ਨੇ ਅਕਾਸ਼ਦੀਪ ਦੇ ਮਾਮਲੇ 'ਤੇ ਚਿੰਤਾ ਜਤਾਈ ਅਤੇ ਮੁੱਖ ਮੰਤਰੀ ਨੂੰ ਅਪੀਲ ਕੀਤੀ, ਪਰ ਵਿਰੋਧੀ ਧਿਰ ਦੇ ਹੋਰ ਨੇਤਾਵਾਂ ਦੀ ਚੁੱਪੀ ਨੇ ਸਵਾਲ ਖੜ੍ਹੇ ਕੀਤੇ ਹਨ। ਕਾਂਗਰਸ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਸਰਹੱਦੀ ਖੇਤਰਾਂ ਦੇ ਵਿਕਾਸ ਅਤੇ ਸੁਰੱਖਿਆ ਦੇ ਮੁੱਦਿਆਂ 'ਤੇ ਗੱਲ ਕੀਤੀ, ਪਰ ਅਗਨੀਵੀਰਾਂ ਦੇ ਮੁੱਦੇ 'ਤੇ ਸਿੱਧਾ ਕੋਈ ਬਿਆਨ ਨਹੀਂ ਦਿੱਤਾ।ਚਿੰਤਕਾਂ ਦਾ ਨਜ਼ਰੀਆ ਅਤੇ ਸੁਝਾਅ ਪੰਜਾਬ ਦੇ ਚਿੰਤਕ ਅਤੇ ਸਮਾਜਿਕ ਵਿਚਾਰਕ ਇਸ ਮੁੱਦੇ 'ਤੇ ਸਰਕਾਰ ਦੀ ਨੀਤੀ ਨੂੰ ਲੈ ਕੇ ਚਿੰਤਤ ਹਨ।

## ਸੰਘ-ਭਾਜਪਾ ਸਬੰਧਾਂ ਵਿੱਚ 2025 ਦੌਰਾਨ

ਕੋਸ਼ਿਸ਼ ਕਰ ਰਹੀ ਹੈ। 2024 ਦੀਆਂ ਲੋਕ ਸਭਾ ਚੋਣਾਂ ਦੌਰਾਨ ਭਾਜਪਾ ਪ੍ਰਧਾਨ ਜੇ.ਪੀ. ਨੱਢਾ ਦਾ ਬਿਆਨ ਕਿ 'ਭਾਜਪਾ ਨੂੰ ਸੰਘ ਦੀ ਲੋੜ ਨਹੀਂ' ਇਸ ਸੋਚ ਨੂੰ ਸਪੱਸ਼ਟ ਕਰਦਾ ਹੈ। ਮੋਦੀ ਦੀ ਸ਼ਖਸੀਅਤ-ਕੇਂਦਰਿਤ ਸਿਆਸਤ ਅਤੇ ਸੰਘ ਦੀ ਸੰਗਠਨਾਤਮਕ ਅਥਾਰਟੀ ਨੂੰ ਚੁਣੌਤੀ ਦੇਣ ਦੀ ਕੋਸ਼ਿਸ਼ ਨੇ ਸੰਘ ਨੂੰ ਨਾਰਾਜ਼ ਕੀਤਾ ਹੈ। ਸੰਘ ਦੀ ਮੁਢਲੀ ਪਹਿਲ ਸਮਾਜਿਕ ਅਤੇ ਸੱਭਿਆਚਾਰਕ ਪਰਿਵਰਤਨ ਹੈ, ਜਦਕਿ ਭਾਜਪਾ ਦਾ ਫੋਕਸ ਸਿਆਸੀ ਸੱਤਾ ਅਤੇ ਚੋਣ ਜਿੱਤਣ 'ਤੇ ਹੈ। ਸੰਘ ਦੀ ਸੋਚ ਲੰਬੇ ਸਮੇਂ ਦੀ ਵਿਚਾਰਧਾਰਕ ਹੈ, ਜਦਕਿ ਭਾਜਪਾ ਨੂੰ ਵੋਟਬੈਂਕ ਅਤੇ ਗਠਜੋੜ ਸਿਆਸਤ ਦੀਆਂ ਮਜਬੂਰੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਸੰਘ ਜਾਤੀ ਜਨਗਣਨਾ ਨੂੰ ਹਿੰਦੂ ਏਕਤਾ ਲਈ ਖਤਰੇ ਵਜੋਂ ਦੇਖਦਾ ਹੈ, ਕਿਉਂਕਿ ਇਹ ਜਾਤੀਗਤ ਵੰਡ ਨੂੰ ਉਤਸ਼ਾਹਿਤ ਕਰਦੀ ਹੈ। ਭਾਜਪਾ ਨੇ ਇਸ ਮੁੱਦੇ 'ਤੇ ਅਸਪਸ਼ਟ ਰੁਖ ਅਪਣਾਇਆ, ਜਿਸ ਨਾਲ ਸੰਘ ਦੀ ਨਾਰਾਜ਼ਗੀ ਵਧੀ।

ਮੋਦੀ ਦੀ ਸ਼ਖਸੀਅਤ-ਕੇਂਦਰਿਤ ਸਿਆਸਤ ਨੇ ਭਾਜਪਾ ਨੂੰ ਸੰਘ ਦੀ ਵਿਚਾਰਧਾਰਕ ਨਿਰਭਰਤਾ ਤੋਂ ਦੂਰ ਕਰਨ ਦੀ ਕੋਸ਼ਿਸ਼ ਕੀਤੀ, ਜਿਸ ਨਾਲ ਸੰਘ ਨੂੰ ਲੱਗਿਆ ਕਿ ਉਸ ਦੀ ਪਰੰਪਰਾਗਤ ਅਥਾਰਟੀ ਨੂੰ ਚੁਣੌਤੀ ਮਿਲ ਰਹੀ ਹੈ।

***

## ਵਾਰਸ ਭਰਾਵਾਂ ਦਾ ਸ਼ੋਅ ਪੰਜਾਬੀ ਵਿਰਸਾ

ਜੀਅ ਜਾਨ ਨਾਲ ਗਾਇਆ ਤੇ ਆਪਣੇ ਬਹੁ-ਚਰਚਤ ਗੀਤ ਗਾਕੇ ਐਸੀ ਭੰਗੜੇ ਦੀ ਧਮਾਲ ਪਾਈ ਕਿ ਪੰਡਾਲ ਅੰਦਰ ਬੈਠੇ ਹਰ ਪੰਜਾਬੀ ਦੇ ਪੱਬ ਢੋਲ ਦੇ ਡੱਗੇ ਤੇ ਨੱਚਣੋਂ ਰਹਿ ਨਹੀਂ ਸਕੇ, ਅਤੇ ਦਰਸ਼ਕਾਂ ਨੇ ਨੱਚ ਨੱਚਕੇ ਅੰਬਰੀ ਧੂੜ ਚੜ੍ਹਾ ਦਿੱਤੀ। ਇਸ ਮੌਕੇ ਵਿਰਸਾ ਫ਼ਾਊਂਡੇਸ਼ਨ ਟੀਮ ਵੱਲੋਂ ਆਪਣੇ ਸਮੂਹ ਸਪਾਂਸਰਾਂ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ ਅਤੇ ਵਿਰਸਾ ਫ਼ਾਊਂਡੇਸ਼ਨ ਮੈਂਬਰ ਜਸਵੀਰ ਸਰਾਏ ਨੇ ਵਿਰਸਾ ਫ਼ਾਊਂਡੇਸ਼ਨ ਦੇ ਕੰਮਾਂ ਕਾਰਾਂ ਤੋਂ ਦਰਸ਼ਕਾਂ ਨੂੰ ਜਾਣੂ ਕਰਵਾਇਆ, ਉਹਨਾਂ ਵਿਰਸਾ ਫ਼ਾਊਂਡੇਸ਼ਨ ਵੱਲੋਂ ਸਾਰੇ ਹੀ ਸਪਾਂਸਰ ਅਤੇ ਦਰਸ਼ਕ ਵੀਰਾ ਦਾ ਮੇਲੇ ਨੂੰ ਸਫ਼ਲ ਬਣਾਉਣ ਲਈ ਧੰਨਵਾਦ ਕੀਤਾ। ਇਸ ਮੌਕੇ ਵੱਖੋ ਵੱਖ ਖਾਣੇ ਦੇ ਸਟਾਲਾਂ ਤੋਂ ਦਰਸ਼ਕਾਂ ਨੇ ਆਪਣਾ ਪਸੰਦੀਦਾ ਖਾਣਾ ਖਾਧਾ ਤੇ ਮੇਲੇ ਦਾ ਅਨੰਦ ਮਾਣਿਆ।

***

## ਗ਼ੈਰ-ਕਾਨੂੰਨੀ ਪਰਵਾਸ 'ਤ

ਨਹੀਂ ਹਨ, ਪਰ ਅਮਰੀਕੀ ਅਧਿਕਾਰੀਆਂ ਨੇ ਸੰਕੇਤ ਦਿੱਤਾ ਹੈ ਕਿ ਵਾਪਸੀ ਦੀ ਪ੍ਰਕਿਰਿਆ ਜਾਰੀ ਹੈ। ਸਾਲ 2024-25 ਦੌਰਾਨ, ਹਜ਼ਾਰਾਂ ਭਾਰਤੀਆਂ ਨੂੰ ਗ਼ੈਰ-ਕਾਨੂੰਨੀ ਪਰਵਾਸ ਦੇ ਮਾਮਲਿਆਂ ਵਿੱਚ ਵਾਪਸ ਭੇਜਿਆ ਗਿਆ, ਜਿਸ ਵਿੱਚ ਜ਼ਿਆਦਾਤਰ ਮਾਮਲੇ ਅਮਰੀਕੀ ਸਰਹੱਦ 'ਤੇ ਪਕੜੇ ਗਏ ਵਿਅਕਤੀਆਂ ਦੇ ਸਨ। ਅਮਰੀਕੀ ਕਸਟਮਜ਼ ਅਤੇ ਬਾਰਡਰ ਪ੍ਰੋਟੈਕਸ਼ਨ ਦੀਆਂ ਰਿਪੋਰਟਾਂ ਮੁਤਾਬਕ, 2024 ਵਿੱਚ ਲਗਭਗ 90,000 ਭਾਰਤੀਆਂ ਨੂੰ ਅਮਰੀਕੀ ਸਰਹੱਦ 'ਤੇ ਗ਼ੈਰ-ਕਾਨੂੰਨੀ ਦਾਖਲੇ ਦੀ ਕੋਸ਼ਿਸ਼ ਕਰਦਿਆਂ ਰੋਕਿਆ ਗਿਆ ਸੀ, ਜਿਨ੍ਹਾਂ ਵਿੱਚੋਂ ਵੱਡੀ ਗਿਣਤੀ ਨੂੰ ਵਾਪਸ ਭੇਜਿਆ ਗਿਆ। ਮਈ 2025 ਦੇ ਅਖੀਰ ਤੱਕ, ਇਹ ਅੰਕੜਾ ਵਧਣ ਦੀ ਸੰਭਾਵਨਾ ਹੈ, ਪਰ ਸਹੀ ਜਾਣਕਾਰੀ ਲਈ ਅਧਿਕਾਰਤ ਅੰਕੜਿਆਂ ਦੀ ਉਡੀਕ ਹੈ।

ਟਰੈਵਲ ਏਜੰਟਾਂ 'ਤੇ ਕਾਰਵਾਈ:

ਅਮਰੀਕੀ ਮਿਸ਼ਨਾਂ ਨੇ ਭਾਰਤ ਵਿੱਚ ਅਜਿਹੇ ਟਰੈਵਲ ਏਜੰਟਾਂ ਦੀ ਸੂਚੀ ਤਿਆਰ ਕੀਤੀ, ਜੋ ਵੀਜ਼ਾ ਅਪੁਆਇੰਟਮੈਂਟ ਸਲਾਟਾਂ ਦੀ ਦੁਰਵਰਤੋਂ ਕਰਦੇ ਹਨ। ਕੁਝ ਏਜੰਟ 60,000 ਰੁਪਏ ਤੱਕ ਵਸੂਲਦੇ ਸਨ, ਜਿਸ ਨੂੰ ਰੋਕਣ ਲਈ ਸਾਈਬਰ ਨਿਗਰਾਨੀ ਅਤੇ ਜਾਂਚ ਵਧਾਈ ਗਈ।

ਅੰਤਰਰਾਸ਼ਟਰੀ ਸਹਿਯੋਗ: ਅਮਰੀਕਾ ਨੇ ਭਾਰਤ, ਮੈਕਸੀਕੋ ਅਤੇ ਮੱਧ ਅਮਰੀਕੀ ਦੇਸ਼ਾਂ ਨਾਲ ਮਿਲ ਕੇ ਤਸਕਰੀ ਦੇ ਰੂਟਾਂ ਨੂੰ ਬੰਦ ਕਰਨ ਲਈ ਕਦਮ ਚੁੱਕੇ। ਇਸ ਵਿੱਚ ਸਰਹੱਦੀ ਸੁਰੱਖਿਆ ਅਤੇ ਜਾਣਕਾਰੀ ਸਾਂਝਾਕਰਨ ਸ਼ਾਮਲ ਹੈ।

ਜਾਗਰੂਕਤਾ ਮੁਹਿੰਮ: ਅਮਰੀਕੀ ਵਿਦੇਸ਼ ਵਿਭਾਗ ਨੇ ਭਾਰਤ ਵਿੱਚ ਜਾਗਰੂਕਤਾ ਮੁਹਿੰਮਾਂ ਸ਼ੁਰੂ ਕੀਤੀਆਂ, ਜਿਨ੍ਹਾਂ ਵਿੱਚ ਗ਼ੈਰ-ਕਾਨੂੰਨੀ ਪਰਵਾਸ ਦੇ ਜ਼ੋਖ਼ਮਾਂ ਅਤੇ ਕਾਨੂੰਨੀ ਵੀਜ਼ਾ ਪ੍ਰਕਿਰਿਆਵਾਂ ਬਾਰੇ ਜਾਣਕਾਰੀ ਦਿੱਤੀ ਜਾ ਰਹੀ ਹੈ।

ਮਈ 2025 ਵਿੱਚ ਅਮਰੀਕਾ ਦਾ ਸਟੈਂਡ ਗ਼ੈਰ-ਕਾਨੂੰਨੀ ਪਰਵਾਸ ਨੂੰ ਪੂਰੀ ਤਰ੍ਹਾਂ ਰੋਕਣ ਅਤੇ ਸੰਗਠਿਤ ਅਪਰਾਧ ਨਾਲ ਜੁੜੇ ਨੈੱਟਵਰਕਾਂ ਨੂੰ ਖਤਮ ਕਰਨ 'ਤੇ ਕੇਂਦਰਿਤ ਰਿਹਾ ਹੈ। ਹਾਲਾਂਕਿ, ਗ਼ੈਰ-ਕਾਨੂੰਨੀ ਪਰਵਾਸ ਪੂਰੀ ਤਰ੍ਹਾਂ ਰੁਕਿਆ ਨਹੀਂ ਹੈ, ਅਤੇ ਵਾਪਸ ਭੇਜੇ ਗਏ ਭਾਰਤੀਆਂ ਦੀ ਗਿਣਤੀ ਵਧ ਰਹੀ ਹੈ। ਸਹੀ ਅੰਕੜਿਆਂ ਲਈ ਅਮਰੀਕੀ ਅਤੇ ਭਾਰਤੀ ਅਧਿਕਾਰੀਆਂ ਦੀਆਂ ਅਧਿਕਾਰਤ ਰਿਪੋਰਟਾਂ ਦੀ ਉਡੀਕ ਕਰਨੀ ਪਵੇਗੀ।

***

## ਭਾਰਤੀ ਸਿੱਖ ਸ਼ਰਧਾਲੂਆਂ ਨੂੰ ਲਾਹੌਰ ਜਾਣ

ਵੱਲੋਂ ਸਿੱਖ ਸ਼ਰਧਾਲੂਆਂ ਨੂੰ ਵੀਜ਼ੇ ਨਾ ਦੇਣ ਦੇ ਫੈਸਲੇ 'ਤੇ ਸਖ਼ਤ ਇਤਰਾਜ਼ ਜਤਾਇਆ ਹੈ। ਉਨ੍ਹਾਂ ਕਿਹਾ ਕਿ ਸਿੱਖ ਸੰਗਤਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲਾ ਇਹ ਫੈਸਲਾ ਮੰਦਭਾਗਾ ਹੈ। ਪਹਿਲਾਂ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ 788 ਸ਼ਰਧਾਲੂਆਂ ਨੂੰ ਵੀਜ਼ੇ ਨਾ ਦੇਣ ਦੀ ਘਟਨਾ ਨੂੰ ਯਾਦ ਕਰਦਿਆਂ ਧਾਮੀ ਨੇ ਕਿਹਾ ਕਿ ਦੋਹਾਂ ਦੇਸ਼ਾਂ ਦੀਆਂ ਸਰਕਾਰਾਂ ਨੂੰ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਦਾ ਸਤਿਕਾਰ ਕਰਦਿਆਂ ਅਜਿਹੀਆਂ ਪਾਬੰਦੀਆਂ ਨੂੰ ਹਟਾਉਣ ਲਈ ਗੰਭੀਰਤਾ ਨਾਲ ਵਿਚਾਰ ਕਰਨਾ ਚਾਹੀਦਾ।

ਹਾਲਾਂਕਿ ਭਾਰਤ ਅਤੇ ਪਾਕਿਸਤਾਨ ਵਿਚਕਾਰ ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ ਸੁਰੱਖਿਆ ਸਬੰਧੀ ਚਿੰਤਾਵਾਂ ਵਧੀਆਂ ਹਨ, ਪਰ ਸਿੱਖ ਆਗੂਆਂ ਅਤੇ ਵਿਦਵਾਨਾਂ ਦਾ ਮੰਨਣਾ ਹੈ ਕਿ ਹਾਲਾਤ ਹੁਣ ਸ਼ਾਂਤ ਹਨ ਅਤੇ ਸਿੱਖ ਸ਼ਰਧਾਲੂਆਂ ਨੂੰ ਧਾਰਮਿਕ ਯਾਤਰਾ 'ਤੇ ਜਾਣ ਦੀ ਇਜਾਜ਼ਤ ਦੇਣੀ ਚਾਹੀਦੀ। ਸਿੱਖ ਇਤਿਹਾਸਕ ਅਸਥਾਨਾਂ, ਖਾਸ ਕਰਕੇ ਗੁਰਦੁਆਰਾ ਡੇਹਰਾ ਸਾਹਿਬ, ਦਾ ਸਿੱਖ ਪੰਥ ਵਿੱਚ ਵਿਸ਼ੇਸ਼ ਮਹੱਤਵ ਹੈ, ਜਿੱਥੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ਼ਹੀਦੀ ਪ੍ਰਾਪਤ ਕੀਤੀ ਸੀ। ਪੰਥਕ ਜਥੇਬੰਦੀਆਂ ਦਾ ਕਹਿਣਾ ਹੈ ਕਿ ਸਿੱਖ ਸੰਗਤਾਂ ਦੀ ਯਾਤਰਾ ਸਿਰਫ਼ ਧਾਰਮਿਕ ਮਕਸਦ ਲਈ ਹੈ ਅਤੇ ਸੁਰੱਖਿਆ ਦੇ ਨਾਂ 'ਤੇ ਇਸ 'ਤੇ ਪਾਬੰਦੀ ਲਗਾਉਣਾ ਗੈਰ-ਜਾਇਜ਼ ਹੈ। ਇਸ ਦੇ ਨਾਲ ਹੀ, ਕੁਝ ਵਿਦਵਾਨਾਂ ਨੇ ਸੁਝਾਅ ਦਿੱਤਾ ਹੈ ਕਿ ਦੋਹਾਂ ਦੇਸ਼ਾਂ ਦੀਆਂ ਸਰਕਾਰਾਂ ਨੂੰ 1974 ਦੇ ਭਾਰਤ-ਪਾਕਿਸਤਾਨ ਪ੍ਰੋਟੋਕੋਲ ਦੀ ਪਾਲਣਾ ਕਰਦਿਆਂ ਸਿੱਖ ਸ਼ਰਧਾਲੂਆਂ ਲਈ ਵੀਜ਼ਾ ਪ੍ਰਕਿਰਿਆ ਨੂੰ ਸਰਲ ਕਰਨਾ ਚਾਹੀਦਾ, ਤਾਂ ਜੋ ਸੰਗਤਾਂ ਨੂੰ ਆਪਣੇ ਇਤਿਹਾਸਕ ਅਸਥਾਨਾਂ ਦੇ ਦਰਸ਼ਨ ਕਰਨ ਦਾ ਮੌਕਾ ਮਿਲ ਸਕੇ। ਸਿੱਖ ਆਗੂਆਂ ਨੇ ਮੰਗ ਕੀਤੀ ਹੈ ਕਿ ਸਰਕਾਰਾਂ ਨੂੰ ਸਿੱਖਾਂ ਦੀਆਂ ਧਾਰਮਿਕ ਅਜ਼ਾਦੀਆਂ ਦਾ ਸਤਿਕਾਰ ਕਰਦਿਆਂ ਅਜਿਹੀਆਂ ਪਾਬੰਦੀਆਂ ਨੂੰ ਹਟਾਉਣ ਲਈ ਤੁਰੰਤ ਕਦਮ ਚੁੱਕਣੇ ਚਾਹੀਦੇ ਹਨ।

***

## ਤਖ਼ਤ ਸਾਹਿਬਾਨ ਦੇ ਆਪਸੀ ਟਕਰਾਅ

ਗੌਹਰ ਦੀ ਮੁਆਫ਼ੀ ਅਤੇ ਸੌਦਾ ਸਾਧ ਮੁਆਫ਼ੀ ਮਾਮਲੇ ਦੀ ਸੁਤੰਤਰ ਅਤੇ ਪਾਰਦਰਸ਼ੀ ਜਾਂਚ ਲਈ ਇੱਕ ਪੰਥਕ ਕਮੇਟੀ ਦਾ ਗਠਨ ਕੀਤਾ ਜਾਵੇ। ਇਸ ਦੀ ਰਿਪੋਰਟ ਸੰਗਤ ਦੇ ਸਾਹਮਣੇ ਜਨਤਕ ਕੀਤੀ ਜਾਵੇ।

ਜਥੇਦਾਰਾਂ ਦੀ ਨਿਯੁਕਤੀ ਸੰਗਤ ਦੀ ਸਹਿਮਤੀ ਨਾਲ ਅਤੇ ਪਾਰਦਰਸ਼ੀ ਢੰਗ ਨਾਲ ਹੋਣੀ ਚਾਹੀਦੀ ਹੈ। ਸਿਆਸੀ ਪਾਰਟੀਆਂ ਦੀ ਦਖ਼ਲ-ਅੰਦਾਜ਼ੀ ਨੂੰ ਰੋਕਣ ਲਈ ਸਖ਼ਤ ਨਿਯਮ ਬਣਾਏ ਜਾਣ। ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਹੋਰ ਤਖ਼ਤਾਂ ਵਿਚਕਾਰ ਸਹਿਮਤੀ ਅਤੇ ਸੰਵਾਦ ਨੂੰ ਵਧਾਉਣ ਲਈ ਇੱਕ ਸਾਂਝਾ ਪੰਥਕ ਪਲੇਟਫ਼ਾਰਮ ਸਥਾਪਤ ਕੀਤਾ ਜਾਵੇ। ਪੰਥਕ ਫ਼ੈਸਲਿਆਂ ਵਿੱਚ ਸੰਗਤ ਦੀ ਸਹਿਮਤੀ ਅਤੇ ਸ਼ਮੂਲੀਅਤ ਨੂੰ ਯਕੀਨੀ ਬਣਾਇਆ ਜਾਵੇ।

ਸ੍ਰੀ ਅਕਾਲ ਤਖ਼ਤ ਸਾਹਿਬ ਦੀਆਂ ਪੰਥਕ ਕਾਰਵਾਈਆਂ ਵਿੱਚ ਦਖਲ ਦੇਣ ਤੋਂ ਰੋਕਣ ਲਈ ਸਖ਼ਤ ਨਿਯਮ ਬਣਾਏ ਜਾਣ।

***

## ਯੂ. ਪੀ. ਵਿੱਚ ਸਿੱਖਾਂ ਦੀ ਧਰਮ ਬਦਲੀ ਦਾ ਸੰਗੀਨ ਮਾਮਲਾ:

ਉਨ੍ਹਾਂ ਦਾ ਕਹਿਣਾ ਹੈ ਕਿ ਪਾਸਟਰ ਗਰੀਬੀ ਅਤੇ ਅਗਿਆਨਤਾ ਦਾ ਫ਼ਾਇਦਾ ਉਠਾ ਕੇ ਸਿੱਖ ਪਰਿਵਾਰਾਂ ਨੂੰ ਭਰਮਾਉਣ ਦੀ ਕੋਸ਼ਿਸ਼ ਕਰ ਰਹੇ ਹਨ।

**ਧਰਮ ਪਰਿਵਰਤਨ ਦੀਆਂ ਜੜ੍ਹਾਂ ਅਤੇ ਸਾਜ਼ਿਸ਼**

ਇਸ ਮਾਮਲੇ ਦੀ ਡੂੰਘੀ ਪੜਤਾਲ ਤੋਂ ਪਤਾ ਲੱਗਦਾ ਹੈ ਕਿ ਧਰਮ ਪਰਿਵਰਤਨ ਦੀ ਇਹ ਲਹਿਰ ਸਿਰਫ਼ ਗਰੀਬੀ ਜਾਂ ਅਗਿਆਨਤਾ ਦਾ ਨਤੀਜਾ ਨਹੀਂ, ਸਗੋਂ ਇੱਕ ਸੋਚੀ-ਸਮਝੀ ਸਾਜ਼ਿਸ਼ ਦਾ ਹਿੱਸਾ ਹੈ। ਸਥਾਨਕ ਸਿੱਖ ਸੰਗਠਨਾਂ ਅਤੇ ਅਖਬਾਰੀ ਰਿਪੋਰਟਾਂ ਮੁਤਾਬਕ, ਨੇਪਾਲ ਤੋਂ ਆਏ ਪਾਸਟਰ ਅਤੇ ਸਥਾਨਕ ਸਹਿਯੋਗੀਆਂ ਨੇ ਸਿੱਖ ਪਿੰਡਾਂ ਵਿੱਚ ਘਰ-ਘਰ ਜਾ ਕੇ ਪ੍ਰਚਾਰ ਸ਼ੁਰੂ ਕੀਤਾ। ਕਈ ਘਰਾਂ ਵਿੱਚ ਦੱਖਣੀ ਕੋਰੀਆ ਦੇ ਕੈਲੰਡਰ ਅਤੇ ਕਰਾਸ ਦੀਆਂ ਨਿਸ਼ਾਨੀਆਂ ਲੱਗੀਆਂ ਮਿਲੀਆਂ, ਜੋ ਧਰਮ ਪਰਿਵਰਤਨ ਦੀ ਪੁਸ਼ਟੀ ਕਰਦੀਆਂ ਹਨ। ਰਿਪੋਰਟਾਂ ਮੁਤਾਬਕ, ਪਾਸਟਰਾਂ ਨੇ ਅੰਧਵਿਸ਼ਵਾਸ ਨੂੰ ਹਥਿਆਰ ਵਜੋਂ ਵਰਤਿਆ। ਉਨ੍ਹਾਂ ਨੇ ਬਿਮਾਰੀਆਂ ਤੋਂ ਮੁਕਤੀ, ਨੌਕਰੀਆਂ ਅਤੇ ਆਰਥਿਕ ਸਹਾਇਤਾ ਦੇ ਵਾਅਦੇ ਕਰਕੇ ਗਰੀਬ ਸਿੱਖ ਪਰਿਵਾਰਾਂ ਨੂੰ ਆਪਣੇ ਜਾਲ ਵਿੱਚ ਫ਼ਸਾਇਆ। ਕਈ ਮਾਮਲਿਆਂ ਵਿੱਚ, ਸਿੱਖ ਪ੍ਰਤੀਕਾਂ ਜਿਵੇਂ ਕੜਾ ਅਤੇ ਕਿਰਪਾਨ ਨੂੰ ਹਟਾਉਣ ਦੀ ਜ਼ਬਰਦਸਤੀ ਕੀਤੀ ਗਈ। ਇਸ ਸਾਜ਼ਿਸ਼ ਵਿੱਚ ਵਿਦੇਸ਼ੀ ਫ਼ੰਡਿੰਗ ਦਾ ਸ਼ੱਕ ਵੀ ਜਤਾਇਆ ਜਾ ਰਿਹਾ ਹੈ। ਸਿੱਖ ਸੰਗਠਨਾਂ ਦਾ ਮੰਨਣਾ ਹੈ ਕਿ ਇਹ ਸਿਰਫ਼ ਧਰਮ ਪਰਿਵਰਤਨ ਨਹੀਂ, ਸਗੋਂ ਸਿੱਖ ਪਛਾਣ ਨੂੰ ਖਤਮ ਕਰਨ ਅਤੇ ਖੇਤਰ ਦੀ ਜਨਸੰਖਿਆਤਮਕ ਸਥਿਤੀ ਨੂੰ ਬਦਲਣ ਦੀ ਕੋਸ਼ਿਸ਼ ਹੈ।

ਇਸ ਮਾਮਲੇ ਨੇ ਸਿੱਖ ਸਮਾਜ ਵਿੱਚ ਗੰਭੀਰ ਸਵਾਲ ਖੜ੍ਹੇ ਕਰ ਦਿੱਤੇ ਹਨ। ਪੀਲੀਭੀਤ ਦੇ ਸਿੱਖ ਪਿੰਡ, ਜੋ ਆਪਣੀ ਸਿੱਖੀ ਸਰਦਾਰੀ ਅਤੇ ਗੁਰੂ ਨਾਨਕ ਦੇ ਸਿਧਾਂਤਾਂ ਲਈ ਜਾਣੇ ਜਾਂਦੇ ਹਨ, ਅੱਜ ਇੱਕ ਸੰਕਟ ਦਾ ਸਾਹਮਣਾ ਕਰ ਰਹੇ ਹਨ। ਕਈ ਘਰਾਂ ਵਿੱਚ ਕਰਾਸ ਦੀਆਂ ਨਿਸ਼ਾਨੀਆਂ ਅਤੇ ਚਰਚਾਂ ਦੀ ਸਥਾਪਨਾ ਨੇ ਸਿੱਖ ਸੰਗਤ ਦੇ ਦਿਲਾਂ ਨੂੰ ਵਿੰਨ੍ਹਿਆ ਹੈ। ਸਿੱਖ ਸੰਗਠਨਾਂ ਅਤੇ ਸਥਾਨਕ ਗੁਰਦੁਆਰਾ ਕਮੇਟੀਆਂ ਨੇ ਇਸ ਸਾਜ਼ਿਸ਼ ਦਾ ਸਖਤ ਵਿਰੋਧ ਕੀਤਾ। ਉਨ੍ਹਾਂ ਦਾ ਮੰਨਣਾ ਹੈ ਕਿ ਇਹ ਸਿੱਖੀ ਦੀ ਨੀਂਹ ਨੂੰ ਹਿਲਾਉਣ ਦੀ ਕੋਸ਼ਿਸ਼ ਹੈ। ਸ਼੍ਰੋਮਣੀ ਕਮੇਟੀ ਨੇ ਨਾ ਸਿਰਫ਼ 'ਘਰ ਵਾਪਸੀ' ਮੁਹਿੰਮ ਰਾਹੀਂ ਪੀੜਤ ਪਰਿਵਾਰਾਂ ਨੂੰ ਵਾਪਸ ਜੋੜਿਆ, ਸਗੋਂ ਸਿੱਖੀ ਦੇ ਪ੍ਰਚਾਰ ਲਈ ਵੀ ਵੱਡੇ ਪੱਧਰ 'ਤੇ ਕੰਮ ਸ਼ੁਰੂ ਕੀਤਾ।

***

## ਪੰਜ-ਮੈਂਬਰੀ ਕਮੇਟੀ ਅਕਾਲੀ ਦਲ ਦੀ ਮਜ਼ਬੂਤੀ

ਬਾਗੀ ਧੜੇ, ਜਿਸ ਵਿੱਚ ਪ੍ਰੇਮ ਸਿੰਘ ਚੰਦੂਮਾਜਰਾ ਅਤੇ ਜਗੀਰ ਕੌਰ ਵਰਗੇ ਸੀਨੀਅਰ ਆਗੂ ਸ਼ਾਮਲ ਹਨ, ਨੇ ਸੁਖਬੀਰ ਦੀ ਅਗਵਾਈ ਦੇ ਵਿਰੁੱਧ ਸਖ਼ਤ ਦਾ ਰੁਖ ਅਪਣਾਇਆ ਸੀ। ਇਸ ਤੋਂ ਇਲਾਵਾ, ਪੰਜ-ਮੈਂਬਰੀ ਕਮੇਟੀ ਦੀ ਸੁਖਬੀਰ ਵਿਰੋਧੀ ਮੁਹਿੰਮ ਨੇ ਉਨ੍ਹਾਂ ਦੀ ਸਥਿਤੀ ਨੂੰ ਹੋਰ ਕਮਜ਼ੋਰ ਕੀਤਾ। ਸੁਖਬੀਰ ਦੀ ਪਕੜ ਪਾਰਟੀ ਦੇ ਪੁਰਾਣੇ ਵਰਕਰਾਂ ਅਤੇ ਸਮਰਥਕਾਂ 'ਤੇ ਜ਼ਰੂਰ ਹੈ, ਪਰ ਪੰਥਕ ਸੰਗਤ ਦਾ ਵਿਸ਼ਵਾਸ ਜਿੱਤਣ ਲਈ ਉਨ੍ਹਾਂ ਨੂੰ ਠੋਸ ਕਦਮ ਚੁੱਕਣ ਦੀ ਲੋੜ ਹੈ।

***

## ਧਰਮ ਬਦਲੀ ਦਾ ਜਾਲ ਤੇ ਜਾਸੂਸੀ ਦੀ ਸਾਜ਼ਿਸ਼:

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੇ ਵੀ 2022 ਵਿੱਚ ਧਰਮ ਬਦਲੀ,ਤਾਂਤਰਿਕ ਟਾਈਪ ਪਾਸਟਰਾਂ ਨੂੰ ਸਿੱਖਾਂ ਅਤੇ ਹਿੰਦੂਆਂ ਲਈ 'ਖਤਰਾ' ਦੱਸਦਿਆਂ ਧਰਮ ਪਰਿਵਰਤਨ ਵਿਰੁੱਧ ਕਾਨੂੰਨ ਦੀ ਮੰਗ ਕੀਤੀ ਸੀ।

**ਲਾਲਚ ਦੀ ਭੂਮਿਕਾ: ਪੈਸੇ ਅਤੇ ਵਿਦੇਸ਼ ਦਾ ਝਾਂਸਾ**

ਫ਼ਲਕਸ਼ੇਰ ਮਸੀਹ ਦੀ ਪੁੱਛਗਿੱਛ ਵਿੱਚ ਸਾਹਮਣੇ ਆਇਆ ਕਿ ਆਈ.ਐਸ.ਆਈ. ਨੇ ਉਸ ਨੂੰ ਪਹਿਲਾਂ ਪੈਸੇ ਦੀ ਪੇਸ਼ਕਸ਼ ਕੀਤੀ ਅਤੇ ਬਾਅਦ ਵਿੱਚ ਵਿਦੇਸ਼ ਭੇਜਣ ਦਾ ਵਾਅਦਾ ਕੀਤਾ। ਪਾਕਿਸਤਾਨ ਵਿੱਚ ਇਸਾਈਆਂ 'ਤੇ ਹੋਣ ਵਾਲੇ ਅੱਤਿਆਚਾਰਾਂ ਦੀ ਜਾਣਕਾਰੀ ਦੇ ਬਾਵਜੂਦ, ਇਹ ਵਿਅਕਤੀ ਆਈ.ਐਸ.ਆਈ. ਦੇ ਏਜੰਟਾਂ ਦੇ ਸੰਪਰਕ ਵਿੱਚ ਰਹੇ, ਜੋ ਇਸ ਗੱਲ ਦਾ ਸੰਕੇਤ ਹੈ ਕਿ ਲਾਲਚ ਨੇ ਉਨ੍ਹਾਂ ਦੀ ਸੋਚ 'ਤੇ ਹਾਵੀ ਹੋਣ ਦੀ ਭੂਮਿਕਾ ਨਿਭਾਈ। ਇਸ ਤਰ੍ਹਾਂ ਦੀਆਂ ਘਟਨਾਵਾਂ ਪੰਜਾਬ ਦੇ ਸਰਹੱਦੀ ਇਲਾਕਿਆਂ ਵਿੱਚ ਵਧੇਰੇ ਦੇਖਣ ਨੂੰ ਮਿਲਦੀਆਂ ਹਨ, ਜਿੱਥੇ ਸਮਾਜਿਕ ਅਤੇ ਆਰਥਿਕ ਅਸਮਾਨਤਾਵਾਂ ਜ਼ਿਆਦਾ ਹਨ।

ਪੰਜਾਬ ਵਿੱਚ ਇਸ ਤਰ੍ਹਾਂ ਦੇ ਮਾਮਲੇ ਪਹਿਲਾਂ ਵੀ ਸਾਹਮਣੇ ਆਏ ਹਨ। ਉਦਾਹਰਣ ਵਜੋਂ, 2024 ਵਿੱਚ ਚੰਡੀਗੜ੍ਹ ਵਿੱਚ ਗ੍ਰਨੇਡ ਹਮਲੇ ਅਤੇ ਅਜਨਾਲਾ ਵਿੱਚ ਆਈ.ਈ.ਡੀ. ਲਗਾਉਣ ਦੀਆਂ ਘਟਨਾਵਾਂ ਵਿੱਚ ਵੀ ਸਮਾਨ ਪੈਟਰਨ ਦੇਖਣ ਨੂੰ ਮਿਲਿਆ। ਰੋਹਨ ਮਸੀਹ, ਵਿਸ਼ਾਲ ਮਸੀਹ, ਅਤੇ ਡੈਨੀ ਵਰਗੇ ਵਿਅਕਤੀਆਂ ਦੀ ਗ੍ਰਿਫ਼ਤਾਰੀ ਨੇ ਸੁਰੱਖਿਆ ਏਜੰਸੀਆਂ ਨੂੰ ਹੋਰ ਸੁਚੇਤ ਕਰ ਦਿੱਤਾ ਹੈ। ਹਾਲਾਂਕਿ, ਅਜਿਹੇ ਮਾਮਲਿਆਂ ਦੀ ਸਹੀ ਗਿਣਤੀ ਦਾ ਅੰਦਾਜ਼ਾ ਲਗਾਉਣਾ ਮੁਸ਼ਕਿਲ ਹੈ, ਕਿਉਂਕਿ ਸਾਰੇ ਮਾਮਲੇ ਜਨਤਕ ਨਹੀਂ ਹੁੰਦੇ। ਖ਼ੁਫ਼ੀਆ ਏਜੰਸੀਆਂ ਦੇ ਅਨੁਸਾਰ, ਪੰਜਾਬ ਦੇ ਸਰਹੱਦੀ ਇਲਾਕਿਆਂ ਵਿੱਚ ਅਜਿਹੀਆਂ ਗਤੀਵਿਧੀਆਂ 'ਤੇ ਨਜ਼ਰ ਰੱਖਣ ਲਈ ਵਿਸ਼ੇਸ਼ ਟੀਮਾਂ ਤਾਇਨਾਤ ਕੀਤੀਆਂ ਗਈਆਂ ਹਨ।

ਭਾਰਤੀ ਖ਼ੁਫ਼ੀਆ ਏਜੰਸੀਆਂ, ਜਿਵੇਂ ਕਿ ਰਾਅ ਅਤੇ ਆਈ.ਬੀ., ਪੰਜਾਬ ਦੇ ਸਰਹੱਦੀ ਇਲਾਕਿਆਂ ਵਿੱਚ ਧਰਮ ਪਰਿਵਰਤਨ ਅਤੇ ਜਾਸੂਸੀ ਗਤੀਵਿਧੀਆਂ 'ਤੇ ਤਿੱਖੀ ਨਜ਼ਰ ਰੱਖ ਰਹੀਆਂ ਹਨ। ਅਧਿਕਾਰੀਆਂ ਦਾ ਕਹਿਣਾ ਹੈ ਕਿ ਆਈ.ਐਸ.ਆਈ. ਦੀ ਰਣਨੀਤੀ ਵਿੱਚ ਸਮਾਜਿਕ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਨੂੰ ਨਿਸ਼ਾਨਾ ਬਣਾਉਣਾ ਸ਼ਾਮਲ ਹੈ। ਸਰਹੱਦੀ ਖੇਤਰਾਂ ਵਿੱਚ ਸੁਰੱਖਿਆ ਬਲਾਂ ਨੂੰ ਵਿਸ਼ੇਸ਼ ਹਦਾਇਤਾਂ ਦਿੱਤੀਆਂ ਗਈਆਂ ਹਨ ਕਿ ਉਹ ਅਜਿਹੇ ਵਿਅਕਤੀਆਂ 'ਤੇ ਨਜ਼ਰ ਰੱਖਣ, ਜੋ ਅਚਾਨਕ ਆਰਥਿਕ ਸਥਿਤੀ ਵਿੱਚ ਸੁਧਾਰ ਜਾਂ ਸਮਾਜਿਕ ਵਰਤਾਰੇ ਵਿੱਚ ਬਦਲਾਅ ਦਿਖਾਉਂਦੇ ਹਨ।

ਇਸ ਮੁੱਦੇ ਨੂੰ ਹੱਲ ਕਰਨ ਲਈ ਸੁਰੱਖਿਆ ਏਜੰਸੀਆਂ ਦੇ ਨਾਲ-ਨਾਲ ਸਮਾਜਿਕ ਅਤੇ ਆਰਥਿਕ ਸੁਧਾਰਾਂ ਦੀ ਵੀ ਲੋੜ ਹੈ। ਪੰਜਾਬ ਵਿੱਚ ਬੇਰੁਜ਼ਗਾਰੀ ਦਾ ਸੰਕਟ ਦੂਰ ਕਰਨ ਦੀ ਲੋੜ ਹੈ। ਧਰਮ ਪਰਿਵਰਤਨ ਅਤੇ ਜਾਸੂਸੀ ਦੇ ਮਾਮਲਿਆਂ ਨੇ ਸਾਫ਼ ਕਰ ਦਿੱਤਾ ਹੈ ਕਿ ਇਹ ਸਿਰਫ਼ ਸੁਰੱਖਿਆ ਦਾ ਮੁੱਦਾ ਨਹੀਂ, ਸਗੋਂ ਸਮਾਜਿਕ ਅਤੇ ਆਰਥਿਕ ਨੀਤੀਆਂ ਦੀ ਅਸਫ਼ਲਤਾ ਦਾ ਨਤੀਜਾ ਵੀ ਹੈ। ਸਰਕਾਰ ਨੂੰ ਇਸ ਸਮੱਸਿਆ ਦਾ ਹੱਲ ਲੱਭਣ ਦੀ ਜ਼ਰੂਰਤ ਹੈ, ਤਾਂ ਜੋ ਭਵਿੱਖ ਵਿੱਚ ਅਜਿਹੀਆਂ ਘਟਨਾਵਾਂ ਨੂੰ ਰੋਕਿਆ ਜਾ ਸਕੇ। ?

***

## ਅੰਤਰਰਾਸ਼ਟਰੀ ਆਲੋਚਨਾ ਵਿੱਚ ਘਿਰਿਆ ਭਾਰਤੀ

ਪ੍ਰੈਸ ਫਰੀਡਮ ਇੰਡੈਕਸ 2025 ਅਨੁਸਾਰ, 180 ਦੇਸ਼ਾਂ ਵਿੱਚ ਭਾਰਤ 151ਵੇਂ ਸਥਾਨ 'ਤੇ ਹੈ, ਜੋ ਮੀਡੀਆ ਦੀ ਆਜ਼ਾਦੀ ਅਤੇ ਭਰੋਸੇਯੋਗਤਾ ਦੀ ਨੀਵੀਂ ਸਥਿਤੀ ਨੂੰ ਦਰਸਾਉਂਦਾ ਹੈ।

ਪਰ ਸਰਕਾਰ ਦੀ ਚੁੱਪੀ ਦਾ ਮੁੱਖ ਕਾਰਨ ਕੀ ਹੈ? ਇੱਕ ਵਜ੍ਹਾ ਇਹ ਹੋ ਸਕਦੀ ਹੈ ਕਿ ਮੀਡੀਆ ਦੀ ਅਜਿਹੀ ਰਿਪੋਰਟਿੰਗ ਸਰਕਾਰ ਦੇ ਰਾਸ਼ਟਰਵਾਦੀ ਏਜੰਡੇ ਨੂੰ ਮਜ਼ਬੂਤ ਕਰਦੀ ਹੈ।

ਸਰਕਾਰ ਨੇ ਕੁਝ ਮੌਕਿਆਂ 'ਤੇ ਮੀਡੀਆ ਲਈ ਐਡਵਾਈਜ਼ਰੀ ਜਾਰੀ ਕੀਤੀ, ਜਿਵੇਂ ਕਿ ਭਾਰਤ-ਪਾਕਿਸਤਾਨ ਤਣਾਅ ਦੌਰਾਨ ਲਾਈਵ ਕਵਰੇਜ ਨਾ ਕਰਨ ਦੀ ਸਲਾਹ, ਪਰ ਇਹ ਸਿਰਫ ਸਤਹੀ ਕਦਮ ਸਨ। ਕੋਈ ਸਖ਼ਤ ਕਾਨੂੰਨੀ ਜਾਂ ਨਿਯਮਕ ਕਾਰਵਾਈ ਨਹੀਂ ਹੋਈ, ਜੋ ਮੀਡੀਆ ਨੂੰ ਜਵਾਬਦੇਹ ਬਣਾਉਂਦੀ।

ਅੰਤਰਰਾਸ਼ਟਰੀ ਮੀਡੀਆ ਦੀ ਨਜ਼ਰ ਵਿੱਚ ਭਾਰਤੀ ਮੀਡੀਆ

ਅੰਤਰਰਾਸ਼ਟਰੀ ਮੀਡੀਆ ਨੇ ਭਾਰਤੀ ਮੀਡੀਆ ਦੀ ਇਸ ਗੈਰ-ਜ਼ਿੰਮੇਵਾਰੀ ਨੂੰ ਸਖ਼ਤ ਆਲੋਚਨਾ ਦਾ ਨਿਸ਼ਾਨਾ ਬਣਾਇਆ ਹੈ। 'ਦਿ ਨਿਊਯਾਰਕ ਟਾਈਮਜ਼' ਨੇ ਲਿਖਿਆ ਕਿ ਭਾਰਤੀ ਮੀਡੀਆ ਨੇ 'ਤੱਥਾਂ ਦੀ ਪੜਤਾਲ ਕੀਤੇ ਬਿਨਾਂ ਮਨਘੜਤ ਰਿਪੋਰਟਾਂ ਪ੍ਰਸਾਰਿਤ ਕਰਕੇ ਰਾਸ਼ਟਰਵਾਦ ਦੇ ਬੁਖਾਰ ਨੂੰ ਹਵਾ ਦਿੱਤੀ।'

'ਦਿ ਇਕੌਨੋਮਿਸਟ' ਨੇ ਇਸ ਨੂੰ 'ਅਪਮਾਨਜਨਕ ਅਤੇ ਬੇਹੂਦਾ' ਕਰਾਰ ਦਿੱਤਾ, ਜਿਸ ਵਿੱਚ ਐਂਕਰਾਂ ਨੇ 'ਕਰਾਚੀ ਨੂੰ ਅੱਗ ਲਗਾਉਣ' ਜਾਂ 'ਸਾਰੇ ਸ਼ਹਿਰ ਨੂੰ ਉਡਾਉਣ' ਵਰਗੀਆਂ ਮੰਗਾਂ ਉਠਾਈਆਂ।

ਇਹ ਅੰਤਰਰਾਸ਼ਟਰੀ ਆਲੋਚਨਾ ਸਿਰਫ਼ ਭਾਰਤੀ ਮੀਡੀਆ ਦੀ ਸਾਖ ਨੂੰ ਹੀ ਨਹੀਂ ਡੁਬੋਂਦੀ, ਸਗੋਂ ਭਾਰਤ ਦੀ ਅੰਤਰਰਾਸ਼ਟਰੀ ਚਿੱਤਰ ਨੂੰ ਵੀ ਧੁੰਧਲਾ ਕਰਦੀ ਹੈ।

ਬ੍ਰਾਡਕਾਸਟ ਆਡੀਐਂਸ ਰਿਸਰਚ ਕੌਂਸਲ ਦੀ ਰਿਪੋਰਟ ਅਨੁਸਾਰ, 'ਅਪਰੇਸ਼ਨ ਸੰਧੂਰ' ਵਰਗੀਆਂ ਮਹੱਤਵਪੂਰਨ ਘਟਨਾਵਾਂ ਦੌਰਾਨ ਵੀ ਲੋਕਾਂ ਨੇ ਨਿਊਜ਼ ਚੈਨਲਾਂ ਦੀ ਬਜਾਏ ਆਈ.ਪੀ.ਐਲ ਮੈਚ ਦੇਖਣ ਨੂੰ ਤਰਜੀਹ ਦਿੱਤੀ। ਇਹ ਸੰਕੇਤ ਦਿੰਦਾ ਹੈ ਕਿ ਮੀਡੀਆ ਦੀ ਭਰੋਸੇਯੋਗਤਾ 'ਤੇ ਲੋਕਾਂ ਦਾ ਵਿਸ਼ਵਾਸ ਘਟ ਰਿਹਾ ਹੈ। ਇਸ ਦਾ ਇੱਕ ਮੁੱਖ ਕਾਰਨ ਹੈ ਮੀਡੀਆ ਦੀ ਟੀ.ਆਰ.ਪੀ. ਦੀ ਦੌੜ। ਇਸ ਹੋੜ ਵਿੱਚ, ਮੀਡੀਆ ਸੱਚਾਈ ਨੂੰ ਛੱਡ ਕੇ ਸਨਸਨੀਖੇਜ਼ ਅਤੇ ਭਾਵੁਕ ਖ਼ਬਰਾਂ 'ਤੇ ਜ਼ੋਰ ਦਿੰਦਾ ਹੈ। ਮੀਡੀਆ ਨੂੰ ਆਪਣੀ ਪੇਸ਼ੇਵਰਤਾ ਅਤੇ ਨਿਰਪੱਖਤਾ ਵੱਲ ਮੁੜਨ ਦੀ ਲੋੜ ਹੈ। ਸਰਕਾਰ ਨੂੰ ਵੀ ਸਖ਼ਤ ਨਿਯਮਕ ਕਦਮ ਚੁੱਕਣੇ ਪੈਣਗੇ, ਤਾਂ ਜੋ ਮੀਡੀਆ ਜਵਾਬਦੇਹ ਬਣੇ। ਸਮਾਜ ਨੂੰ ਵੀ ਸੁਚੇਤ ਹੋਣ ਦੀ ਜ਼ਰੂਰਤ ਹੈ। ਲੋਕਾਂ ਨੂੰ ਫਰਜ਼ੀ ਖ਼ਬਰਾਂ ਅਤੇ ਸੱਚ ਦੇ ਵਿਚਕਾਰ ਫਰਕ ਕਰਨ ਦੀ ਸਮਰੱਥਾ ਵਧਾਉਣੀ ਚਾਹੀਦੀ। ਜਿਵੇਂ ਕਿ ਇਪਸੌਸ ਦੀ ਰਿਪੋਰਟ ਸੁਝਾਉਂਦੀ ਹੈ, ਭਾਰਤੀਆਂ ਨੂੰ ਆਲੋਚਨਾਤਮਕ ਚਿੰਤਨ ਦੀ ਲੋੜ ਹੈ।

## ਬਲੋਚਿਸਤਾਨ ਦੇ ਲੋਕ ਆਜ਼ਾਦੀ ਲਈ

ਬਲੋਚਿਸਤਾਨ ਦੀ ਧਰਤੀ 'ਚ ਕੁਦਰਤੀ ਬਹੁਮੁੱਲੀਆਂ ਧਾਤਾਂ ਯੂਰੇਨੀਅਮ, ਸੋਨਾ, ਤਾਂਬਾ, ਪੈਟਰੋਲੀਅਮ, ਕੋਲਾ ਤੇ ਗੈਸ ਦੇ ਵਿਸ਼ਾਲ ਭੰਡਾਰ ਹਨ । ਪਾਕਿਸਤਾਨ ਵੱਡੇ ਪੱਧਰ 'ਤੇ ਬਲੋਚਿਸਤਾਨ ਦੇ ਕੁਦਰਤੀ ਖ਼ਜ਼ਾਨਿਆਂ ਨੂੰ ਲੁੱਟ ਰਿਹਾ ਹੈ । ਪਾਕਿਸਤਾਨ ਨੇ ਇਹ ਕੁਦਰਤੀ ਖ਼ਜ਼ਾਨੇ ਕੱਢਣ ਲਈ ਚੀਨ ਦੀਆਂ ਕੰਪਨੀਆਂ ਨੂੰ ਠੇਕੇ ਦਿੱਤੇ ਹੋਏ ਹਨ। ਬਲੋਚਿਸਤਾਨ ਨੂੰ ਬਹੁਤ ਹੀ ਘੱਟ ਰਾਇਲਟੀ ਮਿਲਦੀ ਹੈ ਤੇ ਜਿਹੜੀ ਮਿਲਦੀ ਵੀ ਹੈ, ਉਹ ਉੱਥੋਂ ਦੇ ਗਿਣੇ-ਚੁਣੇ ਸਰਦਾਰਾਂ ਕੋਲ ਚਲੀ ਜਾਂਦੀ ਹੈ । ਬਲੋਚਿਸਤਾਨ ਦੇ ਆਮ ਨਾਗਰਿਕ ਗ਼ਰੀਬੀ ਤੇ ਗ਼ੁਰਬਤ ਦੀ ਜ਼ਿੰਦਗੀ ਜਿਉਣ ਲਈ ਮਜਬੂਰ ਹਨ।

ਬਲੋਚਿਸਤਾਨ 'ਚ ਹਿੰਗਲਾਜ਼ ਮਾਤਾ ਦਾ ਪ੍ਰਾਚੀਨ ਮੰਦਰ ਹੈ। ਬਲੋਚਿਸਤਾਨ 'ਚ ਹਿੰਦੂਆਂ ਤੇ ਕਸ਼ੱਤਰੀਆਂ ਵੱਲੋਂ ਹਿੰਗਲਾਜ਼ ਮਾਤਾ ਨੂੰ ਕੁਲਦੇਵੀ ਮੰਨਿਆ ਜਾਂਦਾ ਹੈ। ਬਲੋਚਿਸਤਾਨ 'ਚ ਹਿੰਗਲਾਜ਼ ਮਾਤਾ ਨੂੰ ਸਮਰਪਿਤ ਸਭ ਤੋਂ ਵੱਡੀ ਨਦੀ ਹਿੰਗੋਲ ਹੈ ਅਤੇ ਹਿੰਗੋਲ ਨੈਸ਼ਨਲ ਪਾਰਕ ਜਿਹੜਾ 6200 ਵਰਗ ਕਿ.ਮੀ. ਇਲਾਕੇ 'ਚ ਫੈਲਿਆ ਹੋਇਆ ਹੈ, ਇੱਥੇ ਹੀ ਸਥਿਤ ਹੈ।

***

## ਵਿਦਿਅਕ ਢਾਂਚੇ 'ਚ ਵੱਡੇ ਸੁਧਾਰ

ਸਕੂਲ ਮੁਖੀ ਆਪਣੇ ਵਿਦਿਅਕ ਕਾਰਜ ਦੀ ਪੂਰਤੀ ਮਗਰੋਂ ਕੀਤੇ ਜਾਣ ਵਾਲੇ ਸਮਾਗਮ ਸਮੇਂ ਅਜਿਹੇ ਕਾਰਜਾਂ ਵਾਸਤੇ ਸਿਆਸੀ ਆਕਾਵਾਂ ਦੇ ਪੈਰ ਪੁਆ ਕੇ ਸੰਤੁਸ਼ਟੀ ਕਰਵਾ ਸਕਦੇ ਹਨ। ਇੱਕ ਦਾਨ ਕਰਤਾ ਨੇ 56 ਲੱਖ ਰੁਪਏ ਤੋਂ ਵੀ ਵਧੇਰੇ ਰਕਮ ਸਕੂਲ ਦੀ ਲਾਇਬ੍ਰੇਰੀ ਦੀ ਉਸਾਰੀ ਸਮੇਤ ਕਮਰਿਆਂ ਲਈ ਦਿੱਤੀ। ਉਸ ਨੇ ਉਦਘਾਟਨ ਦੀ ਰਸਮ ਕਰਨ ਦੀ ਇੱਛਾ ਜ਼ਾਹਿਰ ਕੀਤੀ। ਸਕੂਲ ਮੁਖੀ ਨੇ ਇਸ ਰਸਮ ਨਾਲ ਸਾਲਾਨਾ ਸਮਾਗਮ ਵੀ ਜੋੜ ਲਿਆ। ਇੱਕ ਕੰਮ ਨਾਲ ਇੱਕ ਤੋਂ ਵਧੇਰੇ ਕੰਮ ਰੱਖ ਕੇ ਦਾਨ ਕਰਤਾ ਦੀ ਇੱਛਾ ਦੀ ਪੂਰਤੀ ਵੀ ਕਰ ਲਈ ਅਤੇ ਵਿਦਿਅਕ ਪ੍ਰੋਗਰਾਮ ਵੀ ਕਰ ਲਿਆ ਪਰ ਇੱਥੇ ਤਾਂ ਸਿੱਖਿਆ ਕ੍ਰਾਂਤੀ ਦੇ ਨਾਮ 'ਤੇ ਦਿਨਾਂ ਦੇ ਦਿਨ ਸਕੂਲਾਂ ਦੇ ਸਿਰ ਮੜ੍ਹ ਦਿੱਤੇ ਅਤੇ ਪੜ੍ਹਾਈ ਦਾ ਨਾਸ ਕਰ ਦਿੱਤਾ। ਸੋਚੋ, ਕਿਸੇ ਵਿਦਿਅਕ ਸੰਸਥਾ ਵਿੱਚ ਪ੍ਰਧਾਨਗੀ ਕਰਨ ਵਾਲਾ, ਵਿਦਿਆ ਦੀਆਂ ਬਰੀਕੀਆਂ ਤੋਂ ਰਹਿਤ ਸ਼ਖ਼ਸ ਕਿਸ ਤਰ੍ਹਾਂ ਦੀ ਅਗਵਾਈ ਦੇਣ ਦੀ ਗੱਲ ਕਰੇਗਾ! ਸੋ, ਲੋੜ ਸਕੂਲਾਂ ਵਿੱਚ ਵਿਦਿਅਕ ਮਾਹੌਲ ਸਾਵਾਂ ਬਣਾਉਣ ਦੀ ਹੈ।

***

## ਯਾਮੀ ਗੌਤਮ

ਮੈਂ ਇਹ ਨਹੀਂ ਭੁੱਲੀ ਕਿ ਮੈਨੂੰ ਇਸ ਰਸਤੇ 'ਤੇ ਲਿਆਉਣ ਵਾਲੀ ਚੀਜ਼ ਕੀ ਹੈ।" ਸਕ੍ਰਿਪਟ ਦੀ ਸਮਝਦਾਰੀ ਨਾਲ ਚੋਣ ਨੇ ਉਸ ਦੇ ਕਰੀਅਰ ਨੂੰ ਪਰਿਭਾਸ਼ਿਤ ਕੀਤਾ ਹੈ। ਉਹ ਇੱਕ ਤੋਂ ਬਾਅਦ ਇੱਕ ਫ਼ਿਲਮਾਂ ਵਿੱਚ ਕੰਮ ਕਰ ਰਹੀ ਹੈ, ਤਾਂ ਕੀ ਉਹ 'ਕਾਬਿਲ' ਵਰਗੀ ਕਿਸੇ ਭੂਮਿਕਾ ਲਈ ਹਾਂ ਕਹੇਗੀ, ਜਿਸ ਵਿੱਚ ਉਸ ਨੇ ਇੱਕ ਨੇਤਰਹੀਣ ਔਰਤ ਦਾ ਕਿਰਦਾਰ ਨਿਭਾਇਆ ਸੀ, ਪਰ ਆਪਣੇ ਸਹਿ-ਅਦਾਕਾਰ ਰਿਤਿਕ ਰੋਸ਼ਨ ਦੇ ਮੁਕਾਬਲੇ ਉਸ ਦਾ ਸਕ੍ਰੀਨ-ਟਾਈਮ ਸੀਮਤ ਸੀ ? ਇਸ ਮਿਲਣਸਾਰ ਅਭਿਨੇਤਰੀ ਨੂੰ ਇਹ ਸੁਣਨਾ ਬੁਰਾ ਲੱਗਦਾ ਹੈ। ਉਹ ਦਲੀਲ ਦਿੰਦੀ ਹੈ, "ਇਹ ਉਹ ਬਿਰਤਾਂਤ ਹੈ ਜੋ ਮੈਨੂੰ ਪਰੇਸ਼ਾਨ ਕਰਦਾ ਹੈ। ਜਦੋਂ ਅਸੀਂ ਹੌਲੀਵੁੱਡ ਦੀ ਪ੍ਰਸ਼ੰਸਾ ਕਰਦੇ ਹਾਂ ਜਦੋਂ ਰੌਬਰਟ ਡਾਊਨੀ ਜੂਨੀਅਰ ਨੂੰ 'ਓਪੇਨਹਾਈਮਰ' ਵਿੱਚ ਸਹਾਇਕ ਭੂਮਿਕਾ ਲਈ ਆਸਕਰ ਮਿਲਦਾ ਹੈ ਅਤੇ ਰਾਮੀ ਮਲੇਕ ਉਸੇ ਫ਼ਿਲਮ ਵਿੱਚ ਇੱਕ ਕੈਮਿਓ ਕਰਦੇ ਹਨ, ਤਾਂ ਅਸੀਂ ਇੱਥੇ ਭੂਮਿਕਾ ਦੀ ਲੰਬਾਈ ਦੇ ਘਸੇ ਪਿਟੇ ਮਾਪਦੰਡ ਨੂੰ ਛੱਡ ਕੇ ਅਦਾਕਾਰ ਦੀ ਯੋਗਤਾ ਨੂੰ ਮਹੱਤਵ ਦੇਣਾ ਜਾਰੀ ਰੱਖਦੇ ਹਾਂ।" ਇਸ ਲਈ, ਨੇੜਲੇ ਭਵਿੱਖ ਵਿੱਚ ਅਸੀਂ ਉਸ ਨੂੰ ਇੱਕ ਅਜਿਹੀ ਫ਼ਿਲਮ ਵਿੱਚ ਦੇਖਾਂਗੇ ਜਿਸ ਵਿੱਚ ਕਈ ਕਲਾਕਾਰ ਹੋਣਗੇ। ਬੇਸ਼ੱਕ, ਸਫ਼ਲਤਾ ਨੇ ਉਸ ਨੂੰ ਆਤਮਵਿਸ਼ਵਾਸ ਦਿੱਤਾ ਹੈ ਅਤੇ ਉਸ ਨੂੰ ਸਸ਼ਕਤ ਬਣਾਇਆ ਹੈ, ਇਸ ਲਈ ਉਹ ਇਸ ਵਿੱਚ ਘੱਟ ਨਹੀਂ ਲੱਗੇਗੀ ਜਿਸ ਦੀ ਉਹ ਹੱਕਦਾਰ ਹੈ।

ਚੰਡੀਗੜ੍ਹ ਦੀ ਇਹ ਕੁੜੀ ਕਿੰਨੀ ਯੋਗ ਹੈ, ਇਹ ਇੱਕ ਤੋਂ ਵੱਧ ਵਾਰ ਸਾਬਤ ਹੋ ਚੁੱਕਿਆ ਹੈ। ਹਾਲਾਂਕਿ, ਉਹ ਮੁੰਬਈ ਨੂੰ ਆਪਣੀ ਕਰਮਭੂਮੀ ਕਹਿੰਦੀ ਹੈ, ਜਿਸ ਨੇ ਉਸ ਨੂੰ ਉਹ ਬਣਾਇਆ ਹੈ ਜੋ ਉਹ ਅੱਜ ਹੈ, ਪਰ ਜਿਸ ਸ਼ਹਿਰ ਵਿੱਚ ਉਹ ਵੱਡੀ ਹੋਈ ਹੈ, ਉਸ ਪ੍ਰਤੀ ਉਸ ਦੀਆਂ 'ਭਾਵਨਾਵਾਂ ਸ਼ੁੱਧ' ਹਨ। ਚੰਡੀਗੜ੍ਹ ਬੇਸ਼ੱਕ ਪਿਛਲੇ ਸਾਲਾਂ ਦੌਰਾਨ ਬਦਲ ਗਿਆ ਹੈ, ਪਰ ਉਹ ਇਸ ਨੂੰ ਪੁਰਾਣੀਆਂ ਯਾਦਾਂ ਵਿੱਚ ਖੋਈਆਂ ਹੋਈਆਂ ਨਜ਼ਰਾਂ ਨਾਲ ਦੇਖਦੀ ਹੈ। ਹਾਲ ਹੀ ਵਿੱਚ ਜਦੋਂ ਉਹ ਆਪਣੇ ਬੱਚੇ ਨਾਲ ਸੈਕਟਰ 17 ਵਿੱਚ ਘੁੰਮਣ ਲਈ ਗਈ ਤਾਂ ਚੰਡੀਗੜ੍ਹ ਕਾਰਨੀਵਲ ਅਤੇ ਦਿਵਾਲੀ ਦੀ ਚਹਿਲ-ਪਹਿਲ ਦੀਆਂ ਯਾਦਾਂ ਤਾਜ਼ੀਆਂ ਹੋ ਗਈਆਂ।

***

## ਲਾਅਨ ਟੈਨਿਸ ਦੀ ਮਲਿਕਾ

13 ਸਾਲ ਦੀ ਅੱਲ੍ਹੜ ਉਮਰ 'ਚ ਉਸ ਨੇ ਪਹਿਲਾ ਪੇਸ਼ੇਵਰ ਮੈਚ ਖੇਡਿਆ, 18 ਸਾਲ ਦੀ ਉਮਰੇ ਪਹਿਲਾ ਗ੍ਰੈਂਡ ਸਲੈਮ ਖ਼ਿਤਾਬ ਜਿੱਤਿਆ, ਉਸੇ ਸਾਲ ਵਿਸ਼ਵ ਦੀ ਅੱਵਲ ਨੰਬਰ ਖਿਡਾਰਨ ਐਲਾਨੀ ਗਈ, 19ਵੇਂ ਸਾਲ ਦੀ ਉਮਰੇ ਮਹਾਨ ਪ੍ਰਾਪਤੀ ਕੈਲੰਡਰ ਸਲੈਮ ਜਿੱਤਣ ਦੀ ਹੋਈ ਜਿਸ ਨੂੰ 'ਗੋਲਡਨ ਸਲੈਮ' ਵੀ ਕਿਹਾ ਜਾਂਦਾ ਹੈ। ਸਿਓਲ ਦੀਆਂ ਉਲੰਪਿਕ ਖੇਡਾਂ 'ਚ ਸਿੰਗਲਜ਼ ਦਾ ਗੋਲਡ ਤੇ ਡਬਲਜ਼ ਦਾ ਕਾਂਸੀ ਦਾ ਮੈਡਲ ਜਿੱਤ ਕੇ ਉਸ ਨੇ ਪੱਛਮੀ ਜਰਮਨੀ ਦਾ ਮਾਣ ਵਧਾਇਆ। ਫਿਰ ਬਰਲਿਨ ਦੀ ਦੀਵਾਰ ਢਾਹ ਕੇ ਈਸਟ ਜਰਮਨੀ ਤੇ ਵੈਸਟ ਜਰਮਨੀ ਇਕੱਠੇ ਹੋਏ ਤਾਂ 1992 ਵਿੱਚ ਬਾਰਸੀਲੋਨਾ ਦੀਆਂ ਉਲੰਪਿਕ ਖੇਡਾਂ 'ਚੋਂ ਸਟੈਫੀ ਗ੍ਰਾਫ ਨੇ ਇੱਕ ਸਿਲਵਰ ਮੈਡਲ ਜਰਮਨੀ ਦੇ ਨਾਂ 'ਤੇ ਵੀ ਜਿੱਤਿਆ। ਜਰਮਨੀ ਦੀ ਸਿਟੀਜ਼ਨ ਤਾਂ ਉਹ ਜਮਾਂਦਰੂ ਸੀ। ਸਰਗਰਮ ਖੇਡ ਤੋਂ ਰਿਟਾਇਰ ਹੋਣ ਪਿੱਛੋਂ ਅਮਰੀਕਾ ਵਿੱਚ ਵਸੇਬੇ ਕਾਰਨ ਉਹ ਅਮਰੀਕਾ ਦੀ ਵੀ ਸਿਟੀਜ਼ਨ ਹੈ।

***

## ਪੁੱਤ ਪੰਜ ਦਰਿਆਵਾਂ ਦੇ,

ਉੱਤਮ ਖੇਤੀ, ਮੱਧਮ ਵਿਉਪਾਰ ਤੇ ਨੀਚ ਚਾਕਰੀ। ਪਰ ਹੁਣ ਪੰਜਾਬੀ ਨੌਜਵਾਨ ਵਿਦੇਸ਼ਾਂ 'ਚ ਜਾ ਕੇ ਹਰ ਤਰ੍ਹਾਂ ਦਾ ਕੰਮ ਕਰਨ ਲਈ ਤਿਆਰ ਹਨ,ਜਿਸ ਵਿੱਚ ਚਾਕਰੀ ਦੇ ਨਾਲ ਲੇਬਰ ਵਰਕ ਵੀ ਸ਼ਾਮਲ ਹੈ। ਕਈ ਬੁੱਧੀਜੀਵੀ ਕਹਿੰਦੇ ਹਨ ਕਿ ਉਹਨਾਂ ਨੂੰ ਇਸ ਗੱਲ ਦੀ ਸਮਝ ਨਹੀਂ ਆ ਰਹੀ ਕਿ ਜਿਹੜੇ ਪੰਜਾਬੀ ਨੌਜਵਾਨ ਵਿਦੇਸ਼ ਜਾ ਕੇ ਹਰ ਤਰ੍ਹਾਂ ਦਾ ਕੰਮ ਕਰਨ ਲਈ ਤਿਆਰ ਹੋ ਜਾਂਦੇ ਹਨ ਕੀ ਉਹਨਾਂ ਦੇ ਪੰਜਾਬ ਵਿੱਚ ਅਜਿਹਾ ਕੋਈ ਕੰਮ ਕਰਨ ਲਈ ਹੱਥਾਂ 'ਤੇ ਮਹਿੰਦੀ ਲੱਗੀ ਹੁੰਦੀ ਹੈ ਭਾਵ ਉਹ ਪੰਜਾਬ ਵਿੱਚ ਰਹਿੰਦਿਆਂ ਅਜਿਹੇ ਕੰਮ ਧੰਦੇ ਕਿਉਂ ਨਹੀਂ ਕਰਦੇ ? ਸਾਰੇ ਹੀ ਪਰਵਾਸੀ ਆਪਣੀ ਜੰਮਣ ਭੋਇੰ ਤੋਂ ਦੂਰ, ਜੰਮਣ ਭੋਇੰ ਤੋਂ ਟੁੱਟਣ ਦਾ ਸੰਤਾਪ ਹੰਢਾਉਂਦੇ ਹਨ। ਉਹ ਸਾਰੇ ਆਪਣੀ ਮੂਲ ਪੰਜਾਬੀ ਭਾਸ਼ਾ ਛੱਡ ਕੇ ਦੂਜੀ ਭਾਸ਼ਾ ਵਿੱਚ ਰੋਜ਼ਾਨਾ ਕਾਰੋਬਾਰ ਕਰਦੇ ਹਨ। ਇਸੇ ਪ੍ਰਕਾਰ ਉਹ ਉਪਰੇ ਸੱਭਿਆਚਾਰ ਵਿੱਚ ਰਹਿੰਦਿਆਂ ਬੇਗਾਨਗੀ ਹੰਢਾਉਂਦੇ ਹਨ। ਆਪਣੀ ਭੋਇੰ, ਆਪਣੀ ਭਾਸ਼ਾ, ਆਪਣਾ ਸੱਭਿਆਚਾਰ ਤੋਂ ਦੂਰ ਰਹਿੰਦਿਆਂ ਇੱਕ ਪਾਸੇ ਤਾਂ ਆਪਣੀ ਮੂਲ ਭਾਸ਼ਾ, ਸੱਭਿਆਚਾਰ, ਦੇਸ਼ ਪ੍ਰਤੀ ਉਦਰੇਵਾਂ, ਹੇਰਵਾ, ਪਿਆਰ ਆਦਿ ਭਾਵਨਾਵਾਂ ਨਾਲ ਲਬਰੇਜ਼ ਰਹਿੰਦੇ ਹਨ। ਦੂਜੇ ਪਾਸੇ ਉਹ ਉਪਰੇ ਸੱਭਿਆਚਾਰ ਵਿੱਚ ਰਹਿੰਦਿਆਂ ਬੇਗਾਨਗੀ ਤੇ ਅਜਨਬੀਅਤ ਦੇ ਸੰਤਾਪ ਨੂੰ ਹੰਢਾਉਂਦਿਆਨਾਲੋ-ਨਾਲ ਆਪਣੀਆਂ ਲੋੜਾਂ ਕਾਰਨ ਨਵੇਂ ਸੱਭਿਆਚਾਰ ਨੂੰ ਵੀ ਅਪਣਾਉਂਦੇ ਹਨ। ਇਸ ਨਾਲ ਸੱਭਿਆਚਾਰ ਦਾ ਵਿਲੀਨੀਕਰਨ ਹੁੰਦਾ ਹੈ।

ਪੰਜਾਬੀ ਪੰਜਾਬ ਦੀ ਜਰਖ਼ੇਜ਼ ਮਿੱਟੀ ਨਾਲ ਪੂਰੀ ਤਰ੍ਹਾਂ ਜੁੜੇ ਹੋਏ ਹਨ। ਪੰਜਾਬੀਆਂ ਦਾ ਮੁੱਖ ਕਿੱਤਾ ਖੇਤੀਬਾੜੀ ਅਤੇ ਇਸ ਨਾਲ ਜੁੜੇ ਕੰਮ ਧੰਦੇ ਹਨ। ਪੰਜਾਬੀਆਂ ਨੂੰ ਵਿਦੇਸ਼ ਜਾਣ ਦੀ ਥਾਂ ਆਧੁਨਿਕ ਤਕਨੀਕਾਂ ਨਾਲ ਖੇਤੀ ਕਰਨੀ ਚਾਹੀਦੀ ਹੈ, ਸਰਕਾਰ ਨੂੰ ਫ਼ਸਲਾਂ ਦੇ ਭਾਅ ਸਹੀ ਦੇਣੇ ਚਾਹੀਦੇ ਹਨ, ਸਰਕਾਰ ਵੱਲੋਂ ਪੰਜਾਬ ਵਿੱਚ ਪੰਜਾਬੀਆਂ ਲਈ ਵਧੇਰੇ ਰੁਜ਼ਗਾਰ ਦੇ ਮੌਕੇ ਪੈਦਾ ਕਰਨੇ ਚਾਹੀਦੇ ਹਨ, ਪੰਜਾਬੀ ਜਿਹੜੇ ਕੰਮ ਵਿਦੇਸ਼ਾਂ 'ਚ ਜਾ ਕੇ ਕਰਦੇ ਹਨ, ਉਹੀ ਕੰਮ ਉਹਨਾਂ ਨੂੰ ਪੰਜਾਬ ਵਿੱਚ ਕਰਨੇ ਚਾਹੀਦੇ ਹਨ। ਪੰਜਾਬ ਨੂੰ ਬਚਾਉਣ ਲਈ ਪੰਜਾਬੀਆਂ ਦੇ ਪਰਵਾਸ ਨੂੰ ਠੱਲ ਪਾਉਣੀ ਜ਼ਰੂਰੀ ਹੈ। ਇਸ ਲਈ ਸਰਕਾਰ, ਸ਼ਹਿਰੀ ਪ੍ਰਸ਼ਾਸਨ, ਪਿੰਡਾਂ ਦੀਆਂ ਪੰਚਾਇਤਾਂ, ਸਮਾਜ ਸੇਵੀ ਸੰਸਥਾਵਾਂ ਅਤੇ ਹੋਰ ਜਥੇਬੰਦੀਆਂ ਨੂੰ ਰਲ ਮਿਲ ਕੇ ਉਪਰਾਲੇ ਕਰਨੇ ਚਾਹੀਦੇ ਹਨ।

***

## ਬ੍ਰਿਟੇਨ ਦੀਆਂ ਸਖ਼ਤ ਵੀਜ਼ਾ ਅਤੇ

ਗਿਣਤੀ ਵਿੱਚ ਕਮੀ ਕਾਰਨ ਹੈ। ਉਨ੍ਹਾਂ ਨੇ ਕਿਹਾ,'ਦਸੰਬਰ 2024 ਤੱਕ 12 ਮਹੀਨਿਆਂ ਵਿੱਚ ਇਮੀਗ੍ਰੇਸ਼ਨ ਵਿੱਚ ਵਾਧਾ ਵੀ ਹੋਇਆ, ਖਾਸ ਕਰਕੇ ਉਦੋਂ ਜਦੋਂ ਅਸਲ ਵਿੱਚ ਅਧਿਐਨ ਵੀਜ਼ਾ 'ਤੇ ਉਸ ਸਮੇਂ ਆਏ ਸਨ ਜਦੋਂ ਮਹਾਂਮਾਰੀ ਕਾਰਨ ਯੂ.ਕੇ ਵਿੱਚ ਯਾਤਰਾ ਪਾਬੰਦੀਆਂ ਨੂੰ ਢਿੱਲਾ ਕਰ ਦਿੱਤਾ ਗਿਆ ਸੀ।' ਯੂ.ਕੇ. ਸਰਕਾਰ ਨੇ ਕੁੱਲ ਇਮੀਗ੍ਰੇਸ਼ਨ ਵਿੱਚ ਗਿਰਾਵਟ ਦੀ ਪ੍ਰਸ਼ੰਸਾ ਕੀਤੀ। ਇਹ ਇੱਕ ਅਜਿਹਾ ਮੁੱਦਾ ਹੈ ਜੋ ਵਧਦੇ ਅੰਕੜਿਆਂ ਅਤੇ ਹਾਲੀਆ ਚੋਣਾਂ ਵਿੱਚ ਸੱਜੇ-ਪੱਖੀ ਇਮੀਗ੍ਰੇਸ਼ਨ ਵਿਰੋਧੀ ਲੇਬਰ ਪਾਰਟੀ ਦੇ ਮਹੱਤਵਪੂਰਨ ਲਾਭਾਂ ਵਿਚਕਾਰ ਰਾਜਨੀਤਿਕ ਏਜੰਡੇ 'ਤੇ ਹਾਵੀ ਰਿਹਾ ਹੈ। ਬ੍ਰਿਟਿਸ਼ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਸੋਸ਼ਲ ਮੀਡੀਆ 'ਤੇ ਇੱਕ ਬਿਆਨ ਵਿੱਚ ਕਿਹਾ,'ਕੰਜ਼ਰਵੇਟਿਵ ਸ਼ਾਸਨ ਦੌਰਾਨ ਸ਼ੁੱਧ ਇਮੀਗ੍ਰੇਸ਼ਨ ਲਗਭਗ 10 ਲੱਖ ਤੱਕ ਪਹੁੰਚ ਗਿਆ ਹੈ, ਜੋ ਕਿ ਬਰਮਿੰਘਮ ਦੀ ਆਬਾਦੀ ਦੇ ਬਰਾਬਰ ਹੈ। ਮੈਂ ਜਾਣਦਾ ਹਾਂ ਕਿ ਤੁਸੀਂ ਇਸ ਤੋਂ ਪਰੇਸ਼ਾਨ ਹੋ ਅਤੇ ਮੈਂ ਤੁਹਾਨੂੰ ਵਾਅਦਾ ਕੀਤਾ ਸੀ ਕਿ ਮੈਂ ਇਸਨੂੰ ਬਦਲ ਦਿਆਂਗਾ। ਅੱਜ ਦੇ ਅੰਕੜੇ ਦਰਸਾਉਂਦੇ ਹਨ ਕਿ ਅਸੀਂ ਪਿਛਲੇ ਸਾਲ ਸ਼ੁੱਧ ਇਮੀਗ੍ਰੇਸ਼ਨ ਲਗਭਗ ਅੱਧਾ ਕਰ ਦਿੱਤਾ ਹੈ।

****

## ਬ੍ਰਿਟੇਨ ਦੀਆਂ ਜੇਲ੍ਹਾਂ 'ਚ ਭੀੜ ਘਟਾਉਣ ਲਈ

ਰੋਕਣ ਵਿੱਚ ਮਦਦਗਾਰ ਹੋ ਸਕਦੀ ਹੈ। ਹਾਲਾਂਕਿ, ਮਨੁੱਖੀ ਅਧਿਕਾਰ ਸੰਗਠਨਾਂ ਨੇ ਇਸ ਦੀ ਨੈਤਿਕਤਾ ਅਤੇ ਪ੍ਰਭਾਵਸ਼ੀਲਤਾ 'ਤੇ ਸਵਾਲ ਉਠਾਏ ਹਨ, ਜਿਸ ਕਾਰਨ ਇਹ ਯੋਜਨਾ ਵਿਵਾਦਾਂ ਦੇ ਘੇਰੇ ਵਿੱਚ ਹੈ।

ਸਰਕਾਰੀ ਸੂਤਰਾਂ ਅਨੁਸਾਰ, ਇਹ ਯੋਜਨਾ 1990 ਦੇ ਦਹਾਕੇ ਤੋਂ ਬਾਅਦ ਅਪਰਾਧਿਕ ਨਿਆਂ ਪ੍ਰਣਾਲੀ ਵਿੱਚ ਸਭ ਤੋਂ ਵੱਡਾ ਬਦਲਾਅ ਮੰਨਿਆ ਜਾ ਰਿਹਾ ਹੈ। ਸਰਕਾਰ ਦਾ ਉਦੇਸ਼ ਜੇਲ੍ਹਾਂ ਵਿੱਚ ਭੀੜ ਘਟਾਉਣ ਦੇ ਨਾਲ-ਨਾਲ ਅਪਰਾਧੀਆਂ ਨੂੰ ਸੁਧਾਰਨਾ ਅਤੇ ਸਮਾਜ ਵਿੱਚ ਮੁੜ ਸਥਾਪਿਤ ਕਰਨਾ ਹੈ। ਸਰਕਾਰ ਦਾ ਮੰਨਣਾ ਹੈ ਕਿ ਰਸਾਇਣਕ ਨਪੁੰਸਕਤਾ ਅਤੇ ਸਜ਼ਾ ਵਿੱਚ ਰਾਹਤ ਜਿਨਸੀ ਅਪਰਾਧਾਂ ਨੂੰ ਘਟਾਉਣ ਅਤੇ ਜੇਲ੍ਹਾਂ ਦੀ ਭੀੜ ਨੂੰ ਕੰਟਰੋਲ ਕਰਨ ਵਿੱਚ ਮਦਦਗਾਰ ਹੋ ਸਕਦੀ ਹੈ। ਇਸ ਦੀ ਸਫਲਤਾ ਜਰਮਨੀ ਅਤੇ ਡੈਨਮਾਰਕ ਵਰਗੇ ਦੇਸ਼ਾਂ ਵਿੱਚ ਦੇਖੀ ਗਈ ਹੈ। ਪਰ, ਨੈਤਿਕਤਾ ਅਤੇ ਮਨੁੱਖੀ ਅਧਿਕਾਰਾਂ ਦੇ ਮੁੱਦਿਆਂ ਕਾਰਨ ਇਸ ਦੀ ਪ੍ਰਭਾਵਸ਼ੀਲਤਾ ਅਤੇ ਸਹੀ ਹੋਣ 'ਤੇ ਸਵਾਲ ਉੱਠ ਰਹੇ ਹਨ। ਇਸ ਦੇ ਲੰਬੇ ਸਮੇਂ ਦੇ ਨਤੀਜਿਆਂ ਦਾ ਮੁਲਾਂਕਣ ਅਜੇ ਬਾਕੀ ਹੈ।

**ਇੰਗਲੈਂਡ ਦੀਆਂ ਅਖਬਾਰਾਂ ਦਾ ਕੀ ਪ੍ਰਤੀਕਰਮ ਹੈ?**

ਬ੍ਰਿਟਿਸ਼ ਅਖਬਾਰਾਂ ਵਿੱਚ ਇਸ ਯੋਜਨਾ ਨੂੰ ਲੈ ਕੇ ਮਿਸ਼ਰਤ ਪ੍ਰਤੀਕਰਮ ਹੈ। ਦਾ ਗਾਰਡੀਅਨ ਅਤੇ ਦਾ ਇੰਡੀਪੈਂਨਡਿਟ ਵਰਗੀਆਂ ਅਖਬਾਰਾਂ ਨੇ ਮਨੁੱਖੀ ਅਧਿਕਾਰਾਂ ਅਤੇ ਨੈਤਿਕਤਾ 'ਤੇ ਚਿੰਤਾਵਾਂ ਨੂੰ ਉਜਾਗਰ ਕੀਤਾ ਹੈ, ਜਦਕਿ ਦਾ ਸਨ ਅਤੇ ਡੇਲੀ ਮੇਲ ਨੇ ਜੇਲ੍ਹ ਭੀੜ ਘਟਾਉਣ ਦੇ ਸਰਕਾਰੀ ਉਪਰਾਲੇ ਦਾ ਸਮਰਥਨ ਕੀਤਾ ਹੈ, ਪਰ ਸਖਤ ਨਿਗਰਾਨੀ ਦੀ ਮੰਗ ਕੀਤੀ ਹੈ।

'ਦਾ ਟਾਈਮਜ਼' ਨੇ ਇਸ ਨੂੰ ਅਪਰਾਧਿਕ ਨਿਆਂ ਪ੍ਰਣਾਲੀ ਵਿੱਚ ਸੁਧਾਰ ਵਜੋਂ ਦੇਖਿਆ ਹੈ, ਪਰ ਸਾਵਧਾਨੀ ਨਾਲ ਅਮਲ ਦੀ ਲੋੜ 'ਤੇ ਜ਼ੋਰ ਦਿੱਤਾ ਹੈ।

**ਵਿਰੋਧੀ ਪਾਰਟੀਆਂ ਦੀ ਕੀ ਰਾਇ ਹੈ ?**

ਕੰਜ਼ਰਵੇਟਿਵ ਪਾਰਟੀ ਅਤੇ ਹੋਰ ਵਿਰੋਧੀ ਪਾਰਟੀਆਂ ਨੇ ਸਰਕਾਰ ਦੀ ਯੋਜਨਾ 'ਤੇ ਮਿਸ਼ਰਤ ਪ੍ਰਤੀਕਰਮ ਦਿੱਤਾ ਹੈ। ਕੰਜ਼ਰਵੇਟਿਵ ਨੇਤਾਵਾਂ ਨੇ ਜੇਲ੍ਹਾਂ ਦੀ ਭੀੜ ਘਟਾਉਣ ਦੀ ਜ਼ਰੂਰਤ ਨੂੰ ਮੰਨਿਆ ਹੈ, ਪਰ ਰਸਾਇਣਕ ਨਿਪੁੰਸਕਤਾ ਨੂੰ ਲੈ ਕੇ ਸੁਰੱਖਿਆ ਅਤੇ ਨੈਤਿਕ ਮੁੱਦਿਆਂ 'ਤੇ ਸਵਾਲ ਉਠਾਏ ਹਨ। ਲਿਬਰਲ ਡੈਮੋਕਰੈਟਸ ਅਤੇ ਗ੍ਰੀਨ ਪਾਰਟੀ ਨੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਡਰ ਨੂੰ ਲੈ ਕੇ ਵਿਰੋਧ ਜਤਾਇਆ ਹੈ ਅਤੇ ਸੁਧਾਰ ਵਜੋਂ ਹੋਰ ਵਿਕਲਪਾਂ 'ਤੇ ਜ਼ੋਰ ਦਿੱਤਾ ਹੈ।

ਮਨੁੱਖੀ ਅਧਿਕਾਰ ਸੰਗਠਨਾਂ ਦੀ ਕੀ ਰਾਇ ਹੈ ?

ਮਨੁੱਖੀ ਅਧਿਕਾਰ ਸੰਗਠਨ, ਜਿਵੇਂ ਕਿ ਐਮਨੇਸਟੀ ਇੰਟਰਨੈਸ਼ਨਲ, ਨੇ ਰਸਾਇਣਕ ਨਿਪੁੰਸਕਤਾ ਦੀ ਯੋਜਨਾ ਦਾ ਸਖਤ ਵਿਰੋਧ ਕੀਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਹ ਪ੍ਰਕਿਰਿਆ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੈ ਅਤੇ ਸਰੀਰਕ ਅਖੰਡਤਾ ਨੂੰ ਨੁਕਸਾਨ ਪਹੁੰਚਾਉਂਦੀ ਹੈ। ਉਹ ਇਸ ਦੀ ਨੈਤਿਕਤਾ ਅਤੇ ਪ੍ਰਭਾਵਸ਼ੀਲਤਾ 'ਤੇ ਸਵਾਲ ਉਠਾਉਂਦੇ ਹਨ ਅਤੇ ਜ਼ੋਰ ਦਿੰਦੇ ਹਨ ਕਿ ਅਪਰਾਧੀਆਂ ਨੂੰ ਸੁਧਾਰਨ ਲਈ ਮਾਨਸਿਕ ਸਿਹਤ ਸਹਾਇਤਾ ਅਤੇ ਸਮਾਜਿਕ ਪੁਨਰਵਾਸ 'ਤੇ ਧਿਆਨ ਦਿੱਤਾ ਜਾਣਾ ਚਾਹੀਦਾ।

***

## ਅਮਰੀਕਾ ਦੇ ਵਰਜੀਨੀਆ ਵਿੱਚ ਪੰਜਾਬੀ ਸਿੱਖ

ਦੀ ਕੋਸ਼ਿਸ਼ ਕਰ ਰਹੀ ਹੈ ਕਿ ਇਸ ਜਾਨਲੇਵਾ ਹਮਲੇ ਅਤੇ ਸਟੋਰ ਨੂੰ ਨੁਕਸਾਨ ਪਹੁੰਚਾਉਣ ਦੀ ਸਾਜਿਸ਼ ਪਿੱਛੇ ਕਿਸ ਦਾ ਹੱਥ ਹੈ।

ਪੁਲਿਸ ਦੀ ਜਾਂਚ ਕੀ ਕਹਿੰਦੀ ਹੈ

ਪੁਲਿਸ ਨੇ ਹਮਲਾਵਰ ਕ੍ਰਿਸਟੋਫਰ ਟੈਰਲ ਨੂੰ ਗ੍ਰਿਫ਼ਤਾਰ ਕਰਕੇ ਪੁੱਛਗਿੱਛ ਸ਼ੁਰੂ ਕਰ ਦਿੱਤੀ ਹੈ। ਪੁਲਿਸ ਦੀ ਸ਼ੁਰੂਆਤੀ ਜਾਂਚ ਮੁਤਾਬਕ, ਹਮਲਾਵਰ ਨੇ ਫਾਇਰ ਬੰਬ ਸੁੱਟਣ ਸਮੇਂ ਵੀਡੀਓ ਬਣਾਉਂਦੇ ਹੋਏ ਕਿਸੇ ਨਾਲ ਫੋਨ 'ਤੇ ਗੱਲਬਾਤ ਕੀਤੀ, ਜੋ ਸਾਜਿਸ਼ ਦੀ ਗਹਿਰਾਈ ਵੱਲ ਇਸ਼ਾਰਾ ਕਰਦਾ ਹੈ। ਪੁਲਿਸ ਜਾਣਨ ਦੀ ਕੋਸ਼ਿਸ਼ ਕਰ ਰਹੀ ਹੈ ਕਿ ਕੀ ਇਹ ਹਮਲਾ ਸਿਰਫ਼ ਕੁਲਵਿੰਦਰ ਸਿੰਘ ਦੇ ਵਪਾਰ ਨੂੰ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਸੀ ਜਾਂ ਇਸ ਦੇ ਪਿੱਛੇ ਕੋਈ ਵੱਡੀ ਸਾਜਿਸ਼ ਹੈ। ਹਮਲਾਵਰ ਦੇ ਫੋਨ ਦੀ ਜਾਂਚ ਅਤੇ ਉਸ ਦੇ ਸੰਪਰਕਾਂ ਦੀ ਪੜਤਾਲ ਕੀਤੀ ਜਾ ਰਹੀ ਹੈ।

ਕੀ ਇਹ ਨਸਲੀ ਹਮਲਾ ਹੈ ?

ਪੁਲਿਸ ਨੇ ਹੁਣ ਤੱਕ ਇਸ ਹਮਲੇ ਨੂੰ ਨਸਲੀ ਹਮਲੇ ਵਜੋਂ ਪੁਸ਼ਟੀ ਨਹੀਂ ਕੀਤੀ। ਹਾਲਾਂਕਿ, ਕੁਲਵਿੰਦਰ ਸਿੰਘ ਫਲੋਰਾ ਦੀ ਸਿੱਖ ਪਛਾਣ ਅਤੇ ਇਲਾਕੇ ਵਿੱਚ ਉਸ ਦੀ ਪ੍ਰਮੁੱਖਤਾ ਨੂੰ ਵੇਖਦੇ ਹੋਏ, ਜਾਂਚਕਰਤਾ ਨਸਲੀ ਪੱਖ ਦੀ ਵੀ ਪੜਤਾਲ ਕਰ ਰਹੇ ਹਨ।

ਪੁਲਿਸ ਨੇ ਕਿਹਾ ਹੈ ਕਿ ਸਾਰੇ ਪਹਿਲੂਆਂ ਦੀ ਜਾਂਚ ਕੀਤੀ ਜਾ ਰਹੀ ਹੈ, ਪਰ ਅਜੇ ਤੱਕ ਕੋਈ ਠੋਸ ਸਬੂਤ ਨਸਲੀ ਮਨਸ਼ਾ ਨੂੰ ਸਾਬਤ ਨਹੀਂ ਕਰਦਾ।

***

## ਪੰਜਾਬ ਦੇ ਸਰਕਾਰੀ ਹਸਪਤਾਲਾਂ ਦੀ ਹਾਲਤ

ਇਸ ਦੀਆਂ ਸਹੂਲਤਾਂ ਪੀ.ਜੀ.ਆਈ. ਦੇ ਮੁਕਾਬਲੇ ਦੀਆਂ ਹਨ, ਖਾਸ ਕਰਕੇ ਸਰਕਾਰੀ ਸੈਕਟਰ ਵਿੱਚ। ਪੰਜਾਬ ਦੇ ਮਾਲਵਾ ਖੇਤਰ ਵਿੱਚ ਇਹ ਇੱਕ ਪ੍ਰਮੁੱਖ ਸਿਹਤ ਸੰਸਥਾ ਹੈ, ਜੋ ਸਸਤੀਆਂ ਦਰਾਂ 'ਤੇ ਉੱਚ-ਗੁਣਵੱਤਾ ਇਲਾਜ ਦਿੰਦੀ ਹੈ।

* ਫ਼ੋਰਟਿਸ ਹਸਪਤਾਲ, ਮੋਹਾਲੀ ਇਹ ਪੰਜਾਬ ਦਾ ਇੱਕ ਪ੍ਰਮੁੱਖ ਪ੍ਰਾਈਵੇਟ ਹਸਪਤਾਲ ਹੈ, ਜਿੱਥੇ ਕਾਰਡੀਓਲੋਜੀ, ਨਿਊਰੋਸਰਜਰੀ, ਅਤੇ ਔਰਥੋਪੈਡਿਕਸ ਵਿੱਚ ਵਧੀਆ ਸਹੂਲਤਾਂ ਮਿਲਦੀਆਂ ਹਨ।

* ਮੈਕਸ ਸੁਪਰ ਸਪੈਸ਼ਲਿਟੀ ਹਸਪਤਾਲ, ਮੋਹਾਲੀ: ਇਹ ਹਸਪਤਾਲ ਕੈਂਸਰ ਇਲਾਜ, ਕਾਰਡੀਓਲੋਜੀ, ਅਤੇ ਆਧੁਨਿਕ ਸਰਜਰੀਆਂ ਲਈ ਜਾਣਿਆ ਜਾਂਦਾ ਹੈ।

* ਡੀ.ਐਮ.ਸੀ. ਹਸਪਤਾਲ, ਲੁਧਿਆਣਾ: ਇਹ ਲੁਧਿਆਣਾ ਅਤੇ ਆਸਪਾਸ ਦੇ ਖੇਤਰਾਂ ਵਿੱਚ ਵਧੀਆ ਸਿਹਤ ਸੇਵਾਵਾਂ ਪ੍ਰਦਾਨ ਕਰਦਾ ਹੈ, ਖਾਸ ਕਰਕੇ ਹਾਰਟ ਅਤੇ ਕਿਡਨੀ ਦੇ ਇਲਾਜ ਵਿੱਚ।

* ਅਪੋਲੋ ਹਸਪਤਾਲ, ਲੁਧਿਆਣਾ: ਇਹ ਵੀ ਇੱਕ ਵਧੀਆ ਪ੍ਰਾਈਵੇਟ ਹਸਪਤਾਲ ਹੈ, ਜਿੱਥੇ ਆਧੁਨਿਕ ਸਹੂਲਤਾਂ ਅਤੇ ਮਾਹਿਰ ਡਾਕਟਰ ਉਪਲਬਧ ਹਨ।

ਪੰਜਾਬ ਸਰਕਾਰ ਮੈਡੀਕਲ ਸਹੂਲਤਾਂ ਵੱਲ ਕਿਉਂ ਨਹੀਂ ਦੇ ਰਹੀ ਧਿਆਨ ?

ਪੰਜਾਬ ਸਰਕਾਰ ਦਾ ਸਿਹਤ ਖੇਤਰ ਵਿੱਚ ਬਜਟ ਅਲਾਟਮੈਂਟ ਕੁੱਲ ਜੀ.ਡੀ.ਪੀ. ਦਾ 4-5% ਹੈ, ਜੋ ਕਿ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਮਾਪਦੰਡਾਂ ਤੋਂ ਘੱਟ ਹੈ। ਸਿਹਤ ਵਿਭਾਗ ਵਿੱਚ ਪ੍ਰਬੰਧਕੀ ਕੁਸ਼ਲਤਾ ਨਾ ਹੋਣਾ, ਜਿਵੇਂ ਕਿ ਫ਼ੰਡਾਂ ਦੀ ਦੁਰਵਰਤੋਂ ਅਤੇ ਅਧਿਕਾਰੀਆਂ ਦੀ ਜਵਾਬਦੇਹੀ ਦੀ ਘਾਟ, ਸਮੱਸਿਆ ਨੂੰ ਵਧਾਉਂਦੀਹੈ। ਸਰਕਾਰੀ ਨੌਕਰੀਆਂ ਵਿੱਚ ਘੱਟ ਤਨਖਾਹ ਅਤੇ ਮਾੜੀਆਂ ਸਹੂਲਤਾਂ ਕਾਰਨ ਡਾਕਟਰ ਅਤੇ ਨਰਸ ਪ੍ਰਾਈਵੇਟ ਸੈਕਟਰ ਵੱਲ ਜਾਂਦੇ ਹਨ।

ਪੰਜਾਬ ਸਰਕਾਰ ਵਿਰੁੱਧ ਅਦਾਲਤੀ ਫ਼ੈਸਲੇ

ਪੰਜਾਬ ਦੇ ਸਰਕਾਰੀ ਹਸਪਤਾਲਾਂ ਦੀ ਮਾੜੀ ਹਾਲਤ ਨੂੰ ਲੈ ਕੇ ਕਈ ਜਨਹਿੱਤ ਪਟੀਸ਼ਨਾਂ ਅਦਾਲਤਾਂ ਵਿੱਚ ਦਾਇਰ ਕੀਤੀਆਂ ਗਈਆਂ ਹਨ। ਮਲੇਰਕੋਟਲਾ ਦੇ ਸਰਕਾਰੀ ਹਸਪਤਾਲ ਨਾਲ ਸਬੰਧਤ ਭੀਸ਼ਮ ਕਿੰਗਰ ਦੀ ਪਟੀਸ਼ਨ ਇਸ ਦੀ ਇੱਕ ਮਿਸਾਲ ਹੈ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਸਿਹਤ ਵਿਭਾਗ ਨੂੰ ਵਿਸਥਾਰਤ ਹਲਫ਼ਨਾਮਾ ਦਾਇਰ ਕਰਨ ਦੇ ਹੁਕਮ ਦਿੱਤੇ ਹਨ, ਜਿਸ ਵਿੱਚ ਸਪਸ਼ਟ ਕਰਨਾ ਹੈ ਕਿ ਕਿਹੜੇ ਡਾਕਟਰ ਨਵੇਂ ਭਰਤੀ ਹੋਏ ਅਤੇ ਕਿਹੜੇ ਤਬਦੀਲ ਕੀਤੇ ਗਏ ਹਨ। ਇਸ ਤੋਂ ਇਲਾਵਾ, ਪਿਛਲੇ ਕੁਝ ਸਾਲਾਂ ਵਿੱਚ ਸਿਹਤ ਸੇਵਾਵਾਂ ਦੀ ਮਾੜੀ ਹਾਲਤ ਨੂੰ ਲੈ ਕੇ ਦਰਜਨਾਂ ਮਾਮਲੇ ਅਦਾਲਤਾਂ ਵਿੱਚ ਗਏ ਹਨ। ਇਨ੍ਹਾਂ ਵਿੱਚੋਂ ਕੁਝ ਮਾਮਲਿਆਂ ਵਿੱਚ ਅਦਾਲਤ ਨੇ ਸਰਕਾਰ ਨੂੰ ਸਿਹਤ ਸਹੂਲਤਾਂ ਸੁਧਾਰਨ, ਡਾਕਟਰਾਂ ਅਤੇ ਨਰਸਾਂ ਦੀ ਭਰਤੀ ਕਰਨ ਅਤੇ ਦਵਾਈਆਂ ਦੀ ਸਪਲਾਈ ਯਕੀਨੀ ਬਣਾਉਣ ਦੇ ਹੁਕਮ ਦਿੱਤੇ ਹਨ। ਪਰ, ਸਰਕਾਰ ਵੱਲੋਂ ਅਦਾਲਤੀ ਹੁਕਮਾਂ ਦੀ ਪੂਰੀ ਪਾਲਣਾ ਨਹੀਂ ਹੋਈ।

ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਪਿਛਲੇ ਕੁਝ ਸਾਲਾਂ ਵਿੱਚ ਸਿਹਤ ਸੇਵਾਵਾਂ ਨਾਲ ਸਬੰਧਤ ਕਈ ਮਹੱਤਵਪੂਰਨ ਫ਼ੈਸਲੇ ਸੁਣਾਏ ਹਨ:

* ਮਲੇਰਕੋਟਲਾ ਮਾਮਲੇ ਵਿੱਚ ਸਰਕਾਰ ਨੇ ਹਲਫ਼ਨਾਮੇ ਵਿੱਚ ਸਿਰਫ਼ ਅੰਸ਼ਕ ਜਾਣਕਾਰੀ ਦਿੱਤੀ, ਜਿਸ 'ਤੇ ਅਦਾਲਤ ਨੇ ਨਾਰਾਜ਼ਗੀ ਪ੍ਰਗਟ ਕੀਤੀ। ਪੰਜਾਬ ਸਰਕਾਰ ਨੇ ਅਦਾਲਤੀ ਹੁਕਮਾਂ ਦੀ ਪਾਲਣਾ ਵਿੱਚ ਅਕਸਰ ਢਿੱਲ-ਮੱਠ ਦਿਖਾਈ ਹੈ। ਜਿਵੇਂ ਕਿ ਮਲੇਰਕੋਟਲਾ ਮਾਮਲੇ ਵਿੱਚ, ਸਰਕਾਰ ਨੇ ਦੱਸਿਆ ਕਿ 1000 ਮੈਡੀਕਲ ਅਫ਼ਸਰਾਂ ਦੀ ਭਰਤੀ ਪ੍ਰਕਿਰਿਆ ਸ਼ੁਰੂ ਕੀਤੀ ਗਈ ਹੈ, ਪਰ ਅਦਾਲਤ ਨੇ ਸਪਸ਼ਟ ਕੀਤਾ ਕਿ ਸਰਕਾਰ ਦੇ ਹਲਫ਼ਨਾਮੇ ਵਿੱਚ ਪਾਰਦਰਸ਼ਤਾ ਦੀ ਘਾਟ ਹੈ। ਸਰਕਾਰ ਨੇ ਰੇਡੀਓ ਡਾਇਗਨੌਸਟਿਕ ਸੈਂਟਰ ਸਥਾਪਤ ਕਰਨ ਦਾ ਐਲਾਨ ਕੀਤਾ, ਪਰ ਇਸ ਦੀ ਪ੍ਰਗਤੀ ਅਜੇ ਸਪਸ਼ਟ ਨਹੀਂ ਹੈ। ਅਦਾਲਤ ਨੇ ਸਰਕਾਰ ਨੂੰ 17 ਜੁਲਾਈ 2025 ਤੱਕ ਵਿਸਥਾਰਤ ਜਵਾਬ ਦਾਇਰ ਕਰਨ ਦੇ ਹੁਕਮ ਦਿੱਤੇ ਹਨ।

* ਸਿਹਤ ਅਤੇ ਤੁਰੰਤ ਇਲਾਜ ਦਾ ਅਧਿਕਾਰ (2025): ਅਦਾਲਤ ਨੇ ਇੱਕ ਪਟੀਸ਼ਨ ਨੂੰ ਰੱਦ ਕਰਦਿਆਂ ਕਿਹਾ ਕਿ ਸਿਹਤ ਅਤੇ ਤੁਰੰਤ ਮੈਡੀਕਲ ਸੇਵਾਵਾਂ ਦਾ ਮੁੱਢਲਾ ਅਧਿਕਾਰ ਪੂਰਾ ਹੋਣਾ ਚਾਹੀਦਾ ਹੈ। ਇਹ ਮਾਮਲਾ ਇੱਕ ਕਲੋਨੀ ਵਿੱਚ ਕਲੀਨਿਕ ਸਾਈਟਾਂ ਦੇ ਵਿਕਾਸ ਨਾਲ ਸਬੰਧਿਤ ਸੀ।

* ਪੰਜਾਬ ਸਿਹਤ ਵਿਭਾਗ ਨੇ ਬੇਟਾਡੀਨ ਔਇੰਟਮੈਂਟ ਨੂੰ ਸਬ-ਸਟੈਂਡਰਡ ਪਾਏ ਜਾਣ 'ਤੇ ਤੁਰੰਤ ਵਾਪਸ ਮੰਗਵਾਇਆ। ਅਦਾਲਤ ਨੇ ਸਿਹਤ ਵਿਭਾਗ ਦੀ ਇਸ ਕਾਰਵਾਈ ਨੂੰ ਸਹੀ ਠਹਿਰਾਇਆ ਅਤੇ ਗੁਣਵੱਤਾ ਨੂੰ ਯਕੀਨੀ ਬਣਾਉਣ 'ਤੇ ਜ਼ੋਰ ਦਿੱਤਾ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਸਿਹਤ ਸੇਵਾਵਾਂ ਸੁਧਾਰਨ ਲਈ ਕਈ ਹੁਕਮ ਜਾਰੀ ਕੀਤੇ ਹਨ, ਪਰ ਸਰਕਾਰ ਨੇ ਪੂਰੀ ਤਰ੍ਹਾਂ ਪਾਲਣਾ ਨਹੀਂ ਕੀਤੀ। ਮਾਹਿਰਾਂ ਦਾ ਮੰਨਣਾ ਹੈ ਕਿ ਸਿਹਤ ਖੇਤਰ ਵਿੱਚ ਵਿੱਤੀ ਸਰੋਤ, ਪਾਰਦਰਸ਼ਤਾ ਅਤੇ ਪ੍ਰਬੰਧਕੀ ਸੁਧਾਰਾਂ ਦੀ ਸਖ਼ਤ ਲੋੜ ਹੈ।

***

## ਸਮੁੱਚੀ ਸਿੱਖ ਕੌਮ ਨੂੰ ਇੱਕ ਮੰਚ 'ਤੇ

ਦਿੰਦਿਆਂ ਪੰਥ ਵਿੱਚ ਵਾਪਸੀ ਕਰਵਾਈ ਹੈ। ਉਹ ਸਮੁੱਚੀ ਸਿੱਖ ਕੌਮ ਨੂੰ ਇੱਕ ਮੰਚ 'ਤੇ ਲਿਆਉਣ ਦੇ ਹਾਮੀ ਹਨ। ਦੱਸਣਯੋਗ ਹੈ ਕਿ ਨਵੰਬਰ 2015 ਵਿੱਚ ਪਿੰਡ ਚੱਬਾ ਵਿੱਚ ਹੋਏ ਸਰਬੱਤ ਖ਼ਾਲਸਾ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੀਆਂ ਵਿਰੋਧੀ ਧਿਰਾਂ ਵੱਲੋਂ ਜੇਲ੍ਹ ਵਿੱਚ ਬੰਦ ਜਗਤਾਰ ਸਿੰਘ ਹਵਾਰਾ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਨਿਯੁਕਤ ਕੀਤਾ ਗਿਆ ਸੀ। ਉਨ੍ਹਾਂ ਦੀ ਗ਼ੈਰਹਾਜ਼ਰੀ ਵਿੱਚ ਭਾਈ ਧਿਆਨ ਸਿੰਘ ਮੰਡ ਨੂੰ ਕਾਰਜਕਾਰੀ ਜਥੇਦਾਰ ਬਣਾਇਆ ਗਿਆ ਸੀ। ਜਥੇਦਾਰ ਮੰਡ ਉਸ ਵੇਲੇ ਤੋਂ ਹੀ ਮੁਤਵਾਜ਼ੀ ਜਥੇਦਾਰ ਵਜੋਂ ਹਰ ਗੁਰਪੁਰਬ ਅਤੇ ਤਿਉਹਾਰ ਸਮੇਂ ਬਤੌਰ ਕਾਰਜਕਾਰੀ ਜਥੇਦਾਰ ਸੰਦੇਸ਼ ਵੀ ਜਾਰੀ ਕਰਦੇ ਹਨ ਤੇ ਉਨ੍ਹਾਂ ਨੇ ਕਈ ਮਾਮਲੇ ਵੀ ਵਿਚਾਰੇ ਸਨ। ਇਨ੍ਹਾਂ ਵਿੱਚ ਬੇਅਦਬੀ ਮਾਮਲੇ ਵਿੱਚ ਕੈਪਟਨ ਅਮਰਿੰਦਰ ਸਿੰਘ ਨੂੰ ਤਲਬ ਕਰਨਾ ਵੀ ਸ਼ਾਮਲ ਸੀ।


ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
AJJ DA MUDDA
ON
jus PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com